**Golden State Realty** JASSI GILL Broker/Owner



Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

AD Space is available
Contact us:
847-359-0746

Certified Insurance Agent — COVERED CALIFORNIA — Global Green INSURANCE AGENCY



ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurdawar Singh Mann — Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢ | Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ | www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 29; July 20, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਸੁਖਬੀਰ ਸਿੰਘ ਬਾਦਲ ਘਿਰਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਦੀ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਕੀਤਾ ਹੈ ਤੇ ਦੋਸ਼ਾਂ ਸਬੰਧੀ 15 ਦਿਨਾਂ ਵਿਚ ਸਪਸ਼ਟੀਕਰਨ ਦੇਣ ਲਈ ਕਿਹਾ ਹੈ। ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖ਼ਤ ਵਿਖੇ ਹੋਈ ਇਕੱਤਰਤਾ ਵਿਚ ਇਹ ਮਾਮਲਾ ਵਿਚਾਰਿਆ ਗਿਆ।



ਇਸੇ ਤਰ੍ਹਾਂ ਹੀ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫੈਸਲੇ ਨੂੰ ਸਹੀ ਠਹਿਰਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ 90 ਲੱਖ ਦੇ ਇਸ਼ਤਿਹਾਰਾਂ ਬਾਰੇ ਸਿੱਖ ਸੰਸਥਾ ਕੋਲੋਂ ਵੀ ਸਪਸ਼ਟੀਕਰਨ ਮੰਗਿਆ ਗਿਆ ਹੈ।

ਜਥੇਦਾਰ ਰਘਬੀਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਕੁਝ ਸੀਨੀਅਰ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਹਾਜ਼ਰ ਹੋ ਕੇ ਸ਼ਿਕਾਇਤ ਦਿੱਤੀ ਗਈ ਸੀ। ਇਸ ਵਿਚ ਉਨ੍ਹਾਂ ਦੋਸ਼ ਲਾਇਆ ਸੀ ਕਿ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ। ਉਨ੍ਹਾਂ ਨੂੰ ਇਨ੍ਹਾਂ ਦੋਸ਼ਾਂ ਸਬੰਧੀ ਸਪਸ਼ਟੀਕਰਨ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ ਵਿਖੇ ਨਿੱਜੀ ਤੌਰ ਉਤੇ ਪੇਸ਼ ਹੋ ਕੇ ਲਿਖਤੀ ਰੂਪ ਵਿਚ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਅਕਾਲੀ ਦਲ ਦੇ ਨਾਰਾਜ਼ ਆਗੂਆਂ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਜੀਤ ਕੌਰ ਲਾਂਡਰਾ, ਰਣਧੀਰ ਸਿੰਘ ਰੱਖੜਾ ਆਦਿ ਨੇ ਅਕਾਲ ਤਖ਼ਤ ਵਿਖੇ ਚਾਰ ਪੰਨਿਆਂ ਦੇ ਪੱਤਰ ਵਿਚ ਮੰਨਿਆ ਸੀ ਕਿ ਅਕਾਲੀ ਦਲ ਸਰਕਾਰ ਵੇਲੇ 2007 ਤੋਂ 2017 ਦਰਮਿਆਨ ਕਈ ਅਹਿਮ ਭੁੱਲਾਂ ਹੋਈਆਂ ਸਨ। ਅਕਾਲੀ ਆਗੂਆਂ ਨੇ ਦੋਸ਼ ਲਾਇਆ ਸੀ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇ ਮਾਮਲੇ ਨੂੰ ਜਾਇਜ਼ ਕਰਾਰ ਦੇਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਉਸ ਵੇਲੇ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ। ਦੱਸ ਦਈਏ ਕਿ ਇਸ ਸਮੇਂ ਅਕਾਲੀ ਦਲ ਵਿਚ ਵੱਡੇ ਪੱਧਰ ਉਤੇ ਬਗਾਵਤ ਉਠੀ ਹੋਈ ਹੈ। ਟਕਸਾਲੀ ਆਗੂਆਂ ਦਾ ਇਕ ਵੱਡਾ ਧੜਾ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਦੀ ਕੁਰਸੀ ਤੋਂ ਲਾਂਭੇ ਕਰਨ ਉਤੇ ਅੜਿਆ ਹੋਇਆ ਹੈ। ਬਾਗੀ ਧੜੇ ਨੇ ਪਿਛਲੇ ਦਿਨੀਂ ਅਕਾਲ ਤਖਤ ਉਤੇ ਪੇਸ਼ ਹੋਏ ਕਿ ਬੀਤੇ ਵਿਚ ਹੋਈਆਂ ਭੁੱਲਾਂ ਲਈ ਮੁਆਫੀ ਮੰਗੀ ਸੀ। ਚੇਤੇ ਰਹੇ ਕਿ ਅਕਾਲੀ ਸਰਕਾਰ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਣੇ ਹੋਰ ਮਸਲਿਆਂ ਨੂੰ ਲੈ ਕੇ ਪਾਰਟੀ ਪ੍ਰਧਾਨ ਹੋਣ ਦੇ ਨਾਅਤੇ ਸੁਖਬੀਰ ਬਾਦਲ ਨੂੰ ਅਕਾਲ ਤਖਤ ਅੱਗੇ ਪੇਸ਼ ਹੋ ਕੇ ਮੁਆਫੀ ਮੰਗਣ ਦੀ ਮੰਗ ਉਠ ਰਹੀ ਹੈ, ਹਾਲਾਂਕਿ ਸੁਖਬੀਰ ਕੁਝ ਸੀਨੀਅਰ ਆਗੂਆਂ ਸਣੇ ਦਰਬਾਰ ਸਾਹਿਬ ਵਿਚ ਨਤਮਸਤਕ ਹੋ ਕੇ ਮੁਆਫੀ ਮੰਗ ਚੁੱਕੇ ਹਨ, ਪਰ ਅਕਾਲ ਤਖਤ ਅੱਗੇ ਪੇਸ਼ ਨਹੀਂ ਹੋਏ। ਹੁਣ ਬਾਗੀ ਧੜੇ ਨੇ ਅਕਾਲ ਤਖਤ ਉਤੇ ਪੇਸ਼ ਹੋ ਕੇ ਸੁਖਬੀਰ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਦਰਅਸਲ, ਅਕਾਲੀ ਦਲ (ਸੁਖਬੀਰ ਧੜੇ) ਦੀ ਹਾਲਤ ਇਸ ਸਮੇਂ ਇਹ ਹੈ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ 'ਚ ਇਸ ਦੀ ਹਮਾਇਤ ਵਾਲੇ ਬਸਪਾ ਉਮੀਦਵਾਰ ਨੂੰ ਸਿਰਫ਼ 734 ਵੋਟਾਂ ਹੀ ਮਿਲੀਆਂ, ਜਦ ਕਿ 'ਤੱਕੜੀ' ਦੇ ਨਿਸ਼ਾਨ ਉਤੇ ਚੋਣ ਲੜੀ ਬਾਗੀ ਧੜੇ ਦੀ ਹਮਾਇਤ ਵਾਲੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੂੰ 1242 ਵੋਟਾਂ ਮਿਲੀਆਂ। ਇਹ ਵੋਟਾਂ ਬਸਪਾ ਉਮੀਦਵਾਰ ਬਿੰਦਰ ਲਾਖਾ ਨਾਲੋਂ ਵੱਧ ਹਨ। ਹੁਣ ਸਵਾਲ ਉਠ ਰਹੇ ਹਨ ਕਿ 734 ਵਿਚੋਂ ਸੁਖਬੀਰ ਧੜੇ ਨੂੰ ਕਿੰਨੀਆਂ ਵੋਟਾਂ ਪਈਆਂ ਹੋਣਗੀਆਂ।

ਉਧਰ, ਅਕਾਲੀ ਦਲ ਦੇ ਬਾਗ਼ੀ ਖੇਮੇ ਨੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸੁਖਬੀਰ ਸਿੰਘ

**(ਬਾਕੀ ਸਫਾ 6 'ਤੇ)**

### ਅਕਾਲੀ ਦਲ ਸੁਧਾਰ ਲਹਿਰ ਦੀ ਕਮਾਨ ਵਡਾਲਾ ਹਵਾਲੇ

**ਚੰਡੀਗੜ੍ਹ:** ਅਕਾਲੀ ਦਲ ਦੇ ਬਾਗ਼ੀ ਖੇਮੇ ਨੇ 'ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਬੈਨਰ ਹੇਠ ਪੰਜਾਬ ਦੇ ਪੰਥਕ ਪਿੰਡਾਂ ਤੋਂ ਪਾਰਟੀ ਦੀ ਸੁਰਜੀਤੀ ਲਈ ਮੁਹਿੰਮ ਵਿੱਢਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਮੀਟਿੰਗ ਕਰਕੇ ਸਰਬਸੰਮਤੀ ਨਾਲ ਕੋਰ ਕਮੇਟੀ ਦੇ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਕਨਵੀਨਰ ਬਣਾ ਦਿੱਤਾ ਹੈ। ਮੀਟਿੰਗ ਵਿਚ 11 ਮੈਂਬਰੀ ਸਥਾਈ ਕਾਰਜਕਾਰੀ ਕਮੇਟੀ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

## ਕਿਸਾਨਾਂ ਵੱਲੋਂ ਦਿੱਲੀ ਕੂਚ ਦੀ ਤਿਆਰੀ



**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਅੰਬਾਲਾ ਨੇੜੇ ਸ਼ੰਭੂ ਬਾਰਡਰ 'ਤੇ ਲਾਈਆਂ ਗਈਆਂ ਰੋਕਾਂ ਹਟਾਉਣ ਦਾ ਹੁਕਮ ਦਿੱਤਾ ਤੇ ਕੌਮੀ ਮਾਰਗ ਬੰਦ ਕਰਨ ਦੇ ਉਸ ਦੇ ਅਧਿਕਾਰ 'ਤੇ ਸਵਾਲ ਚੁੱਕੇ। ਇਸ ਪਿੱਛੋਂ ਕਿਸਾਨਾਂ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਰੋਕਾਂ ਹਟਦੇ ਹੀ ਉਹ ਦਿੱਲੀ ਵੱਲ ਵਧਣਗੇ। ਕਿਸਾਨਾਂ ਦੇ ਇਸ ਐਲਾਨ ਤੋਂ ਬਾਅਦ ਇਕ ਵਾਰ ਫਿਰ ਟਕਰਾਅ ਵਾਲਾ ਮਾਹੌਲ ਬਣਨ ਦੇ ਖਦਸ਼ੇ ਪੈਦਾ ਹੋ ਗਏ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸਾਫ ਕਰ ਦਿੱਤਾ ਹੈ ਕਿ ਜਦੋਂ ਵੀ ਅੰਬਾਲਾ ਦੇ ਸ਼ੰਭੂ ਬਾਰਡਰ ਨੇੜੇ ਬੈਰੀਕੇਡਿੰਗ ਖੋਲ੍ਹੀ ਜਾਵੇਗੀ ਤਾਂ ਕਿਸਾਨ ਦਿੱਲੀ ਵੱਲ ਰਵਾਨਾ ਹੋਣਗੇ।

ਦੱਸ ਦਈਏ ਕਿ ਆਪਣੀਆਂ ਵੱਖ-ਵੱਖ ਮੰਗਾਂ ਦੇ ਹੱਕ 'ਚ ਕਿਸਾਨ 13 ਫਰਵਰੀ ਤੋਂ ਸ਼ੰਭੂ ਬਾਰਡਰ ਉਤੇ ਡਟੇ ਹੋਏ ਹਨ। ਅਸਲ ਵਿਚ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਫਸਲਾਂ ਲਈ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਸਮੇਤ ਹੋਰ ਮੰਗਾਂ ਦੇ ਹੱਕ 'ਚ ਦਿੱਲੀ ਕੂਚ ਦਾ ਐਲਾਨ ਕੀਤਾ ਸੀ ਜਿਸ ਮਗਰੋਂ ਹਰਿਆਣਾ ਸਰਕਾਰ ਨੇ ਫਰਵਰੀ 'ਚ ਅੰਬਾਲਾ-ਨਵੀਂ ਦਿੱਲੀ ਕੌਮੀ ਮਾਰਗ ਉਤੇ ਰੋਕਾਂ ਲਾਈਆਂ ਸਨ। ਦੱਸ ਦਈਏ ਕਿ ਹਰਿਆਣਾ ਸਰਕਾਰ ਨੂੰ ਹਫਤੇ ਵਿਚ ਦੂਜੀ ਵਾਰ ਸ਼ੰਭੂ ਬਾਰਡਰ ਤੋਂ ਰੋਕਾਂ ਹਟਾਉਣ ਦੇ ਆਦੇਸ਼ ਮਿਲੇ ਹਨ ਜਿਸ ਤੋਂ ਨਜ਼ਰ ਆ ਰਿਹਾ ਹੈ ਕਿ ਰਾਜ ਸਰਕਾਰ ਕੋਲ ਅਦਾਲਤ ਦੇ ਇਨ੍ਹਾਂ ਹੁਕਮਾਂ ਨੂੰ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ।

ਸੁਪਰੀਮ ਕੋਰਟ ਵੱਲੋਂ ਰਾਜ ਸਰਕਾਰ ਨੂੰ ਪੰਜਾਬ ਨਾਲ ਪੈਂਦੇ ਸ਼ੰਭੂ ਬਾਰਡਰ 'ਤੇ ਲਾਈਆਂ ਰੋਕਾਂ ਚੁੱਕ ਕੇ ਆਵਾਜਾਈ ਸ਼ੁਰੂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਹਾਈਕੋਰਟ ਨੇ ਇਹ ਵੀ ਕਿਹਾ ਸੀ ਕਿ ਜੇ ਅਮਨ ਕਾਨੂੰਨ ਦੀ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ

**(ਬਾਕੀ ਸਫਾ 6 'ਤੇ)**


ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at: +18442272162
Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloода Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS




Services
- We do Same day IRP Plates
- Truck Permits
- New company
- Truck ELD
- Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

SIKH SPORTS ASSOCIATION OF U.S.A.

# SIKH SPORTS ASSOCIATION 16TH ANNUAL GAMES

on July 20-21 at James Logan High School
1800 H St, Union City, CA 94587








## 'ELITE' GRAND SPONSOR

- **Inder S. Dosanjh** – Southport Marketing ,Inc
- **Raja Sweets & Indian Cuisine** – Union City
- **Lachman S. Mangat** – A1 Armor Self Storage, Fremont Service Center
- **Gakhal Brothers** – A&I Trucking
- **Jaggi Kapoor** – Bonfare Market
- **Gusharan S. Cheema** – Rajpal Inc
- **Jaswinder S. Gill** – Golden State Realty
- **Harbans S. Ahluwalia** – Collective Management Services

## GRAND SPONSORS

- Heritage Bank of Commerce
- Parvinder Singh Hundal – Hundal Farms, INC
- Kuldeep Singh – A1 Liquor & Food
- Dr. Paramjit Singh Virk – Ph. D.(Statistics), M.S.N.(FNP)M.S., (Comp. Sc.) M.Sc. (Math, Statistics), B.Ed., A.S. (H.I.T.)
- Manjinder Singh Dhaliwal – Alamo Animal Hospital INC
- Billa Singh Sanghera
- Apna Punjab Association of USA
- Gursharan Singh Sekhon – Tropical Liquors
- Jagraj Singh & Narinder Singh Sahota
- Global Green – Mann Insurance Brokers www.ggiaba.com
- Bay Area Sports Club Baljit Singh Sandhu

## DIAMOND SPONSORS

- Harpreet (Harry) Sidhu
- Navdeep S Grewal Pleasanton
- Pushpinder Singh
- Satinder Hayer Indian Care Association
- Bhupinder Singh Sull San Ramon
- Kuldip Singh Sidhu
- Bambi Aujla Genesys Technoloies INC
- Dr. Sarbjit Hundal Fremont
- Sanjiv Kumar Garg ITBOONS LLC
- David & Kammi Hayer
- Dr. Baljeet S Grewal
- Dr. Charanjit Singh Uppal Uppal Dental Care Hayward
- Dr. Gurpartap S Basrai Fremont Haller's Pharmacy Fremont
- Jagraj Singh & Narinder Singh Sahota
- Kabila Restaurant
- Manraj Natt
- Rakesh Kamboj
- Harminder S Semhi Harb Ventures LLC
- Harmit Singh Toor

MEDIA PARTNERS: Budwal & Associates

## PLATINUM SPONSORS

Heerey Enterprises LLC, avtar Singh Heerey, Pritam Singh Grewal Gilroy, Capt. Karanjit S Aulakh, Amarjit S Sidhu, Gurdaver and Balbir Chahal Family, Lucky Natt Fresno, Avninder S Mangat, Bhagdeep Dhariwal, Bhagwant S Mangat, Bhupinder Singh Dhillion, Bhupinder Singh Fremont, Malkeet Boparia Vanco Truck Stop INC, Charles and Kamaljit Kollier, Dalwinder Singh Dhoot Joe Plaza, Davinder Chana , Chana Construction Union City, Davinder S Bhella, Dr J. S . Natt, Serra Veterinary Hospital , INC Sunnyvale, Dr. Dalvir Pannu DDS, Inc, Dr. Manider Nijjar & Dr. Ruchi Sahota, Gurbach Singh Marina Market, Hakam Singh Roneer Enterprises INC Danville, Hardeep S. Aulakh Union City, Iqbal Singh Hundal, Jassi S Dhaliwal, Jassie Singh Dhillon & Shobnit singh Benicia, Joe Johal Pleasanton, Kalwant S Nijjer, Manny Singh Kohli, Raghbir S Mangat Gold River, Raj Singh Fremont Sign Company INC, Randhir S Kang, Robin Singh Fremont, Jagraj Singh & Narinder Singh Sahota, Lucky Natt Fresno, Gurdip S Sekhon, Abhiraj Tangri Bay Tech Recovery, Jai S Hayer, Balwinder Singh Brar Brar & Brar Lic Fresno, Darsan Singh Mundy, Dr. Harcharan S Gill, Dr. Kanwaljit S Mann Fremont, Gurcharan Singh Mann, Jasvinder Sohal, Jonny Sandhu Navis Peck & Ship SanFranciso, Kulwinder Singh D F Venture INC, Raj Tiwana Apex Marbles, Rajinderpal S Dhillon, Rana Singh Kahlon Fremont, Shamsher S Braich Majha Farm INC, Capt. Karanjit S Aulakh.

## GOLD SPONSORS


Kasmir S Thugga Kash Fabrics, Sukhdev Singh Bainiwal San Jose, Harry Dhillon Ecko Transportaion INC, Charan S Bhandal, Best Brother Liquor, Harminder S Hundal, Avtar Singh Dhami, Bhinderjit Kalket, Nirmal S Sandhu, Dr. Ajitpal S Sandhu, Gurbasant Singh, Surinder S Dhanoa, Surjeet S Sohal, Ravinder S Bainiwal, KaranPal Bajwa, Sukhvinder Bajwa, Sukwant S Sandhu Fresno, Virsa Foundatioon Fresno, Harinderpal Singh, Dr. Jaswant Singh Bhatti Fremont, Jaswant S Gill, Tarlochan S Matharu, Harjit S Gill, Harminder Singh Homeopathicvibes, Manraj S Mangat, Komal S Dhaliwal, Ashok Kumar Central USA Express,inc, Akta and Dr. Mandeep Singh, Jowara Singh, Parmpal S Sidhu

# ਗਾਖਲ ਗਰੁੱਪ ਪ੍ਰੋਡਕਸ਼ਨ ਦਾ ਨਵਾਂ ਦੋਗਾਣਾ 'ਲਕੀਰ' ਵਿਸ਼ਵ ਪੱਧਰ 'ਤੇ ਰਿਲੀਜ਼

## ਪੰਜਾਬੀ ਸਰੋਤਿਆਂ ਲਈ ਤੋਹਫ਼ਾ ਹੈ ਇਹ ਗੀਤ: ਅਮੋਲਕ ਸਿੰਘ ਗਾਖਲ

**ਜਲੰਧਰ (ਬਿਊਰੋ):** ਗਾਖਲ ਗਰੁੱਪ ਪ੍ਰੋਡਕਸ਼ਨ ਯੂ.ਐੱਸ.ਏ. ਵਲੋਂ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਪੇਸ਼ਕਸ਼ ਵਿਚ ਇਕਬਾਲਦੀਪ ਤੇ ਪਵਨਦੀਪ ਦਾ ਨਵਾਂ ਦੋਗਾਣਾ 'ਲਕੀਰ' ਵਿਸ਼ਵ ਪੱਧਰ ਉੱਤੇ ਯੂਟਿਊਬ ਸਮੇਤ ਹਰ ਪਲੇਟਫਾਰਮ ਉੱਤੇ ਰਿਲੀਜ਼ ਕੀਤਾ ਗਿਆ ਹੈ। ਗੀਤ ਵਿਚ ਸਹਿ-ਗਾਇਕਾ ਵਜੋਂ ਸੁਮਨ ਭੱਟੀ ਨੇ ਆਪਣੀ ਆਵਾਜ਼ ਦਿੱਤੀ ਹੈ। ਗੀਤ ਦੇ ਬੋਲ ਗੀਤਕਾਰ ਐੱਸ. ਅਸ਼ੋਕ ਭੌਰਾ ਨੇ ਲਿਖੇ ਹਨ, ਸੰਗੀਤ ਨਿੰਮਾ ਵਿਰਕ ਨੇ ਤਿਆਰ ਕੀਤਾ ਹੈ। ਅਮਰਜੀਤ ਖੁਰਨ ਨੇ ਬਹੁਤ ਹੀ ਖ਼ੂਬਸੂਰਤੀ ਨਾਲ ਵੀਡੀਓ ਤਿਆਰ ਕੀਤੀ ਹੈ।

ਗੀਤ ਦੇ ਰਿਲੀਜ਼ ਹੋਣ 'ਤੇ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਸਾਫ ਸੁਥਰੇ ਸੱਭਿਆਚਾਰਕ ਗੀਤਾਂ ਦੇ ਹਾਮੀ ਹਨ ਅਤੇ 'ਲਕੀਰ' ਦੋਗਾਣਾ ਵੀ ਪਰਿਵਾਰਕ ਨੋਕ ਝੋਕ ਹੈ ਜਿਸ ਨੂੰ ਪੰਜਾਬੀ ਸਰੋਤੇ ਪਸੰਦ ਕਰਨਗੇ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਵੀ ਅਜਿਹੇ ਗੀਤ ਪੇਸ਼ ਕਰ ਕੇ ਪੰਜਾਬੀ ਸੱਭਿਆਚਾਰ ਦੀ ਝੋਲੀ ਪਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਗੀਤ ਹਰ ਆਡੀਓ ਸਾਈਟ ਉੱਤੇ ਉਪਲੱਬਧ ਹੈ ਅਤੇ ਇਸ ਉੱਪਰ ਰੀਲਾਂ ਬਣਾਈਆਂ ਜਾ ਸਕਦੀਆਂ ਹਨ। ਉਨ੍ਹਾਂ ਦੋਗਾਣੇ ਨੂੰ ਪਸੰਦ ਕਰਨ ਵਾਲੇ ਸਮੂਹ ਸਰੋਤਿਆਂ/ਦਰਸ਼ਕਾਂ ਦਾ ਧੰਨਵਾਦ ਕੀਤਾ ਹੈ।





*ਗੀਤ 'ਲਕੀਰ' ਦੇ ਪ੍ਰੋਡਿਊਸਰ ਅਮੋਲਕ ਸਿੰਘ ਗਾਖਲ, ਗੀਤਕਾਰ ਐੱਸ ਅਸ਼ੋਕ ਭੌਰਾ ਅਤੇ ਗਾਇਕ ਇਕਬਾਲਦੀਪ ਤੇ ਪਵਨਦੀਪ*


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Ahluwalia family seeks a compatible match for their 37 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com

28-31

---

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com

27-30

Ramgarhia Family seeks a suitable match for their USA Born and Raised 30 year 5'6" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

---

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

25-28

---

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

---

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

---

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 32-year-old, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago with her two dogs. Please contact with details at surjitkaur1937@outlook.com or 312-380-2714.

27-30

---

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।

27-30

---

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

---

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

---

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

# ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀਆਂ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਅਤੇ ਮੌਂਟਰੇ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੇ ਸਾਂਝੇ ਉਪਰਾਲੇ ਨਾਲ ਲੰਘੀ 13 ਜੁਲਾਈ ਨੂੰ ਪਦਮ ਸ੍ਰੀ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਉਨ੍ਹਾਂ ਨਮਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਤਕਰੀਬਨ ਤਿੰਨ ਸੌ ਕੈਲਗਰੀ ਨਿਵਾਸੀਆਂ ਨੇ ਡਾ. ਪਾਤਰ ਨੂੰ











ਸ਼ਰਧਾ ਦੇ ਫੁੱਲ ਭੇਟ ਕੀਤੇ। ਤਿੰਨ ਘੰਟੇ ਦਾ ਪ੍ਰੋਗਰਾਮ ਨਿਰੰਤਰ ਚਲਦਾ ਰਿਹਾ। ਦਰਜਨ ਦੇ ਕਰੀਬ ਸਾਹਿਤਕ ਅਤੇ ਹੋਰ ਜਥੇਬੰਦੀਆਂ ਦੇ ਆਗੂ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ।

ਅਰੰਭ ਵਿਚ ਸ. ਸੁਰਜੀਤ ਸਿੰਘ ਹੇਅਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਦੀ ਵਿਉਂਤਬੰਦੀ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਪ੍ਰੋਗਰਾਮ ਵਿਚ ਸਿਰਫ਼ ਡਾ. ਸੁਰਜੀਤ ਪਾਤਰ ਦੀਆਂ ਰਚਨਾਵਾਂ ਬੋਲ ਕੇ ਅਤੇ ਗਾ ਕੇ ਪੇਸ਼ ਕੀਤੀਆਂ ਗਈਆਂ। 'ਅਸੀਂ ਹੁਣ ਮੁੜ ਨਹੀਂ ਸਕਦੇ'- ਸੁਰਜੀਤ ਪਾਤਰ ਹੋਰਾਂ ਦੀ ਲੰਬੀ ਨਜ਼ਮ, ਪ੍ਰਸਿੱਧ ਰੰਗਮੰਚ ਕਰਮੀ ਵਿਜੈ ਸਚਦੇਵਾ ਅਤੇ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪੇਸ਼ ਕੀਤੀ। ਸਰੋਤਿਆਂ ਨੇ ਇਸ ਦਾ ਭਰਪੂਰ ਆਨੰਦ ਮਾਣਿਆ।

ਵਿਜੈ ਸਚਦੇਵਾ ਨੇ 'ਜਗਾ ਲੈ ਮੋਮਬਤੀਆਂ', ਰਵੀ ਜਨਾਗਲ ਨੇ 'ਜੇ ਆਈ ਪੱਤਝੜ ਤਾਂ ਫੇਰ ਕੀ ਏ' ਪਵਨ ਵੋਹਰਾ ਨੇ 'ਕੋਈ ਡਾਲੀਆਂ 'ਚੋਂ ਲੰਘਿਆ', ਮਨਾਵਰ ਅਹਿਮਦ ਨੇ 'ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ ਆਵਾਜ਼ਾਂ ਆਉਂਦੀਆਂ, ਸ਼ਮਿੰਦਰ ਕਮੋ ਤੇ ਸੁਰਜੀਤ ਕਮੋ ਦੀ ਜੋੜੀ ਨੇ 'ਚੰਨ ਦੀ ਚਾਨਣੀ', ਹਰਜੀਤ ਗਿੱਲ ਨੇ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ', ਸੁਖਮੰਦਰ ਤੂਰ ਨੇ 'ਇਹ ਬਾਤ ਨਿਰੀ ਏਨੀ ਹੀ ਨਹੀਂ' ਅਤੇ ਭੋਲਾ ਸਿੰਘ ਚੌਹਾਨ ਨੇ 'ਪਿੰਡ ਜਿਨ੍ਹਾਂ ਦੇ ਗੱਡੇ ਚਲਦੇ' ਰਚਨਾਵਾਂ ਪੇਸ਼ ਕੀਤੀਆਂ।

ਗਿਆਰਾਂ ਸਾਲ ਦੇ ਮੋਹਕਮ ਸਿੰਘ ਨੇ ਖੂਬਸੂਰਤ ਅੰਦਾਜ਼ ਅਤੇ ਸੁਰੀਲੀ ਆਵਾਜ਼ ਵਿਚ ਡਾ. ਸੁਰਜੀਤ ਪਾਤਰ ਦੀ ਰਚਨਾ 'ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ, ਉਪਰ ਜੀਅ ਆਇਆਂ ਨੂੰ ਲਿਖਿਆ ਹੋਇਆ ਸੀ' ਦਾ ਗਾਇਨ ਕੀਤਾ।

ਸੁਖਮੰਦਰ ਗਿੱਲ ਨੇ ਡਾ. ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਆਪਣੀ ਮੌਲਿਕ ਰਚਨਾ ਤਰੰਨਮ ਵਿਚ ਸੁਣਾਈ। ਚਰਨਜੀਤ ਕੌਰ ਬਾਜਵਾ ਨੇ ਡਾ. ਸੁਰਜੀਤ ਪਾਤਰ ਦਾ ਲਿਖਿਆ ਗੀਤ 'ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ' ਗਾ ਕੇ ਵਾਹਵਾ ਖੱਟੀ। ਡਾ. ਸਤਿੰਦਰ ਕੌਰ ਸੋਹੀ, ਕਵੀ ਬਚਨ ਸਿੰਘ ਗੁਰਮ ਅਤੇ ਸਰਬਜੀਤ ਸਿੰਘ ਰੰਧਾਵਾ ਨੇ ਪਾਤਰ ਸਾਹਿਬ ਦੀਆਂ ਗ਼ਜ਼ਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪਰਮਿੰਦਰ ਰਮਨ ਦੀ ਮੌਲਿਕ ਕਵਿਤਾ 'ਪਾਤਰ ਕਦੇ ਮਰਦੇ ਨਹੀਂ' ਬਹੁਤ ਭਾਵ-ਪੂਰਤ ਰਹੀ। ਡਾ. ਰਾਜਵੰਤ ਕੌਰ ਮਾਨ, ਗੁਰਚਰਨ ਕੌਰ ਥਿੰਦ, ਡਾ. ਹਰਭਜਨ ਸਿੰਘ ਢਿੱਲੋਂ ਨੇ ਡਾ. ਪਾਤਰ ਦੀ ਸ਼ਖ਼ਸੀਅਤ ਬਾਰੇ ਵਿਚਾਰ ਪੇਸ਼ ਕੀਤੇ।

ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਾਮੇਡੀਅਨ ਬਾਲ ਮੁਕੰਦ ਸ਼ਰਮਾ ਦੀ ਹਾਜ਼ਰੀ ਨੇ ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ ਤੇ ਰੌਚਕ ਬਣਾ ਦਿੱਤਾ। ਜਗਦੇਵ ਸਿੱਧੂ ਨੇ ਬਾਲ ਮੁਕੰਦ ਸ਼ਰਮਾ ਦੀ ਸਰੋਤਿਆਂ ਨਾਲ ਜਾਣ-ਪਹਿਚਾਣ ਕਰਵਾਈ। ਪੰਜਾਬੀ ਸਾਹਿਤ ਸਭਾ ਵਲੋਂ ਸ੍ਰੀ ਸ਼ਰਮਾ ਅਤੇ ਉਨ੍ਹਾਂ ਦੀ ਪਤਨੀ ਕੰਚਨ ਸ਼ਰਮਾ ਦਾ ਸਨਮਾਨ ਕੀਤਾ। ਅੰਤ ਵਿਚ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਕਿਹਾ ਕਿ ਪਾਤਰ ਕਲ੍ਹ ਵੀ ਜਿਉਂਦਾ ਸੀ, ਅੱਜ ਵੀ ਜਿਉਂਦਾ ਹੈ ਅਤੇ ਕਲ੍ਹ ਨੂੰ ਵੀ ਜਿਉਂਦਾ ਰਹੇਗਾ। ਪਾਤਰ ਸਾਹਿਬ ਦੇ ਸਹੁਰੇ ਪਿੰਡ ਤੋਂ ਪੁੱਜੇ ਸ. ਬਖ਼ਤਾਵਰ ਸਿੰਘ ਬਸਰਾ ਅਤੇ ਸੁਰਿੰਦਰ ਸਿੰਘ ਬਸਰਾ ਲਈ ਵਿਸ਼ੇਸ਼ ਧੰਨਵਾਦੀ ਸ਼ਬਦ ਕਹੇ। ਉਸ ਨੇ ਸਭ ਹਾਜ਼ਰ ਸਾਹਿਤਕ ਸੰਸਥਾਵਾਂ, ਜਥੇਬੰਦੀਆਂ, ਸਪਾਂਸਰਾਂ ਅਤੇ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ।

ਮੌਂਟਰੇ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਹੇਅਰ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਪਹਿਲ ਕਦਮੀ ਨਾਲ ਇਹ ਸਾਂਝਾ ਉਪਰਾਲਾ ਕਾਮਯਾਬੀ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਐਨ.ਸੀ.ਸੀ.ਏ. ਦੇ ਪ੍ਰਧਾਨ ਬਹੁਤ ਸਾਰੇ ਮੈਂਬਰਾਂ ਨਾਲ ਹਾਜ਼ਰ ਸਨ ਅਤੇ ਸਨੈਕਸ ਦਾ ਪ੍ਰਬੰਧ ਉਨ੍ਹਾਂ ਦੀ ਐਸੋਸੀਏਸ਼ਨ ਵਲੋਂ ਕੀਤਾ ਗਿਆ। ਆਪਣੇ ਸੰਖੇਪ ਭਾਸ਼ਣ ਨੂੰ ਸਮਾਪਤ ਕਰਦਿਆਂ ਡਾ. ਸੁਰਜੀਤ ਪਾਤਰ ਨਮਿਤ ਲਿਖੀ ਕਵਿਤਾ 'ਚਾਨਣ ਦੀ ਬੀਜ' ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਪ੍ਰੋਗਰਾਮ ਵਿਚ ਪੰਜਾਬੀ ਸਾਹਿਤ ਸਭਾ ਦੇ ਸਕੱਤਰ ਜਨਰਲ ਗੁਰਦਿਆਲ ਸਿੰਘ ਖਹਿਰਾ ਦੀ ਮਿਹਨਤ ਅਤੇ ਵਿਉਂਤਬੰਦੀ ਝਲਕਦੀ ਸੀ।

*ਰਿਪੋਰਟ: ਸੁਰਿੰਦਰ ਗੀਤ*

# ਕੇਸਰ ਸਿੰਘ ਨੀਰ ਨੂੰ 'ਲਾਈਫ਼ਟਾਈਮ ਐਵਾਰਡ'

## ਜਸਵੰਤ ਸਿੰਘ ਸੇਖੋਂ ਦੀ ਪੁਸਤਕ ਲੋਕ-ਅਰਪਣ

**ਕੈਲਗਰੀ:** ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਇਕੱਤਰਤਾ 13 ਜੁਲਾਈ ਨੂੰ ਕੋਸੋ ਹਾਲ ਵਿਚ ਡਾ. ਜੋਗਾ ਸਿੰਘ ਸਹੋਤਾ, ਕੇਸਰ ਸਿੰਘ ਨੀਰ, ਸੇਵਾ ਸਿੰਘ ਪ੍ਰੇਮੀ ਅਤੇ ਜਸਵੰਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ। ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਦੇ ਮਾਹਿਰ ਸ.



ਜਗਦੇਵ ਸਿੰਘ ਸਿੱਧੂ ਨੇ ਸਟੇਜ ਸੰਭਾਲਦਿਆਂ ਆਏ ਹੋਏ ਸਾਹਿਤਕਾਰਾਂ, ਅਦੀਬਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ। ਕੈਨੇਡਾ ਦੇ ਮੂਲ ਨਿਵਾਸੀਆਂ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਸਾਨੂੰ ਉਨ੍ਹਾਂ ਦਾ ਬਣਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ। ਉਨ੍ਹਾਂ ਕੇਸਰ ਸਿੰਘ ਨੀਰ ਅਤੇ ਜਸਵੰਤ ਸਿੰਘ ਸੇਖੋਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਬਾਰੇ ਸੰਖੇਪ ਅਤੇ ਭਾਵਪੂਰਤ ਜਾਣਕਾਰੀ ਸਾਂਝੀ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਨਾਮਵਰ ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਜਸਵੰਤ ਸਿੰਘ ਸੇਖੋਂ ਬਾਰੇ ਲਿਖੀ ਕਵਿਤਾ ਰਾਹੀਂ ਕੀਤੀ। ਉਪਰੰਤ ਅਰਪਨ ਲਿਖਾਰੀ ਸਭਾ ਦੇ ਮੈਂਬਰਾਂ ਵੱਲੋਂ ਸਭਾ ਦੇ ਮੋਢੀ ਅਤੇ ਉਘੇ ਸਾਹਿਤਕਾਰ ਕੇਸਰ ਸਿੰਘ ਨੀਰ ਨੂੰ ਤਾੜੀਆਂ ਦੀ ਗੂੰਜ ਵਿਚ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਪ੍ਰਦਾਨ ਕਰ ਕੇ ਸਨਮਾਨਿਆ ਗਿਆ। ਜਗਦੇਵ ਸਿੰਘ ਨੇ ਕੇਸਰ ਸਿੰਘ ਨੀਰ ਬਾਰੇ ਗੱਲ ਕਰਦਿਆਂ, ਨੀਰ ਦੇ ਅਧਿਆਪਨ ਕਾਰਜ, ਉਸ ਦੀਆਂ ਕਵਿਤਾ, ਗ਼ਜ਼ਲ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ, ਸਾਹਿਤ ਸਭਾ ਜਗਰਾਉਂ ਦੇ ਮੋਢੀ ਮੈਂਬਰ ਵਜੋਂ ਕੀਤੀ ਅਗਵਾਈ, ਪੰਜਾਬੀ ਕੇਂਦਰੀ ਲੇਖਕ ਸਭਾ ਲਈ ਨਿਭਾਈ ਅਹਿਮ ਭੂਮਿਕਾ, ਪੰਜਾਬ ਦੇ ਭਾਸ਼ਾ ਵਿਭਾਗ ਦੁਆਰਾ ਦਿੱਤਾ 'ਸ਼੍ਰੋਮਣੀ ਸਾਹਿਤਕਾਰ ਪੁਰਸਕਾਰ'(ਪਰਵਾਸੀ), ਬੇਰੁਜ਼ਗਾਰ ਅਧਿਆਪਕਾਂ ਦੇ ਹੱਕਾਂ ਲਈ ਕੀਤੇ ਸੰਘਰਸ਼ ਦੌਰਾਨ ਜੇਲ੍ਹ ਯਾਤਰਾਵਾਂ ਅਤੇ ਕੈਲਗਰੀ ਵਿਖੇ ਸਾਹਿਤ ਸਭਾਵਾਂ ਦੀ ਸਥਾਪਨਾ ਅਤੇ ਵਿਕਾਸ ਲਈ ਪਾਏ ਯੋਗਦਾਨ 'ਤੇ ਚਾਨਣਾ ਪਾਇਆ। ਮਗਰੋਂ ਜਸਵੰਤ ਸਿੰਘ ਸੇਖੋਂ ਦੀ ਪੰਜਵੀਂ ਪੁਸਤਕ 'ਸੇਖੋਂ ਸੂਰਮੇ' ਲੋਕ-ਅਰਪਣ ਕੀਤੀ ਗਈ।

ਰਿਸ਼ੀ ਨਾਗਰ ਨੇ ਕੇਸਰ ਸਿੰਘ ਨੀਰ ਨੂੰ ਵਧਾਈ ਦਿੱਤੀ ਅਤੇ ਜਸਵੰਤ ਸਿੰਘ ਸੇਖੋਂ ਦੀ ਪੁਸਤਕ 'ਸੇਖੋਂ ਸੂਰਮੇ' ਬਾਰੇ ਵਿਚਾਰ ਰੱਖਦਿਆਂ ਕਿਹਾ ਕਿ ਇਸ ਵਿਲੱਖਣ ਲਿਖਤ ਰਾਹੀਂ ਸੇਖੋਂ ਨੇ ਪੰਜਾਬ ਦੇ ਗੌਰਵਮਈ ਪੁਰਾਤਨ ਵਿਰਸੇ ਨੂੰ ਬੜੀ ਖੋਜ ਕਰਕੇ ਪੁਨਰ ਸੁਰਜੀਤ ਕੀਤਾ ਹੈ। ਸਾਹਿਤ ਅਤੇ ਭਾਸ਼ਾ-ਮਾਹਿਰ ਡਾ. ਸਰਬਜੀਤ ਕੌਰ ਜਵੰਧਾ ਨੇ ਇਸ ਪੁਸਤਕ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਇਸ ਪੁਸਤਕ ਦੇ ਮੁੱਖ ਗੁਣ ਵਿਸ਼ਿਆਂ ਦੀ ਨਵੀਨਤਾ, ਸ਼ਾਇਰੀ, ਲੈਅ, ਛੰਦ-ਵਿਧਾਨ ਅਤੇ ਹਰ ਪੱਖ ਤੋਂ ਨਿਭਾਅ ਦੀ ਪ੍ਰਬੀਨਤਾ ਹੈ। ਅਮਨਪ੍ਰੀਤ ਸਿੰਘ ਦੁੱਲਟ ਨੇ ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਸੇਖੋਂ ਨੇ ਦਿੱਲੀ 'ਚ ਸਿੱਖ ਕਤਲੇਆਮ ਦੀ ਜੋ ਦਾਸਤਾਨ ਪੇਸ਼ ਕੀਤੀ ਹੈ ਇਹ ਇਕ ਖੋਜੀ ਲੇਖਕ ਹੀ ਕਰ ਸਕਦਾ ਹੈ। ਜਗਦੇਵ ਸਿੱਧੂ ਨੇ ਇਸ ਨੂੰ ਖੋਜ-ਭਰਪੂਰ, ਸ਼ਾਨਦਾਰ ਵਾਰਤਕ ਅਤੇ ਉੱਤਮ ਸ਼ਾਇਰੀ ਦਾ ਸੁਮੇਲ ਦੱਸਿਆ।

ਡਾ. ਜੋਗਾ ਸਿੰਘ ਸਹੋਤਾ ਅਤੇ ਸੁਖਵਿੰਦਰ ਤੂਰ ਨੇ ਨੀਰ ਦੀਆਂ ਗ਼ਜ਼ਲਾਂ ਦਾ ਗਾਇਨ ਕਰ ਕੇ ਸੰਗੀਤਕ ਮਾਹੌਲ ਸਿਰਜਿਆ। ਜਸਵਿੰਦਰ ਸਿੰਘ ਰੁਪਾਲ, ਜਗਦੀਸ਼ ਕੌਰ ਸਰੋਆ, ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਕੌਰ ਉਪਲ ਅਤੇ ਗੁਰਚਰਨ ਕੌਰ ਥਿੰਦ ਨੇ ਕਵਿਤਾਵਾਂ ਦਾ ਉਚਾਰਨ ਕਰ ਕੇ ਪੇਸ਼ਕਾਰੀ ਦੀ ਮਿਸਾਲ ਪੇਸ਼ ਕੀਤੀ। ਜਸਵੀਰ ਸਿਹੋਤੇ ਨੇ ਟੱਪੇ ਸੁਣਾਏ। ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਦੀ ਛਹਿਬਰ ਲਾਈ। ਦਰਸ਼ਨ ਸਿੰਘ ਦਲੇਰ ਦੇ ਢਾਡੀ ਜਥੇ ਨੇ ਸੇਖੋਂ ਦਾ ਲਿਖਿਆ ਢਾਡੀ ਰਾਗ ਵਿਚ ਸਾਕਾ ਪੇਸ਼ ਕਰ ਕੇ ਹਾਲ ਨੂੰ ਗੂੰਜਣ ਲਾ ਦਿੱਤਾ। ਗੁਰਮੀਤ ਕੌਰ ਸਰਪਾਲ ਨੇ ਕਿਤਾਬਾਂ ਦੀ ਅਹਿਮੀਅਤ ਬਾਰੇ ਵਿਚਾਰ ਰੱਖੇ।

ਸਤਨਾਮ ਢਾਅ ਨੇ ਦੋਹਾਂ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਰਪਨ ਲਿਖਾਰੀ ਸਭਾ ਨੇ ਅੱਜ ਪਹਿਲਾ 'ਲਾਈਫਟਾਈਮ ਅਚੀਵਮੈਂਟ ਐਵਾਰਡ' ਪ੍ਰਦਾਨ ਕਰ ਕੇ ਅਤੇ ਸਮੇਂ ਸਮੇਂ ਆਪਣੇ ਮੈਂਬਰਾਂ ਵੱਲੋਂ ਲਿਖੀਆਂ ਪੁਸਤਕਾਂ ਰਿਲੀਜ਼ ਕਰ ਕੇ ਨਵਾਂ ਮੀਲ-ਪੱਥਰ ਸਥਾਪਿਤ ਕੀਤਾ ਹੈ। ਸਮਾਜ-ਸੇਵੀ ਸੇਵਾ ਸਿੰਘ ਪ੍ਰੇਮੀ ਨੇ ਪੰਜਾਬੀ ਦੇ ਵਿਕਾਸ ਲਈ ਸਭਾ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਜਸਵੰਤ ਸਿੰਘ ਸੇਖੋਂ ਨੇ ਇਸ ਪੁਸਤਕ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਆਏ ਅਦੀਬਾਂ, ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਅਖੀਰ ਵਿਚ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਸਮਾਗਮ ਦੀ ਸਫ਼ਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਜਗਦੇਵ ਸਿੰਘ ਸਿੱਧੂ ਨੇ ਬਾਖ਼ੂਬੀ ਨਿਭਾਈ। ਫੋਟੋਗ੍ਰਾਫ਼ੀ ਲਈ ਦਲਜੀਤ ਹੁੰਝਣ ਦਾ ਸਹਿਯੋਗ ਸ਼ਲਾਘਾਯੋਗ ਰਿਹਾ। ਹੋਰ ਜਾਣਕਾਰੀ ਲਈ 403-407-4412 'ਤੇ ਜੋਗਾ ਸਿੰਘ ਸਹੋਤਾ ਅਤੇ 403-681-3132 'ਤੇ ਜਸਵੰਤ ਸਿੰਘ ਸੇਖੋਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

*-ਸਤਨਾਮ ਸਿੰਘ ਢਾਅ*

# ਯਾਦਗਾਰੀ ਹੋ ਨਿਬੜੀ 'ਗੀਤਾਂ ਦੀ ਸ਼ਾਮ, ਜੀ.ਐਸ, ਪੀਟਰ ਦੇ ਨਾਮ'

**ਫਰਿਜ਼ਨੋ:** ਪੰਜਾਬੀ ਗਾਇਕ ਜੀ.ਐਸ. ਪੀਟਰ ਕੈਲੀਫੋਰਨੀਆ ਦੇ ਟੂਰ 'ਤੇ ਹਨ। ਫਰਿਜ਼ਨੋ ਪੁੱਜਣ 'ਤੇ 'ਸਪਾਈਸ ਰੇਡੀਓ' ਵਾਲੇ ਰਾਜ ਮੋਗਾ



ਅਤੇ ਸਥਾਨਕ 'ਲਾ ਕਿਉਤਰਾ' ਹੋਟਲ ਵਾਲੇ ਚਰਨਜੀਤ ਸਿੰਘ ਬੁੱਟਰ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕਰਦਿਆਂ ਗੀਤਾਂ ਦੀ ਮਹਿਫਲ "ਗੀਤਾਂ ਦੀ ਸ਼ਾਮ, ਜੀ.ਐਸ. ਪੀਟਰ ਦੇ ਨਾਮ" ਦਾ ਆਗਾਜ਼ ਕੀਤਾ। ਇਸ ਮਹਿਫਲ ਵਿਚ ਸ਼ਾਮਲ ਹੋਣ ਲਈ ਹਰੇਕ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ ਅਤੇ ਕੋਈ ਟਿਕਟ ਵਗੈਰਾ ਨਹੀਂ ਸੀ। ਇਸ ਸੰਗੀਤਕ ਮਹਿਫਲ ਦੀ ਸ਼ੁਰੂਆਤ ਰਾਜ ਮੋਗਾ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ।

ਇਸ ਉਪਰੰਤ ਸਥਾਨਕ ਦੋਗਾਣਾ ਜੋੜੀ ਪੱਪੀ ਭਦੌੜ ਅਤੇ ਬੀਬੀ ਦਿਲਪ੍ਰੀਤ ਕੌਰ ਨੇ ਅਮਰ ਸਿੰਘ ਚਮਕੀਲੇ ਦੇ ਧਾਰਮਿਕ ਗੀਤ "ਮੈਂ ਤਲਵਾਰ ਕਲਗੀਧਰ ਦੀ ਹਾਂ" ਗਾਏ। ਉਨ੍ਹਾਂ ਆਪਣੇ ਹੋਰ ਵੀ ਬਹੁਤ ਸਾਰੇ ਮਿਆਰੀ ਗੀਤ ਗਾ ਕੇ ਮਾਹੌਲ ਨੂੰ ਕੀਲੀ ਰੱਖਿਆ। ਇਸੇ ਤਰ੍ਹਾਂ ਗਾਇਕੀ ਦੇ ਖੇਤਰ ਵਿਚ ਆਪਣੀ ਪਹਿਚਾਣ ਬਣਾ ਚੁੱਕੇ ਗਾਇਕ ਕਮਲਜੀਤ ਬੈਨੀਪਾਲ ਅਤੇ ਬੁਲੰਦ ਆਵਾਜ਼ ਦੇ ਮਾਲਕ ਗੁਰਦੀਪ ਸਿੰਘ ਧਾਲੀਵਾਲ ਨੇ ਵੀ ਖੂਬ ਰੰਗ ਬੰਨ੍ਹੇ ਜਦਕਿ ਇਸ ਪ੍ਰੋਗਰਾਮ ਦੀ ਸ਼ਾਨ ਅਤੇ ਪ੍ਰਮੁੱਖ ਗਾਇਕ ਨੇ ਆਪਣੇ ਬਹੁਤ ਸਾਰੇ ਰਿਕਾਰਡ ਗੀਤ ਅਤੇ ਨਵੇਂ ਆ ਰਹੇ ਗੀਤਾਂ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ। ਇਸ ਪ੍ਰੋਗਰਾਮ ਵਿਚ ਫੌਜੀ ਦਾ ਡੀ. ਜੇ. ਅਤੇ ਅਸ਼ੋਕ ਕੁਮਾਰ ਸ਼ੌਕੀ ਦੇ ਢੋਲ ਨੇ ਵੀ ਸਭ ਨੂੰ ਨੱਚਣ ਲਈ ਰੱਖਿਆ। ਪ੍ਰੋਗਰਾਮ ਵਿਚ ਸਮੂਹ ਹਾਜ਼ਰੀਨ ਵੱਲੋਂ ਜੀ. ਐਸ. ਪੀਟਰ ਦੀ ਸਾਫ-ਸੁਥਰੀ ਗਾਇਕੀ ਦਾ ਆਦਰਸ਼ ਗਾਇਕ ਕਹਿੰਦੇ ਹੋਏ ਸਨਮਾਨ ਦਿੱਤਾ ਗਿਆ। ਅੰਤ ਰਾਤਰੀ ਦੇ ਸ਼ਾਨਦਾਰ ਖਾਣੇ ਅਤੇ ਸੰਗੀਤ ਪ੍ਰੇਮੀਆਂ ਦੇ ਮੇਲ-ਮਿਲਾਪ ਕਰਵਾਉਂਦੀ ਇਹ ਮਹਿਫਲ ਯਾਦਗਾਰੀ ਹੋ ਨਿਬੜੀ।

# ਬਰਤਾਨੀਆ ਦੇ ਗੁਰਦੁਆਰੇ ਵਿਚ ਹਮਲੇ ਦੇ ਦੋਸ਼ ਹੇਠ ਨਾਬਾਲਗ ਕਾਬੂ

**ਲੰਡਨ:** ਦੱਖਣ-ਪੂਰਬੀ ਇੰਗਲੈਂਡ ਦੇ ਕੈਂਟ ਵਿਚਲੇ ਇਕ ਗੁਰਦੁਆਰੇ ਵਿਚ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦੇ ਮਾਮਲੇ ਵਿਚ ਪੁਲਿਸ ਨੇ 17 ਸਾਲਾ ਲੜਕੇ ਨੂੰ ਹਿਰਾਸਤ 'ਚ ਲਿਆ ਹੈ। ਇਸ ਘਟਨਾ 'ਚ ਦੋ ਔਰਤਾਂ ਜ਼ਖ਼ਮੀ ਹੋ ਗਈਆਂ ਸਨ।

ਕੈਂਟ ਪੁਲਿਸ ਨੇ ਕਿਹਾ ਕਿ ਇਕ ਵਿਅਕਤੀ ਵੱਲੋਂ ਗੁਰਦੁਆਰੇ ਵਿਚ ਹਮਲਾ ਕਰਨ ਦੇ ਮਾਮਲੇ ਵਿਚ ਜਾਂਚ ਕਰਨ ਲਈ ਉਨ੍ਹਾਂ ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰੇ ਵਿਚ ਬੁਲਾਇਆ ਗਿਆ ਸੀ। ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਦੱਸਿਆ ਕਿ ਘਟਨਾ ਸਮੇਂ ਦਰਬਾਰ ਹਾਲ ਵਿਚ 'ਗੁਰੂ ਗ੍ਰੰਥ ਸਾਹਿਬ' ਸੁਸ਼ੋਭਿਤ ਨਹੀਂ ਸਨ। ਕੈਂਟ ਪੁਲਿਸ ਨੇ ਕਿਹਾ, "ਇਹ ਦੱਸਿਆ ਗਿਆ ਹੈ ਕਿ ਇਕ ਵਿਅਕਤੀ ਨੇ ਗੁਰਦੁਆਰੇ ਵਿਚ ਦਾਖਲ ਹੋ ਕੇ ਉਥੇ ਮੌਜੂਦ ਲੋਕਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਦੋ ਔਰਤਾਂ ਜ਼ਖ਼ਮੀ ਹੋ ਗਈਆਂ।" ਪੁਲਿਸ ਨੇ ਕਤਲ ਦੀ ਕੋਸ਼ਿਸ਼ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਮੌਕੇ ਤੋਂ ਤੇਜ਼ਧਾਰ ਹਥਿਆਰ ਵੀ ਬਰਾਮਦ ਕੀਤਾ ਹੈ।

ਇਧਰ, ਇੰਗਲੈਂਡ ਵਿਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਸੈਂਡ ਵਿਚ ਇਕ ਵਿਅਕਤੀ ਵੱਲੋਂ ਸੰਗਤ 'ਤੇ ਕੀਤੇ ਗਏ ਹਮਲੇ ਦੀ




ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿੰਦਾ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਸੰਜੀਦਗੀ ਨਾਲ ਲਿਆ ਜਾਵੇ ਅਤੇ ਵਿਦੇਸ਼ ਮੰਤਰਾਲੇ ਰਾਹੀਂ ਇੰਗਲੈਂਡ ਸਰਕਾਰ ਨੂੰ ਕਾਰਵਾਈ ਲਈ ਕਿਹਾ ਜਾਵੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਧਰਮ ਅੰਦਰ ਗੁਰਦੁਆਰਾ ਸਾਹਿਬ ਦੀ ਵੱਡੀ ਮਹੱਤਤਾ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ ਦੀ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਸਿੱਖਾਂ 'ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਗੰਭੀਰ ਯਤਨ ਕਰੇ। ਉਨ੍ਹਾਂ ਇੰਗਲੈਂਡ ਦੀ ਸਰਕਾਰ ਨੂੰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਅਪੀਲ ਕਰਨ ਦੇ ਨਾਲ-ਨਾਲ ਭਾਰਤ ਸਰਕਾਰ ਨੂੰ ਵੀ ਕਿਹਾ ਕਿ ਮਾਮਲੇ ਨੂੰ ਸੰਜੀਦਗੀ ਨਾਲ ਲਵੇ।

### ਘਟਨਾ ਚਿੰਤਾਜਨਕ ਤੇ ਨਿੰਦਣਯੋਗ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇੰਗਲੈਂਡ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਚ ਸੰਗਤ 'ਤੇ ਕੀਤੇ ਗਏ ਹਮਲੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਥੇਦਾਰ ਨੇ ਕਿਹਾ ਕਿ ਇੰਗਲੈਂਡ ਦੇ ਗੁਰਦੁਆਰੇ ਵਿਚ ਇਹ ਘਟਨਾ ਵਾਪਰਨੀ ਚਿੰਤਾਜਨਕ ਅਤੇ ਨਿੰਦਣਯੋਗ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਸਣੇ ਹੋਰ ਮੈਂਬਰਾਂ ਨੇ ਕਿਹਾ ਕਿ ਕੁਝ ਕੱਟੜਪੰਥੀਆਂ ਵੱਲੋਂ ਖੁੱਲ੍ਹੇਆਮ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੇ ਅੰਦਰ ਸਿੱਖਾਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਣ ਦੀ ਘਟਨਾ ਨਿੰਦਣਯੋਗ ਅਤੇ ਮੰਦਭਾਗੀ ਹੈ। ਉਨ੍ਹਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਇੰਗਲੈਂਡ ਸਰਕਾਰ ਨਾਲ ਰਾਬਤਾ ਕਰ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ।

# ਆਈ.ਪੀ.ਐਸ. ਅਫਸਰ ਪਰਮਰਾਜ ਸਿੰਘ ਉਮਰਾਨੰਗਲ ਬਹਾਲ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਿਛਲੇ ਪੰਜ ਸਾਲਾਂ ਤੋਂ ਮੁਅੱਤਲ ਚੱਲ ਰਹੇ ਆਈ.ਪੀ.ਐਸ. ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਾਜ਼ੇ ਹੁਕਮਾਂ 'ਤੇ ਉਮਰਾਨੰਗਲ ਨੂੰ ਬਹਾਲ ਕੀਤਾ ਹੈ। ਹਾਲਾਂਕਿ, ਪੰਜਾਬ ਪੁਲਿਸ ਵੱਲੋਂ ਉਮਰਾਨੰਗਲ ਨੂੰ ਹਾਲੇ ਤੱਕ ਕਿਤੇ ਵੀ ਤਾਇਨਾਤ ਨਹੀਂ ਕੀਤਾ ਗਿਆ ਹੈ।

ਫਿਲਹਾਲ ਉਹ ਡੀ.ਜੀ.ਪੀ. ਪੰਜਾਬ ਨੂੰ ਰਿਪੋਰਟ ਕਰਨਗੇ। ਉਸ ਤੋਂ ਬਾਅਦ ਡੀ.ਜੀ.ਪੀ. ਵੱਲੋਂ ਉਨ੍ਹਾਂ ਨੂੰ ਨਵੀਂ ਥਾਂ 'ਤੇ ਤਾਇਨਾਤੀ ਬਾਰੇ ਆਦੇਸ਼ ਦਿੱਤੇ ਜਾਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਈ.ਪੀ.ਐਸ. ਅਧਿਕਾਰੀ ਉਮਰਾਨੰਗਲ ਦੀਆਂ ਸੇਵਾਵਾਂ ਫਰਵਰੀ 2024 ਵਿਚ ਬਹਾਲ ਕਰਨ ਦੇ ਆਦੇਸ਼ ਦਿੱਤੇ ਸਨ ਪਰ ਅਦਾਲਤੀ ਹੁਕਮਾਂ ਦੇ ਬਾਵਜੂਦ ਸੂਬਾ ਸਰਕਾਰ ਨੇ ਉਮਰਾਨੰਗਲ ਦੀਆਂ ਸੇਵਾਵਾਂ ਬਹਾਲ ਨਹੀਂ ਕੀਤੀਆਂ। ਉਸ ਤੋਂ ਬਾਅਦ ਉਮਰਾਨੰਗਲ ਨੇ ਮੁੜ ਉੱਚ ਅਦਾਲਤ ਵਿਚ ਪਹੁੰਚ ਕੀਤੀ ਤਾਂ ਅਦਾਲਤ ਨੇ ਜੁਲਾਈ ਮਹੀਨੇ ਦੇ ਪਹਿਲੇ ਹਫ਼ਤੇ ਵਿਚ ਮਾਮਲੇ ਦੀ ਸੁਣਵਾਈ ਕਰਦਿਆਂ ਸੂਬਾ ਸਰਕਾਰ ਨੂੰ 15 ਦਿਨਾਂ ਦੇ ਅੰਦਰ ਉਮਰਾਨੰਗਲ ਦੀਆਂ ਸੇਵਾਵਾਂ ਬਹਾਲ ਕਰਨ ਦੇ ਆਦੇਸ਼ ਦਿੱਤੇ ਸਨ। ਅਦਾਲਤ ਦੇ ਹੁਕਮਾਂ 'ਤੇ ਹੁਣ ਸੂਬਾ ਸਰਕਾਰ ਨੇ ਪਰਮਰਾਜ ਸਿੰਘ ਉਮਰਾਨੰਗਲ ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ। ਦੱਸਣਯੋਗ ਹੈ ਕਿ ਬਹਿਬਲ ਕਲਾਂ ਗੋਲੀਕਾਂਡ ਅਤੇ ਕੋਟਕਪੂਰਾ ਪੁਲਿਸ ਫਾਇਰਿੰਗ ਮਾਮਲੇ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਸਾਲ 2019 ਵਿਚ ਉਮਰਾਨੰਗਲ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਸ ਤੋਂ ਬਾਅਦ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

# ਮੂੰਗੀ ਦੀ ਫਸਲ ਖੇਤਾਂ ਵਿਚ ਹੀ ਵਾਹੁਣ ਲੱਗੇ ਕਿਸਾਨ



**ਮਾਨਸਾ:** ਸਰਕਾਰੀ ਦੇ ਲਾਰਿਆਂ ਤੋਂ ਅੱਕੇ ਮਾਲਵਾ ਖੇਤਰ ਦੇ ਕੁਝ ਕਿਸਾਨ ਮੂੰਗੀ ਦੀ ਫ਼ਸਲ ਖੇਤਾਂ ਵਿਚ ਹੀ ਵਾਹੁਣ ਲਈ ਮਜਬੂਰ ਹਨ। ਫਸਲ ਵਾਹੁਣ ਦਾ ਅਸਲ ਕਾਰਨ ਮੀਂਹ ਕਾਰਨ ਫਸਲ ਦਾ ਖ਼ਰਾਬ ਹੋਣਾ ਅਤੇ ਮੰਡੀਆਂ 'ਚ ਫ਼ਸਲ ਦਾ ਸਹੀ ਭਾਅ ਨਾ ਮਿਲਣਾ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਭੈਣੀਬਾਘਾ ਵਿਚ ਕਿਸਾਨ ਨੇ ਨਰਮੇ ਵਾਂਗ ਮੂੰਗੀ ਦੀ ਫ਼ਸਲ ਖੇਤਾਂ ਵਿਚ ਹੀ ਵਾਹ ਦਿੱਤੀ ਹੈ।

ਦੂਜਾ ਕਿਸਾਨ ਪਰਗਟ ਸਿੰਘ ਨੇ ਡੇਢ ਏਕੜ ਮੂੰਗੀ ਦੀ ਫ਼ਸਲ ਵਾਹ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪਿੰਡ 'ਚ ਲਗਪਗ 700 ਏਕੜ ਮੂੰਗੀ ਅਤੇ ਮੱਕੀ ਦੀ ਫ਼ਸਲ ਦੀ ਬਿਜਾਈ ਹੋਈ ਸੀ ਪਰ ਕਿਸੇ ਵੀ ਕਿਸਾਨ ਨੂੰ ਇਸ ਦਾ ਸਰਕਾਰ ਵੱਲੋਂ ਦਿੱਤੇ ਗਏ ਵਾਅਦਿਆਂ ਅਤੇ ਦਾਅਵਿਆਂ ਮੁਤਾਬਕ ਲਾਭ ਪ੍ਰਾਪਤ ਨਹੀਂ ਹੋਇਆ ਹੈ।

ਉਨ੍ਹਾਂ ਮੰਗ ਕੀਤੀ ਕਿ ਫ਼ਸਲ ਦਾ ਤੁਰਤ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਦਿੱਲੀ ਦੀ ਤਰਜ਼ 'ਤੇ ਬਿਨਾਂ ਗਿਰਦਾਵਰੀ ਕਰਵਾਏ 100 ਫੀਸਦੀ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਸੀ।

### ਸੁਖਬੀਰ ਬਾਦਲ ਨੇ ਮੁੱਖ ਮੰਤਰੀ ਤੋਂ ਅਸਤੀਫ਼ਾ ਮੰਗਿਆ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਨਿਸ਼ਾਨੇ ਸੇਧੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਮੱਕੀ ਦੀ ਫ਼ਸਲ ਲਗਾਤਾਰ ਤੀਜੀ ਵਾਰ ਐਮ.ਐਸ.ਪੀ. 'ਤੇ ਖ਼ਰੀਦਣ ਤੋਂ ਇਨਕਾਰ ਕਰ ਕੇ ਕਿਸਾਨਾਂ ਦਾ ਵੱਡਾ ਨੁਕਸਾਨ ਕੀਤਾ ਹੈ, ਇਸ ਲਈ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਜਿਨ੍ਹਾਂ ਕਿਸਾਨਾਂ ਨੇ ਮੱਕੀ, ਮੂੰਗੀ ਤੇ ਸੂਰਜਮੁਖੀ ਦੀ ਫ਼ਸਲ ਐਮ.ਐਸ.ਪੀ. ਨਾਲੋਂ ਘੱਟ ਰੇਟ 'ਤੇ ਵੇਚੀ ਹੈ, ਉਨ੍ਹਾਂ ਨੂੰ ਤੁਰਤ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

### ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਟਾਂਡਾ:** ਨੇੜਲੇ ਪਿੰਡ ਤਲਵੰਡੀ ਡੱਡੀਆਂ ਨਾਲ ਸਬੰਧਤ ਵਿਅਕਤੀ ਦੀ ਅਮਰੀਕਾ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਕੁਲਵਿੰਦਰ ਸਿੰਘ ਕਿੰਦਰ ਪੁੱਤਰ ਸਰਪੰਚ ਗੁਰਬਖਸ਼ ਸਿੰਘ ਦੱਸੀ ਗਈ ਹੈ। ਜਾਣਕਾਰੀ ਅਨੁਸਾਰ ਨੌਜਵਾਨ ਕੁਲਵਿੰਦਰ ਸਿੰਘ ਕਾਫ਼ੀ ਸਮੇਂ ਤੋਂ ਅਮਰੀਕਾ ਦੇ ਨਿਊ ਯਾਰਕ ਵਿਚ ਪਰਿਵਾਰ ਸਣੇ ਰਹਿ ਰਿਹਾ ਸੀ। ਇਹ ਹਾਦਸਾ 12 ਜੁਲਾਈ ਨੂੰ ਸਵੇਰੇ ਸਾਢੇ 11 ਵਜੇ ਉਦੋਂ ਹੋਇਆ ਜਦੋਂ ਉਹ ਸਵੇਰੇ ਸਟੋਰ ਤੋਂ ਵਾਪਸ ਆ ਰਿਹਾ ਸੀ। ਉਸ ਦੀ ਕਾਰ ਨੂੰ ਟਰੱਕ ਨੇ ਪਿੱਛੋਂ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਕਾਰ ਅੱਗੇ ਜਾ ਰਹੇ ਟਰੱਕ ਨਾਲ ਟਕਰਾ ਗਈ। ਇਸ ਹਾਦਸੇ ਵਿਚ ਕਿੰਦਰ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਮ੍ਰਿਤਕ ਨੌਜਵਾਨ ਦੇ ਮਾਪੇ ਪੁੱਤਰ ਨੂੰ ਮਿਲਣ ਲਈ ਅਮਰੀਕਾ ਗਏ ਸਨ।

# ਸਾਊਦੀ ਅਰਬ 'ਚ ਭੇਤ-ਭਰੀ ਹਾਲਤ ਵਿਚ ਨੌਜਵਾਨ ਦੀ ਮੌਤ

**ਗੜ੍ਹਸ਼ੰਕਰ:** ਪਿੰਡ ਗੋਲੀਆਂ ਦੇ ਨੌਜਵਾਨ ਦੀ ਸਾਊਦੀ ਅਰਬ ਵਿਚ ਭੇਤ-ਭਰੀ ਹਾਲਤ 'ਚ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਪਰਮਦੀਪ ਸਿੰਘ ਬਿੰਦ (26) ਪੁੱਤਰ ਮਰਹੂਮ ਪਰਮਜੀਤ ਸਿੰਘ ਵਜੋਂ ਹੋਈ ਹੈ।

ਪਰਮਦੀਪ ਸਿੰਘ ਦੇ ਤਾਇਆ ਅਵਤਾਰ ਸਿੰਘ, ਭੈਣ ਦਲਵੀਰ ਕੌਰ ਤੇ ਜਸਵਿੰਦਰ ਕੌਰ ਨੇ ਦੱਸਿਆ ਕਿ ਪਰਮਦੀਪ ਸਿੰਘ ਰੁਜ਼ਗਾਰ ਦੀ ਭਾਲ ਵਿਚ ਪਿਛਲੇ ਸਾਲ 30 ਨਵੰਬਰ ਨੂੰ ਸਾਊਦੀ ਅਰਬ ਗਿਆ ਸੀ ਅਤੇ ਉੱਥੇ ਡਰਾਈਵਰੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਨੂੰ ਸਾਊਦੀ ਅਰਬ ਤੋਂ ਕਿਸੇ ਵਿਅਕਤੀ ਦਾ ਫੋਨ ਆਇਆ ਕਿ ਪਰਮਦੀਪ ਸਿੰਘ ਦੀ ਮੌਤ ਹੋ ਚੁੱਕੀ ਹੈ।

ਦੱਸਣਯੋਗ ਹੈ ਕਿ ਪਰਮਦੀਪ ਸਿੰਘ ਬਿੰਦ ਦੇ ਮਾਤਾ-ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਹੁਣ ਪਰਿਵਾਰ ਮੈਂਬਰਾਂ ਨੇ ਭਾਰਤ ਸਰਕਾਰ ਤੋਂ ਪਰਮਦੀਪ ਸਿੰਘ ਦੀ ਲਾਸ਼ ਵਾਪਸ ਲਿਆਉਣ ਲਈ ਮਦਦ ਮੰਗੀ ਹੈ ਤਾਂ ਕਿ ਅੰਤਿਮ ਰਸਮਾਂ ਨਿਭਾਈਆਂ ਜਾ ਸਕਣ।

### ਵਿਆਹ ਦੌਰਾਨ ਲਾੜੇ ਦੀ ਮੌਤ

**ਬੰਗਾ:** ਇੱਥੇ ਇਕ ਵਿਆਹ ਸਮਾਰੋਹ ਦੌਰਾਨ ਲਾੜੇ ਦਾ ਦੇਹਾਂਤ ਹੋ ਗਿਆ। ਇਹ ਦੁਖਦਾਈ ਘਟਨਾ ਜੈ ਮਾਲਾ ਦੀ ਰਸਮ ਦੌਰਾਨ ਵਾਪਰੀ। ਮ੍ਰਿਤਕ ਦੀ ਪਛਾਣ ਬੰਗਾ ਦੇ ਨਿਊ ਗਾਂਧੀ ਨਗਰ ਵਾਸੀ ਵਿਪਨ (38) ਪੁੱਤਰ ਮੋਹਨ ਲਾਲ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਪਨ ਆਪਣੇ ਵਿਆਹ ਲਈ ਅਮਰੀਕਾ ਤੋਂ ਇੱਥੇ ਆਇਆ ਸੀ ਅਤੇ ਉਸ ਦੇ ਵਿਆਹ ਸਬੰਧੀ ਰਸਮਾਂ ਇਥੋਂ ਦੇ ਮੁਕੰਦਪੁਰ ਰੋਡ ਉਤੇ ਹੋ ਰਹੀਆਂ ਸਨ। ਜੈ ਮਾਲਾ ਦੀ ਰਸਮ ਦੌਰਾਨ ਸਿਹਤ ਵਿਗੜਣ 'ਤੇ ਵਿਪਨ ਨੂੰ ਤੁਰਤ ਨੇੜਲੇ ਪ੍ਰਾਈਵੇਟ ਹਸਪਤਾਲ ਵਿਚ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

### ਨਵੇਂ ਫੌਜਦਾਰੀ ਕਾਨੂੰਨਾਂ ਬਾਰੇ ਪਾਠਕ੍ਰਮ ਤਿਆਰ ਕਰੇਗੀ ਲਾਅ 'ਵਰਸਿਟੀ

**ਪਟਿਆਲਾ:** ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ (ਆਰ.ਜੀ.ਐਨ.ਯੂ.ਐਲ.) ਵਿਚ ਭਾਰਤ ਵਿਚ ਲਾਗੂ ਹੋਏ ਤਿੰਨ ਫ਼ੌਜਦਾਰੀ ਕਾਨੂੰਨਾਂ ਸਬੰਧੀ ਨਵਾਂ ਪਾਠਕ੍ਰਮ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਹ ਪਾਠਕ੍ਰਮ ਸੈਸ਼ਨ 2024-25 ਵਿਚ ਪੜ੍ਹਾਇਆ ਜਾਵੇਗਾ। ਵਾਈਸ ਚਾਂਸਲਰ ਡਾ. ਜੈਐਸ ਸਿੰਘ ਨੇ ਕਿਹਾ ਕਿ ਨਵੇਂ ਫ਼ੌਜਦਾਰੀ ਕਾਨੂੰਨਾਂ ਅਨੁਸਾਰ ਹੀ ਪੜ੍ਹਾਈ ਕਰਾਉਣ ਨੂੰ ਇਸ ਕਰ ਕੇ ਤਰਜੀਹ ਦਿੱਤੀ ਹੈ ਤਾਂ ਕਿ ਵਿਦਿਆਰਥੀ ਅਗਲੇਰੇ ਸਮੇਂ ਵਿਚ ਸਹੀ ਰਸਤੇ ਉਤੇ ਜਾ ਸਕਣ। ਉਨ੍ਹਾਂ ਦੱਸਿਆ ਕਿ ਲਾਅ ਯੂਨੀਵਰਸਿਟੀ ਵਿਦਿਆਰਥੀਆਂ ਲਈ ਇਕ ਵਿਆਪਕ ਅਤੇ ਗਤੀਸ਼ੀਲ ਪਾਠਕ੍ਰਮ ਪ੍ਰਦਾਨ ਕਰਦਾ ਹੈ ਜੋ ਸਮਕਾਲੀ ਕਾਨੂੰਨੀ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਉਨ੍ਹਾਂ ਦੱਸਿਆ ਕਿ 2024-25 ਤੋਂ ਸ਼ੁਰੂ ਕੀਤੀ ਅਧਿਐਨ ਯੋਜਨਾ ਵਿਚ ਨਵੇਂ ਫ਼ੌਜਦਾਰੀ ਕਾਨੂੰਨ ਸ਼ਾਮਲ ਹੋਣਗੇ।

# ਪੀ.ਪੀ.ਐਸ.ਸੀ. ਨੇ ਪੇਪਰ ਲੀਕ ਹੋਣ ਦੇ ਦੋਸ਼ਾਂ ਤੋਂ ਪੱਲਾ ਝਾੜਿਆ

**ਪਟਿਆਲਾ:** ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਆਖਿਆ ਹੈ ਕਿ ਕਦੇ ਵੀ ਪੀ.ਪੀ.ਐਸ.ਸੀ. ਦਾ ਪੇਪਰ ਲੀਕ ਨਹੀਂ ਹੋ ਸਕਦਾ ਕਿਉਂਕਿ ਇਸ ਦੀ ਪ੍ਰਕਿਰਿਆ ਬਹੁਤ ਸਖ਼ਤ ਹੈ। ਇਹ ਸਪੱਸ਼ਟੀਕਰਨ ਉਨ੍ਹਾਂ ਨੂੰ ਇਸ ਲਈ ਦੇਣਾ ਪਿਆ ਕਿਉਂਕਿ ਕਿਸੇ ਨੇ ਪੀ.ਪੀ.ਐਸ.ਸੀ. ਸਬੰਧੀ ਵੀਡੀਓ ਪਾ ਕੇ ਪੇਪਰ ਲੀਕ ਹੋਣ ਬਾਰੇ ਸਨਸਨੀ ਫੈਲਾ ਦਿੱਤੀ ਸੀ।

ਉਨ੍ਹਾਂ ਕਿਹਾ ਹੈ ਕਿ ਕਮਿਸ਼ਨ ਸਾਰੀ ਭਰਤੀ ਪ੍ਰਕਿਰਿਆ ਪੂਰੀ ਨਿਰਪੱਖਤਾ, ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 30 ਜੂਨ ਨੂੰ ਖੇਤੀ ਵਿਕਾਸ ਅਫ਼ਸਰਾਂ ਦੀ ਭਰਤੀ ਸਬੰਧੀ ਲਈ ਗਈ ਪ੍ਰੀਖਿਆ ਵਿਚ ਪੇਪਰ ਲੀਕ ਦਾ ਪਿਆ ਰੌਲਾ ਬੇਬੁਨਿਆਦ ਅਤੇ ਝੂਠ ਦਾ ਪੁਲੰਦਾ ਹੈ। ਚੇਅਰਮੈਨ ਨੇ ਦੱਸਿਆ ਕਿ ਚੰਡੀਗੜ੍ਹ ਨਾਲ ਸਬੰਧਤ ਇਕ ਵਿਦਿਅਕ ਕੋਚ ਨੇ ਯੂ-ਟਿਊਬ ਚੈਨਲ 'ਤੇ ਵੀਡੀਓ ਪੋਸਟ ਕਰਕੇ, ਬਿਨਾਂ ਕਿਸੇ ਸਬੂਤ ਦੇ ਇਮਤਿਹਾਨ ਦਾ ਪੇਪਰ ਪਹਿਲਾਂ ਹੀ ਲੀਕ ਹੋਣ ਦਾ ਦੋਸ਼ ਲਗਾਇਆ ਸੀ।

ਮੀਡੀਆ ਦੇ ਕੁਝ ਹੋਰ ਹਿੱਸੇ ਵਿਚ ਵੀ ਪੇਪਰ ਲਈ ਕਿਸੇ ਤਰ੍ਹਾਂ ਦੀ ਰਿਸ਼ਵਤਖੋਰੀ ਦਾ ਦਾਅਵਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਮਿਸ਼ਨ ਅਜਿਹੇ ਦਾਅਵਿਆਂ ਅਤੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਾ ਹੈ ਅਤੇ ਸਪੱਸ਼ਟ ਕਰਦਾ ਹੈ ਕਿ ਕਮਿਸ਼ਨ ਵੱਲੋਂ ਲਏ ਜਾਂਦੇ ਭਰਤੀ ਇਮਤਿਹਾਨਾਂ ਵਿਚ ਕਿਸੇ ਵੀ ਸਰਕਾਰੀ ਵਿਭਾਗ ਦੀ ਕੋਈ ਦਖਲਅੰਦਾਜ਼ੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸਬੰਧਤ ਦੋਸ਼ਾਂ ਵਿਚ ਰਾਜ ਦੇ ਖੇਤੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਵੱਲੋਂ ਇਸ ਵਿਚ ਸ਼ਾਮਲ ਹੋਣ ਬਾਰੇ ਕਿਹਾ ਗਿਆ ਹੈ ਪਰ ਪ੍ਰੀਖਿਆ ਪ੍ਰਕਿਰਿਆ ਵਿਚ ਵਿਭਾਗ ਦਾ ਕੋਈ ਵੀ ਅਧਿਕਾਰੀ ਸ਼ਾਮਲ ਨਹੀਂ ਸੀ। ਸ੍ਰੀ ਔਲਖ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਕੀਤੀ ਗਈ ਜਾਂਚ ਵਿਚ ਇਹ ਸਪੱਸ਼ਟ ਹੈ ਕਿ ਵੀਡੀਓਗ੍ਰਾਫਿਕ ਅਤੇ ਲਿਖਤੀ ਰਿਕਾਰਡਾਂ ਸਣੇ ਵਿਆਪਕ ਤਸਦੀਕ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਮਤਿਹਾਨ ਦੀ ਪ੍ਰਕਿਰਿਆ ਨਿਰਪੱਖ ਅਤੇ ਸੁਰੱਖਿਅਤ ਸੀ। ਉਨ੍ਹਾਂ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਹ ਬੇਬੁਨਿਆਦ ਦੋਸ਼ ਇਸ ਸੰਵਿਧਾਨਕ ਸੰਸਥਾ ਦੀ ਸਾਖ ਨੂੰ ਖ਼ਰਾਬ ਕਰਨ ਦੇ ਇਰਾਦੇ ਨਾਲ ਲਗਾਏ ਗਏ ਸਨ। ਉਨ੍ਹਾਂ ਵੀਡੀਓ ਪਾਉਣ ਵਾਲੇ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿਲਜੀਤ ਦੇ ਸ਼ੋਅ 'ਚ ਪੁੱਜੇ ਟਰੂਡੋ, 'ਪੰਜਾਬੀ ਆ ਗਏ ਓਏ' ਦੇ ਨਾਅਰੇ ਲਾਏ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਟੋਰਾਂਟੋ ਦੇ ਰੋਜਰਜ਼ ਸੈਂਟਰ ਵਿਚ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਸੰਗੀਤ ਸਮਾਗਮ ਤੋਂ ਪਹਿਲਾਂ ਅਚਾਨਕ ਉਨ੍ਹਾਂ ਨੂੰ ਮਿਲਣ ਪਹੁੰਚੇ। ਦੋਸਾਂਝ ਨੇ ਟਰੂਡੋ ਦੀ ਫੇਰੀ ਦੀ ਵੀਡੀਓ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ, ਜਿਸ 'ਚ ਉਹ ਅਤੇ ਟਰੂਡੋ ਹੱਥ ਜੋੜ ਕੇ ਇਕ-ਦੂਜੇ ਨੂੰ ਬੁਲਾਉਂਦੇ ਨਜ਼ਰ ਆ ਰਹੇ ਹਨ।

ਵੀਡੀਓ ਵਿਚ ਦੋਵਾਂ ਨੂੰ ਜੱਫੀ ਪਾਉਂਦੇ ਵੀ ਦੇਖਿਆ ਜਾ ਸਕਦਾ ਹੈ। ਟਰੂਡੋ ਨੇ ਗਾਇਕ ਦੀ ਟੀਮ ਨਾਲ ਫੋਟੋਆਂ ਵੀ ਖਿਚਵਾਈਆਂ। ਇਸ ਦੌਰਾਨ ਟੀਮ ਨੇ 'ਜਸਟਿਨ, ਜਸਟਿਨ' ਦੇ ਨਾਅਰੇ ਲਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦਿਲਜੀਤ ਵੱਲੋਂ ਵਾਰ-ਵਾਰ ਕਹੀ ਜਾਣ ਵਾਲੀ ਲਾਈਨ 'ਪੰਜਾਬੀ ਆ ਗਏ ਓਏ' ਵੀ ਦੁਹਰਾਈ। ਦੋਸਾਂਝ ਨੇ ਟਰੂਡੋ ਦੀ ਫੇਰੀ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਕਿਹਾ, "ਵੰਨ-ਸੁਵੰਨਤਾ ਕੈਨੇਡਾ ਦੀ ਖਾਸੀਅਤ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਤਿਹਾਸ ਰਚਦਾ ਦੇਖਣ ਪਹੁੰਚੇ।" ਉਸ ਨੇ ਕਿਹਾ,



"ਮੈਂ ਜਸਟਿਨ ਟਰੂਡੋ ਵੱਲੋਂ ਮਿਲੇ ਸਨਮਾਨ ਲਈ ਧੰਨਵਾਦੀ ਹਾਂ, ਇੱਥੋਂ ਦੇ ਭਾਈਚਾਰੇ ਵੱਲੋਂ ਮਿਲਿਆ ਪਿਆਰ ਸਚਮੁੱਚ ਦਿਲ ਨੂੰ ਛੂਹਣ ਵਾਲਾ ਹੈ। ਇਹ ਟੂਰ ਸਾਡੀ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਹੈ ਅਤੇ ਮੈਂ ਸੰਗੀਤ ਰਾਹੀਂ ਲੋਕਾਂ ਨੂੰ ਇਕੱਠੇ ਕਰਨ ਦੇ ਮਿਲੇ ਇਸ ਮੌਕੇ ਲਈ ਸਭ ਦਾ ਧੰਨਵਾਦੀ ਹਾਂ।" ਟਰੂਡੋ ਨੇ ਵੀ ਇੰਸਟਾਗ੍ਰਾਮ 'ਤੇ ਦਿਲਜੀਤ ਨਾਲ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ।

## ਹਰਮੀਤ ਢਿੱਲੋਂ ਵੱਲੋਂ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਅਰਦਾਸ

**ਨਵੀਂ ਦਿੱਲੀ:** ਸਿਵਲ ਰਾਈਟਸ ਅਟਾਰਨੀ ਅਤੇ ਰਿਪਬਲਿਕਨ ਪਾਰਟੀ ਦੀ ਆਗੂ ਹਰਮੀਤ ਢਿੱਲੋਂ ਨੇ ਮਿਲਵਾਕੀ ਵਿਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਮੌਜੂਦਗੀ ਵਿਚ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਵਿਚ 'ਅਰਦਾਸ' ਕੀਤੀ। ਉਨ੍ਹਾਂ ਸਿੱਖਾਂ ਦੀ ਧਾਰਮਿਕ ਰਸਮ ਅਦਾ ਕਰਦਿਆਂ ਕਿਹਾ ਕਿ ਇਕ ਸਿੱਖ ਪਰਵਾਸੀ ਪਰਿਵਾਰ ਦੀ ਮੈਂਬਰ ਹੋਣ ਦੇ ਨਾਤੇ ਉਸ ਨੂੰ ਸਤਿਕਾਰ ਦੀ ਨਿਸ਼ਾਨੀ ਵਜੋਂ ਅਰਦਾਸ ਕਰਨ ਸਮੇਂ ਸਿਰ ਢਕਣ ਦੀ ਪ੍ਰਥਾ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹ ਪਹਿਲਾਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਵਾਈਸ ਚੇਅਰ ਵਿਮੈਨ ਦੇ ਤੌਰ 'ਤੇ ਕੰਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਅਰਦਾਸ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ਜੋ ਆਮ ਤੌਰ 'ਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਵੱਲੋਂ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਜਾਂਦੀ ਹੈ। ਇਹ ਪਰਮਾਤਮਾ ਦਾ ਧੰਨਵਾਦ ਕਰਨ ਅਤੇ ਸਾਰਿਆਂ ਲਈ ਨਿਮਰਤਾ, ਸੱਚਾਈ ਅਤੇ ਨਿਆਂ ਵਰਗੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਵਿਚ ਮਦਦ ਕਰਨ ਦੀ ਮੰਗ ਕਰਨ ਲਈ ਕੀਤੀ ਜਾਂਦੀ ਹੈ।

# ਕੇਂਦਰ ਵੱਲੋਂ ਪੰਜਾਬ ਦੇ ਨਵੇਂ ਸੜਕੀ ਪ੍ਰੋਜੈਕਟ ਰੋਕਣ ਦੀ ਚਿਤਾਵਨੀ

**ਚੰਡੀਗੜ੍ਹ:** ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਕੌਮੀ ਮਾਰਗਾਂ ਲਈ ਗ੍ਰਹਿਣ ਕੀਤੀਆਂ ਗਈਆਂ ਜ਼ਮੀਨਾਂ ਦੇ ਕਬਜ਼ੇ ਨਾ ਦਿਵਾਏ ਗਏ ਤਾਂ ਪੰਜਾਬ ਲਈ ਨਵੇਂ ਕੌਮੀ ਮਾਰਗਾਂ ਦੇ ਪ੍ਰੋਜੈਕਟ ਅਲਾਟ ਨਹੀਂ ਕੀਤੇ ਜਾਣਗੇ। ਪੰਜਾਬ ਸਰਕਾਰ ਲਈ ਇਹ ਚਿੰਤਾ ਵਾਲਾ ਸੁਨੇਹਾ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਦਿਹਾਤੀ ਵਿਕਾਸ ਫ਼ੰਡ ਰੋਕੇ ਜਾਣ ਕਰ ਕੇ ਪੇਂਡੂ ਲਿੰਕ ਸੜਕਾਂ ਦੀ ਉਸਾਰੀ ਤੇ ਮੁਰੰਮਤ ਦਾ ਕੰਮ ਠੱਪ ਪਿਆ ਹੈ।

ਕੇਂਦਰੀ ਮੰਤਰੀ ਗਡਕਰੀ ਨੇ ਪੰਜਾਬ ਵਿਚਲੇ ਕੌਮੀ ਮਾਰਗਾਂ ਨੂੰ ਲੈ ਕੇ ਸਮੀਖਿਆ ਮੀਟਿੰਗ ਕੀਤੀ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਪਹਿਲਾਂ ਹੀ ਜ਼ਮੀਨਾਂ ਦੇ ਅੜਿੱਕੇ ਕਾਰਨ 3303 ਕਰੋੜ ਰੁਪਏ ਦੇ ਤਿੰਨ ਕੌਮੀ ਮਾਰਗਾਂ ਦੇ ਪ੍ਰੋਜੈਕਟ ਰੱਦ ਕਰ ਦਿੱਤੇ ਹਨ ਜਦੋਂ ਕਿ 4942 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਲੈ ਕੇ ਕਾਰਵਾਈ ਪ੍ਰਕਿਰਿਆ ਅਧੀਨ ਹੈ। ਕੇਂਦਰੀ ਮੰਤਰੀ ਗਡਕਰੀ ਨੇ ਦੋ ਟੁਕ ਸ਼ਬਦਾਂ ਵਿਚ ਕਿਹਾ ਕਿ ਸਮੁੱਚੇ ਦੇਸ਼ ਵਿਚ ਸੜਕੀ ਨਿਰਮਾਣ ਵਿਚ ਕੋਈ ਅੜਿੱਕਾ ਨਹੀਂ ਹੈ ਅਤੇ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ ਦਾ ਕੰਮ ਹਰਿਆਣਾ ਵਿਚ ਮੁਕੰਮਲ ਹੋਣ ਨੇੜੇ ਹੈ। ਆਉਂਦੇ ਛੇ ਮਹੀਨਿਆਂ ਵਿਚ ਹਰਿਆਣਾ ਵਿਚ ਇਸ ਮਾਰਗ ਦਾ ਉਦਘਾਟਨ ਹੋ ਜਾਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਾਲੇ ਇਸ ਪ੍ਰੋਜੈਕਟ ਦੇ ਕਾਫ਼ੀ ਹਿੱਸਿਆਂ ਦੀ ਜ਼ਮੀਨ ਦਾ ਕਬਜ਼ਾ ਨਹੀਂ ਮਿਲਿਆ ਹੈ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਗਡਕਰੀ ਕੋਲ ਪੰਜਾਬ ਨੂੰ ਨਵੇਂ ਸੜਕੀ ਪ੍ਰੋਜੈਕਟ ਦੇਣ ਦੀ ਮੰਗ ਰੱਖੀ, ਜਿਸ 'ਤੇ ਟਿੱਪਣੀ ਕਰਦਿਆਂ ਗਡਕਰੀ ਨੇ ਕਿਹਾ ਕਿ ਪਹਿਲਾਂ ਤੋਂ ਚੱਲ ਰਹੇ ਕੌਮੀ ਮਾਰਗਾਂ ਦੇ ਪ੍ਰੋਜੈਕਟਾਂ ਦੇ ਅੜਿੱਕੇ ਜੇ ਪੰਜਾਬ ਸਰਕਾਰ ਨੇ ਦੂਰ ਨਾ ਕੀਤੇ ਤਾਂ ਇਨ੍ਹਾਂ ਕੇਂਦਰੀ ਪ੍ਰਾਜੈਕਟਾਂ ਨੂੰ ਵੀ ਰੱਦ ਕਰ ਦਿੱਤਾ ਜਾਵੇਗਾ।

## ਪੰਜਾਬ ਦੇ ਤਾਪਘਰਾਂ ਵਿਚ ਕੋਲੇ ਦੀ ਘਾਟ ਰੜਕਣ ਲੱਗੀ

**ਚੰਡੀਗੜ੍ਹ:** ਪੰਜਾਬ ਵਿਚ ਅੱਜ-ਕੱਲ੍ਹ ਜਦੋਂ ਝੋਨੇ ਦੀ ਲੁਆਈ ਜ਼ੋਰਾਂ ਉਤੇ ਹੈ ਤਾਂ ਸਾਰੇ ਸਰਕਾਰੀ ਤੇ ਪ੍ਰਾਈਵੇਟ ਤਾਪਘਰਾਂ 'ਚ ਕੋਲੇ ਦੀ ਕਿੱਲਤ ਹੈ। ਅਗਲੇ ਦਿਨਾਂ ਵਿਚ ਕਿੱਲਤ ਹੋਰ ਵੀ ਵਧ ਸਕਦੀ ਹੈ। ਪੰਜਾਬ ਦੇ ਤਾਪਘਰਾਂ ਲਈ ਕੋਲਾ ਛੱਤੀਸਗੜ੍ਹ ਤੋਂ ਆ ਰਿਹਾ ਹੈ, ਜਿੱਥੇ ਅੱਜ-ਕੱਲ੍ਹ ਮੀਂਹ ਪੈਣ ਨਾਲ ਖਾਣਾਂ 'ਚੋਂ ਕੋਲਾ ਕੱਢਣਾ ਮੁਸ਼ਕਲ ਹੋਇਆ ਪਿਆ ਹੈ। ਉਤਰੀ ਭਾਰਤ ਦੇ ਪ੍ਰਾਈਵੇਟ ਖੇਤਰ ਦੇ ਸਭ ਤੋਂ ਵੱਡੇ ਤਾਪਘਰ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐਸ.ਪੀ.ਐਲ) ਵਿਚ ਸਿਰਫ਼ 4-5 ਦਿਨਾਂ ਦਾ ਕੋਲਾ ਹੀ ਰਹਿ ਗਿਆ ਹੈ। ਵੇਰਵਿਆਂ ਮੁਤਾਬਕ ਸਰਕਾਰ ਵੱਲੋਂ ਹਾਲ ਹੀ ਵਿਚ ਖਰੀਦੇ ਗਏ ਤਾਪਘਰ ਗੁਰੂ ਰਾਮਦਾਸ ਗੋਇੰਦਵਾਲ ਸਾਹਿਬ ਵਿਚ ਵੀ ਲਗਪਗ 4 ਦਿਨਾਂ ਦਾ ਕੋਲਾ ਰਹਿਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸੇ ਤਰ੍ਹਾਂ ਐੱਲ ਐਂਡ ਟੀ ਕੰਪਨੀ ਵੱਲੋਂ ਰਾਜਪੁਰਾ ਵਿਚ ਲਾਏ ਤਾਪਘਰ ਵਿੱਚ ਵੀ ਕੋਲੇ ਦੀ ਘਾਟ ਅਗਲੇ ਹਫ਼ਤੇ ਤੋਂ ਖੜ੍ਹੀ ਹੋ ਸਕਦੀ ਹੈ।

# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਨੂੰ ਤਨਖ਼ਾਹ ਲਾਈ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਤੋਂ ਤਨਖਾਹ ਲਾਈ ਗਈ ਹੈ। ਉਨ੍ਹਾਂ ਨੂੰ ਦਸੰਬਰ 2022 ਵਿਚ ਸ੍ਰੀ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਖ਼ਿਲਾਫ਼ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪ੍ਰਬੰਧਾਂ ਵਿਚ ਵਿਘਨ ਪਾਉਣ ਦੇ ਦੋਸ਼ ਲਾਏ ਗਏ ਸਨ। ਗਿਆਨੀ ਇਕਬਾਲ ਸਿੰਘ ਵੱਲੋਂ ਇਸ ਮਾਮਲੇ ਵਿਚ ਮੁਆਫ਼ੀ ਮੰਗੇ ਜਾਣ ਮਗਰੋਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਹੈ। ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਸਬੰਧੀ ਆਦੇਸ਼ ਜਾਰੀ ਕਰਦਿਆਂ ਉਨ੍ਹਾਂ ਨੂੰ 11 ਦਿਨ ਜਪੁਜੀ ਸਾਹਿਬ ਦਾ ਪਾਠ ਕਰਨ, ਇਸ ਦੌਰਾਨ ਰੋਜ਼ ਘੰਟਾ ਗੁਰਬਾਣੀ ਦਾ ਕੀਰਤਨ ਸੁਣਨ ਅਤੇ ਧਾਰਮਿਕ ਸਜ਼ਾ ਪੂਰੀ ਹੋਣ ਮਗਰੋਂ ਸ੍ਰੀ ਅਕਾਲ ਤਖ਼ਤ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਮੁਆਫ਼ੀ ਸਬੰਧੀ ਅਰਦਾਸ ਕਰਵਾਉਣ ਲਈ ਕਿਹਾ। ਇਸੇ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਇੰਦੌਰ ਦੇ ਨਾਮਜ਼ਦ ਮੈਂਬਰ ਜਗਜੀਤ ਸਿੰਘ ਨੂੰ ਸਿੰਘ ਸਭਾ ਦੀਆਂ ਚੋਣਾਂ ਵਿਚ ਅੜਿੱਕਾ ਪਾਉਣ ਅਤੇ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖਾਹ ਲਾਈ ਗਈ।

## ਸੁਖਬੀਰ ਸਿੰਘ ਬਾਦਲ ਘਿਰਿਆ

*(ਪਹਿਲੇ ਸਫੇ ਦੀ ਬਾਕੀ)*

ਬਾਦਲ ਨੂੰ ਤਲਬ ਕੀਤੇ ਜਾਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸਿੰਘ ਸਾਹਿਬਾਨ ਨੇ ਸਿੱਖ ਰਵਾਇਤਾਂ ਅਨੁਸਾਰ ਫ਼ੈਸਲੇ ਲਏ ਹਨ ਅਤੇ ਇਹ ਠੀਕ ਪਹਿਲਕਦਮੀ ਹੋਈ ਹੈ।

# ਕਿਸਾਨਾਂ ਵੱਲੋਂ ਦਿੱਲੀ ਕੂਚ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਰਾਜ ਸਰਕਾਰ ਕਾਨੂੰਨ ਮੁਤਾਬਕ ਇਹਤਿਆਤੀ ਕਾਰਵਾਈ ਕਰ ਸਕਦੀ ਹੈ। ਉਂਜ ਸ਼ੰਭੂ ਬਾਰਡਰ 'ਤੇ ਲਾਈਆਂ ਰੋਕਾਂ ਹਟਾਉਣ ਦੇ ਸੰਦਰਭ ਵਿਚ ਸੁਪਰੀਮ ਕੋਰਟ ਵੱਲੋਂ ਕੀਤੀਆਂ ਟਿੱਪਣੀਆਂ ਚਾਨਣ ਪਾਉਣ ਵਾਲੀਆਂ ਹਨ। ਕਈ ਲੋਕਾਂ ਵੱਲੋਂ ਰਾਸ਼ਟਰੀ ਰਾਜਮਾਰਗ 'ਤੇ ਆਵਾਜਾਈ ਬੰਦ ਹੋਣ ਲਈ ਅੰਦੋਲਨਕਾਰੀ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਸੀ ਪਰ ਅਦਾਲਤੀ ਟਿੱਪਣੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹਰਿਆਣਾ ਸਰਕਾਰ ਸ਼ੰਭੂ ਬਾਰਡਰ 'ਤੇ ਲਾਈਆਂ ਰੋਕਾਂ ਚੁੱਕਣ ਲਈ ਅਜੇ ਤੱਕ ਤਿਆਰ ਨਹੀਂ ਹੈ।

ਇਸ ਸਾਲ ਫਰਵਰੀ ਮਹੀਨੇ ਜਦੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਅਗਵਾਈ ਹੇਠ ਕਿਸਾਨਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਜਨਤਕ ਪ੍ਰਦਰਸ਼ਨ ਕਰਨ ਲਈ ਦਿੱਲੀ ਦਾ ਰੁਖ਼ ਕੀਤਾ ਸੀ ਤਾਂ ਹਰਿਆਣਾ ਸਰਕਾਰ ਨੇ ਇਨ੍ਹਾਂ ਬਾਰਡਰਾਂ ਉੱਪਰ ਵੱਡੀਆਂ-ਵੱਡੀਆਂ ਰੋਕਾਂ ਖੜ੍ਹੀਆਂ ਕਰ ਕੇ ਅਤੇ ਭਾਰੀ ਗਿਣਤੀ ਵਿਚ ਪੁਲਿਸ ਤੇ ਕੇਂਦਰੀ ਸੁਰੱਖਿਆ ਦਸਤੇ ਤਾਇਨਾਤ ਕਰ ਕੇ ਆਵਾਜਾਈ ਰੋਕ ਦਿੱਤੀ ਸੀ। ਇਸ ਦੌਰਾਨ ਕਿਸਾਨਾਂ ਅਤੇ ਪੁਲਿਸ ਵਿਚਕਾਰ ਝੜਪਾਂ ਹੋਣ ਕਰ ਕੇ ਇਕ ਕਿਸਾਨ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਚੇਤੇ ਰਹੇ ਕਿ ਸਾਲ 2020-21 ਵਾਲੇ ਇਤਿਹਾਸਕ ਕਿਸਾਨ ਅੰਦੋਲਨ ਵੇਲੇ ਵੀ ਕੇਂਦਰ ਸਰਕਾਰ ਦਾ ਰਵੱਈਆ ਕਿਸਾਨ ਜਥਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਨਰਮ ਪਾਉਣ ਅਤੇ ਆਪਣੀਆਂ ਗੱਲਾਂ ਮਨਵਾਉਣ ਵਾਲਾ ਹੀ ਰਿਹਾ ਸੀ ਪਰ ਕਿਸਾਨਾਂ ਦੇ ਸਾਂਝੇ ਅੰਦੋਲਨ ਨੇ ਆਖਿਰਕਾਰ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਸੀ। ਕਿਸਾਨਾਂ ਉਨ੍ਹਾਂ ਮੰਗਾਂ ਨੂੰ ਹੀ ਪੂਰਾ ਕਰਨ ਲਈ ਮੁੜ ਅੰਦੋਲਨ ਕਰ ਰਹੇ ਹਨ ਜੋ ਕੇਂਦਰ ਸਰਕਾਰ ਲਿਖਤੀ ਰੂਪ ਵਿਚ ਮੰਨ ਚੁੱਕੀ ਹੈ ਪਰ ਬਾਅਦ ਵਿਚ ਮੁੱਕਰ ਗਈ।

## ਇਟਲੀ ਵਿਚ ਪੰਜਾਬੀ ਦੀ ਮੌਤ

**ਰਾਏਕੋਟ:** ਪਿੰਡ ਅਕਾਲਗੜ੍ਹ ਖ਼ੁਰਦ ਦੇ ਹਰਪ੍ਰੀਤ ਸਿੰਘ (46) ਦੀ ਇਟਲੀ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। ਉਹ ਖੇਤਾਂ ਵਿਚ ਕੰਮ ਕਰਨ ਬਾਅਦ ਸਾਈਕਲ 'ਤੇ ਘਰ ਜਾ ਰਿਹਾ ਸੀ। ਇਸ ਦੌਰਾਨ ਸ਼ਰਾਬ ਦੇ ਨਸ਼ੇ ਵਿਚ ਧੁੱਤ ਕਾਰ ਚਾਲਕ ਗੋਰੇ ਨੇ ਪਿੱਛੇ ਤੋਂ ਸਾਈਕਲ ਨੂੰ ਟੱਕਰ ਮਾਰ ਦਿੱਤੀ। 25 ਦਿਨ ਪਹਿਲਾਂ ਹਰਪ੍ਰੀਤ ਸਿੰਘ ਦੀ ਪਤਨੀ ਆਪਣੇ ਪੁੱਤਰ ਦੇ ਇਲਾਜ ਲਈ ਪਿੰਡ ਆਈ ਸੀ ਅਤੇ 23 ਜੁਲਾਈ ਨੂੰ ਉਸ ਨੇ ਵਾਪਸ ਜਾਣਾ ਸੀ। ਦੁਖੀ ਪਰਿਵਾਰ ਨੇ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਵਾਪਸ ਲਿਆਉਣ ਲਈ ਕੇਂਦਰ ਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਨੂੰ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ'

**ਬਰੈਂਪਟਨ:** ਕੰਪਿਊਟਰ ਦੇ ਮਾਹਿਰ ਕਿਰਪਾਲ ਸਿੰਘ ਪੰਨੂ ਵੱਲੋਂ ਇਸ ਖ਼ੇਤਰ ਵਿਚ ਅਰਪਿਤ ਕੀਤੀਆਂ ਗਈਆਂ ਬਹੁ-ਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਲੰਘੇ ਐਤਵਾਰ ਬਰੈਂਪਟਨ ਦੀ 'ਕਲਮਾਂ ਦੀ ਸਾਂਝ ਸਾਹਿਤ ਸਭਾ' ਵੱਲੋਂ ਉਨ੍ਹਾਂ ਨੂੰ 'ਲਾਈਫ਼ ਟਾਈਮ ਅਚੀਵਮੈਂਟ





ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਸਮਾਗ਼ਮ ਦੇ ਪਹਿਲੇ ਸੈਸ਼ਨ ਵਿਚ ਭਾਰਤ ਵਿਚ ਨਾਮਧਾਰੀ ਲਹਿਰ ਦੇ ਯੋਗਦਾਨ ਬਾਰੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਸਮਾਗ਼ਮ ਦੇ ਪਹਿਲੇ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਪ੍ਰੋੜ ਲੇਖਕ ਪੂਰਨ ਸਿੰਘ ਪਾਂਧੀ, ਪ੍ਰੋ. ਰਾਮ ਸਿੰਘ, ਡਾ. ਕੰਵਲਜੀਤ ਕੌਰ ਢਿੱਲੋਂ, ਨਾਮਧਾਰੀ ਸੰਗਤ ਦੇ ਪ੍ਰਧਾਨ ਕਰਨੈਲ ਸਿੰਘ ਮਰਵਾਹਾ ਤੇ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦੇ ਪ੍ਰਧਾਨ ਹਰਦਿਆਲ ਸਿੰਘ ਝੀਤਾ ਸ਼ਾਮਲ ਸਨ। ਹਰਦਿਆਲ ਸਿੰਘ ਝੀਤਾ ਤੇ ਕਰਨੈਲ ਸਿੰਘ ਮਰਵਾਹਾ ਵੱਲੋਂ ਸਮਾਗ਼ਮ ਵਿਚ ਆਏ ਮਹਿਮਾਨਾਂ ਦਾ ਸੁਆਗ਼ਤ ਕਰਨ ਤੇ ਉਨ੍ਹਾਂ ਨੂੰ 'ਜੀ-ਆਇਆਂ' ਕਹਿਣ ਤੋਂ ਬਾਅਦ ਮੰਚ-ਸੰਚਾਲਕ ਪਿਆਰਾ ਸਿੰਘ ਕੁੱਦੋਵਾਲ ਨੇ ਡਾ. ਕੰਵਲਜੀਤ ਕੌਰ ਢਿੱਲੋਂ ਨੂੰ ਨਾਮਧਾਰੀ ਲਹਿਰ ਬਾਰੇ ਵਿਚਾਰ ਪੇਸ਼ ਕਰਨ ਲਈ ਕਿਹਾ, ਜਿਨ੍ਹਾਂ ਨੇ ਇਸ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਵੱਲੋਂ ਭਾਰਤ ਦੀ ਆਜ਼ਾਦੀ ਅਤੇ ਸਮਾਜ ਸੁਧਾਰ ਲਈ ਚੁੱਕੇ ਗਏ ਕਦਮਾਂ ਦੀ ਭਰਪੂਰ ਸਰਾਹਨਾ ਕੀਤੀ। ਅਜੀਤ ਸਿੰਘ ਲਾਇਲ ਨੇ ਸਤਿਗੁਰੂ ਰਾਮ ਸਿੰਘ ਵੱਲੋਂ ਨਾਮਧਾਰੀ ਲਹਿਰ ਦੇ ਆਰੰਭ ਅਤੇ ਇਸ ਦੇ ਸਮੁੱਚੇ ਪ੍ਰਭਾਵ ਬਾਰੇ ਵਿਚਾਰ ਪੇਸ਼ ਕੀਤੇ। ਪੂਰਨ ਸਿੰਘ ਪਾਂਧੀ ਨੇ 1947 ਦੀ ਭਾਰਤ-ਪਾਕਿ ਵੰਡ ਤੋਂ ਬਾਅਦ ਮੁਸਲਿਮ 'ਡੂਮ ਰਾਗੀਆਂ' ਦੇ ਪਾਕਿਸਤਾਨ ਜਾਣ ਤੋਂ ਬਾਅਦ ਅਜੋਕੇ ਰਾਗੀ ਸਿੰਘਾਂ ਵੱਲੋਂ ਹਾਰਮੋਨੀਅਮ ਤੇ ਜੋੜੀ ਨਾਲ ਕੀਤੇ ਜਾ ਰਹੇ ਗੁਰਬਾਣੀ ਕੀਰਤਨ ਵਿਚ ਆਈਆਂ ਤਰੁੱਟੀਆਂ ਬਾਰੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਨਾਮਧਾਰੀ ਰਾਗੀ-ਜਥਿਆਂ ਵੱਲੋਂ ਤੰਤੀ-ਸਾਜ਼ਾਂ ਨਾਲ ਕੀਰਤਨ ਕਰਕੇ ਗੁਰਬਾਣੀ ਕੀਰਤਨ ਦੀ ਪਰੰਪਰਾ ਨੂੰ ਮੁੜ-ਸੁਰਜੀਤ ਕੀਤਾ ਗਿਆ ਹੈ। ਡਾ. ਪਰਗਟ ਸਿੰਘ ਨੇ ਸਿੱਖੀ ਵਿਚ 'ਸੇਵਾ' ਦੇ ਸੰਕਲਪ ਨੂੰ ਆਪਣੇ ਬੋਲਣ ਦਾ ਵਿਸ਼ਾ ਬਣਾਇਆ, ਜਦਕਿ ਪ੍ਰੋ. ਰਾਮ ਸਿੰਘ ਨੇ ਪਿਛਲੇ 150 ਸਾਲਾਂ ਦੌਰਾਨ ਸਮੇਂ-ਸਮੇਂ ਉੱਠੀਆਂ ਆਜ਼ਾਦੀ ਤੇ ਸਮਾਜ ਸੁਧਾਰ ਦੀਆਂ ਵੱਖ-ਵੱਖ ਲਹਿਰਾਂ ਦਾ ਜ਼ਿਕਰ ਕੀਤਾ। ਪ੍ਰੋ. ਜਗੀਰ ਸਿੰਘ ਕਾਹਲੋਂ ਤੇ ਮਲੂਕ ਸਿੰਘ ਕਾਹਲੋਂ ਵੱਲੋਂ ਵੀ ਵਿਚਾਰ ਪ੍ਰਗਟ ਕੀਤੇ ਗਏ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਮੰਚ-ਸੰਚਾਲਕ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਸਮਾਗ਼ਮ ਦੇ ਮੁੱਖ-ਮਹਿਮਾਨ ਕਿਰਪਾਲ ਸਿੰਘ ਪੰਨੂੰ, ਪਤਵੰਤ ਕੌਰ ਪੰਨੂੰ, ਪ੍ਰਿੰਸੀਪਲ ਸਰਵਣ ਸਿੰਘ, 'ਕਲਮਾਂ ਦਾ ਕਾਫ਼ਲਾ' ਦੇ ਸਾਬਕਾ ਕੋਆਰਡੀਨੇਟਰ ਭੁਪਿੰਦਰ ਦੂਲੇ, ਰੇਡੀਓ 'ਸਰਗ਼ਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਕਰਨੈਲ ਸਿੰਘ ਮਰਵਾਹਾ ਅਤੇ ਸੁਖਵਿੰਦਰ ਸਿੰਘ ਝੀਤਾ ਨੂੰ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ। ਭੁਪਿੰਦਰ ਦੂਲੇ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਡਾ. ਸੁਖਦੇਵ ਸਿੰਘ ਝੰਡ, ਤਲਵਿੰਦਰ ਸਿੰਘ ਮੰਡ, ਡਾ. ਜਗਮੋਹਨ ਸਿੰਘ ਸੰਘਾ ਤੇ ਸੁਖਚਰਨਜੀਤ ਕੌਰ ਗਿੱਲ ਨੇ ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ ਪੇਸ਼ ਕੀਤੇ।

ਪ੍ਰਿੰ. ਸਰਵਣ ਸਿੰਘ ਨੇ ਕਿਰਪਾਲ ਸਿੰਘ ਪੰਨੂੰ ਦੇ 75ਵੇਂ ਜਨਮ-ਦਿਨ 'ਤੇ 2011 ਵਿਚ ਉਨ੍ਹਾਂ ਵੱਲੋਂ ਸੰਪਾਦਿਤ ਕੀਤੀ ਗਈ ਪੁਸਤਕ 'ਕੰਪਿਊਟਰ ਦਾ ਧਨੰਤਰ : ਕਿਰਪਾਲ ਸਿੰਘ ਪੰਨੂੰ' ਬਾਰੇ ਦੱਸਿਆ ਕਿ ਇਸ ਪੁਸਤਕ ਵਿਚ 47 ਲੇਖਕਾਂ ਨੇ ਪੰਨੂੰ ਸਾਹਿਬ ਬਾਰੇ ਆਪਣੇ ਵਿਚਾਰ ਦਰਜ ਕਰਵਾਏ ਹਨ। ਰੇਡੀਓ 'ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ ਨੇ ਪੰਨੂੰ ਸਾਹਿਬ ਦੇ ਪੰਜਾਬੀ 'ਕੀ-ਬੋਰਡ', 'ਪੰਜਾਬੀ ਫੌਂਟਸ' ਅਤੇ ਉਨ੍ਹਾਂ ਦੀ ਆਪਸੀ ਤਬਦੀਲੀ ਬਾਰੇ ਦੱਸਿਆ। 'ਕਰਾਊਨ ਇਮੀਗਰੇਸ਼ਨ' ਦੇ ਰਾਜਪਾਲ ਸਿੰਘ ਹੋਠੀ, 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸਬ-ਐਡੀਟਰ ਸ਼ਾਮ ਸਿੰਘ, ਐਡਵੋਕੇਟ ਸੁੱਚਾ ਸਿੰਘ ਮਾਂਗਟ, ਪ੍ਰੋ. ਰਾਮ ਸਿੰਘ, ਲਹਿੰਦੇ ਪੰਜਾਬ ਦੇ ਮਕਸੂਦ ਚੌਧਰੀ, ਸਕੂਲ-ਟਰੱਸਟੀ ਬਲਬੀਰ ਸੋਹੀ, 'ਸਰਗਮ' ਰੇਡੀਓ ਦੀ ਕੋ-ਹੋਸਟ ਸੰਦੀਪ ਧਨੋਆ, ਕਵਿੱਤਰੀਆਂ ਪਰਮਜੀਤ ਦਿਓਲ ਤੇ ਹਰਭਜਨ ਕੌਰ ਗਿੱਲ ਨੇ ਵੀ ਪੰਨੂੰ ਸਾਹਿਬ ਦੀਆਂ ਕੰਪਿਊਟਰ-ਸੇਵਾਵਾਂ ਬਾਰੇ ਵਿਚਾਰ ਪ੍ਰਗਟਾਏ। ਰਿੰਕੂ ਭਾਟੀਆ ਨੇ ਬਾਬਾ ਬੁਲ੍ਹੇ ਸ਼ਾਹ ਦੀ ਕਾਫ਼ੀ ਗਾ ਕੇ ਸੁਣਾਈ, ਜਦਕਿ ਬੀਬਾ ਅਗਮਪ੍ਰੀਤ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਤਰੰਨਮ ਵਿਚ ਸੁਣਾਈ।ਸਮਾਗ਼ਮ ਦੇ ਤੀਸਰੇ ਪੜਾਅ ਵਿਚ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦੇ ਪ੍ਰਧਾਨ ਹਰਦਿਆਲ ਸਿੰਘ ਝੀਤਾ ਨੇ ਪੰਨੂੰ ਸਾਹਿਬ ਦੇ ਮਾਣ ਵਿਚ 'ਸਨਮਾਨ-ਪੱਤਰ' ਪੜ੍ਹਿਆ ਗਿਆ। ਉਪਰੰਤ, ਉਨ੍ਹਾਂ ਦੇ ਮਾਤਾ-ਪਿਤਾ ਦੀ ਯਾਦ ਵਿਚ ਉਨ੍ਹਾਂ ਵੱਲੋਂ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਇਹ 'ਮਾਣ-ਸਨਮਾਨ' ਪਰਿਵਾਰਕ ਮੈਂਬਰਾਂ, ਨਾਮਧਾਰੀ ਸੰਗਤ ਦੇ ਪ੍ਰਧਾਨ ਕਰਨੈਲ ਸਿੰਘ ਮਰਵਾਹਾ ਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਪੰਨੂੰ ਸਾਹਿਬ ਨੂੰ ਭੇਟ ਕੀਤਾ ਗਿਆ। ਏਸੇ ਤਰ੍ਹਾਂ ਉਨ੍ਹਾਂ ਦੀ ਪਤਨੀ ਸ੍ਰੀਮਤੀ ਪਤਵੰਤ ਕੌਰ ਨੂੰ ਗਰਮ ਸ਼ਾਲ ਭੇਟ ਕੀਤੀ ਗਈ ਤੇ ਗ਼ਲ ਵਿਚ ਮੋਤੀਆਂ ਦੀ ਮਾਲ਼ਾ ਪਾਈ ਗਈ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਪੰਨੂੰ ਸਾਹਿਬ ਨੂੰ ਦਸਤਾਰ ਭੇਟ ਕੀਤੀ ਗਈ ਅਤੇ ਉਨ੍ਹਾਂ ਦੀ ਸੁਪਤਨੀ ਨੂੰ ਗਰਮ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਪੰਨੂੰ ਹੋਰਾਂ ਨੇ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ।

# ਇੰਡੋ ਯੂ. ਐਸ. ਹੈਰੀਟੇਜ ਫਰਿਜ਼ਨੋ ਨੇ ਮਨਾਇਆ 'ਪੰਜਾਬੀ ਚੇਤਨਾ ਦਿਹਾੜਾ'

**ਫਰਿਜ਼ਨੋ:** ਇੱਥੋਂ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ. ਐਸ. ਹੈਰੀਟੇਜ ਵੱਲੋਂ ਲੰਘੇ ਐਤਵਾਰ ਪੰਜਾਬੀ ਮਾਂ ਬੋਲੀ ਦੀ ਸਾਂਭ-ਸੰਭਾਲ ਅਤੇ ਪ੍ਰਫੁਲਤਾ ਲਈ "ਪੰਜਾਬੀ ਚੇਤਨਾ ਦਿਹਾੜਾ" ਸੈਮੀਨਰ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਕਰਵਾਇਆ ਗਿਆ। ਇਸ ਮੌਕੇ



ਵੱਡੀ ਗਿਣਤੀ ਪੰਜਾਬੀਆਂ ਨੇ ਪਹੁੰਚ ਕੇ ਬੁਲਾਰਿਆਂ ਦੇ ਵਿਚਾਰ ਸੁਣੇ। ਮਗਰੋਂ ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਦਾ ਤੀਸਰਾ ਨਾਵਲ "ਗਰੀਨ ਕਾਰਡ" ਅਤੇ ਸ਼ਾਇਰ ਰਣਜੀਤ ਗਿੱਲ ਦਾ ਕਾਵਿ-ਸੰਗ੍ਰਹਿ 'ਮਿੱਟੀ ਦਾ ਮੋਹ' ਲੋਕ ਅਰਪਣ ਕੀਤੇ ਗਏ। ਪ੍ਰੋਗਰਾਮ ਦੇ ਅਖੀਰ ਵਿਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿਚ ਸਭ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਉਨ੍ਹਾਂ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ 'ਤੇ ਝਾਤ ਪਵਾਈ।

ਕਹਾਣੀਕਾਰ ਕਰਮ ਸਿੰਘ ਮਾਨ ਨੇ ਸਾਧੂ ਸਿੰਘ ਸੰਘਾ ਦੇ ਨਾਵਲ ਗ੍ਰੀਨ ਕਾਰਡ 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਸਾਧੂ ਸਿੰਘ ਸੰਘਾ ਦੇ ਨਾਵਲ ਬਾਰੇ ਗੱਲ ਕਰਦਿਆਂ ਕਿਹਾ ਕਿ ਲੇਖਕ ਓਹੀ ਕਾਮਯਾਬ ਹੁੰਦਾ ਹੈ ਜੋ ਪਾਠਕ ਨੂੰ ਉਂਗਲ ਫੜ ਕੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੋਵੇ, ਜਿਸ ਕੋਲ ਸ਼ਬਦ ਭੰਡਾਰ ਹੋਵੇ, ਜੋ ਆਪਣੇ ਪਾਤਰਾਂ ਦੀ ਚੋਣ ਸਹੀ ਕਰੇ। ਉਨ੍ਹਾਂ ਕਿਹਾ ਕਿ ਸਾਧੂ ਸਿੰਘ ਸੰਘਾ ਦਾ ਨਾਵਲ ਗ੍ਰੀਨ ਕਾਰਡ ਇਨ੍ਹਾਂ ਸਾਰੇ ਗੁਣਾਂ ਨਾਲ ਭਰਪੂਰ ਹੈ, ਅਤੇ ਹਰ ਪੰਜਾਬੀ ਨੂੰ ਇਸ ਨੂੰ ਪੜ੍ਹਨਾ ਚਾਹੀਦਾ ਹੈ। ਪ੍ਰਿੰਸੀਪਲ ਦਲਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਨਹੀਂ ਮਰਦੀ, ਪਰ ਪੰਜਾਬੀ ਮਰ ਰਿਹਾ। ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਡਾ. ਅਰਜਨ ਸਿੰਘ ਜੋਸ਼ਨ ਨੇ ਰਣਜੀਤ ਗਿੱਲ ਦੇ ਕਾਵਿ ਸੰਗ੍ਰਹਿ ਮਿੱਟੀ ਦਾ ਮੋਹ ਸਬੰਧੀ ਕਿਹਾ ਕਿ ਸ਼ਾਇਰ ਰਣਜੀਤ ਗਿੱਲ ਪੁਰਾਤਨ ਤੇ ਅਜੋਕੀ ਸ਼ਾਇਰੀ ਦਾ ਐਸਾ ਸ਼ਾਇਰ ਹੈ, ਜਿਸ ਦੀਆਂ ਕਵਿਤਾਵਾਂ ਵਿਚੋਂ ਇਨਕਲਾਬੀ ਅਤੇ ਮਿੱਟੀ ਪ੍ਰਤੀ ਮੋਹ ਡੁੱਲ਼ ਡੁੱਲ਼ ਪੈਂਦਾ ਹੈ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਸੰਖੇਪ ਵਿਚ ਦੋਵਾਂ ਕਿਤਾਬਾਂ ਸਬੰਧੀ ਵਿਚਾਰ ਪੇਸ਼ ਕੀਤੇ। ਸਾਧੂ ਸਿੰਘ ਸੰਘਾ ਅਤੇ ਸ਼ਾਇਰ ਰਣਜੀਤ ਗਿੱਲ ਨੇ ਵੀ ਆਪਣੇ ਬੋਲ਼ਾਂ ਨਾਲ ਹਾਜ਼ਰੀਨ ਨੂੰ ਕੀਲਿਆ।

ਸ਼੍ਰੋਮਣੀ ਕਮੇਟੀ ਮੈਂਬਰ ਸ. ਜੁਗਰਾਜ ਸਿੰਘ ਦੌਧਰ ਨੇ ਮਾਂ ਬੋਲੀ ਵਿਚ ਘਸੋੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ। ਮਹਿੰਦਰ ਸਿੰਘ ਸੰਧਾਵਾਲੀਆ ਅਤੇ ਸੁਰਿੰਦਰ ਮੰਡਾਲੀ ਨੇ ਪੰਜਾਬੀ ਮਾਂ ਬੋਲੀ ਵਿਚ ਆ ਰਹੇ ਨਿਘਾਰ ਅਤੇ ਇਸ ਦੇ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਹੋਰ ਬੁਲਾਰਿਆਂ ਵਿਚ ਸਕੂਲ ਟਰੱਸਟੀ ਨੈਣਦੀਪ ਸਿੰਘ ਚੰਨ, ਪ੍ਰੋ. ਗੁਰਮਿੰਦਰ ਸਿੰਘ ਸੰਘਾ, ਰਜਿੰਦਰ ਸਿੰਘ ਆਦਿ ਨੇ ਵਿਚਾਰ ਰੱਖੇ। ਦੋਵੇਂ ਪੁਸਤਕਾਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਇੰਡੋ ਯੂ. ਐਸ. ਹੈਰੀਟੇਜ ਫਰਿਜ਼ਨੋ ਦੇ ਸਮੂਹ ਮੈਂਬਰ ਮੌਜੂਦ ਸਨ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਸ਼ਖ਼ਸੀਅਤਾਂ ਪ੍ਰੋ. ਗੁਰਮਿੰਦਰ ਸਿੰਘ ਸੰਘਾ, ਨੈਣਦੀਪ ਸਿੰਘ ਚੰਨ ਅਤੇ ਸ਼ਾਇਰ ਹਰਜਿੰਦਰ ਕੰਗ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸੰਸਥਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਆ ਗਿਆ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਆਪਣੇ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਹਾਜ਼ਰੀ ਭਰੀ। ਕੁੰਦਨ ਸਿੰਘ ਧਾਮੀ ਨੇ ਹਾਸਰਸ ਕਵਿਤਾ ਪੜ੍ਹੀ। ਸਾਧੂ ਸਿੰਘ ਸੰਘਾ ਨੇ ਇਨਕਲਾਬੀ ਕਵਿਤਾ "ਅਜ਼ਾਦੀ" ਪੜ੍ਹ ਕੇ ਵਾਹ ਵਾਹ ਖੱਟੀ।

ਉਪਰੰਤ ਗਾਇਕੀ ਦੇ ਦੌਰ ਵਿਚ ਗਾਇਕ ਜੀ. ਐਸ. ਪੀਟਰ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੂਸਾ ਨੇ ਆਪਣੇ ਗੀਤਾਂ ਨਾਲ ਸਮਾਂ ਬੰਨ੍ਹਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ ਆਦਿ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜੰਗੀਰ ਸਿੰਘ ਗਿੱਲ, ਕੋਸਟ ਟੂ ਕੋਸਟ ਵਾਲ਼ੇ ਹੈਰੀ, ਬਿੱਟੂ ਕੁੱਸਾ ਆਦਿ ਤੋਂ ਬਿਨਾ ਖਾਲੜਾ ਪਾਰਕ ਵਾਲੇ ਬਾਬੇ, ਜੀ ਐਚ ਜੀ ਦੇ ਮੈਂਬਰ ਅਤੇ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸਮੂਹ ਸੱਜਣ ਮੌਜੂਦ ਸਨ। ***–ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ ਬੱਚਿਆਂ ਦਾ ਗਿੱਧਾ-ਭੰਗੜਾ ਸਿਖਲਾਈ ਕੈਂਪ ਸ਼ੁਰੂ

**ਫਰਿਜ਼ਨੋ:** ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਂਗ ਬੱਚਿਆਂ ਨੂੰ ਛੁੱਟੀਆਂ ਦੌਰਾਨ ਸੋਸ਼ਲ ਮੀਡੀਆ ਤੋਂ ਕੁਝ ਸਮਾਂ ਦੂਰ ਰੱਖਣ ਅਤੇ ਆਪਣੇ ਵਿਰਸੇ ਨਾਲ ਜੋੜਨ ਦੇ





ਉਪਰਾਲੇ ਕੀਤੇ ਜਾਂਦੇ ਹਨ। ਇਸੇ ਲੜੀ ਤਹਿਤ ਬੱਚਿਆਂ ਦੇ ਗਿੱਧੇ-ਭੰਗੜੇ ਦੇ ਕੈਂਪ ਦੀ ਸ਼ੁਰੂਆਤ ਫਰਿਜ਼ਨੋ ਦੇ ਹਾਲੈਂਡ ਪਾਰਕ ਵਿਚ ਹੋ ਚੁੱਕੀ ਹੈ। ਰੋਜ਼ਾਨਾ ਕੈਂਪ ਦੀ ਸ਼ੁਰੂਆਤ ਅਰਦਾਸ ਅਤੇ ਮੂਲ-ਮੰਤਰ ਜਾਪ ਕਰਨ ਉਪਰੰਤ ਕੀਤੀ ਜਾਂਦੀ ਹੈ। ਪ੍ਰਬੰਧਕਾਂ ਅਨੁਸਾਰ ਇਸ ਕੈਂਪ ਵਿਚ 500 ਦੇ ਕਰੀਬ ਬੱਚੇ ਹਿੱਸਾ ਲੈ ਰਹੇ ਹਨ। ਬੱਚਿਆਂ ਨੂੰ ਇਹ ਸਿਖਲਾਈ ਮਾਹਿਰ ਕੋਚਾਂ ਦੁਆਰਾ ਦਿੱਤੀ ਜਾ ਰਹੀ ਹੈ।

ਇਸ ਕੈਂਪ ਦੀ ਇਕ ਖਾਸੀਅਤ ਇਹ ਵੀ ਹੈ ਕਿ ਇੱਥੇ ਬੱਚੇ ਜਿੱਥੇ ਗਿੱਧੇ-ਭੰਗੜੇ ਦੀ ਸਿਖਲਾਈ ਪ੍ਰਾਪਤ ਕਰਦੇ ਹਨ, ਉੱਥੇ ਰੋਜ਼ਾਨਾ ਉਨ੍ਹਾਂ ਦੀ ਚੰਗੀ ਕਸਰਤ ਵੀ ਹੋ ਜਾਂਦੀ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਵਿਚ ਇਕੱਠੇ ਰਹਿਣ ਕਰਕੇ ਭਾਈਚਾਰਿਕ ਸਾਂਝ ਵੀ ਵਧਦੀ ਹੈ ਅਤੇ ਉਹ ਸੋਸ਼ਲ ਮੀਡੀਆ ਤੋਂ ਕੁਝ ਸਮਾਂ ਦੂਰ ਰਹਿੰਦੇ ਹਨ। ਮਾਪੇ ਅਤੇ ਬਜ਼ੁਰਗ ਵੀ ਬੱਚਿਆਂ ਦੇ ਨਾਲ ਕੈਂਪ ਵਿਚ ਆਉਂਦੇ ਹਨ। ਅਜਿਹਾ ਕਰਨ ਨਾਲ ਜਿੱਥੇ ਬੱਚਿਆਂ ਅਤੇ ਬਜ਼ੁਰਗਾਂ ਵਿਚ ਨੇੜਤਾ ਵਧਦੀ ਹੈ, ਉੱਥੇ ਬਜ਼ੁਰਗ ਆਪਸੀ ਦੁੱਖ-ਸੁੱਖ ਵੀ ਸਾਂਝਾ ਕਰਦੇ ਹਨ। ਅਕੈਡਮੀ ਦਾ ਨਾਅਰਾ ਹੈ 'ਨਸ਼ੇ ਛੱਡੋ, ਕੋਹੜ ਵੱਢੋ'।

ਇਸ ਦੋ ਹਫ਼ਤਿਆਂ ਦੇ ਕੈਂਪ ਦੀ ਸਮਾਪਤੀ ਦੌਰਾਨ ਸਿਖਲਾਈ ਪ੍ਰਾਪਤ ਬੱਚੇ 27 ਜੁਲਾਈ, ਦਿਨ ਸ਼ਨਿਚਰਵਾਰ ਨੂੰ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" ਵਿਚ ਆਪਣੀ ਕਲਾ ਦਾ ਸਟੇਜ ਤੋਂ ਪ੍ਰਦਰਸ਼ਨ ਕਰਨਗੇ। ਇਸੇ ਦੌਰਾਨ ਅਕੈਡਮੀ ਵੱਲੋਂ 14ਵਾਂ ਅੰਤਰ-ਰਾਸ਼ਟਰੀ ਪੱਧਰ ਦਾ ਗਿੱਧੇ-ਭੰਗੜੇ ਦਾ ਯੁਵਕ ਮੁਕਾਬਲਾ ਵੀ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਬਾਅਦ ਦੁਪਹਿਰ 2 ਵਜੇ ਹੋਵੇਗੀ, ਜਿਸ ਦੀ ਕੋਈ ਦਾਖਲਾ ਫੀਸ ਨਹੀਂ ਹੈ। ਇਸ ਵਿਚ ਹਿੱਸਾ ਲੈਣ ਲਈ ਇਸ ਸਾਲ ਕੈਲੇਫੋਰਨੀਆਂ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਟੀਮਾਂ ਪਹੁੰਚ ਰਹੀਆਂ ਹਨ। ਇਸ ਪ੍ਰੋਗਰਾਮ ਦੀ ਖਾਸੀਅਤ ਮਾਂਵਾਂ ਦਾ ਗਿੱਧਾ ਅਤੇ ਮਲਵਈ ਗਿੱਧਾ ਹੋਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਅਕੈਡਮੀ ਦੇ ਪ੍ਰਬੰਧਕਾਂ ਵਿਚ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਸ਼ੇਰਗਿੱਲ ਵੱਲੋਂ ਸਮੂਹ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ***– ਕੁਲਵੰਤ ਧਾਲੀਆਂ/ਨੀਟਾ ਮਾਛੀਕੇ***

# 'ਇੰਡੀਆ' ਗੱਠਜੋੜ ਨੇ 13 'ਚੋਂ 10 ਸੀਟਾਂ ਜਿੱਤੀਆਂ, ਭਾਜਪਾ ਨੂੰ ਝਟਕਾ

**ਨਵੀਂ ਦਿੱਲੀ:** ਸੱਤ ਸੂਬਿਆਂ ਦੀਆਂ 13 ਅਸੈਂਬਲੀ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ 'ਚੋਂ 'ਇੰਡੀਆ' ਗੱਠਜੋੜ ਨੇ 10 ਸੀਟਾਂ ਜਿੱਤੀਆਂ ਹਨ। ਭਾਜਪਾ ਨੂੰ ਦੋ ਸੀਟਾਂ ਮਿਲੀਆਂ ਜਦਕਿ ਇਕ ਆਜ਼ਾਦ ਉਮੀਦਵਾਰ ਨੇ ਚੋਣ ਜਿੱਤੀ ਹੈ। ਜ਼ਿਮਨੀ ਚੋਣਾਂ ਲਈ ਪੱਛਮੀ ਬੰਗਾਲ ਦੀਆਂ ਚਾਰ, ਹਿਮਾਚਲ ਪ੍ਰਦੇਸ਼ ਦੀਆਂ ਤਿੰਨ, ਉੱਤਰਾਖੰਡ ਦੀਆਂ ਦੋ, ਪੰਜਾਬ, ਮੱਧ ਪ੍ਰਦੇਸ਼, ਬਿਹਾਰ ਅਤੇ ਤਾਮਿਲਨਾਡੂ ਦੀਆਂ ਇਕ-ਇਕ ਸੀਟਾਂ 'ਤੇ ਵੋਟਾਂ ਪਈਆਂ ਸਨ।

ਪੰਜਾਬ ਦੀ ਜਲੰਧਰ ਪੱਛਮੀ ਸੀਟ 'ਤੇ 'ਆਪ' ਦੇ ਮਹਿੰਦਰ ਭਗਤ ਨੇ ਭਾਜਪਾ ਦੇ ਸ਼ੀਤਲ ਅੰਗੁਰਾਲ ਨੂੰ 37,325 ਵੋਟਾਂ ਦੇ ਫ਼ਰਕ ਨਾਲ ਹਰਾਇਆ। ਪੱਛਮੀ ਬੰਗਾਲ 'ਚ ਟੀ.ਐਮ.ਸੀ. ਨੇ ਚਾਰੋਂ ਸੀਟਾਂ ਰਾਏਗੰਜ, ਰਾਣਾਘਾਟ ਦਕਸ਼ਿਣ, ਬਾਗਦਾ ਅਤੇ ਮਾਣਿਕਤਾਲ 'ਤੇ ਭਾਜਪਾ ਉਮੀਦਵਾਰਾਂ ਨੂੰ ਹਰਾਇਆ ਹੈ। ਰਾਏਗੰਜ 'ਚ ਪਾਰਟੀ ਉਮੀਦਵਾਰ ਕ੍ਰਿਸ਼ਣਾ ਕਲਿਆਣੀ ਨੇ ਭਾਜਪਾ ਦੇ ਮਾਨਸ ਕੁਮਾਰ ਘੋਸ਼ ਨੂੰ 50,077 ਵੋਟਾਂ, ਰਾਣਾਘਾਟ ਦਕਸ਼ਿਣ 'ਚ ਮੁਕੁਤ ਨਾਮੀ ਅਧਿਕਾਰੀ ਨੇ ਭਾਜਪਾ ਦੇ ਮਨੋਜ ਕੁਮਾਰ ਬਿਸਵਾਸ ਨੂੰ 74,485 ਵੋਟਾਂ, ਬਾਗਦਾ 'ਚ ਮਧੂਪਰਨਾ ਠਾਕੁਰ ਨੇ ਭਾਜਪਾ ਦੇ ਬਿਨੇ ਕੁਮਾਰ ਬਿਸਵਾਸ ਨੂੰ 74,251 ਵੋਟਾਂ ਅਤੇ ਮਾਣਿਕਤਾਲ 'ਚ ਸੁਪਤੀ ਪਾਂਡੇ ਨੇ ਭਾਜਪਾ ਦੇ ਕਲਿਆਣ ਚੌਬੇ ਨੂੰ 62,312 ਵੋਟਾਂ ਦੇ ਫ਼ਰਕ ਨਾਲ ਹਰਾਇਆ।



ਉੱਤਰਾਖੰਡ ਦੀਆਂ ਦੋਵੇਂ ਸੀਟਾਂ ਬਦਰੀਨਾਥ ਅਤੇ ਮੰਗਲੌਰ ਤੋਂ ਕਾਂਗਰਸ ਦੇ ਲਖਪਤ ਸਿੰਘ ਬੁਟੋਲਾ ਅਤੇ ਕਾਜ਼ੀ ਮੁਹੰਮਦ ਨਿਜ਼ਾਮੂਦੀਨ ਜੇਤੂ ਰਹੇ। ਬੁਟੋਲਾ ਨੇ ਬਦਰੀਨਾਥ ਸੀਟ 'ਤੇ ਸਾਬਕਾ ਮੰਤਰੀ ਅਤੇ ਭਾਜਪਾ ਆਗੂ ਰਾਜੇਂਦਰ ਸਿੰਘ ਭੰਡਾਰੀ ਨੂੰ 5,224 ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸੇ ਤਰ੍ਹਾਂ ਨਿਜ਼ਾਮੂਦੀਨ ਨੇ ਮਗਲੌਰ ਸੀਟ 'ਤੇ ਭਾਜਪਾ ਦੇ ਕਰਤਾਰ ਸਿੰਘ ਭੜਾਨਾ ਨੂੰ ਸਿਰਫ਼ 422 ਵੋਟਾਂ ਦੇ ਫ਼ਰਕ ਨਾਲ ਮਾਤ ਦਿੱਤੀ। ਮੱਧ ਪ੍ਰਦੇਸ਼ 'ਚ ਭਾਜਪਾ ਦੇ ਕਮਲੇਸ਼ ਪ੍ਰਤਾਪ ਸਿੰਘ ਨੇ ਅਮਰਵਾੜਾ ਹਲਕੇ ਤੋਂ ਕਾਂਗਰਸ ਦੇ ਧੀਰਨ ਸ਼ਾਹ ਇਨਵਾਤੀ ਨੂੰ 3,027 ਵੋਟਾਂ ਦੇ ਫ਼ਰਕ ਨਾਲ ਹਰਾਇਆ। ਬਿਹਾਰ 'ਚ ਆਜ਼ਾਦ ਉਮੀਦਵਾਰ ਸ਼ੰਕਰ ਸਿੰਘ ਨੇ ਰੁਪੌਲੀ ਸੀਟ 'ਤੇ ਜਿੱਤ ਹਾਸਲ ਕੀਤੀ ਹੈ। ਉਸ ਨੇ ਜਨਤਾ ਦਲ (ਯੂ) ਦੇ ਕਾਲਾਧਰ ਪ੍ਰਸਾਦ ਮੰਡਲ ਨੂੰ 8,246 ਵੋਟਾਂ ਨਾਲ ਹਰਾਇਆ। ਤਾਮਿਲਨਾਡੂ 'ਚ ਹੁਕਮਰਾਨ ਡੀ.ਐਮ.ਕੇ. ਦੇ ਏ. ਸ਼ਿਵਾ ਐਨ.ਡੀ.ਏ. 'ਚ ਸ਼ਾਮਲ ਪੀ.ਐਮ.ਕੇ. ਦੇ ਅੰਬੂਮਣੀ ਸੀ. ਨੂੰ ਵਿਕਰਵੰਡੀ ਹਲਕੇ ਤੋਂ 67,757 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਜੇਤੂ ਰਹੇ।

## ਮੁਲਕ 'ਚ ਸਿਆਸੀ ਮਾਹੌਲ ਬਦਲ ਰਿਹਾ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਜ਼ਿਮਨੀ ਚੋਣਾਂ 'ਚ 'ਇੰਡੀਆ' ਗੱਠਜੋੜ ਦੇ ਉਮੀਦਵਾਰਾਂ ਦੀ ਜਿੱਤ ਦਾ ਸਵਾਗਤ ਕੀਤਾ ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਇਨ੍ਹਾਂ ਨਤੀਜਿਆਂ ਨਾਲ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਵੱਲੋਂ 'ਡਰ ਅਤੇ ਭਰਮ' ਦਾ ਬੁਣਿਆ ਜਾਲ ਟੁੱਟ ਗਿਆ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਾਰਟੀ ਵਰਕਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਨੇ ਭਾਜਪਾ ਦੀ ਹੰਕਾਰ, ਕੁਸ਼ਾਸਨ ਅਤੇ ਨਾਂਹ-ਪੱਖੀ ਸਿਆਸਤ ਰੱਦ ਕਰ ਦਿੱਤੀ ਹੈ। ਕਾਂਗਰਸ ਨੇ ਕਿਹਾ ਕਿ ਨਤੀਜੇ ਦੇਸ਼ 'ਚ ਬਦਲ ਰਹੇ ਸਿਆਸੀ ਮਾਹੌਲ ਵੱਲ ਇਸ਼ਾਰਾ ਕਰਦੇ ਹਨ।

## ਮੁਲਕ ਵਿਚ ਰੁਝਾਨ ਭਾਜਪਾ ਦੇ ਖਿਲਾਫ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਜ਼ਿਮਨੀ ਚੋਣ ਦੇ ਨਤੀਜਿਆਂ ਅਨੁਸਾਰ 'ਦੇਸ਼ ਵਿਚ ਰੁਝਾਨ ਭਾਜਪਾ ਦੇ ਖ਼ਿਲਾਫ਼' ਦਿਖਾਈ ਦੇ ਰਿਹਾ ਹੈ। ਸੱਤ ਸੂਬਿਆਂ ਵਿਚ 13 ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ 'ਇੰਡੀਆ' ਗੱਠਜੋੜ ਨੇ 10 ਅਤੇ ਭਾਜਪਾ ਨੇ ਦੋ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ ਜਦਕਿ ਇਕ ਸੀਟ ਆਜ਼ਾਦ ਉਮੀਦਵਾਰ ਨੇ ਜਿੱਤੀ ਹੈ। ਬੈਨਰਜੀ ਨੇ ਦਾਅਵਾ ਕੀਤਾ ਕਿ ਜ਼ਿਮਨੀ ਚੋਣਾਂ ਵਿਚ ਐਨ.ਡੀ.ਏ. ਨੂੰ 46 ਜਦਕਿ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਨੂੰ 51 ਫੀਸਦ ਵੋਟਾਂ ਮਿਲੀਆਂ ਹਨ।

## ਸ਼ੁਭਕਰਨ ਦੀ ਭੈਣ ਨੇ ਕਾਂਸਟੇਬਲ ਵਜੋਂ ਅਹੁਦਾ ਸੰਭਾਲਿਆ

**ਬਠਿੰਡਾ:** ਖਨੌਰੀ ਵਿਚ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਭੈਣ ਗੁਰਪ੍ਰੀਤ ਕੌਰ ਨੇ ਬਠਿੰਡਾ ਵਿਚ ਕਾਂਸਟੇਬਲ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਆਪਣੇ ਪਿਤਾ ਨਾਲ ਬਠਿੰਡਾ ਪੁਲਿਸ ਲਾਈਨ ਪੁੱਜੀ। ਗੌਰਤਲਬ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਗੁਰਪ੍ਰੀਤ ਕੌਰ ਨੂੰ ਨਿਯੁਕਤੀ ਪੱਤਰ ਦਿੱਤਾ ਸੀ। ਗੁਰਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਮੰਗ ਕੀਤੀ ਕਿ ਕਾਨੂੰਨੀ ਮਾਮਲੇ ਵਿਚ ਇਨਸਾਫ਼ ਦਿੱਤਾ ਜਾਵੇ।

# ਪੰਜਾਬ ਵਿਚ ਨਰਮੇ ਦੀ ਫਸਲ ਉਤੇ ਗੁਲਾਬੀ ਸੁੰਡੀ ਦਾ ਹਮਲਾ

**ਚੰਡੀਗੜ੍ਹ:** ਪੰਜਾਬ ਦੀ ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਨੇ ਦਸਤਕ ਦੇ ਦਿੱਤੀ ਹੈ। ਸਰਹੱਦੀ ਪਿੰਡਾਂ ਵਿਚ ਨੌਬਤ ਫ਼ਸਲ ਵਾਹੁਣ ਤੱਕ ਦੀ ਬਣ ਗਈ ਹੈ। ਗੁਲਾਬੀ ਸੁੰਡੀ ਨੇ ਖੇਤੀ ਮਹਿਕਮੇ ਦੀ ਨੀਂਦ ਉਡਾ ਦਿੱਤੀ ਹੈ। ਹਾਲਾਂਕਿ, ਗੁਲਾਬੀ ਸੁੰਡੀ ਦਾ ਹਮਲਾ ਮਾਰੂ ਪੜਾਅ ਤੋਂ ਹੇਠਾਂ ਹੈ ਪਰ ਕਿਸਾਨਾਂ ਨੇ ਕੀਟਨਾਸ਼ਕਾਂ ਦਾ ਛਿੜਕਾਅ ਸ਼ੁਰੂ ਕਰ ਦਿੱਤਾ ਹੈ। ਐਤਕੀਂ ਪਹਿਲੀ ਸੱਟ ਉਦੋਂ ਵੱਜੀ ਸੀ ਜਦੋਂ ਨਰਮੇ ਹੇਠਲਾ ਰਕਬਾ ਘੱਟ ਕੇ ਸਿਰਫ਼ 99,702 ਹੈਕਟੇਅਰ ਰਹਿ ਗਿਆ ਅਤੇ ਹੁਣ ਉਪਰੋਂ ਫ਼ਸਲ ਨੂੰ ਗੁਲਾਬੀ ਸੁੰਡੀ ਪੈ ਗਈ ਹੈ।

ਰਾਜਸਥਾਨ ਤੇ ਹਰਿਆਣਾ ਵਿਚ ਗੁਲਾਬੀ ਸੁੰਡੀ ਨੇ ਕਾਫ਼ੀ ਫ਼ਸਲ ਪ੍ਰਭਾਵਿਤ ਕੀਤੀ ਹੈ। ਪੰਜਾਬ ਦੀ ਅੰਤਰ-ਰਾਜੀ ਸੀਮਾ ਨਾਲ ਲੱਗਦੇ ਪਿੰਡਾਂ ਨੂੰ ਅਗੇਤ ਵਿਚ ਹੀ ਗੁਲਾਬੀ ਸੁੰਡੀ ਨੇ ਝੰਬ ਦਿੱਤਾ ਹੈ। ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ, ਹਨੂੰਮਾਨਗੜ੍ਹ ਅਤੇ ਅਨੂਪਗੜ੍ਹ ਵਿਚ ਗੁਲਾਬੀ ਸੁੰਡੀ ਦੀ ਕਾਫ਼ੀ ਮਾਰ ਪਈ ਹੈ। ਮਿਲੇ ਵੇਰਵਿਆਂ ਅਨੁਸਾਰ ਅਬੋਹਰ ਖਿੱਤੇ ਵਿਚ ਨਰਮੇ ਦੀ ਅਗੇਤੀ ਫ਼ਸਲ ਗੁਲਾਬੀ ਸੁੰਡੀ ਤੋਂ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਕੀਟਨਾਸ਼ਕਾਂ 'ਤੇ ਮਹਿੰਗੇ ਖ਼ਰਚੇ ਕਰਨ ਦੀ ਹੁਣ ਪਹੁੰਚ ਨਹੀਂ ਰਹੀ। ਨਰਮਾ ਕਾਸ਼ਤਕਾਰ ਡਰੇ ਹੋਏ ਹਨ ਅਤੇ ਉਹ ਗੁਲਾਬੀ ਸੁੰਡੀ ਅੱਗੇ ਹੱਥ ਖੜ੍ਹੇ ਕਰਨ ਲੱਗੇ ਹਨ। ਸ਼ੁਰੂ ਵਿਚ ਚਿੱਟੇ ਮੱਛਰ ਦੀ ਸ਼ਿਕਾਇਤ ਸੀ ਪਰ ਮਗਰੋਂ ਬਾਰਸ਼ ਨੇ ਮੱਛਰ ਨੂੰ ਝਾੜ ਦਿੱਤਾ ਸੀ। ਪੰਜਾਬ ਦੀ ਨਰਮਾ ਪੱਟੀ ਨੂੰ ਕਦੇ ਚਿੱਟੀ ਮੱਖੀ ਅਤੇ ਕਦੇ ਗੁਲਾਬੀ ਸੁੰਡੀ ਦੀ ਮਾਰ ਝੱਲਣੀ ਪਈ ਹੈ।



ਸਾਲ 2015 ਵਿਚ ਤਾਂ ਚਿੱਟੀ ਮੱਖੀ ਨੇ ਪੂਰੀ ਫ਼ਸਲ ਹੀ ਤਬਾਹ ਕਰ ਦਿੱਤੀ ਸੀ। ਇਨ੍ਹਾਂ ਸੰਕਟਾਂ ਦੀ ਬਦੌਲਤ ਪੰਜਾਬ ਵਿਚ ਨਰਮੇ ਹੇਠਲਾ ਰਕਬਾ ਲਗਾਤਾਰ ਘੱਟ ਰਿਹਾ ਹੈ। ਸਾਲ 1990-91 ਵਿਚ ਰਿਕਾਰਡ ਰਕਬਾ 7.01 ਲੱਖ ਹੈਕਟੇਅਰ ਨਰਮੇ ਦੀ ਬਿਜਾਈ ਹੇਠ ਸੀ ਜੋ ਕਿ ਹੁਣ ਘੱਟ ਕੇ 96 ਹਜ਼ਾਰ ਹੈਕਟੇਅਰ 'ਤੇ ਆ ਗਿਆ ਹੈ।

# ਵਿਦੇਸ਼ ਭੇਜਣ ਦੇ ਨਾਂ 'ਤੇ 50 ਲੱਖ ਰੁਪਏ ਦੀ ਠੱਗੀ ਮਾਰਨ ਦਾ ਦੋਸ਼

**ਲਾਲੜੂ:** ਇਥੋਂ ਨਜ਼ਦੀਕੀ ਪਿੰਡ ਸਧਾਪੁਰ ਨਿਵਾਸੀ ਵਿਅਕਤੀ ਨੇ ਪੰਜ ਵਿਅਕਤੀਆਂ ਖ਼ਿਲਾਫ ਵਿਦੇਸ਼ ਭੇਜਣ ਦੇ ਨਾਂ ਉਤੇ 50 ਲੱਖ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਲਾਇਆ ਹੈ ਅਤੇ ਇਸ ਦੀ ਸ਼ਿਕਾਇਤ ਐਸ.ਐਸ.ਪੀ. ਮੁਹਾਲੀ ਨੂੰ ਦਿੱਤੀ ਹੈ।

ਸ਼ਿਕਾਇਤ ਕਰਤਾ ਕੇਸਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਸਧਾਪੁਰ ਨੇ ਪੁਲਿਸ ਨੂੰ ਦੱਸਿਆ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ ਅਤੇ ਉਸ ਦੇ ਦੂਰ ਦੇ ਰਿਸ਼ਤੇਦਾਰ ਕੁਲਵੰਤ ਸਿੰਘ ਨੇ ਉਸ ਨੂੰ ਕਿਹਾ ਕਿ ਉਸ ਦੇ ਕੁੱਝ ਸਾਥੀ ਟਰੈਵਲ ਏਜੰਟ ਹਨ, ਤੇ ਬਾਹਰ ਭੇਜਣ ਦਾ ਕੰਮ ਕਰਦੇ ਹਨ। ਕੁਲਵੰਤ ਸਿੰਘ ਨੇ ਕੇਸਰ ਸਿੰਘ ਨੂੰ ਕਿਹਾ ਕਿ ਉਸ ਦੇ ਟਰੈਵਲ ਏਜੰਟ ਸਾਥੀਆਂ ਨਾਲ ਉਸ ਦਾ ਇੰਗਲੈਂਡ ਦਾ ਵੀਜ਼ਾ ਲਗਵਾ ਕੇ ਬਾਹਰ ਭੇਜਣ ਬਾਰੇ ਗੱਲਬਾਤ ਹੋ ਗਈ ਹੈ ਜਿਸ ਲਈ 50 ਲੱਖ ਰੁਪਏ ਦਾ ਖਰਚਾ ਆਵੇਗਾ। ਕੁਲਵੰਤ ਸਿੰਘ ਨੇ ਕਿਹਾ ਉਹ ਆਪਣੇ ਭਤੀਜੇ ਸੁਖਜੀਤ ਸਿੰਘ ਉਰਫ ਸੁੱਖੀ ਨੂੰ ਵੀ ਇੰਗਲੈਂਡ ਭੇਜਣਾ ਚਾਹੁੰਦੇ ਹਨ ਕਿਉਂਕਿ ਪਿੰਡ ਵਿਚ ਰਹਿੰਦੇ ਹੋਏ ਉਸ ਨੇ ਕਈ ਲੋਕਾਂ ਦੇ ਨੱਕ ਵਿਚ ਦਮ ਕਰ ਰੱਖਿਆ ਹੈ ਜਿਸ ਖਿਲਾਫ ਅੰਬਾਲਾ ਵਿਚ ਇਕ ਕੇਸ ਵੀ ਦਰਜ ਹੋਇਆ ਸੀ। ਇਸ ਕਰਕੇ ਕੁਲਵੰਤ ਸਿੰਘ ਅਤੇ ਸੁਖਜੀਤ ਸਿੰਘ ਉਰਫ ਸੁੱਖੀ ਦੀ ਮਾਂ ਜਸਵਿੰਦਰ ਕੌਰ ਨੇ ਕਿਹਾ ਕਿ ਇਸ ਵਕਤ ਉਨ੍ਹਾਂ ਕੋਲ ਪੈਸੇ ਨਹੀਂ ਹਨ। ਹਾਲੇ ਸੁਖਜੀਤ ਸਿੰਘ ਉਰਫ ਸੁੱਖੀ ਦੇ ਹਿੱਸੇ ਦੇ 25 ਲੱਖ ਰੁਪਏ ਵੀ ਉਨ੍ਹਾਂ ਨੂੰ ਹੀ ਦੇਣੇ ਪੈਣਗੇ ਜੋ ਸੁੱਖੀ ਦੇ ਇੰਗਲੈਂਡ ਜਾਣ ਤੋਂ ਬਾਅਦ ਵਾਪਸ ਦੇ ਦੇਣਗੇ। ਕਲਵੰਤ ਸਿੰਘ ਨਾਲ ਰਿਸ਼ਤੇਦਾਰੀ ਹੋਣ ਕਾਰਨ ਕੇਸਰ ਸਿੰਘ ਉਨ੍ਹਾਂ ਦੀਆਂ ਗੱਲਾਂ ਵਿਚ ਆ ਗਿਆ ਅਤੇ 20 ਲੱਖ ਰੁਪਏ ਦੀ ਰਕਮ ਖੁਦ ਅਤੇ ਬਾਕੀ ਦੀ 30 ਲੱਖ ਰੁਪਏ ਆਪਣੇ ਜੀਜੇ ਰਣਜੀਤ ਸਿੰਘ ਵਾਸੀ ਪਿੰਡ ਬੜੀ ਜ਼ਿਲ੍ਹਾ ਮੁਹਾਲੀ ਤੋਂ ਉਧਾਰ ਲੈ ਕੇ 50 ਲੱਖ ਦਾ ਇੰਤਜ਼ਾਮ ਕਰ ਲਿਆ ਪਰ ਪੈਸੇ ਲੈਣ ਤੋਂ ਬਾਅਦ ਉਸ ਨੂੰ ਵਿਦੇਸ਼ ਨਹੀਂ ਭੇਜਿਆ ਗਿਆ।



## ਕਾਮਿਆਂ ਨੂੰ ਗੁਲਾਮ ਬਣਾਉਣ ਦੇ ਮਾਮਲੇ 'ਚ ਦੋ ਭਾਰਤੀ ਗ੍ਰਿਫਤਾਰ

**ਰੋਮ:** ਇਟਲੀ ਦੇ ਵੇਰੋਨਾ ਸੂਬੇ 'ਚ 33 ਖੇਤ ਮਜ਼ਦੂਰਾਂ ਨੂੰ ਗੁਲਾਮ ਬਣਾ ਕੇ ਮਜ਼ਦੂਰੀ ਕਰਾਉਣ ਦੇ ਦੋਸ਼ ਹੇਠ ਦੋ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫਾਇਨਾਂਸ ਪੁਲਿਸ ਨੇ ਸ਼ੱਕੀਆਂ ਦੀ 4,75,000 ਯੂਰੋ ਦੀ ਸੰਪਤੀ ਵੀ ਜ਼ਬਤ ਕੀਤੀ ਹੈ ਜੋ ਖੇਤੀ ਸੈਕਟਰ ਨਾਲ ਜੁੜੀਆਂ ਦੋ ਕੰਪਨੀਆਂ ਦੇ ਮਾਲਕ ਹਨ ਅਤੇ ਇਨ੍ਹਾਂ 'ਚ ਕੋਈ ਵੀ ਮੁਲਾਜ਼ਮ ਨਹੀਂ ਹੈ ਅਤੇ ਉਨ੍ਹਾਂ 'ਤੇ ਟੈਕਸ ਚੋਰੀ ਦਾ ਵੀ ਦੋਸ਼ ਹੈ।

# ਪੰਜਾਬ ਦੇ ਮੰਤਰੀ ਮੰਡਲ ਵਿਚ ਫੇਰ-ਬਦਲ ਦੀ ਤਿਆਰੀ?

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਮਗਰੋਂ ਸੂਬਾ ਸਰਕਾਰ ਵੱਲੋਂ ਮੰਤਰੀ ਮੰਡਲ ਵਿਚ ਫੇਰ-ਬਦਲ ਦੀ ਤਿਆਰੀ ਕੀਤੀ ਜਾ ਰਹੀ ਹੈ। ਹਾਲਾਂਕਿ ਇਸ ਬਾਰੇ ਕੋਈ ਵੀ ਮੰਤਰੀ ਜਾਂ ਪਾਰਟੀ ਆਗੂ ਬੋਲਣ ਲਈ ਤਿਆਰ ਨਹੀਂ ਹੈ ਪਰ ਆਮ ਆਦਮੀ ਪਾਰਟੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਚ ਕੈਬਨਿਟ 'ਚ ਫੇਰ-ਬਦਲ ਦੀ ਚਰਚਾ ਜ਼ੋਰਾਂ 'ਤੇ ਹੈ।

ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਲੋਕ ਸਭਾ ਚੋਣਾਂ ਹਾਰਨ ਵਾਲੇ ਕਈ ਮੰਤਰੀਆਂ ਦਾ ਪੱਤਾ ਸਾਫ਼ ਕੀਤਾ ਜਾਵੇਗਾ। ਇਨ੍ਹਾਂ ਨੂੰ ਮਿਲਾ ਕੇ ਕੁੱਲ ਅੱਧਾ ਦਰਜਨ ਦੇ ਕਰੀਬ ਕੈਬਨਿਟ ਮੰਤਰੀ ਬਦਲੇ ਜਾਣਗੇ। 'ਆਪ' ਵੱਲੋਂ ਲੋਕ ਸਭਾ ਚੋਣਾਂ ਵਿਚ ਪੰਜ ਕੈਬਨਿਟ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ, ਜਿਨ੍ਹਾਂ ਵਿਚੋਂ ਸਿਰਫ਼ ਲੋਕ ਸਭਾ ਹਲਕਾ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਹਾਸਲ ਕਰ ਸਕੇ ਹਨ, ਜਦੋਂ ਕਿ ਬਾਕੀ ਚਾਰ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਵਿਚ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਗੁਰਮੀਤ ਸਿੰਘ ਖੁੱਡੀਆਂ, ਕੁਲਦੀਪ ਸਿੰਘ ਧਾਲੀਵਾਲ ਤੇ ਲਾਲਜੀਤ ਸਿੰਘ ਭੁੱਲਰ ਸ਼ਾਮਲ ਹਨ।



ਜ਼ਿਕਰਯੋਗ ਹੈ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਲਈ ਪ੍ਰਚਾਰ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਈ ਵਾਰ ਐਲਾਨ ਕਰ ਚੁੱਕੇ ਹਨ ਕਿ ਜਲੰਧਰ ਪੱਛਮੀ ਤੋਂ 'ਆਪ' ਦੀ ਜਿੱਤ 'ਤੇ ਮੋਹਿੰਦਰ ਭਗਤ ਨੂੰ ਕੈਬਨਿਟ ਮੰਤਰੀ ਬਣਾਇਆ ਜਾਵੇਗਾ। ਮੁੱਖ ਮੰਤਰੀ ਦੇ ਇਨ੍ਹਾਂ ਐਲਾਨਾਂ ਤੋਂ ਵੀ ਕਿਆਸ ਲਗਾਏ ਜਾ ਰਹੇ ਹਨ ਕਿ 13 ਜੁਲਾਈ ਨੂੰ ਜਲੰਧਰ ਪੱਛਮੀ ਦੇ ਚੋਣ ਨਤੀਜਿਆਂ ਤੋਂ ਬਾਅਦ ਸੂਬਾ ਸਰਕਾਰ ਮੰਤਰੀ ਮੰਡਲ ਵਿਚ ਫੇਰ-ਬਦਲ ਕਰਨ ਜਾ ਰਹੀ ਹੈ। ਇਸ ਦੇ ਨਾਲ ਹੀ ਮੰਤਰੀਆਂ ਦੇ ਵਿਭਾਗਾਂ ਵਿਚ ਵੀ ਵੱਡਾ ਫੇਰ-ਬਦਲ ਹੋਵੇਗਾ। ਪਾਰਟੀ ਆਗੂਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਜਿੱਥੇ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਨਿਯੁਕਤ ਕਰਨ ਵਾਲੇ ਪਾਸੇ ਤੇਜ਼ੀ ਨਾਲ ਕੰਮ ਕਰ ਰਹੀ ਹੈ, ਉੱਥੇ ਹੀ ਪਹਿਲਾਂ ਲੱਗੇ ਚੇਅਰਮੈਨ ਵੀ ਬਦਲੇ ਜਾ ਸਕਦੇ ਹਨ।

ਦੱਸਣਯੋਗ ਹੈ ਕਿ ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਹੀ ਸੂਬਾ ਸਰਕਾਰ ਨੇ ਮੰਤਰੀ ਮੰਡਲ ਵਿਚ ਫੇਰ-ਬਦਲ ਦੀ ਤਿਆਰੀ ਖਿੱਚ ਲਈ ਸੀ ਪਰ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਦਾ ਐਲਾਨ ਹੋਣ ਕਰਕੇ ਮੰਤਰੀ ਮੰਡਲ ਵਿਚ ਫੇਰ-ਬਦਲ ਟਾਲ ਦਿੱਤਾ ਸੀ ਪਰ ਹੁਣ ਜਲੰਧਰ ਪੱਛਮੀ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਮੰਤਰੀ ਮੰਡਲ ਵਿਚ ਫੇਰ-ਬਦਲ ਦੀ ਚਰਚਾ ਤੇਜ਼ ਹੋ ਗਈ ਹੈ। 'ਆਪ' ਦੇ ਆਗੂਆਂ ਵੱਲੋਂ ਕੁਝ ਵੀ ਬੋਲਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ।

## ਅਕਾਲੀ ਦਲ ਪੰਜਾਬ ਦੀ ਸਿਆਸਤ 'ਚੋਂ ਗਾਇਬ: ਧਾਲੀਵਾਲ

**ਮਜੀਠਾ:** ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਦੇ ਨਤੀਜਿਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਿਆਸਤ 'ਚੋਂ ਗਾਇਬ ਹੋ ਚੁੱਕਾ ਹੈ। ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਨੂੰ ਪੰਜਾਬ ਦੇ ਲੋਕਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਅੱਜ ਅਕਾਲੀ ਦਲ ਦਾ ਵਜੂਦ ਖ਼ਤਮ ਹੋਣ ਕੰਢੇ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ, ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਪਰਿਵਾਰਾਂ ਦੀ ਜਾਇਦਾਦ ਬਣ ਕੇ ਰਹਿ ਗਿਆ ਹੈ, ਜਿਸ ਕਰਕੇ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਤੋਂ ਮੂੰਹ ਮੋੜ ਲਿਆ ਹੈ।

# ਸਾਬਕਾ ਰਾਸ਼ਟਰਪਤੀ ਟਰੰਪ 'ਤੇ ਜਾਨਲੇਵਾ ਹਮਲਾ, ਵਾਲ-ਵਾਲ ਬਚੇ

**ਸ਼ਿਕਾਗੋ:** ਬਟਲਰ (ਪੈਨਸਿਲਵੇਨੀਆ) ਵਿਚ ਚੋਣ ਰੈਲੀ ਦੌਰਾਨ ਇਕ ਨੌਜਵਾਨ ਸ਼ੂਟਰ ਵੱਲੋਂ ਕੀਤੇ ਹਮਲੇ ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਾਲ-ਵਾਲ ਬਚ ਗਏ। ਇਸ ਸ਼ੂਟਰ ਨੇ ਰੈਲੀ ਨੇੜੇ ਹੀ ਉੱਚੀ ਥਾਵੇਂ ਬਣੇ ਸ਼ੈੱਡ 'ਚੋਂ ਟਰੰਪ 'ਤੇ ਗੋਲੀਆਂ ਚਲਾਈਆਂ ਜਿਨ੍ਹਾਂ ਵਿਚੋਂ ਇਕ ਗੋਲੀ ਸਾਬਕਾ ਰਾਸ਼ਟਰਪਤੀ ਦੇ ਸੱਜੇ ਕੰਨ ਦੇ ਉਪਰਲੇ ਹਿੱਸੇ ਨੂੰ ਪਾੜ ਕੇ ਲੰਘ ਗਈ। ਸੀਕਰੇਟ ਸਰਵਿਸ ਦੇ ਮੈਂਬਰਾਂ ਨੇ ਹਾਲਾਂਕਿ 20 ਸਾਲਾ ਸ਼ੂਟਰ ਨੂੰ ਮਾਰ ਮੁਕਾਇਆ। ਐਫ.ਬੀ.ਆਈ. ਨੇ ਹਮਲਾਵਰ ਦੀ ਪਛਾਣ ਬੈਥਲ ਪਾਰਕ ਦੇ ਥੌਮਸ ਮੈਥਿਊ ਕਰੂਕਸ ਵਜੋਂ ਦੱਸੀ ਹੈ। ਉਂਜ ਗੋਲੀਬਾਰੀ ਦੌਰਾਨ ਰੈਲੀ ਵਿਚ ਮੌਜੂਦ ਇਕ ਦਰਸ਼ਕ ਦੀ ਮੌਤ ਹੋ ਗਈ ਜਦੋਂਕਿ ਦੋ ਹੋਰ ਗੰਭੀਰ ਜ਼ਖ਼ਮੀ ਦੱਸੇ ਜਾਂਦੇ ਹਨ। ਰਾਸ਼ਟਰਪਤੀ ਜੋਅ ਬਾਇਡਨ, ਉਪ ਰਾਸ਼ਟਰਪਤੀ ਕਮਲਾ ਹੈਰਿਸ, ਸਾਬਕਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ, ਬਰਾਕ ਓਬਾਮਾ ਤੇ ਜੌਰਜ ਬੁਸ਼ ਨੇ ਟਰੰਪ 'ਤੇ ਕੀਤੇ ਕਾਤਲਾਨਾ ਹਮਲੇ ਦੀ ਨਿਖੇਧੀ ਕੀਤੀ ਹੈ।



ਜਾਣਕਾਰੀ ਅਨੁਸਾਰ ਟਰੰਪ ਪੈਨਸਿਲਵੇਨੀਆ ਦੇ ਬਟਲਰ ਕਸਬੇ ਵਿਚ ਆਪਣੇ ਵੱਡੀ ਗਿਣਤੀ ਸਮਰਥਕਾਂ ਦੀ ਮੌਜੂਦਗੀ ਵਿਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਜਦੋਂ ਉਨ੍ਹਾਂ 'ਤੇ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਇਨ੍ਹਾਂ ਵਿਚੋਂ ਇਕ ਗੋਲੀ ਉਨ੍ਹਾਂ ਦੇ ਸੱਜੇ ਕੰਨ ਨੂੰ ਪਾੜ ਕੇ ਨਿਕਲ ਗਈ। ਵੀਡੀਓ ਫੁਟੇਜ ਮੁਤਾਬਕ ਜਿਵੇਂ ਹੀ ਗੋਲੀਆਂ ਚੱਲਣ ਦੀ ਆਵਾਜ਼ ਆਈ ਤਾਂ ਮੰਚ 'ਤੇ ਮੌਜੂਦ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਟਰੰਪ ਨੂੰ ਫੌਰੀ ਘੇਰ ਪਾ ਲਿਆ ਅਤੇ ਪੋਡੀਅਮ ਦੇ ਪਿੱਛੇ ਲੈ ਗਏ। ਗੋਲੀਆਂ ਚੱਲਣ ਕਰਕੇ ਲੋਕਾਂ ਵਿਚ ਘੜਮੱਸ ਪੈ ਗਿਆ ਤੇ ਉਨ੍ਹਾਂ ਉਥੋਂ ਬਾਹਰ ਵੱਲ ਨੂੰ ਭੱਜਣਾ ਸ਼ੁਰੂ ਕਰ ਦਿੱਤਾ। ਸੀਕਰੇਟ ਸਰਵਿਸ ਦੇ ਏਜੰਟ ਟਰੰਪ, ਜਿਨ੍ਹਾਂ ਦੇ ਸੱਜੇ ਕੰਨ ਵਿਚੋਂ ਖ਼ੂਨ ਵਗ ਰਿਹਾ ਸੀ, ਨੂੰ ਘੇਰਾ ਪਾ ਕੇ ਉਥੋਂ ਬਾਹਰ ਲਿਜਾਣ ਲੱਗੇ ਤਾਂ ਟਰੰਪ ਨੇ ਆਪਣੀ ਮੁੱਠੀ ਹਵਾ ਵਿਚ ਲਹਿਰਾ ਕੇ ਉਥੇ ਮੌਜੂਦ ਜਮੂਦ ਨੂੰ ਕਿਹਾ ਕਿ ਉਹ 'ਫਾਈਟ!' ਭਾਵ ਮੁਕਾਬਲਾ ਕਰਨ। ਸਾਬਕਾ ਰਾਸ਼ਟਰਪਤੀ ਨੂੰ ਕਾਰ ਵਿਚ ਬੈਠਾ ਕੇ ਫੌਰੀ ਪਿਟਸਬਰਗ ਇਲਾਕੇ ਵਿਚਲੇ ਹਸਪਤਾਲ ਲਿਜਾਇਆ ਗਿਆ। ਉਂਜ ਟਰੰਪ ਨੂੰ ਜਦੋਂ ਮੰਚ ਤੋਂ ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਸੁਰੱਖਿਆ ਕਰਮੀਆਂ ਨੂੰ ਕਿਹਾ ਕਿ 'ਮੈਨੂੰ ਮੇਰੀ ਜੁੱਤੀ ਤਾਂ ਪਾਉਣ ਦਿਓ।'

ਹਮਲੇ ਤੋਂ ਫੌਰੀ ਮਗਰੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਟਰੰਪ ਨਾਲ ਗੱਲਬਾਤ ਵੀ ਕੀਤੀ। ਬਾਇਡਨ ਨੇ ਟਰੰਪ ਉਤੇ ਹੋਈ ਗੋਲੀਬਾਰੀ ਤੋਂ ਦੋ ਘੰਟੇ ਮਗਰੋਂ ਦੇਸ਼ ਨੂੰ ਆਪਣੇ ਸੰਬੋਧਨ ਵਿਚ ਕਿਹਾ ਕਿ "ਅਸੀਂ ਅਜਿਹੀਆਂ ਘਟਨਾਵਾਂ ਦੀ ਇਜਾਜ਼ਤ ਨਹੀਂ ਦੇ ਸਕਦੇ। ਅਮਰੀਕਾ ਵਿਚ ਅਜਿਹੀ ਹਿੰਸਾ ਬਾਰੇ ਅਸੀਂ ਕਦੇ ਨਹੀਂ ਸੁਣਿਆ।" ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜੌਰਜ ਡਬਲਿਊ ਬੁਸ਼ ਤੇ ਬਿੱਲ ਕਲਿੰਟਨ ਨੇ ਟਰੰਪ 'ਤੇ ਹਮਲੇ ਦੀ ਨਿਖੇਧੀ ਕੀਤੀ।

## ਮੋਦੀ, ਰਾਹੁਲ ਤੇ ਖੜਗੇ ਵੱਲੋਂ ਹਮਲੇ ਦੀ ਨਿਖੇਧੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਚੋਣ ਰੈਲੀ ਦੌਰਾਨ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਹੋਏ ਹਮਲੇ ਦੀ ਨਿਖੇਧੀ ਕੀਤੀ ਹੈ। ਸ੍ਰੀ ਮੋਦੀ ਨੇ ਐਕਸ 'ਤੇ ਕਿਹਾ, "ਮੇਰੇ ਦੋਸਤ, ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਹੋਏ ਹਮਲੇ ਤੋਂ ਵੱਡਾ ਫਿਕਰਮੰਦ ਹਾਂ। ਇਸ ਘਟਨਾ ਦੀ ਜ਼ੋਰਦਾਰ ਢੰਗ ਨਾਲ ਨਿਖੇਧੀ ਕਰਦਾ ਹਾਂ। ਰਾਹੁਲ ਗਾਂਧੀ ਨੇ ਵੀ ਸਾਬਕਾ ਅਮਰੀਕੀ ਸਦਰ ਟਰੰਪ ਦੀ ਹੱਤਿਆ ਦੀ ਕੋਸ਼ਿਸ਼ 'ਤੇ ਵੱਡੀ ਚਿੰਤਾ ਜਤਾਉਂਦਿਆਂ ਕਿਹਾ ਕਿ ਅਜਿਹੇ ਕਾਰਿਆਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਨੀ ਬਣਦੀ ਹੈ।

# ਅੰਗਰੇਜ਼ਾਂ ਨੂੰ ਪਸੰਦ ਆਈ ਪੰਜਾਬ ਦੀ ਲੀਚੀ



**ਚੰਡੀਗੜ੍ਹ:** ਇੰਗਲੈਂਡ (ਯੂਕੇ) ਦੀ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਵੱਲੋਂ ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਨੇ ਭਵਿੱਖ ਵਿਚ ਲੀਚੀ ਦੇ ਨਿਰਯਾਤ ਸਬੰਧੀ ਅਗਲੇਰੀ ਰਣਨੀਤੀ ਤੇ ਖੇਤੀ ਸਹਾਇਕ ਤਕਨੀਕਾਂ ਨੂੰ ਸਾਂਝਾ ਤੇ ਉਤਸ਼ਾਹਿਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ 'ਚ ਪੰਜਾਬ ਦੀ ਬਰਾਮਦ ਲਈ ਏਕੀਕ੍ਰਿਤ ਬ੍ਰਾਂਡ ਦੇ ਵਿਕਾਸ ਸਣੇ ਸੂਰਜੀ ਊਰਜਾ, ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਡਰੋਨ ਮੈਪਿੰਗ, ਖੇਤੀ ਦੀਆਂ ਉੱਨਤ ਤਕਨੀਕਾਂ, ਖੇਤੀ ਕਾਰੋਬਾਰ ਉੱਦਮਾਂ ਸਬੰਧੀ ਮੌਕੇ ਅਤੇ ਕਾਰਬਨ ਅਤੇ ਵਾਟਰ ਕ੍ਰੈਡਿਟ ਦੀ ਖੋਜ ਬਾਰੇ ਸਹਿਯੋਗ ਲਈ ਵਿਚਾਰ-ਚਰਚਾ ਕੀਤੀ ਗਈ। ਸ੍ਰੀ ਜੌੜਾਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਛੇਤੀ ਹੀ ਲੀਚੀ ਦੀ ਵੱਢੀ ਖੇਪ ਇੰਗਲੈਂਡ ਭੇਜੀ ਜਾਵੇਗੀ। ਸ੍ਰੀਮਤੀ ਰੋਵੇਟ ਨੇ ਲੀਚੀ ਨਿਰਯਾਤ ਪ੍ਰੋਗਰਾਮ ਵਿਚ ਡੂੰਘੀ ਦਿਲਚਸਪੀ ਦਿਖਾਈ ਹੈ ਅਤੇ ਪੰਜਾਬ ਤੇ ਬਰਤਾਨੀਆ ਦਰਮਿਆਨ ਭਵਿੱਖੀ ਸਹਿਯੋਗ ਲਈ ਅਗਲੇਰੀ ਰੂਪ-ਰੇਖਾ ਉਲੀਕਣ ਦਾ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਪੰਜਾਬ ਨੂੰ ਵਿਸ਼ਵ ਲੀਚੀ ਮੰਡੀ ਵਿਚ ਵੱਡੇ ਕਾਸ਼ਤਕਾਰ ਵਜੋਂ ਸਥਾਨ ਪ੍ਰਾਪਤ ਹੈ।

# ਭਾਰਤ ਤੇ ਥਾਈਲੈਂਡ ਵੱਲੋਂ ਦੁਵੱਲੇ ਸਬੰਧਾਂ ਬਾਰੇ ਪੜਚੋਲ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਥਾਈਲੈਂਡ ਦੇ ਉਨ੍ਹਾਂ ਦੇ ਹਮਰੁਤਬਾ ਮਾਰਿਸ ਸਾਂਗਿਆਮਪੋਂਗਸਾ ਨੇ ਵਪਾਰ, ਸੰਪਰਕ ਅਤੇ ਨਿਵੇਸ਼ ਦੇ ਖੇਤਰਾਂ ਵਿਚ ਦੁਵੱਲੇ ਸਹਿਯੋਗ ਵਿਚ ਪ੍ਰਗਤੀ ਦੀ ਸਮੀਖਿਆ ਕੀਤੀ। ਦੋਵਾਂ ਵਿਦੇਸ਼ ਮੰਤਰੀਆਂ ਦਰਮਿਆਨ ਬੰਗਾਲ ਦੀ ਖਾੜੀ ਬਹੁ-ਖੇਤਰੀ ਤਕਨੀਕੀ ਤੇ ਆਰਥਿਕ ਸਹਿਯੋਗ ਪਹਿਲ (ਬਿਮਸਟੇਕ) ਦੀ ਮੀਟਿੰਗ ਤੋਂ ਵੱਖਰੇ ਤੌਰ 'ਤੇ ਹੋਈ ਗੱਲਬਾਤ ਦੇ ਦੋ ਦਿਨ ਮਗਰੋਂ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ, "ਦੋਵਾਂ ਮੰਤਰੀਆਂ ਨੇ ਰੱਖਿਆ ਤੇ ਸੁਰੱਖਿਆ ਸਬੰਧਾਂ, ਵਪਾਰ ਅਤੇ ਨਿਵੇਸ਼ ਦੇ ਮੌਕਿਆਂ, ਸੰਪਰਕ, ਵਿਗਿਆਨ ਅਤੇ ਤਕਨਾਲੋਜੀ ਸਹਿਯੋਗ, ਸਿਹਤ, ਸੱਭਿਆਚਾਰ ਅਤੇ ਲੋਕਾਂ ਦਰਮਿਆਨ ਆਪਸੀ ਰਾਬਤੇ ਦੇ ਵੱਖ-ਵੱਖ ਖੇਤਰਾਂ ਵਿਚ ਪ੍ਰਗਤੀ ਦੀ ਸਮੀਖਿਆ ਕੀਤੀ।" ਵਿਦੇਸ਼ ਮੰਤਰਾਲੇ ਨੇ ਕਿਹਾ, "ਵਿਦੇਸ਼ ਮੰਤਰੀ ਅਤੇ ਥਾਈਲੈਂਡ ਦੇ ਵਿਦੇਸ਼ ਮੰਤਰੀ ਦਰਮਿਆਨ ਗੱਲਬਾਤ ਨਾਲ ਦੁਵੱਲੇ ਸਬੰਧ ਹੋਰ ਮਜ਼ਬੂਤ ਹੋਏ ਹਨ।"



ਆਸੀਆਨ (ਦੱਖਣੀ-ਪੂਰਬੀ ਏਸ਼ਿਆਈ ਦੇਸ਼ਾਂ ਦੀ ਐਸੋਸੀਏਸ਼ਨ) ਦੇ ਦਸ ਮੈਂਬਰੀ ਦੇਸ਼ਾਂ ਦੇ ਅਹਿਮ ਮੈਂਬਰ ਥਾਈਲੈਂਡ ਨੂੰ ਦੱਖਣ-ਪੂਰਬੀ ਏਸ਼ਿਆਈ ਖੇਤਰ ਵਿਚ ਅਹਿਮ ਰਣਨੀਤਕ ਭਾਈਵਾਲ ਵਜੋਂ ਦੇਖਿਆ ਜਾਂਦਾ ਹੈ। ਮੰਤਰਾਲੇ ਨੇ ਕਿਹਾ, "ਦੋਵਾਂ ਮੰਤਰੀਆਂ ਨੇ ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਵੀ ਚਰਚਾ ਕੀਤੀ ਅਤੇ ਅਤੇ ਉਪ-ਖੇਤਰੀ, ਖੇਤਰੀ ਅਤੇ ਬਹੁ-ਪੱਖੀ ਮੰਚਾਂ 'ਤੇ ਕਰੀਬੀ ਸਹਿਯੋਗ ਪ੍ਰਤੀ ਵਚਨਬੱਧਤਾ ਪ੍ਰਗਟਾਈ।"

ਜੈਸ਼ੰਕਰ ਨੇ 12 ਜੁਲਾਈ ਨੂੰ ਥਾਈਲੈਂਡ ਦੇ ਮੰਤਰੀ ਨਾਲ ਮੀਟਿੰਗ ਕੀਤੀ ਸੀ ਅਤੇ ਉਨ੍ਹਾਂ ਦੇ ਸਨਮਾਨ ਵਿਚ ਦੁਪਹਿਰ ਦੇ ਭੋਜ ਦੀ ਮੇਜ਼ਬਾਨੀ ਕੀਤੀ ਸੀ। ਬਿਮਸਟੇਕ ਰਾਹੀਂ ਬਹੁ-ਪੱਖੀ ਸਹਿਯੋਗ ਲਈ ਦੱਖਣੀ ਤੇ ਦੱਖਣ-ਪੂਰਬੀ ਏਸ਼ੀਆ ਦੇ ਸੱਤ ਦੇਸ਼ਾਂ ਨੂੰ ਇੱਕ ਮੰਚ 'ਤੇ ਲਿਆਂਦਾ ਗਿਆ ਹੈ।

# ਜੰਗਬੰਦੀ ਬਾਰੇ ਵਾਰਤਾ ਬਰਕਰਾਰ: ਹਮਾਸ

**ਮੁਵਾਸੀ:** ਹਮਾਸ ਨੇ ਕਿਹਾ ਹੈ ਕਿ ਗਾਜ਼ਾ ਜੰਗਬੰਦੀ ਬਾਰੇ ਵਾਰਤਾ ਜਾਰੀ ਹੈ ਅਤੇ ਉਨ੍ਹਾਂ ਦਾ ਫ਼ੌਜੀ ਕਮਾਂਡਰ ਬਿਲਕੁਲ ਠੀਕ-ਠਾਕ ਹੈ। ਇਜ਼ਰਾਇਲੀ ਫ਼ੌਜ ਨੇ ਇਕ ਦਿਨ ਪਹਿਲਾਂ ਹਮਾਸ ਕਮਾਂਡਰ ਮੁਹੰਮਦ ਦੀਫ਼ ਨੂੰ ਨਿਸ਼ਾਨਾ ਬਣਾਉਂਦਿਆਂ ਜ਼ੋਰਦਾਰ ਹਵਾਈ ਹਮਲਾ ਕੀਤਾ ਸੀ ਜਿਸ 'ਚ ਬੱਚਿਆਂ ਸਮੇਤ 90 ਵਿਅਕਤੀ ਮਾਰੇ ਗਏ ਸਨ।

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਸੀ ਕਿ ਦੀਫ਼ ਦੀ ਹਾਲਤ ਬਾਰੇ ਕੁਝ ਵੀ ਪਤਾ ਨਹੀਂ ਹੈ। ਹਮਾਸ ਦੇ ਨੁਮਾਇੰਦਿਆਂ ਨੇ ਆਪਣੇ ਕਮਾਂਡਰ ਦੀ ਸਿਹਤ ਬਾਰੇ ਕੋਈ ਸਬੂਤ ਨਹੀਂ ਦਿੱਤਾ ਹੈ। ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਕਿ ਦੀਫ਼ ਦਾ ਨੇੜਲਾ ਸਹਿਯੋਗੀ ਰਾਫ਼ਾ ਸਲਾਮਾ ਹਮਲੇ ਦੌਰਾਨ ਮਾਰਿਆ ਗਿਆ ਹੈ। ਸਲਾਮਾ ਹਮਾਸ ਦੀ ਖ਼ਾਨ ਯੂਨਿਸ ਬ੍ਰਿਗੇਡ ਦਾ ਮੁਖੀ ਸੀ। ਹਮਾਸ ਨੇ ਹਮਲੇ ਮਗਰੋਂ ਜੰਗਬੰਦੀ ਬਾਰੇ ਚੱਲ ਰਹੀ ਵਾਰਤਾ ਮੁਅੱਤਲ ਕਰਨ ਦੀਆਂ ਰਿਪੋਰਟਾਂ ਨੂੰ ਨਕਾਰ ਦਿੱਤਾ। ਤਰਜਮਾਨ ਜਿਹਾਦ ਤਾਹਾ ਨੇ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਭਿਆਨਕ ਕਤਲੇਆਮ ਕਾਰਨ ਕਿਸੇ ਵੀ ਕੋਸ਼ਿਸ਼ 'ਤੇ ਅਸਰ ਪੈ ਸਕਦਾ ਹੈ ਪਰ ਵਿਚੋਲਿਆਂ ਵਿਚਕਾਰ ਵਾਰਤਾ ਜਾਰੀ ਰਹੇਗੀ।



ਹਮਲੇ 'ਚ ਬਚੇ ਕੁਝ ਲੋਕਾਂ ਨੇ ਕਿਹਾ ਕਿ ਇਲਾਕੇ 'ਚ ਬਿਨ੍ਹਾਂ ਕਿਸੇ ਚਿਤਾਵਨੀ ਦੇ ਹਮਲਾ ਕੀਤਾ ਗਿਆ ਸੀ। ਹਮਲੇ 'ਚ 300 ਤੋਂ ਵਿਅਕਤੀ ਜ਼ਖ਼ਮੀ ਹੋਏ ਹਨ। ਇਸ ਦੌਰਾਨ ਪੂਰਬੀ ਯੇਰੂਸ਼ਲਮ ਦੇ ਫਲਸਤੀਨੀ ਵਸਨੀਕ ਨੇ ਮੱਧ ਇਜ਼ਰਾਈਲ 'ਚ ਲੋਕਾਂ 'ਤੇ ਕਾਰ ਚੜ੍ਹਾ ਦਿੱਤੀ ਜਿਸ 'ਚ ਚਾਰ ਇਜ਼ਰਾਇਲੀ ਜ਼ਖ਼ਮੀ ਹੋ ਗਏ। ਪੁਲਿਸ ਨੇ ਹਮਲਾਵਰ ਨੂੰ ਮੌਕੇ 'ਤੇ ਹੀ ਗੋਲੀ ਮਾਰ ਦਿੱਤੀ। ਉਧਰ ਨੁਸਰਤ 'ਚ ਇਜ਼ਰਾਈਲ ਵੱਲੋਂ ਇਕ ਸਕੂਲ ਦੇ ਗੇਟ 'ਤੇ ਕੀਤੇ ਗਏ ਹਮਲੇ 'ਚ 13 ਵਿਅਕਤੀ ਮਾਰੇ ਗਏ। ਇਜ਼ਰਾਇਲੀ ਫੌਜ ਨੇ ਇਕ ਬਿਆਨ 'ਚ ਕਿਹਾ ਕਿ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਏਜੰਸੀ ਵੱਲੋਂ ਚਲਾਏ ਜਾ ਰਹੇ ਸਕੂਲ ਨੇੜਲੇ ਇਲਾਕੇ 'ਚ ਅਤਿਵਾਦੀ ਸਰਗਰਮ ਸਨ ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

# ਪਾਕਿਸਤਾਨ: ਪਹਿਲੀ ਮਹਿਲਾ ਚੀਫ ਜਸਟਿਸ ਬਣੀ ਆਲੀਆ ਨੀਲਮ

**ਲਾਹੌਰ:** ਜਸਟਿਸ ਆਲੀਆ ਨੀਲਮ ਨੇ ਲਾਹੌਰ ਹਾਈ ਕੋਰਟ ਦੀ ਚੀਫ ਜਸਟਿਸ ਵਜੋਂ ਸਹੁੰ ਚੁੱਕੀ ਹੈ। ਉਹ ਪਾਕਿਸਤਾਨ ਦੀ ਪਹਿਲੀ ਮਹਿਲਾ ਹੈ ਜੋ ਕਿਸੇ ਹਾਈ ਕੋਰਟ ਦੇ ਚੀਫ ਜਸਟਿਸ ਦੇ ਅਹੁਦੇ 'ਤੇ ਪਹੁੰਚੀ ਹੈ। ਲਹਿੰਦੇ ਪੰਜਾਬ ਦੇ ਗਵਰਨਰ ਸਰਦਾਰ ਸਲੀਮ ਹੈਦਰ ਖਾਨ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਵਾਈ। ਪੰਜਾਬ ਸੂਬੇ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਮਰੀਅਮ ਨਵਾਜ਼ ਵੀ ਸਹੁੰ ਚੁੱਕ ਸਮਾਗਮ 'ਚ ਹਾਜ਼ਰ ਸਨ। ਜਸਟਿਸ ਨੀਲਮ (57) ਲਾਹੌਰ ਹਾਈ ਕੋਰਟ 'ਚ ਜੱਜਾਂ ਦੀ ਸੀਨੀਅਰਤਾ ਸੂਚੀ ਵਿਚ ਤੀਜੇ ਸਥਾਨ 'ਤੇ ਸਨ ਪਰ ਪਾਕਿਸਤਾਨ ਦੇ ਚੀਫ ਜਸਟਿਸ ਕਾਜ਼ੀ ਫੈਜ਼ ਇਸਾ ਦੀ ਪ੍ਰਧਾਨਗੀ ਹੇਠਲੇ ਜੁਡੀਸ਼ਿਅਲ ਕਮਿਸ਼ਨ ਨੇ ਉਨ੍ਹਾਂ ਨੂੰ ਇਸ ਅਹੁਦੇ ਲਈ ਨਾਮਜ਼ਦ ਕਰਨ ਦਾ ਫ਼ੈਸਲਾ ਕੀਤਾ।

# ਕੇ.ਪੀ. ਸ਼ਰਮਾ ਓਲੀ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

**ਕਾਠਮੰਡੂ:** ਕੇ.ਪੀ. ਸ਼ਰਮਾ ਓਲੀ ਨੇ ਚੌਥੀ ਵਾਰ ਨੇਪਾਲ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਹੈ। ਨੇਪਾਲ ਦੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਦੇ ਆਗੂ ਨੂੰ ਬੀਤ ਦਿਨੀਂ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਵੱਲੋਂ ਨਵੀਂ ਗਠਜੋੜ ਸਰਕਾਰ ਦੀ ਅਗਵਾਈ ਕਰਨ ਲਈ ਨੇਪਾਲ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ। ਇਸ ਵੇਲੇ ਸਰਕਾਰ ਦੇਸ਼ ਵਿਚ ਰਾਜਨੀਤਕ ਸਥਿਰਤਾ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਓਲੀ (72) ਪੁਸ਼ਪ ਕਮਲ ਦਹਿਲ ਪ੍ਰਚੰਡ ਦੀ ਥਾਂ ਲੈਣਗੇ ਜੋ ਪ੍ਰਤੀਨਿਧ ਸਦਨ ਵਿਚ ਭਰੋਸੇ ਦਾ ਵੋਟ ਗੁਆ ਬੈਠੇ ਸਨ ਜਿਸ ਨਾਲ ਓਲੀ ਦੀ ਅਗਵਾਈ ਵਾਲੀ ਨਵੀਂ ਸਰਕਾਰ ਦਾ ਗਠਨ ਹੋਇਆ। ਉਹ ਸੰਸਦ ਦੀ ਸਭ ਤੋਂ ਵੱਡੀ ਪਾਰਟੀ ਨੇਪਾਲੀ ਕਾਂਗਰਸ ਦੇ ਸਮਰਥਨ ਨਾਲ ਪ੍ਰਧਾਨ ਮੰਤਰੀ ਬਣੇ।

# ਜੰਮੂ ਕਸ਼ਮੀਰ ਦੇ ਉਪ ਰਾਜਪਾਲ ਨੂੰ ਵਧੇਰੇ ਤਾਕਤਾਂ ਦਿੱਤੀਆਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਦੇ ਉਪ ਰਾਜਪਾਲ (ਐਲ.ਜੀ.) ਨੂੰ ਪੁਲਿਸ, ਆਈ.ਏ.ਐਸ. ਅਤੇ ਆਈ.ਪੀ.ਐਸ. ਵਰਗੀਆਂ ਆਲ ਇੰਡੀਆ ਸੇਵਾਵਾਂ ਦੇ ਅਧਿਕਾਰੀਆਂ ਨਾਲ ਸਬੰਧਤ ਫੈਸਲੇ ਲੈਣ ਅਤੇ ਵੱਖ-ਵੱਖ ਮਾਮਲਿਆਂ ਵਿਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਲਈ ਹੋਰ ਤਾਕਤਾਂ ਸੌਂਪੀਆਂ ਹਨ। ਉਪ ਰਾਜਪਾਲ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨਾਲ ਸਬੰਧਤ ਮਾਮਲਿਆਂ ਤੋਂ ਇਲਾਵਾ ਐਡਵੋਕੇਟ ਜਨਰਲ ਅਤੇ ਹੋਰ ਕਾਨੂੰਨੀ ਅਧਿਕਾਰੀਆਂ ਦੀਆਂ ਨਿਯੁਕਤੀਆਂ ਸਬੰਧੀ ਵੀ ਫ਼ੈਸਲੇ ਲੈਣਗੇ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਕਸ਼ਮੀਰ ਪੁਨਰਗਠਨ ਐਕਟ, 2019 ਤਹਿਤ ਜਾਰੀ ਨਿਯਮਾਂ 'ਚ ਸੋਧ ਕਰ ਕੇ ਉਪ ਰਾਜਪਾਲ ਦੀਆਂ ਤਾਕਤਾਂ ਵਧਾ ਦਿੱਤੀਆਂ। ਗ੍ਰਹਿ ਮੰਤਰਾਲੇ ਦੇ ਇਕ ਨੋਟੀਫਿਕੇਸ਼ਨ ਮੁਤਾਬਕ, "ਪੁਲਿਸ, ਲੋਕ ਪ੍ਰਬੰਧ, ਆਲ ਇੰਡੀਆ ਸਰਵਿਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਦੇ ਸਬੰਧ ਵਿਚ ਵਿੱਤ ਵਿਭਾਗ ਦੀ ਪਿਛਲੀ ਸਹਿਮਤੀ ਦੀ ਜ਼ਰੂਰਤ ਵਾਲੇ ਕਿਸੇ ਵੀ ਪ੍ਰਸਤਾਵ ਨੂੰ ਉਦੋਂ ਤੱਕ ਸਵੀਕਾਰ ਜਾਂ ਨਾਮਨਜ਼ੂਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਇਸ ਨੂੰ ਮੁੱਖ ਸਕੱਤਰ ਰਾਹੀਂ ਉਪ ਰਾਜਪਾਲ ਦੇ ਸਾਹਮਣੇ ਨਹੀਂ ਰੱਖਿਆ ਜਾਂਦਾ ਹੈ।"

ਮੰਤਰਾਲੇ ਨੇ ਇਹ ਵੀ ਕਿਹਾ ਕਿ ਮੁੱਖ ਨਿਯਮਾਂ 'ਚ ਨੇਮ 43 ਮਗਰੋਂ ਇਹ ਨੇਮ ਸ਼ਾਮਲ ਕੀਤੇ ਜਾਣਗੇ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ, "ਕਾਨੂੰਨ, ਨਿਆਂ ਤੇ ਸੰਸਦੀ ਮਾਮਲਿਆਂ ਵਿਭਾਗ ਐਡਵੋਕੇਟ ਜਨਰਲ ਅਤੇ ਉਨ੍ਹਾਂ ਦੀ ਮਦਦ ਲਈ ਹੋਰ ਕਾਨੂੰਨੀ ਅਧਿਕਾਰੀਆਂ ਦੀ ਨਿਯੁਕਤੀ ਦੇ ਪ੍ਰਸਤਾਵ ਨੂੰ ਮੁੱਖ ਸਕੱਤਰ ਅਤੇ ਮੁੱਖ ਮੰਤਰੀ ਰਾਹੀਂ ਉਪ ਰਾਜਪਾਲ ਦੀ ਮਨਜ਼ੂਰੀ ਲਈ ਪੇਸ਼ ਕਰੇਗਾ।" ਨੋਟੀਫਿਕੇਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਪ੍ਰਦਾਨ ਕਰਨ ਜਾਂ ਅਪੀਲ ਦਾਇਰ ਕਰਨ ਦੇ ਸਬੰਧ ਵਿਚ ਕੋਈ ਵੀ ਪ੍ਰਸਤਾਵ ਕਾਨੂੰਨ, ਨਿਆਂ ਅਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਵੱਲੋਂ ਮੁੱਖ ਸਕੱਤਰ ਰਾਹੀਂ ਉਪ ਰਾਜਪਾਲ ਕੋਲ ਪੇਸ਼ ਕੀਤਾ ਜਾਵੇਗਾ।



# ਜਲੰਧਰ ਪੱਛਮੀ: 'ਆਪ' ਦੀ ਵੱਡੀ ਜਿੱਤ, ਕਾਂਗਰਸ ਤੀਜੇ ਨੰਬਰ 'ਤੇ ਖਿਸਕੀ

**ਜਲੰਧਰ:** ਜਲੰਧਰ ਪੱਛਮੀ ਰਾਖਵੇਂ ਵਿਧਾਨ ਸਭਾ ਹਲਕੇ ਦੀ 10 ਜੁਲਾਈ ਨੂੰ ਹੋਈ ਜ਼ਿਮਨੀ ਚੋਣ ਵਿਚ ਹੁਕਮਰਾਨ ਧਿਰ 'ਆਪ' ਦੇ ਉਮੀਦਵਾਰ ਮਹਿੰਦਰ ਭਗਤ ਨੇ ਬਾਜ਼ੀ ਮਾਰਦਿਆਂ ਵੱਡੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੂੰ 37325 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ।

ਮਹਿੰਦਰ ਭਗਤ ਨੂੰ ਕੁਲ 55246 ਵੋਟਾਂ ਪਈਆਂ ਜਦਕਿ ਸ਼ੀਤਲ ਅੰਗੁਰਾਲ ਸਿਰਫ਼ 17921 ਵੋਟਾਂ ਹੀ ਹਾਸਲ ਕਰ ਸਕੇ। ਸ਼ੀਤਲ ਅੰਗੁਰਾਲ 2022 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਇਸੇ ਹਲਕੇ ਤੋਂ 'ਆਪ' ਦੀ ਟਿਕਟ 'ਤੇ ਚੋਣ ਜਿੱਤੇ ਸਨ ਪਰ ਉਨ੍ਹਾਂ ਐਤਕੀਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਧਾਇਕੀ ਤੋਂ ਅਸਤੀਫ਼ਾ ਦਿੰਦਿਆਂ ਭਾਜਪਾ ਦਾ ਪੱਲਾ ਫੜ ਲਿਆ ਸੀ। 'ਆਪ' ਉਮੀਦਵਾਰ ਮਹਿੰਦਰ ਭਗਤ ਨੇ ਪਹਿਲੇ ਗੇੜ ਵਿਚ ਹੀ ਆਪਣੇ ਵਿਰੋਧੀਆਂ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਆਖਰੀ 13ਵੇਂ ਗੇੜ ਤੱਕ ਲੀਡ ਨਹੀਂ ਟੁੱਟੀ।



ਕਾਂਗਰਸ ਪਾਰਟੀ, ਜਿਸ ਨੇ ਹੁਣੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਤੋਂ ਜਿੱਤ ਹਾਸਲ ਕੀਤੀ ਸੀ, ਦੀ ਉਮੀਦਵਾਰ ਸੁਰਿੰਦਰ ਕੌਰ ਖਿਸਕ ਕੇ ਤੀਜੇ ਸਥਾਨ 'ਤੇ ਪਹੁੰਚ ਗਈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕਾਂਗਰਸ ਉਮੀਦਵਾਰ ਸੁਰਿੰਦਰ ਕੌਰ ਨੂੰ 16757, ਅਕਾਲੀ ਦਲ ਦੀ ਸੁਰਜੀਤ ਕੌਰ ਨੂੰ 1242, ਬਹੁਜਨ ਸਮਾਜ ਪਾਰਟੀ ਦੇ ਬਿੰਦਰ ਕੁਮਾਰ ਲਾਖਾ ਨੂੰ 734 ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ ਖਾਲਸਾ ਨੂੰ 662 ਵੋਟਾਂ ਮਿਲੀਆਂ।

ਚੋਣ ਮੈਦਾਨ 'ਚ ਆਜ਼ਾਦ ਉਮੀਦਵਾਰ ਵਜੋਂ ਨਿੱਤਰੇ ਅਜੇ ਕੁਮਾਰ ਭਗਤ ਨੂੰ 346, ਅਜੇ ਪਾਲ ਵਾਲਮੀਕਿ ਨੂੰ 62, ਆਰਤੀ ਨੂੰ 43, ਇੰਦਰਜੀਤ ਸਿੰਘ ਨੂੰ 139, ਦੀਪਕ ਭਗਤ ਨੂੰ 94, ਨੀਟੂ ਸ਼ਟਰਾਂ ਵਾਲਾ ਨੂੰ 236, ਰਾਜ ਕੁਮਾਰ ਸਾਕੀ ਨੂੰ 113, ਵਰੁਨ ਕਲੇਰ ਵਰੀ ਨੂੰ 192 ਅਤੇ ਵਿਸ਼ਾਲ ਨੂੰ 135 ਵੋਟਾਂ ਹਾਸਲ ਹੋਈਆਂ। ਇਸੇ ਤਰ੍ਹਾਂ 687 ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ।

## ਲੋਕ ਸਾਡੇ ਕੰਮਾਂ ਤੋਂ ਖੁਸ਼: ਭਗਵੰਤ ਮਾਨ

**ਚੰਡੀਗੜ੍ਹ:** ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ 'ਚ 'ਆਪ' ਉਮੀਦਵਾਰ ਮਹਿੰਦਰ ਭਗਤ ਦੀ ਜਿੱਤ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੂਬਾ ਸਰਕਾਰ ਦੇ ਕੰਮ ਤੋਂ ਵਧੇਰੇ ਖੁਸ਼ ਹਨ ਜਿਸ ਕਾਰਨ ਉਨ੍ਹਾਂ 'ਆਪ' ਉਮੀਦਵਾਰ ਨੂੰ ਵੱਡੇ ਫ਼ਰਕ ਨਾਲ ਜਿਤਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਉਹ ਜਲੰਧਰ ਵੈਸਟ ਨੂੰ 'ਬੈਸਟ' ਬਣਾਉਣ ਲਈ ਹਰਸੰਭਵ ਕੋਸ਼ਿਸ਼ ਕਰਨਗੇ।

## ਸਰਕਾਰ ਤੋਂ ਸਿੱਧੂ ਮੂਸੇਵਾਲਾ ਕੇਸ ਵਿਚ ਇਨਸਾਫ਼ ਦੀ ਉਮੀਦ ਨਹੀਂ: ਵੜਿੰਗ



**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਉਤੇ ਵਰ੍ਹਦਿਆਂ ਕਿਹਾ 'ਆਪ' ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਰਾਹੀਂ ਕੋਰਟ ਵਿਚ ਰਿਪੋਰਟ ਦਾਇਰ ਕੀਤੀ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ 2023 ਵਿਚ ਬਠਿੰਡਾ ਜੇਲ੍ਹ ਵਿਚੋਂ ਲਈ ਗਈ ਸੀ, ਜਿੱਥੇ ਉਹ ਬੰਦ ਸੀ।

ਰਾਜਾ ਵੜਿੰਗ ਨੇ ਸੋਸ਼ਲ ਮੀਡੀਆ 'ਐਕਸ' ਉਤੇ ਕੀਤੀ ਪੋਸਟ ਵਿਚ ਕਿਹਾ ਕਿ ਪੰਜਾਬ ਦੇ ਲੋਕ ਜਵਾਬ ਮੰਗਦੇ ਹਨ। ਇਕ ਗੈਂਗਸਟਰ ਲਈ ਜੇਲ੍ਹ ਅੰਦਰੋਂ ਇੰਟਰਵਿਊ ਦੇਣਾ ਕਿਵੇਂ ਸੰਭਵ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਕਾਲੇ ਦਿਨ ਆਉਣਾ ਵਾਲੇ ਹਨ, ਅਸੀਂ ਅਜਿਹੀ ਸਰਕਾਰ ਤੋਂ ਸਿੱਧੂ ਮੂਸੇਵਾਲਾ ਕੇਸ ਲਈ ਇਨਸਾਫ਼ ਦੀ ਉਮੀਦ ਨਹੀਂ ਕਰ ਸਕਦੇ ਜਿਸ ਸਰਕਾਰ ਵਿਚ ਗੈਂਗਸਟਰਾਂ ਕੋਲ ਪ੍ਰਸ਼ਾਸਨ ਤੋਂ ਜ਼ਿਆਦਾ ਤਾਕਤ ਹੈ।

ਸਿੱਟ ਜੇਲ੍ਹ ਵਿਚ ਬੰਦ ਗੈਂਗਸਟਰ ਬਿਸ਼ਨੋਈ ਦੇ ਦੋ ਟੀਵੀ ਇੰਟਰਵਿਊ ਦੀ ਜਾਂਚ ਕਰ ਰਹੀ ਹੈ, ਜੋ ਕਥਿਤ ਤੌਰ ਤੇ 2023 ਵਿਚ ਪ੍ਰਾਈਵੇਟ ਚੈਨਲਾਂ ਨੂੰ ਦਿੱਤੇ ਗਏ ਸਨ। ਉਸ ਸਮੇਂ ਉਹ ਪੰਜਾਬ ਦੀ ਬਠਿੰਡਾ ਜੇਲ੍ਹ ਵਿਚ ਬੰਦ ਸੀ। ਬਿਸ਼ਨੋਈ ਇਸ ਸਮੇਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਮਾਮਲੇ ਵਿਚ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਬੰਦ ਹੈ।

# ਜ਼ਿਮਨੀ ਚੋਣ: ਆਪਸੀ ਕਲੇਸ਼ ਨੇ ਹੀ ਕਾਂਗਰਸ ਦੀ ਬੇੜੀ ਡੋਬੀ

**ਜਲੰਧਰ:** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਦੇ ਨਤੀਜੇ ਵਿਚ ਕਾਂਗਰਸ ਤੀਜੇ ਸਥਾਨ ਉਤੇ ਰਹੀ ਹੈ। ਇਸ ਚੋਣ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਸੁਰ ਆਪਸ ਵਿਚ ਨਹੀਂ ਰਲੇ, ਜਿਸ ਦਾ ਖਾਮਿਆਜ਼ਾ ਪਾਰਟੀ ਨੂੰ ਭੁਗਤਣਾ ਪਿਆ। ਇਸ ਨਤੀਜੇ ਵਿਚ ਕਾਂਗਰਸ ਦੀਆਂ 38 ਦਿਨਾਂ ਦੌਰਾਨ 27 ਹਜ਼ਾਰ ਤੋਂ ਵੱਧ ਵੋਟਾਂ ਘੱਟ ਗਈਆਂ।

ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ 44000 ਤੋਂ ਵੱਧ ਵੋਟਾਂ ਲੈ ਕੇ ਗਈ ਸੀ ਅਤੇ ਉਪ ਚੋਣ ਦੇ 14 ਜੁਲਾਈ ਨੂੰ ਆਏ ਨਤੀਜਿਆਂ ਵਿਚ ਉਹ 20 ਹਜ਼ਾਰ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਲੋਕ ਸਭਾ ਚੋਣਾਂ ਵਿਚ ਚਰਨਜੀਤ ਸਿੰਘ ਚੰਨੀ ਉਮੀਦਵਾਰ ਸੀ ਤੇ ਉਪ ਚੋਣ ਵਿਚ ਬੀਬੀ ਸੁਰਿੰਦਰ ਕੌਰ।

ਲੋਕਾਂ ਦੇ ਇਸ ਬਦਲੇ ਮਿਜ਼ਾਜ ਨੂੰ ਕਾਂਗਰਸ ਨੇ ਸਮਝਣ ਵਿਚ ਕਿੱਥੇ ਭੁੱਲ ਕਰ ਦਿੱਤੀ ਕਿ ਉਹ ਪਹਿਲੇ ਸਥਾਨ ਤੋਂ ਖਿਸਕ ਕੇ ਸਿੱਧਾ ਤੀਜੇ 'ਤੇ ਜਾ ਡਿੱਗੀ। ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਤੀਜੇ ਸਥਾਨ 'ਤੇ ਰਹੀ ਸੀ। ਇਸ ਉਪ ਚੋਣ ਵਿਚ 'ਆਪ' ਦੇ ਉਮੀਦਵਾਰ ਨੇ ਬੜੀ ਸ਼ਾਨ ਨਾਲ ਜਿੱਤ ਦਰਜ ਕੀਤੀ ਹੈ। ਕਾਂਗਰਸੀ ਆਗੂ ਇਹ ਸੋਚਦੇ ਰਹਿ ਗਏ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਦੇਖ ਕੇ ਕਾਂਗਰਸ ਦਾ ਉਪ ਚੋਣ ਵਿਚ ਵੋਟ ਬੈਂਕ ਵਧੇਗਾ ਪਰ ਹੋਇਆ ਬਿਲਕੁਲ ਉਲਟ। ਸਿਰਫ਼ 38 ਦਿਨਾਂ ਵਿਚ ਹੀ ਕਾਂਗਰਸ ਕਰੀਬ 27,500 ਵੋਟਾਂ ਗੁਆ ਬੈਠੀ ਹੈ। ਅਜਿਹਾ ਅਚਾਨਕ ਨਹੀਂ ਹੋਇਆ, ਸਗੋਂ ਜਿਸ ਦਿਨ ਤੋਂ ਚੋਣਾਂ ਦਾ ਐਲਾਨ ਹੋਇਆ, ਉਸ ਦਿਨ ਤੋਂ ਹੀ ਕਾਂਗਰਸ ਦੀ ਚੋਣ ਮੁਹਿੰਮ ਮਜ਼ਬੂਤ ਹੋਣ ਦੀ ਬਜਾਏ ਲਗਾਤਾਰ ਕਮਜ਼ੋਰ ਹੁੰਦੀ ਗਈ।



ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਮੁੱਖ ਮੰਤਰੀ ਤੇ ਐਮ.ਪੀ. ਚਰਨਜੀਤ ਸਿੰਘ ਚੰਨੀ ਦਾ ਆਪਸੀ ਤਾਲਮੇਲ ਕਿਧਰੇ ਵੀ ਨਜ਼ਰ ਨਹੀਂ ਆਇਆ। ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦਾ ਐਲਾਨ ਹੁੰਦੇ ਹੀ 21 ਦਾਅਵੇਦਾਰ ਸਾਹਮਣੇ ਆਏ ਪਰ ਪਾਰਟੀ ਨੇ ਸਾਬਕਾ ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੌਰ ਨੂੰ ਟਿਕਟ ਦੇ ਕੇ ਸਾਰਿਆਂ ਨੂੰ ਸ਼ਾਂਤ ਕਰ ਦਿੱਤਾ ਹੈ। ਬਹੁਤੇ ਆਗੂ ਟਿਕਟਾਂ ਨਾ ਮਿਲਣ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕਰਦੇ ਰਹੇ, ਜੋ ਵੋਟ ਪਾਉਣ ਹੀ ਨਹੀਂ ਨਿਕਲੇ। ਤਰਸੇਮ ਸਿੰਘ ਲਖੋਤਰਾ ਅਤੇ ਰਾਜੀਵ ਟਿੱਕਾ ਵਰਗੇ ਸੀਨੀਅਰ ਆਗੂ ਪਾਰਟੀ ਛੱਡ ਗਏ।

ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਸੀ ਕਿ ਸੁਰਿੰਦਰ ਕੌਰ ਸੀਨੀਅਰ ਡਿਪਟੀ ਮੇਅਰ ਦੇ ਹੁੰਦਿਆਂ ਆਪਣੇ ਦਫ਼ਤਰ ਨਹੀਂ ਗਈ। ਇਹ ਮੁੱਦਾ ਚੋਣਾਂ ਦੌਰਾਨ ਚਰਚਾ 'ਚ ਰਿਹਾ ਪਰ ਕਿਸੇ ਵੀ ਸੀਨੀਅਰ ਕਾਂਗਰਸੀ ਆਗੂ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਕਾਂਗਰਸ ਨੇ ਬਹੁਤ ਦੇਰ ਨਾਲ ਟਿਕਟ ਦਾ ਐਲਾਨ ਕੀਤਾ ਅਤੇ ਇਸ ਤੋਂ ਬਾਅਦ ਉਹ ਚੋਣ ਪ੍ਰਚਾਰ ਵਿਚ ਓਨੀ ਚੁਸਤੀ ਨਹੀਂ ਦਿਖਾ ਸਕੀ, ਜਿੰਨੀ ਲੋਕ ਸਭਾ ਚੋਣਾਂ ਵਿਚ ਦਿਖਾਈ ਸੀ। ਸਭ ਤੋਂ ਅਹਿਮ ਗੱਲ ਇਹ ਸੀ ਕਿ ਜਲੰਧਰ ਦੇ ਨਵੇਂ ਬਣੇ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਲੁਧਿਆਣਾ ਦੇ ਸੰਸਦ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਪ੍ਰਤਾਪ ਸਿੰਘ ਬਾਜਵਾ ਰਲ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਹਮਲਾਵਰ ਚੋਣ ਮੁਹਿੰਮ ਦਾ ਟਾਕਰਾ ਨਹੀਂ ਕਰ ਸਕੇ।

# ਇਮਰਾਨ ਖਾਨ ਦੀ ਪਾਰਟੀ 'ਤੇ ਪਾਬੰਦੀ ਲਗਾਉਣ ਦਾ ਫੈਸਲਾ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਕੀਤਾ ਹੈ। ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾ ਤਰਾਰ ਨੇ ਕਿਹਾ ਕਿ ਇਹ ਫ਼ੈਸਲਾ ਪੀ.ਟੀ.ਆਈ. ਦੇ ਆਗੂਆਂ ਵੱਲੋਂ ਕੌਮਾਂਤਰੀ ਮੁਦਰਾ ਫੰਡ ਨਾਲ ਪਾਕਿਸਤਾਨ ਦੇ ਸਮਝੌਤੇ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਕੀਤਾ ਗਿਆ ਹੈ।

ਪਾਕਿਸਤਾਨ ਦੇ ਸੂਚਨਾ ਮੰਤਰੀ ਨੇ ਕਿਹਾ ਕਿ ਕੌਮੀ ਸਰਕਾਰ ਨੇ ਪੀ.ਟੀ.ਆਈ. ਉਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ।



ਸਰਕਾਰ ਆਪਣੇ ਹਾਲੀਆ ਫੈਸਲੇ ਨੂੰ ਚੁਣੌਤੀ ਦੇਣ ਲਈ ਪਾਕਿਸਤਾਨ ਦੀ ਸੁਪਰੀਮ ਕੋਰਟ ਵਿਚ ਸਮੀਖਿਆ ਪਟੀਸ਼ਨ ਦਾਇਰ ਕਰੇਗੀ।

# ਭਗਵੰਤ ਮਾਨ ਨੇ ਪਾਰਟੀ ਅੰਦਰ ਆਪਣਾ ਲੋਹਾ ਮੰਨਵਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਲਈ ਵੱਕਾਰੀ ਸੀਟ ਜਲੰਧਰ (ਪੱਛਮੀ) ਜ਼ਿਮਨੀ ਚੋਣ ਦੀ ਜਿੱਤ ਦੀ ਧਮਕ ਹੁਣ ਦਿੱਲੀ ਤੱਕ ਪਈ ਹੈ ਅਤੇ 'ਆਪ' ਨੇ ਇਹ ਸੀਟ ਜਿੱਤ ਕੇ ਆਪਣੀ ਸਿਆਸੀ ਸਮਰੱਥਾ ਦਿਖਾਈ ਹੈ। ਜਲੰਧਰ (ਪੱਛਮੀ) ਦੀ ਜ਼ਿਮਨੀ ਚੋਣ ਆਪ ਵੱਲੋਂ 37,325 ਵੋਟਾਂ ਦੀ ਵੱਡੀ ਲੀਡ ਨਾਲ ਜਿੱਤਣ ਦੇ ਸਿਆਸੀ ਮਾਅਨੇ ਹਨ। ਉਸ ਤੋਂ ਵੱਡੇ ਮਾਅਨੇ ਭਗਵੰਤ ਮਾਨ ਵੱਲੋਂ ਦਿੱਤੀ ਅਗਵਾਈ ਦੇ ਹਨ ਜਿਨ੍ਹਾਂ ਜਲੰਧਰ ਵਿਚ ਡੇਰਾ ਲਾ ਕੇ ਆਪਣੀ ਕਾਬਲੀਅਤ ਦਰਸਾਈ ਹੈ।



ਮੁੱਖ ਮੰਤਰੀ ਦਾ ਸਮੁੱਚਾ ਪਰਿਵਾਰ ਅਤੇ ਕੈਬਨਿਟ ਮੰਤਰੀਆਂ ਤੋਂ ਇਲਾਵਾ ਵਿਧਾਇਕ ਤੇ ਪਾਰਟੀ ਦੇ ਅਹੁਦੇਦਾਰ ਵੀ ਜਲੰਧਰ 'ਚ ਚੋਣ ਪ੍ਰਚਾਰ ਵਿਚ ਜੁਟੇ ਰਹੇ। ਇਹ ਪਹਿਲੀ ਅਜਿਹੀ ਚੋਣ ਹੋਵੇਗੀ ਜਿਸ ਵਿਚ 'ਆਪ' ਹਾਈਕਮਾਨ ਦੀ ਭੂਮਿਕਾ ਪਹਿਲੀਆਂ ਚੋਣਾਂ ਦੀ ਤਰਜ਼ ਤੋਂ ਹਟ ਕੇ ਰਹੀ ਹੈ। ਜਲੰਧਰ ਜ਼ਿਮਨੀ ਚੋਣ ਇਕ ਤਰੀਕੇ ਨਾਲ ਭਗਵੰਤ ਮਾਨ 'ਤੇ ਟਿਕੀ ਹੋਈ ਸੀ ਜਿਨ੍ਹਾਂ ਨੇ ਚੋਣ ਵੱਡੇ ਫ਼ਰਕ ਨਾਲ ਜਿੱਤ ਕੇ ਪਾਰਟੀ ਦੇ ਅੰਦਰ ਅਤੇ ਬਾਹਰ ਆਪਣਾ ਲੋਹਾ ਮੰਨਵਾਇਆ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ 'ਚ ਸਿਰਫ ਤਿੰਨ ਸੀਟਾਂ ਮਿਲਣ ਕਰਕੇ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ 'ਤੇ ਉਂਗਲ ਚੁੱਕੀ ਸੀ ਪਰ ਹੁਣ ਜਲੰਧਰ ਜ਼ਿਮਨੀ ਚੋਣ ਜਿੱਤ ਕੇ ਉਹ ਸਾਰੀਆਂ ਧਿਰਾਂ ਦੇ ਮੂੰਹ ਬੰਦ ਕਰਨ ਵਿਚ ਕਾਮਯਾਬ ਹੋਏ ਹਨ।

ਜਲੰਧਰ 'ਚ ਜਿੱਤ ਮਗਰੋਂ ਮੁੱਖ ਮੰਤਰੀ ਦੀ ਮਕਬੂਲੀਅਤ ਵਧੀ ਹੈ ਅਤੇ ਤਿਹਾੜ ਜੇਲ੍ਹ 'ਚ ਬੰਦ 'ਆਪ' ਮੁਖੀ ਅਰਵਿੰਦ ਕੇਜਰੀਵਾਲ ਲਈ ਇਹ ਜਿੱਤ ਠੰਢੇ ਬੁੱਲੇ ਵਾਂਗ ਹੈ। ਲੰਘੇ ਦਿਨਾਂ ਤੋਂ ਚਰਚੇ ਸਨ ਕਿ ਮੁੱਖ ਮੰਤਰੀ ਨੂੰ ਲੈ ਕੇ 'ਆਪ' ਦੇ ਅੰਦਰ ਅਤੇ ਬਾਹਰ ਵਿਰੋਧੀ ਸੁਰਾਂ ਤਿੱਖੀਆਂ ਹੋਈਆਂ ਹਨ ਪਰ ਇਸ ਜਿੱਤ ਨੇ ਇਨ੍ਹਾਂ ਸੁਰਾਂ ਨੂੰ ਮੋੜਾ ਦਿੱਤਾ ਹੈ। 'ਆਪ' ਦੀ ਇਸ ਵੱਡੇ ਫਰਕ ਵਾਲੀ ਜਿੱਤ ਨੇ ਭਗਵੰਤ ਮਾਨ ਦਾ ਸਿਆਸੀ ਕੱਦ ਵਧਾਉਣ ਦੇ ਨਾਲ-ਨਾਲ ਪਾਰਟੀ ਅੰਦਰ ਪੈਂਠ ਵੀ ਮਜ਼ਬੂਤ ਕਰ ਦਿੱਤੀ ਹੈ। ਲੋਕ ਸਭਾ ਦੀ ਜ਼ਿਮਨੀ ਚੋਣ ਮਗਰੋਂ ਜਲੰਧਰ ਨੇ ਹੁਣ ਦੂਜੀ ਵਾਰ 'ਆਪ' ਦੀ ਲਾਜ ਰੱਖੀ ਹੈ। ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਵੀ ਇਸ ਚੋਣ ਲਈ ਜਲੰਧਰ ਦੇ ਗੇੜੇ ਲਾਏ ਸਨ। ਮੁੱਖ ਮੰਤਰੀ ਨੇ ਇਸ ਜ਼ਿਮਨੀ ਚੋਣ ਵਿਚ ਵੋਟਰਾਂ ਨਾਲ ਸਿੱਧਾ ਰਾਬਤਾ ਬਣਾਇਆ ਅਤੇ ਮੁਲਾਜ਼ਮ ਤੇ ਬੇਰੁਜ਼ਗਾਰ ਧਿਰਾਂ ਨਾਲ ਮੀਟਿੰਗਾਂ ਕਰਕੇ ਮਾਹੌਲ ਨੂੰ ਆਪਣੇ ਪੱਖ ਵਿਚ ਕੀਤਾ। 1967 ਤੋਂ ਮਗਰੋਂ ਹੋਈਆਂ 27 ਜ਼ਿਮਨੀ ਚੋਣਾਂ 'ਚੋਂ 20 ਵਾਰ ਹਾਕਮ ਧਿਰ ਜਿੱਤੀ ਹੈ ਪਰ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਉਸ ਵਕਤ ਸੱਤਾਧਾਰੀ ਧਿਰ ਨੇ ਜਿੱਤੀ ਹੈ ਜਦੋਂ ਮੁੱਖ ਮੰਤਰੀ ਖ਼ਿਲਾਫ਼ ਮਾਹੌਲ ਸਿਰਜਿਆ ਜਾ ਰਿਹਾ ਸੀ। ਮੁੱਖ ਮੰਤਰੀ ਨੇ ਚੋਣ ਪ੍ਰਚਾਰ ਤੋਂ ਪਹਿਲਾਂ ਜਲੰਧਰ ਵਿਚ ਕਿਰਾਏ 'ਤੇ ਕੋਠੀ ਲੈ ਕੇ ਆਰਜ਼ੀ ਠਾਹਰ ਕਰ ਲਈ ਸੀ। ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਇਸ ਚੋਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਕੈਬਨਿਟ ਵਜ਼ੀਰਾਂ ਅਤੇ ਵਿਧਾਇਕਾਂ ਨੇ ਆਪੋ ਆਪਣੇ ਵਾਰਡ 'ਚ ਸਿਰ ਤੋੜ ਯਤਨ ਕੀਤੇ। ਆਮ ਆਦਮੀ ਪਾਰਟੀ ਨੂੰ ਵੱਡਾ ਫ਼ਾਇਦਾ ਮਹਿੰਦਰ ਭਗਤ ਦੀ ਨਰਮ ਸ਼ਖ਼ਸੀਅਤ ਦਾ ਮਿਲਿਆ ਹੈ ਜਦਕਿ ਲੋਕ ਸਭਾ ਚੋਣਾਂ ਵਿਚ ਸੱਤ ਸੀਟਾਂ ਜਿੱਤਣ ਵਾਲੀ ਕਾਂਗਰਸ ਪਾਰਟੀ ਲਈ ਇਹ ਚੋਣ ਇਕ ਝਟਕਾ ਸਾਬਤ ਹੋਈ ਹੈ।

## ਜ਼ਿਮਨੀ ਚੋਣ ਨੇ ਮੁੱਖ ਮੰਤਰੀ ਦੀ ਬੇਚੈਨੀ ਜ਼ਾਹਰ ਕੀਤੀ: ਜਾਖੜ

**ਲੁਧਿਆਣਾ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਨ੍ਹਾਂ ਆਪਣੇ ਸਿਆਸੀ ਕਰੀਅਰ ਦੌਰਾਨ ਅਜਿਹਾ ਮੁੱਖ ਮੰਤਰੀ ਨਹੀਂ ਦੇਖਿਆ, ਜੋ ਜ਼ਿਮਨੀ ਚੋਣ ਲਈ ਇੰਨਾ ਬੇਚੈਨ ਅਤੇ ਨਿਰਾਸ਼ ਹੋਵੇ। ਉਨ੍ਹਾਂ ਕਿਹਾ ਕਿ ਉਹ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਨੂੰ ਇਕ ਹਲਕੇ ਦੀ ਚੋਣ ਲਈ ਕਿਰਾਏ ਦੇ ਮਕਾਨ ਵਿਚ ਡੇਰਾ ਲਾਉਣਾ ਪਿਆ ਹੋਵੇ। ਜਾਖੜ ਨੇ ਦਾਅਵਾ ਕੀਤਾ ਕਿ ਜੇ ਮੁੱਖ ਮੰਤਰੀ ਨੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਕੰਮ ਕੀਤੇ ਹੁੰਦੇ ਤਾਂ ਜਲੰਧਰ ਵਾਸੀਆਂ ਨਾਲ ਝੂਠੇ ਵਾਅਦੇ ਨਾ ਕਰਨੇ ਪੈਂਦੇ ਅਤੇ ਨਾ ਹੀ ਹਲਕੇ ਵਿਚ ਮਕਾਨ ਲੈ ਕੇ ਰਹਿਣਾ ਪੈਂਦਾ।

# ਪੰਚਾਇਤ ਤੇ ਨਿਗਮ ਚੋਣਾਂ ਟਲਣ ਦੇ ਅਸਾਰ, ਲੋਕ ਪੱਖੀ ਕੰਮਾਂ 'ਚ ਜੁਟੀ ਸਰਕਾਰ



**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤਾਂ ਤੇ ਨਗਰ ਨਿਗਮਾਂ ਦੀਆਂ ਚੋਣਾਂ ਆਗਾਮੀ ਵਿਧਾਨ ਸਭਾਈ ਜ਼ਿਮਨੀ ਚੋਣਾਂ ਕਾਰਨ ਟਲਣ ਦੀ ਸੰਭਾਵਨਾ ਬਣ ਗਈ ਹੈ। ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਮਗਰੋਂ ਹੀ ਪੰਚਾਇਤ ਅਤੇ ਨਿਗਮ ਚੋਣਾਂ ਹੋਣ ਦੀ ਸੰਭਾਵਨਾ ਹੈ।

ਚੋਣ ਕਮਿਸ਼ਨ ਵੱਲੋਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੀ ਜ਼ਿਮਨੀ ਚੋਣ ਦਾ ਕਿਸੇ ਵੀ ਸਮੇਂ ਐਲਾਨ ਕੀਤਾ ਜਾ ਸਕਦਾ ਹੈ। ਚੋਣਾਂ ਦਾ ਐਲਾਨ ਹੁੰਦੇ ਸਾਰ ਹੀ ਪੰਜਾਬ ਸਰਕਾਰ ਨੇ ਇਨ੍ਹਾਂ ਚੋਣਾਂ ਵਿਚ ਰੁੱਝ ਜਾਣਾ ਹੈ ਜਿਸ ਕਰਕੇ ਪੰਚਾਇਤੀ ਅਤੇ ਨਿਗਮ ਚੋਣਾਂ ਬਾਅਦ 'ਚ ਹੋਣ ਦੀ ਸੰਭਾਵਨਾ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਹਾਲ ਹੀ ਵਿਚ ਚੋਣ ਜ਼ਾਬਤੇ 'ਚੋਂ ਬਾਹਰ ਆਈ ਹੈ ਕਿਉਂਕਿ ਪਹਿਲਾਂ ਲੋਕ ਸਭਾ ਚੋਣਾਂ ਅਤੇ ਫਿਰ ਜਲੰਧਰ ਦੀ ਉਪ ਚੋਣ ਕਰਕੇ ਜ਼ਾਬਤਾ ਲੱਗਿਆ ਹੋਇਆ ਸੀ। 'ਆਪ' ਸਰਕਾਰ ਇਨ੍ਹਾਂ ਚੋਣਾਂ ਵਿਚ ਉਲਝੀ ਹੋਈ ਸੀ ਅਤੇ ਸਰਕਾਰ ਹੁਣ ਸਕੀਮਾਂ ਅਤੇ ਪ੍ਰੋਜੈਕਟਾਂ 'ਤੇ ਕੰਮ ਕਰਨ ਵਿਚ ਜੁਟ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਿਵਲ ਸਕੱਤਰੇਤ ਵਿਚ ਮੀਟਿੰਗਾਂ ਦਾ ਰੋਜ਼ਾਨਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਸਥਾਨਕ ਸਰਕਾਰਾਂ ਦੀਆਂ ਚੋਣਾਂ ਤੋਂ ਪਹਿਲਾਂ ਸਰਕਾਰ ਲੋਕ ਪੱਖੀ ਕੰਮਾਂ ਨੂੰ ਮੁਕੰਮਲ ਕਰਨਾ ਚਾਹੁੰਦੀ ਹੈ।

ਚਰਚਾ ਹੈ ਕਿ ਹਰਿਆਣਾ ਦੀਆਂ ਸਤੰਬਰ-ਅਕਤੂਬਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਪੰਜਾਬ ਦੇ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵੀ ਹੋ ਸਕਦੀਆਂ ਹਨ। ਉਂਜ ਇਸ ਦਾ ਪਹਿਲਾਂ ਵੀ ਐਲਾਨ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਦੇ ਕਾਫ਼ੀ ਮੁੱਦੇ ਕੈਬਨਿਟ ਦੀ ਪ੍ਰਵਾਨਗੀ ਲਈ ਬਕਾਇਆ ਪਏ ਹਨ ਅਤੇ ਹੋਰ ਸਰਕਾਰੀ ਕੰਮਕਾਰ ਵੀ ਪੈਂਡਿੰਗ ਪਿਆ ਹੈ। ਦੱਸਣਯੋਗ ਹੈ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਨਗਰ ਨਿਗਮਾਂ ਦੀ ਮਿਆਦ ਪਿਛਲੇ ਸਾਲ ਦੇ ਸ਼ੁਰੂ ਵਿਚ ਖ਼ਤਮ ਹੋ ਗਈ ਸੀ। ਫਗਵਾੜਾ ਨਗਰ ਨਿਗਮ ਦੀਆਂ ਚੋਣਾਂ ਪਹਿਲੀ ਵਾਰ ਹੋਣੀਆਂ ਹਨ। 41 ਨਗਰ ਕੌਂਸਲਾਂ, 23 ਜ਼ਿਲ੍ਹਾ ਪ੍ਰੀਸ਼ਦ, 150 ਪੰਚਾਇਤ ਸਮਿਤੀਆਂ ਅਤੇ 13241 ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ। 2018 ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਦੌਰਾਨ 100312 ਵਿਅਕਤੀ ਚੁਣੇ ਗਏ ਸਨ, ਜਿਨ੍ਹਾਂ ਵਿਚ 41922 ਔਰਤਾਂ ਸਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਚੋਣਾਂ ਤੋਂ ਪਹਿਲਾਂ ਵਾਰਡਬੰਦੀ ਅਤੇ ਰਾਖਵੇਂਕਰਨ ਦਾ ਕੰਮ ਮੁਕੰਮਲ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਹੈ। ਸੂਬੇ ਵਿਚ ਪੰਚਾਇਤਾਂ ਫਰਵਰੀ ਵਿਚ ਭੰਗ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਦੇ ਪ੍ਰਬੰਧਕ ਲਗਾਏ ਜਾ ਚੁੱਕੇ ਹਨ। ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੀ ਮਿਆਦ ਆਉਂਦੇ ਨਵੰਬਰ ਤੱਕ ਹੈ। ਕਾਂਗਰਸ ਸਰਕਾਰ ਵੇਲੇ ਪਹਿਲੇ ਪੜਾਅ 'ਚ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣ 19 ਸਤੰਬਰ, 2018 ਨੂੰ ਹੋਈਆਂ ਸਨ। ਉਸ ਤੋਂ ਪਹਿਲਾਂ ਮਈ 2013 ਵਿਚ ਪੰਚਾਇਤੀ ਚੋਣਾਂ ਹੋਈਆਂ ਸਨ।

### ਜ਼ਿਮਨੀ ਚੋਣਾਂ ਵਾਲੇ ਹਲਕੇ

**ਚੰਡੀਗੜ੍ਹ:** ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੇ ਵਿਧਾਇਕਾਂ ਦੇ ਲੋਕ ਸਭਾ ਚੋਣਾਂ ਜਿੱਤਣ ਕਾਰਨ ਇਨ੍ਹਾਂ ਹਲਕਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਤੈਅ ਹਨ। ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਦੇ ਸੰਗਰੂਰ, ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ, ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦੇ ਗੁਰਦਾਸਪੁਰ ਅਤੇ ਚੱਬੇਵਾਲ ਤੋਂ ਵਿਧਾਇਕ ਰਾਜ ਕੁਮਾਰ ਚੱਬੇਵਾਲ ਦੇ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਇਹ ਸੀਟਾਂ ਖਾਲੀ ਹੋਈਆਂ ਹਨ।

## ਕਾਰਗਰ ਸਾਬਤ ਹੋਈ 'ਬਿੱਲ ਲਿਆਓ, ਇਨਾਮ ਪਾਓ' ਸਕੀਮ: ਚੀਮਾ

**ਚੰਡੀਗੜ੍ਹ:** 'ਪੰਜਾਬ ਸਰਕਾਰ ਵੱਲੋਂ ਟੈਕਸ ਚੋਰਾਂ ਉਤੇ ਸ਼ਿਕੰਜਾ ਕੱਸਣ ਲਈ ਤਿਆਰ ਕੀਤੀ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਕਾਰਗਰ ਸਾਬਤ ਹੋ ਰਹੀ ਹੈ। ਸੂਬਾ ਸਰਕਾਰ ਨੇ ਹੁਣ ਤੱਕ ਗਲਤ ਢੰਗ ਨਾਲ ਬਿੱਲ ਜਾਰੀ ਕਰਨ ਵਾਲੇ ਵਪਾਰੀਆਂ ਨੂੰ 7.63 ਕਰੋੜ ਰੁਪਏ ਦੇ ਜੁਰਮਾਨੇ ਕਰ ਕੇ 5.87 ਕਰੋੜ ਰੁਪਏ ਵਸੂਲ ਕੀਤੇ ਹਨ।' ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਦੇ ਲੋਕਾਂ ਵੱਲੋਂ 'ਮੇਰਾ ਬਿੱਲ' ਮੋਬਾਈਲ ਐਪ 'ਤੇ ਬਿੱਲ ਅਪਲੋਡ ਕੀਤੇ ਜਾਂਦੇ ਹਨ। ਉਨ੍ਹਾਂ ਬਿੱਲਾਂ ਦੀ ਜਾਂਚ ਕਰ ਕੇ 1,604 ਵਪਾਰੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿਚੋਂ 711 ਦਾ ਨਿਬੇੜਾ ਹੋ ਚੁੱਕਾ ਹੈ, ਜਦੋਂ ਕਿ ਬਾਕੀਆਂ ਉਤੇ ਸੁਣਵਾਈ ਚੱਲ ਰਹੀ ਹੈ।

# ਲਖਬੀਰ ਲੰਡਾ ਗਰੋਹ ਦੇ ਪੰਜ ਗੈਂਗਸਟਰ ਹਥਿਆਰਾਂ ਸਣੇ ਗ੍ਰਿਫ਼ਤਾਰ



**ਜਲੰਧਰ:** ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਲਖਬੀਰ ਲੰਡਾ ਗੈਂਗ ਦੇ ਪੰਜ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਤਿੰਨ ਪਿਸਤੌਲ ਅਤੇ ਕਾਰਤੂਸ ਬਰਾਮਦ ਕੀਤੇ ਹਨ। ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਇਨ੍ਹਾਂ ਨਾਮੀ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਤਲ ਅਤੇ ਫਿਰੌਤੀ ਵਰਗੇ ਘਿਨਾਉਣੇ ਅਪਰਾਧਾਂ ਵਿਚ ਸ਼ਾਮਲ ਸਨ।

ਇਸ ਗਿਰੋਹ ਦੇ ਕੁੱਲ 13 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਹੁਣ ਸਿਮਰਨਜੀਤ ਸਿੰਘ ਉਰਫ਼ ਸਿੰਮਾ ਪੁੱਤਰ ਸਵਰਗੀ ਸਵਰਨ ਸਿੰਘ ਵਾਸੀ ਪਿੰਡ ਸੰਗਤਪੁਰਾ ਜ਼ਿਲ੍ਹਾ ਤਰਨਤਾਰਨ, ਪਰਮਜੀਤ ਸਿੰਘ ਉਰਫ਼ ਪੰਮਾ ਪੁੱਤਰ ਨਿਸ਼ਾਨ ਸਿੰਘ ਵਾਸੀ ਪਿੰਡ ਯਮਾਰਾਏ ਜ਼ਿਲ੍ਹਾ ਤਰਨਤਾਰਨ, ਦਿਲਬਾਗ ਸਿੰਘ ਉਰਫ਼ ਬਾਗਾ ਪੁੱਤਰ ਟਹਿਲ ਸਿੰਘ ਵਾਸੀ ਪਿੰਡ ਬਡੇ ਸਭਰਾ ਥਾਣਾ ਸਦਰ ਤਰਨ ਤਾਰਨ, ਦਿਲਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਹਰੀਕੇ, ਜ਼ਿਲ੍ਹਾ ਤਰਨਤਾਰਨ ਅਤੇ ਸਾਜਨਦੀਪ ਸਿੰਘ ਉਰਫ਼ ਸਾਜਨ ਪੁੱਤਰ ਸੁਖਵੰਤ ਸਿੰਘ ਵਾਸੀ ਪਿੰਡ ਕੁੱਤੀਵਾਲਾ ਜ਼ਿਲ੍ਹਾ ਤਰਨਤਾਰਨ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਪਰਮਜੀਤ ਸਿੰਘ ਉਰਫ ਪੰਮਾ ਨੇ 30 ਬੋਰ ਦਾ ਇਕ ਪਿਸਤੌਲ ਅਤੇ ਇਕ ਕਾਰਤੂਸ ਅਤੇ ਇਕ ਹੋਰ ਮੁਲਜ਼ਮ ਸਿਮਰਨਜੀਤ ਸਿੰਘ ਉਰਫ਼ ਸਿੰਮਾ ਨੇ 32 ਬੋਰ ਦਾ ਇਕ ਪਿਸਤੌਲ ਅਤੇ ਇਕ ਕਾਰਤੂਸ ਰੱਖਣ ਦੀ ਗੱਲ ਕਬੂਲ ਕੀਤੀ। ਸ੍ਰੀ ਸ਼ਰਮਾ ਨੇ ਦੱਸਿਆ ਕਿ ਦਿਲਪ੍ਰੀਤ ਸਿੰਘ ਲਖਵੀਰ ਸਿੰਘ ਉਰਫ ਲੰਡਾ ਦੇ ਸੰਪਰਕ ਵਿਚ ਸੀ ਅਤੇ ਉਸ ਦੇ ਕਹਿਣ 'ਤੇ ਤਰਨਤਾਰਨ ਅਤੇ ਅੰਮ੍ਰਿਤਸਰ ਵਿਚ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਧਮਕੀਆਂ ਦਿੰਦਾ ਸੀ ਅਤੇ ਉਸ ਕੋਲੋਂ 30 ਬੋਰ ਦੇ ਜ਼ਿੰਦਾ ਰੌਂਦ ਬਰਾਮਦ ਹੋਏ ਸਨ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦਿਲਬਾਗ ਸਿੰਘ ਉਰਫ਼ ਬੱਗਾ ਲਖਵੀਰ ਸਿੰਘ ਉਰਫ਼ ਲੰਡਾ ਦੇ ਸੰਪਰਕ ਵਿਚ ਸੀ ਅਤੇ ਤਰਨਤਾਰਨ ਅਤੇ ਅੰਮ੍ਰਿਤਸਰ ਵਿਚ ਵਪਾਰੀਆਂ ਅਤੇ ਦੁਕਾਨਦਾਰਾਂ ਤੋਂ ਫਿਰੌਤੀ ਦੀ ਮੰਗ ਕਰਦਾ ਸੀ ਅਤੇ ਉਸ ਕੋਲੋਂ 30 ਬੋਰ ਦਾ ਇਕ ਪਿਸਤੌਲ ਅਤੇ ਇਕ ਕਾਰਤੂਸ ਬਰਾਮਦ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸਾਜਨਦੀਪ ਸਿੰਘ ਉਰਫ਼ ਸਾਜਨ ਵੀ ਲਖਵੀਰ ਸਿੰਘ ਉਰਫ ਲੰਡਾ ਦੇ ਸੰਪਰਕ ਵਿਚ ਸੀ ਅਤੇ ਤਰਨਤਾਰਨ ਅਤੇ ਅੰਮ੍ਰਿਤਸਰ ਵਿਚ ਵਪਾਰੀਆਂ, ਆੜ੍ਹਤੀਆਂ ਅਤੇ ਦੁਕਾਨਦਾਰਾਂ ਤੋਂ ਫਿਰੌਤੀ ਮੰਗਦਾ ਸੀ ਅਤੇ ਉਸ ਦੇ ਕਬਜ਼ੇ ਵਿਚੋਂ ਇਕ ਕਾਰਤੂਸ ਬਰਾਮਦ ਹੋਇਆ ਸੀ।

# ਨਸ਼ਾ ਤਸਕਰਾਂ ਖਿਲਾਫ ਕਾਰਵਾਈ ਹੋਰ ਤਿੱਖੀ ਕਰਨ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸੂਬੇ ਵਿਚ ਗੈਰ-ਸਮਾਜਿਕ ਅਨਸਰਾਂ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਸਬੰਧੀ ਪੁਲਿਸ ਦੇ ਉੱਚ ਅਧਿਕਾਰੀਆਂ ਤੇ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ।

ਡੀ.ਜੀ.ਪੀ. ਨੇ ਜ਼ਿਲ੍ਹਾ ਮੁਖੀਆਂ ਨੂੰ ਸੂਬੇ ਵਿਚ ਅਪਰਾਧ ਖ਼ਿਲਾਫ਼ ਕਾਰਵਾਈ ਤੇਜ਼ ਕਰਨ ਲਈ ਲੁੱਟ-ਖੋਹ ਤੇ ਚੋਰੀ ਵਰਗੇ ਛੋਟੇ ਅਪਰਾਧਾਂ ਦੇ ਮਾਮਲਿਆਂ 'ਚ ਵੀ ਪਹਿਲ ਦੇ ਆਧਾਰ 'ਤੇ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਸਾਰੇ ਪੁਲਿਸ ਕਮਿਸ਼ਨਰਾਂ ਤੇ ਐਸ.ਐਸ.ਪੀਜ਼. ਨੂੰ ਘਿਨਾਉਣੇ ਅਪਰਾਧਾਂ ਵਿਚ ਗ੍ਰਿਫ਼ਤਾਰੀਆਂ ਕਰਨ ਅਤੇ ਅਦਾਲਤ ਵਿਚ ਸਮਾਂਬੱਧ ਢੰਗ ਨਾਲ ਚਲਾਨ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਵੱਖ-ਵੱਖ ਕੇਸਾਂ ਵਿਚ ਸਮਾਂਬੱਧ ਢੰਗ ਨਾਲ ਜਾਂਚ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਡੀ.ਜੀ.ਪੀ. ਨੇ ਵੱਖ-ਵੱਖ ਕੇਸਾਂ ਵਿਚ ਭਗੌੜੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ 'ਤੇ ਜ਼ੋਰ ਦਿੱਤਾ।

ਡੀ.ਜੀ.ਪੀ. ਨੇ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦਾ ਵੀ ਜਾਇਜ਼ਾ ਲਿਆ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਨਸ਼ਾਂ ਤਸਕਰਾਂ 'ਤੇ ਨੱਥ ਪਾਉਣ ਲਈ ਕਿਹਾ ਤਾਂ ਜੋ ਨਸ਼ਿਆਂ ਦੀ ਆਮ ਉਪਲਬਧਤਾ ਨੂੰ ਘੱਟ ਕੀਤਾ ਜਾ ਸਕੇ। ਗੌਰਵ ਯਾਦਵ ਨੇ ਪੁਲਿਸ ਕਮਿਸ਼ਨਰ ਤੇ ਐਸ.ਐਸ.ਪੀ'ਜ਼ ਨੂੰ ਸੂਬੇ ਵਿਚ ਹੋਰ ਵਿਲੇਜ ਲੈਵਲ ਡਿਫੈਂਸ ਕਮੇਟੀਆਂ (ਵੀ.ਐਲ.ਡੀ.ਸੀ.) ਬਣਾਉਣ ਦੇ ਆਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ 6500 ਦੇ ਕਰੀਬ ਕਮੇਟੀਆਂ ਬਣੀਆਂ ਹੋਈਆਂ ਹਨ, ਜਦੋਂ ਕਿ ਸੂਬੇ ਵਿਚ 12000 ਦੇ ਕਰੀਬ ਕਮੇਟੀਆਂ ਦੀ ਕੁੱਲ ਲੋੜ ਹੈ। ਸਪੈਸ਼ਲ ਡੀ.ਜੀ.ਪੀ. ਅੰਦਰੂਨੀ ਸੁਰੱਖਿਆ ਆਰ.ਐਨ. ਢੋਕੇ ਨੇ ਦੱਸਿਆ ਕਿ ਇਸ ਸਾਲ ਪੰਜਾਬ ਪੁਲਿਸ ਨੇ ਪੰਜ ਅਤਿਵਾਦੀ ਸੰਗਠਨਾਂ ਦਾ ਪਰਦਾਫਾਸ਼ ਕਰ ਕੇ 35 ਨੂੰ ਗ੍ਰਿਫ਼ਤਾਰ ਕੀਤਾ ਹੈ।

# ਡੀ.ਏ.ਪੀ. ਖਾਦ ਵਿਚ ਵੱਡਾ ਘੁਟਾਲਾ, 60 ਫੀਸਦੀ ਨਮੂਨੇ ਫੇਲ੍ਹ



**ਚੰਡੀਗੜ੍ਹ:** ਪੰਜਾਬ ਵਿਚ ਹੁਣ ਸਹਿਕਾਰੀ ਸਭਾਵਾਂ ਨੂੰ ਸਪਲਾਈ ਕੀਤੀ ਡੀ.ਏ.ਪੀ. ਖਾਦ ਵਿਚ ਘੁਟਾਲਾ ਹੋਣ ਦੀ ਜਾਣਕਾਰੀ ਮਿਲੀ ਹੈ। ਦੋ ਫਰਮਾਂ ਵੱਲੋਂ ਸਪਲਾਈ ਕੀਤੀ ਡੀ.ਏ.ਪੀ. ਖਾਦ ਦੇ 60 ਫ਼ੀਸਦੀ ਨਮੂਨੇ ਫ਼ੇਲ੍ਹ ਹੋ ਗਏ ਹਨ। ਮਾਰਕਫੈੱਡ ਵੱਲੋਂ ਚੋਣ ਜ਼ਾਬਤੇ ਦੌਰਾਨ ਡੀ.ਏ.ਪੀ. ਖਾਦ ਦੀ ਖ਼ਰੀਦ ਕੀਤੀ ਗਈ ਸੀ ਜੋ ਅੱਗੇ ਪੇਂਡੂ ਸਹਿਕਾਰੀ ਸਭਾਵਾਂ ਵਿਚ ਭੇਜੀ ਗਈ ਸੀ।

ਮੁਢਲੇ ਪੜਾਅ ਉਤੇ ਜ਼ਿਲ੍ਹਾ ਮੁਹਾਲੀ ਦੀਆਂ ਪੇਂਡੂ ਸਹਿਕਾਰੀ ਸਭਾਵਾਂ ਵਿਚ ਸਪਲਾਈ ਕੀਤੀ ਡੀ.ਏ.ਪੀ. ਖਾਦ 'ਤੇ ਉਂਗਲ ਉੱਠੀ ਸੀ ਅਤੇ ਇਸ ਜ਼ਿਲ੍ਹੇ ਵਿਚੋਂ ਖਾਦ ਦੇ ਅੱਠ ਨਮੂਨੇ ਭਰੇ ਗਏ ਸਨ ਜੋ ਸਾਰੇ ਫੇਲ੍ਹ ਹੋ ਗਏ ਸਨ। ਖੇਤੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਗੈਰਮਿਆਰੀ ਖਾਦ ਸਪਲਾਈ ਕਰਨ ਵਾਲੀ ਕੰਪਨੀ ਮੱਧਿਆ ਭਾਰਤ ਐਗਰੋ ਪ੍ਰੋਡਕਟਸ ਲਿਮਟਿਡ ਅਤੇ ਮੈਸਰਜ਼ ਕ੍ਰਿਸ਼ਨਾ ਫਾਸਕੈਮ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ।

ਖੇਤੀ ਮਹਿਕਮੇ ਦੇ ਕੁੱਝ ਉੱਚ ਅਧਿਕਾਰੀ ਇਸ ਖਾਦ ਸਕੈਂਡਲ ਨੂੰ ਅੰਦਰੋਂ ਅੰਦਰੀਂ ਦਬਾਉਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਚਾਰ ਹੋਰਨਾਂ ਜ਼ਿਲ੍ਹਿਆਂ ਵਿਚੋਂ ਨਮੂਨੇ ਲੈ ਕੇ ਪੱਲਾ ਝਾੜ ਲਿਆ ਸੀ। ਜਦੋਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਇਨ੍ਹਾਂ ਅਫ਼ਸਰਾਂ ਉਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਸਮੁੱਚੇ ਪੰਜਾਬ ਵਿਚ ਦੋ ਫ਼ਰਮਾਂ ਵੱਲੋਂ ਸਪਲਾਈ ਖਾਦ ਦੇ ਨਮੂਨੇ ਭਰਨ ਦੇ ਹੁਕਮ ਦਿੱਤੇ ਸਨ। ਇਨ੍ਹਾਂ ਨਿਰਦੇਸ਼ਾਂ ਮਗਰੋਂ ਕੁੱਲ 11 ਜ਼ਿਲ੍ਹਿਆਂ ਵਿਚੋਂ ਡੀ.ਏ.ਪੀ. ਖਾਦ ਦੇ 40 ਨਮੂਨੇ ਭਰੇ ਗਏ ਜਿਨ੍ਹਾਂ ਵਿਚੋਂ 24 ਨਮੂਨੇ ਫ਼ੇਲ੍ਹ ਹੋ ਗਏ ਹਨ।

ਛੇ ਜ਼ਿਲ੍ਹਿਆਂ ਵਿਚ ਨਮੂਨੇ ਫ਼ੇਲ੍ਹ ਹੋਏ ਹਨ ਜਿੱਥੇ ਡੀ.ਏ.ਪੀ. ਖਾਦ ਗੈਰਮਿਆਰੀ ਹੋਣ ਦੀ ਪੁਸ਼ਟੀ ਹੋਈ ਹੈ। ਮੱਧਿਆ ਭਾਰਤ ਐਗਰੋ ਪ੍ਰੋਡਕਟਸ ਲਿਮਟਿਡ ਅਤੇ ਮੈਸਰਜ਼ ਕ੍ਰਿਸ਼ਨਾ ਫਾਸਕੈਮ ਵੱਲੋਂ ਖਾਦ ਸਪਲਾਈ ਕੀਤੀ ਗਈ ਸੀ। ਜ਼ਿਲ੍ਹਾ ਲੁਧਿਆਣਾ ਵਿਚ ਲਏ 9 ਵਿਚੋਂ 7 ਨਮੂਨੇ ਫ਼ੇਲ੍ਹ ਹੋ ਗਏ ਹਨ। ਪਟਿਆਲਾ ਵਿਚੋਂ ਦੋ, ਤਰਨ ਤਾਰਨ ਵਿਚੋਂ ਤਿੰਨ ਅਤੇ ਨਵਾਂ ਸ਼ਹਿਰ ਜ਼ਿਲ੍ਹੇ ਵਿਚੋਂ ਤਿੰਨ ਨਮੂਨੇ ਲਏ ਗਏ ਸਨ ਅਤੇ ਇਹ ਸਾਰੇ ਨਮੂਨੇ ਹੀ ਫ਼ੇਲ੍ਹ ਹੋ ਗਏ ਹਨ। ਸੰਗਰੂਰ ਜ਼ਿਲ੍ਹੇ ਵਿਚ ਪੰਜ ਵਿਚੋਂ ਇਕ ਨਮੂਨਾ ਫ਼ੇਲ੍ਹ ਆਇਆ ਹੈ।

ਹੁਸ਼ਿਆਰਪੁਰ ਵਿਚੋਂ ਲਏ ਦੋ ਸੈਂਪਲਾਂ ਦੇ ਨਤੀਜੇ ਦੀ ਉਡੀਕ ਕੀਤੀ ਜਾ ਰਹੀ ਹੈ। ਤਰਨ ਤਾਰਨ ਜ਼ਿਲ੍ਹੇ ਵਿਚ ਪਿੰਡ ਪੂਹਲਾ, ਪਿੰਡ ਡੱਲ ਅਤੇ ਮਾੜੀ ਕੰਬੋਕੇ ਦੀ ਸਹਿਕਾਰੀ ਸਭਾ ਨੂੰ ਸਪਲਾਈ ਕੀਤੀ ਡੀ.ਏ.ਪੀ. ਖਾਦ ਦੇ ਨਮੂਨੇ ਫ਼ੇਲ੍ਹ ਹੋ ਗਏ ਹਨ। ਹੋਰਨਾਂ ਕੰਪਨੀਆਂ ਵੱਲੋਂ ਜੈਤੋ ਦੀ ਸੰਤ ਸਿੰਘ ਐਂਡ ਸੰਨਜ਼ ਅਤੇ ਪਿੰਡ ਡੋਡ ਦੀ ਕੌਰ ਸਿੰਘ ਪੁੱਤਰ ਸੰਤ ਸਿੰਘ ਫ਼ਰਮ ਦੇ ਨਮੂਨੇ ਵੀ ਫ਼ੇਲ੍ਹ ਹੋਏ ਹਨ। ਫ਼ਰੀਦਕੋਟ ਦੀ ਓਮ ਪ੍ਰਕਾਸ਼ ਐਂਡ ਸੰਨਜ਼ ਅਤੇ ਆਸ਼ੂ ਅਗਰਵਾਲ ਫ਼ਰਮ ਦੇ ਨਮੂਨੇ ਵੀ ਗੈਰਮਿਆਰੀ ਪਾਏ ਗਏ ਹਨ। ਖੇਤੀ ਮਹਿਕਮੇ ਵੱਲੋਂ ਇਨ੍ਹਾਂ ਫ਼ਰਮਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਇਹ ਖਾਦ ਝੋਨੇ ਦੀ ਲੁਆਈ ਵਾਸਤੇ ਆਈ ਸੀ ਅਤੇ ਝੋਨੇ ਲਈ ਕਰੀਬ 1.25 ਲੱਖ ਮੀਟਰਿਕ ਟਨ ਡੀ.ਏ.ਪੀ. ਦੀ ਲੋੜ ਸੀ। ਇਨ੍ਹਾਂ ਨਮੂਨਿਆਂ ਦੀ ਟੈਸਟਿੰਗ ਪੰਜਾਬ ਅਤੇ ਬਾਹਰੋਂ ਹੋਈ ਹੈ। ਬਹੁਤੇ ਫ਼ੇਲ੍ਹ ਨਮੂਨਿਆਂ ਵਿਚ ਡੀ.ਏ.ਪੀ. ਵਿਚ ਫਾਸਫੋਰਸ ਦੇ ਤੱਤ 46 ਫ਼ੀਸਦੀ ਦੀ ਥਾਂ 20.95 ਫ਼ੀਸਦੀ ਹੀ ਨਿਕਲੇ ਹਨ। ਮੱਧਿਆ ਭਾਰਤ ਐਗਰੋ ਪ੍ਰੋਡਕਟਸ ਕੰਪਨੀ ਨੇ ਮਾਰਕਫੈੱਡ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਕੰਪਨੀ ਵੱਲੋਂ ਕਿਸੇ ਤਰ੍ਹਾਂ ਦੀ ਗੈਰਮਿਆਰੀ ਡੀ.ਏ.ਪੀ. ਖਾਦ ਦੀ ਸਪਲਾਈ ਨਹੀਂ ਕੀਤੀ ਗਈ ਹੈ। ਸੂਤਰ ਦੱਸਦੇ ਹਨ ਕਿ ਖੇਤੀ ਮਹਿਕਮੇ ਦੇ ਉੱਚ ਅਹੁਦਿਆਂ 'ਤੇ ਬੈਠੇ ਕਈ ਅਧਿਕਾਰੀਆਂ ਨੇ ਨਮੂਨੇ ਭਰਨ ਵਿਚ ਅੜਿੱਕੇ ਵੀ ਖੜ੍ਹੇ ਕੀਤੇ ਸਨ।

### ਕਸੂਰਵਾਰਾਂ 'ਤੇ ਸਖ਼ਤ ਕਾਰਵਾਈ ਕਰਾਂਗੇ: ਖੁੱਡੀਆਂ

**ਚੰਡੀਗੜ੍ਹ:** ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਚੋਣ ਜ਼ਾਬਤੇ ਦੌਰਾਨ ਮਾਰਕਫੈੱਡ ਵੱਲੋਂ ਇਹ ਖਾਦ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਫ਼ਰਮਾਂ ਦੀ ਖਾਦ ਦੀ ਸਪਲਾਈ ਤਾਂ ਪਹਿਲਾਂ ਹੀ ਰੋਕ ਦਿੱਤੀ ਗਈ ਸੀ ਅਤੇ ਹੁਣ ਨਮੂਨਿਆਂ ਦੀ ਰਿਪੋਰਟ ਦੇ ਅਧਾਰ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿਚ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨੋਟਿਸ ਜਾਰੀ ਕਰ ਦਿੱਤੇ ਗਏ ਹਨ।

# ਪੰਜਾਬ ਟਾਈਮਜ਼

*ਸ਼ਨਿਚਰਵਾਰ, 20 ਜੁਲਾਈ, 2024*

## ਸਿਆਸਤ ਦੇ ਬਦਲਦੇ ਰੰਗ

ਇਸ ਹਫਤੇ ਤਿੰਨ ਅਜਿਹੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਬਾਰੇ ਸਿਆਸੀ ਮਾਹਿਰਾਂ ਦੀਆਂ ਟਿੱਪਣੀਆਂ ਹਨ ਕਿ ਇਨ੍ਹਾਂ ਨੇ ਆਉਣ ਵਾਲੇ ਸਮੇਂ ਦੌਰਾਨ ਸਿਆਸਤ ਵਿਚ ਵੱਡੀਆਂ ਤਬਦੀਲੀਆਂ ਲਿਆਉਣੀਆਂ ਹਨ। ਪਹਿਲੀ ਘਟਨਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਉਤੇ ਹਮਲੇ ਦੀ ਹੈ; ਦੂਜੀ ਪੰਜਾਬ ਦੀ ਸਿਆਸਤ ਨਾਲ ਸਬੰਧਿਤ ਹੈ, ਅਕਾਲ ਤਖਤ ਦੇ ਜਥੇਦਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਲਬ ਕਰ ਲਿਆ ਹੈ ਅਤੇ ਤੀਜੀ ਘਟਨਾ ਕਿਸਾਨਾਂ ਨਾਲ ਜੁੜੀ ਹੋਈ ਹੈ, ਅਦਾਲਤੀ ਫੈਸਲੇ ਤੋਂ ਬਾਅਦ ਕਿਸਾਨ ਇਕ ਵਾਰ ਫਿਰ ਦਿੱਲੀ ਵੱਲ ਕੂਚ ਕਰ ਰਹੇ ਹਨ। ਟਰੰਪ ਉਤੇ ਹਮਲੇ ਵਾਲੀ ਘਟਨਾ ਨੇ ਅਮਰੀਕੀ ਸਿਆਸਤ ਨੂੰ ਚੰਗਾ ਹਲੂਣਾ ਦਿੱਤਾ ਹੈ। ਪਹਿਲੀ ਸਿੱਧੀ ਬਹਿਸ ਵਿਚ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਬਣ ਰਹੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੂੰ ਪਛਾੜਨ ਤੋਂ ਬਾਅਦ ਡੋਨਲਡ ਟਰੰਪ ਦੀ ਲਗਾਤਾਰ ਚੜ੍ਹਤ ਹੋ ਰਹੀ ਹੈ। ਬਟਲਰ (ਪੈਨਸਿਲਵੇਨੀਆ) ਵਿਚ ਰੈਲੀ ਦੌਰਾਨ ਹੋਏ ਹਮਲੇ ਤੋਂ ਉਸ ਦਾ ਗਰਾਫ ਹੋਰ ਚੜ੍ਹ ਗਿਆ ਹੈ। ਸਿਆਸੀ ਵਿਸ਼ਲੇਸ਼ਕ ਕਿਆਸਆਰਾਈਆਂ ਲਾ ਰਹੇ ਹਨ ਕਿ ਹੁਣ ਜੋਅ ਬਾਇਡਨ ਦਾ ਟਰੰਪ ਨੂੰ ਹਰਾਉਣਾ ਮੁਸ਼ਕਿਲ ਜਾਪ ਰਿਹਾ ਹੈ। ਪਹਿਲੀ ਆਹਮੋ-ਸਾਹਮਣੀ ਬਹਿਸ ਵਿਚ ਪਛਾੜ ਪੈਣ ਤੋਂ ਬਾਅਦ ਡੈਮੋਕਰੇਟਿਕ ਪਾਰਟੀ ਅੰਦਰ ਉਮੀਦਵਾਰ ਬਦਲਣ ਬਾਰੇ ਚਰਚਾ ਛਿੜ ਗਈ ਸੀ ਹਾਲਾਂਕਿ ਬਾਇਡਨ ਨੇ ਇਕ ਤੋਂ ਵੱਧ ਵਾਰ ਸਪਸ਼ਟ ਕੀਤਾ ਹੈ ਕਿ ਮੈਦਾਨ ਵਿਚੋਂ ਹਟ ਨਹੀਂ ਰਹੇ ਅਤੇ ਉਹ ਟਰੰਪ ਨੂੰ ਮਾਤ ਦੇਣ ਦੀ ਸਮਰੱਥਾ ਰੱਖਦੇ ਹਨ। ਡੈਮੋਕਰੇਟਾਂ ਨੂੰ ਫੰਡ ਦੇਣ ਵਾਲੀ ਕਾਰਪੋਰੇਟ ਲੌਬੀ ਨੇ ਵੀ ਸੰਕੇਤ ਦਿੱਤਾ ਹੈ ਕਿ ਇਹ ਵੀ ਬਾਇਡਨ ਨੂੰ ਬਦਲਣ ਦੇ ਹੱਕ ਵਿਚ ਹੈ।

ਉਧਰ, ਅਕਾਲੀ ਦਲ ਦਾ ਬਾਗੀ ਧੜਾ ਆਪਣੀਆਂ ਸਰਗਰਮੀਆਂ ਨਿੱਤ ਦਿਨ ਤਿੱਖੀਆਂ ਕਰ ਰਿਹਾ ਹੈ। ਇਸ ਦਾ ਮੁੱਖ ਏਜੰਡਾ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣਾ ਹੈ। ਪਿਛਲੇ ਦਿਨੀਂ ਇਹ ਆਗੂ ਅਕਾਲ ਤਖਤ ਦੇ ਜਥੇਦਾਰ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ ਹੈ। ਇਸ ਪੱਤਰ ਦੇ ਆਧਾਰ 'ਤੇ ਹੀ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਉਤੇ ਤਲਬ ਕੀਤਾ ਗਿਆ ਹੈ। ਇਸ ਬਾਰੇ ਵੀ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ ਹਨ। ਇਕ ਤਾਂ ਇਹ ਕਿ ਸੁਖਬੀਰ ਸਿੰਘ ਬਾਦਲ ਨੂੰ ਬਚਾਉਣ ਲਈ ਨਾਟਕ ਰਚਿਆ ਜਾ ਚੁੱਕਾ ਹੈ ਅਤੇ ਜਥੇਦਾਰ ਰਾਹੀਂ ਇਸ ਉਤੇ ਮੋਹਰ ਲੁਆ ਲਈ ਜਾਵੇਗੀ। ਦੂਜਾ ਵਿਚਾਰ ਸੁਖਬੀਰ ਸਿੰਘ ਬਾਦਲ ਉਤੇ ਲਗਾਤਾਰ ਵਧ ਰਹੇ ਦਬਾਅ ਬਾਰੇ ਹੈ। ਕੁਝ ਵੀ ਹੋਵੇ, ਹੁਣ ਮਸਲਾ ਅਕਾਲੀ ਦਲ ਦੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਅਕਾਲੀ ਦਲ ਅੰਦਰ ਪਹਿਲਾਂ ਵੀ ਬਗਾਵਤਾਂ ਹੁੰਦੀਆਂ ਰਹੀਆਂ ਹਨ ਪਰ ਐਤਕੀਂ ਬਗਾਵਤ ਦਾ ਆਧਾਰ ਪਹਿਲਾਂ ਨਾਲੋਂ ਉਕਾ ਹੀ ਵੱਖਰਾ ਹੈ। ਅਕਾਲੀ ਦਲ ਪਿਛਲੇ ਲੰਮੇ ਸਮੇਂ ਤੋਂ ਸਿਆਸਤ ਦੇ ਪਿੜ ਵਿਚ ਮਾਰ ਝੱਲ ਰਿਹਾ ਹੈ ਅਤੇ ਹਾਲੀਆ ਲੋਕ ਸਭਾ ਚੋਣਾਂ ਵਿਚ ਆਜ਼ਾਦ ਉਮੀਦਵਾਰਾਂ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਦੀਆਂ ਜਿੱਤਾਂ ਨੇ ਅਕਾਲੀ ਲੀਡਰਸ਼ਿਪ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਉਂਝ, ਇਹ ਵੀ ਹਕੀਕਤ ਹੈ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਚਲਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। ਇਕ ਤੱਥ ਇਹ ਵੀ ਹੈ ਕਿ ਉਹ ਇੰਨੀ ਵੱਡੀ ਪਾਰਟੀ ਚਲਾਉਣ ਦੀ ਕਾਬਲੀਅਤ ਵੀ ਸਾਬਤ ਨਹੀਂ ਕਰ ਸਕਿਆ ਹੈ। ਆਪਣੇ ਪਿਤਾ ਅਤੇ ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਦੌਲਤ ਉਹ ਇਸ ਅਹੁਦੇ 'ਤੇ ਤਾਂ ਪੁੱਜ ਗਿਆ ਪਰ ਪਾਰਟੀ ਨੂੰ ਜਦੋਂ ਵੀ ਕਦੀ ਸੰਕਟ ਦਾ ਸਾਹਮਣਾ ਕਰਨਾ ਪਿਆ ਤਾਂ ਉਹ ਹਰ ਵਾਰ ਲਾਚਾਰ ਹੀ ਦਿਖਾਈ ਦਿੱਤਾ। ਜਦੋਂ ਪ੍ਰਕਾਸ਼ ਸਿੰਘ ਬਾਦਲ ਜਿਊਂਦੇ ਸਨ, ਉਸ ਵਕਤ ਉਹ ਸੰਕਟ ਹੱਲ ਕਰਨ ਲਈ ਅੱਗੇ ਆ ਜਾਂਦੇ ਸਨ ਪਰ ਸੁਖਬੀਰ ਸਿੰਘ ਬਾਦਲ ਇਕੱਲਿਆਂ ਇਹ ਜ਼ਿੰਮੇਵਾਰੀ ਨਿਭਾਉਣ ਵਿਚ ਨਾਕਾਮ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਬਾਗੀ ਧੜਾ ਉਸ ਤੋਂ ਅਗਵਾਈ ਖੋਹਣ ਵਿਚ ਕਿੰਨਾ ਕੁ ਕਾਮਯਾਬ ਹੁੰਦਾ ਹੈ।

ਆਉਣ ਵਾਲੀ ਸਿਆਸਤ 'ਤੇ ਅਸਰਅੰਦਾਜ਼ ਹੋਣ ਵਾਲੀ ਤੀਜੀ ਸਰਗਰਮੀ ਕਿਸਾਨਾਂ ਦੀ ਹੈ। ਪਿਛਲੇ ਤਿੰਨ-ਚਾਰ ਸਾਲਾਂ ਦੌਰਾਨ ਕਿਸਾਨ ਜਥੇਬੰਦੀਆਂ ਪੰਜਾਬ ਦੀ ਸਿਆਸਤ ਉਤੇ ਵਾਹਵਾ ਅਸਰ ਪਾ ਚੁੱਕੀਆਂ ਹਨ ਜਿਸ ਦਾ ਰੰਗ ਹੁਣ ਸਿਆਸਤ ਵਿਚ ਵੀ ਉਘੜਨਾ ਸ਼ੁਰੂ ਹੋ ਗਿਆ ਹੈ। ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਵਿੱਢੇ ਅੰਦੋਲਨ ਦੌਰਾਨ ਪੰਜਾਬ ਦੀ ਸਿਆਸਤ ਵਿਚ ਸਿਫਤੀ ਤਬਦੀਲੀ ਨੋਟ ਕਰਨ ਨੂੰ ਮਿਲੀ ਹੈ। ਇਸ ਅੰਦੋਲਨ ਸਦਕਾ ਲੋਕ ਆਪਣੇ ਆਗੂਆਂ ਨੂੰ ਸਵਾਲ ਪੁੱਛਣ ਲੱਗ ਪਏ; ਇਹੀ ਨਹੀਂ, ਲੋਕ ਹੁਣ ਇਹ ਵੀ ਕਹਿਣ ਲੱਗ ਪਏ ਹਨ ਕਿ ਪੰਜਾਬ ਦੇ ਸਾਰੇ ਸੰਕਟਾਂ ਲਈ ਪੰਜਾਬ ਦੇ ਸਿਆਸਤਦਾਨ ਹੀ ਜ਼ਿੰਮੇਵਾਰ ਹਨ। ਇਨ੍ਹਾਂ ਨੇ ਸੂਝ-ਬੂਝ ਤੋਂ ਕੰਮ ਲੈਣ ਦੀ ਥਾਂ ਸਦਾ ਆਪੋ-ਆਪਣੇ ਹਿਤਾਂ ਅਨੁਸਾਰ ਸਿਆਸਤ ਕੀਤੀ ਅਤੇ ਸੂਬੇ ਦੀਆਂ ਸਮੱਸਿਆਵਾਂ ਨੂੰ ਉਕਾ ਹੀ ਵਿਸਾਰ ਦਿੱਤਾ ਗਿਆ। ਕਿਸਾਨ ਜਥੇਬੰਦੀਆਂ ਅਜੇ ਸਿਆਸੀ ਪਿੜ ਅੰਦਰ ਧਿਰ ਬਣ ਕੇ ਨਹੀਂ ਉਭਰੀਆਂ ਹਨ। ਜਿਸ ਦਿਨ ਅਜਿਹਾ ਹੋ ਗਿਆ, ਉਸ ਦਿਨ ਪੰਜਾਬ ਦੀ ਸਿਆਸਤ ਵਾਕਈ ਨਵਾਂ ਮੋੜ ਕੱਟੇਗੀ। ਇਤਿਹਾਸ ਵਿਚ ਅਜਿਹਾ ਵਾਪਰ ਚੁੱਕਾ ਹੈ। ਆਜ਼ਾਦੀ ਤੋਂ ਪਹਿਲਾਂ ਨੈਸ਼ਨਲ ਯੂਨੀਅਨਿਸਟ ਪਾਰਟੀ ਨੇ ਪੰਜਾਬ ਦੀ ਸਿਆਸਤ ਅੰਦਰ ਵੱਡਾ ਰੋਲ ਅਦਾ ਕੀਤਾ ਸੀ ਅਤੇ ਇਸ ਨੇ ਮੁਲਕ ਦੀ ਵੰਡ ਦੇ ਖ਼ਿਲਾਫ ਵੀ ਸਰਗਰਮੀ ਕੀਤੀ ਸੀ। ਹੁਣ ਇਹ ਦੇਖਣਾ ਬਾਕੀ ਹੈ ਕਿ ਕਿਸਾਨ ਜਥੇਬੰਦੀਆਂ ਆਪਣੀਆਂ ਮੰਗਾਂ ਲਈ ਹੁਣ ਕਿਸ ਤਰ੍ਹਾਂ ਦਾ ਅੰਦੋਲਨ ਛੇੜਦੀਆਂ ਹਨ ਅਤੇ ਉਸ ਅੰਦੋਲਨ ਦਾ ਸਿਆਸਤ 'ਤੇ ਕੀ ਅਸਰ ਪਵੇਗਾ। ਪਿਛਲੇ ਅੰਦੋਲਨ ਨੂੰ ਕਿਸਾਨ ਜਥੇਬੰਦੀਆਂ ਸਿਆਸੀ ਮੋੜਾ ਦੇਣ ਵਿਚ ਅਸਫਲ ਰਹੀਆਂ ਹਨ। ਐਤਕੀਂ ਇਨ੍ਹਾਂ ਨੂੰ ਸਿਆਸੀ ਪਿੜ ਦਾ ਖਿਆਲ ਵੀ ਰੱਖਣਾ ਪਵੇਗਾ ਤਾਂ ਕਿ ਇੰਨਾ ਵੱਡਾ ਅੰਦੋਲਨ ਜਿੱਤਣ ਦੇ ਬਾਵਜੂਦ ਸਿਆਸਤ ਵਿਚ ਸਿਫਰ ਹੋਣ ਵਾਲੀ ਗਲਤੀ ਮੁੜ ਨਾ ਦੁਹਰਾਈ ਜਾਵੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਚੋਰ-ਸਾਧ ਕੀ ਪਛਾਣ?

ਲਾਮ-ਲੁੱਟੀ ਉਚੱਕੇ ਨੇ ਇੱਕ ਥੈਲੀ ਭੱਜਾ ਦੌੜਿਆ ਵਿਚ ਬਜ਼ਾਰ ਯਾਰਾ।
ਉਹਦੇ ਮਗਰ ਸ਼ਰਾਫ ਵੀ ਦੌੜ ਪਿਆ ਨਾ.ਲੇ ਹੋਰ ਵੀ ਲੋਕ ਹਜ਼ਾਰ ਯਾਰਾ।
ਚੋਰ ਚੋਰ ਜਿਉਂ ਆਖਦੇ ਲੋਕ ਦੌੜਨ ਦੌੜੇ ਚੋਰ ਵੀ 'ਚੋਰ' ਪੁਕਾਰ ਯਾਰਾ।
ਅਬਦੀ ਰ.ਲਿਆ ਚੋਰ ਜਾਂ ਵਿਚ ਸਾਧਾਂ ਫੜੀਏ ਚੋਰ ਕੀ ਫੇਰ ਨਿਤਾਰ ਯਾਰਾ!

-ਅਬਦੀ ਕਾਦਰੀ ਕੈਸਰ ਸ਼ਾਹੀ

# ਪੰਜਾਬ ਵਿਚ ਹੜ੍ਹਾਂ ਦੀ ਮਾਰ ਅਤੇ ਸਿਆਸੀ ਪਾਰਟੀਆਂ

**ਪੰਜਾਬ ਦੇ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ, ਘੱਗਰ ਤੇ ਪਟਿਆਲਾ ਨਦੀ ਨੇੜੇ ਵੱਸਦੇ ਲੋਕ ਹਰ ਸਾਲ ਹੜ੍ਹਾਂ ਦਾ ਸਰਾਪ ਭੋਗਦੇ ਹਨ। ਇਨ੍ਹਾਂ ਹੜ੍ਹਾਂ 'ਚ .ਗਰੀਬਾਂ ਨੂੰ ਸਭ ਤੋਂ ਵੱਧ ਮਾਰ ਪੈਂਦੀ ਹੈ। ਪੰਜਾਬ ਦੇ ਦਰਿਆਵਾਂ ਅਤੇ ਨਦੀਆਂ 'ਚ ਬਰਸਾਤੀ ਪਾਣੀ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਸਰਕਾਰਾਂ ਉਪਾਅ ਤਾਂ ਕਰ ਸਕਦੀਆਂ ਹਨ।**

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਚਾਰ ਜੁਲਾਈ ਨੂੰ ਪਟਿਆਲਾ ਨਦੀ 'ਤੇ ਹੜ੍ਹਾਂ ਨੂੰ ਰੋਕਣ ਲਈ ਚੱਲ ਰਹੇ ਸਰਕਾਰੀ ਕੰਮਾਂ ਦਾ 'ਨਿਰੀਖਣ' ਕਰਨ ਮਗਰੋਂ ਬਿਆਨ ਦਿੱਤਾ ਕਿ ਹੜ੍ਹ ਵਾਲੇ ਇਲਾਕਿਆਂ ਦੇ ਪਾਣੀਆਂ ਨੂੰ ਸੰਭਾਲਣ ਲਈ ਰੀਚਾਰਜ ਖੂਹ ਤੇ ਝੀਲਾਂ ਬਣਾਈਆਂ ਜਾਣਗੀਆਂ; ਭਾਵ, ਓਨਾ ਚਿਰ ਤੁਹਾਡਾ ਰੱਬ ਰਾਖਾ!

ਹੜ੍ਹਾਂ ਦਾ ਪਾਣੀ ਖੂਹਾਂ ਵਿਚ ਪਾਉਣਾ ਖ਼ਤਰਨਾਕ ਹੋ ਸਕਦਾ ਹੈ। ਖੇਤੀ ਤੇ ਭੂਮੀ ਵਿਗਿਆਨੀ



ਕਹਿੰਦੇ ਹਨ ਕਿ ਹੜ੍ਹਾਂ ਦੇ ਪਾਣੀਆਂ 'ਚ ਕਈ ਜ਼ਹਿਰੀਲੇ ਤੱਤ ਤੇ ਮਰੇ ਜਾਨਵਰਾਂ ਦੀਆਂ ਲਾਸ਼ਾਂ ਆਦਿ ਰਲੇ ਹੁੰਦੇ ਹਨ, ਇਸ ਲਈ ਤਕਨੀਕੀ ਤੌਰ 'ਤੇ ਇੰਝ ਕਰਨਾ ਭਿਆਨਕ ਹੋ ਸਕਦਾ ਹੈ। ਇਸ ਤੋਂ ਇਲਾਵਾ ਨਵੇਂ ਖੂਹ ਬਣਾਉਣ 'ਤੇ

**ਅਮਰਜੀਤ ਸਿੰਘ ਵੜੈਚ**
**ਫੋਨ: +91-94178-01988**

ਕਰੋੜਾਂ ਰੁਪਏ ਖਰਚ ਹੋਣਗੇ। ਪੰਜਾਬ ਦੀ ਜ਼ਰਖ਼ੇਜ਼ ਧਰਤੀ ਵਿਚ ਵੱਡੀ ਗਿਣਤੀ 'ਚ ਝੀਲਾਂ ਬਣਾਉਣ ਨਾਲ ਖੇਤੀ ਲਈ ਜ਼ਮੀਨ ਘਟ ਜਾਵੇਗੀ ਤੇ ਖਰਚਾ ਵੱਖਰਾ ਹੋਵੇਗਾ।

ਹਰ ਸਾਲ ਪੰਜਾਬ ਦੇ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ, ਘੱਗਰ ਤੇ ਪਟਿਆਲਾ ਨਦੀ ਨੇੜੇ ਵੱਸਦੇ ਲੋਕ ਹੜ੍ਹਾਂ ਦਾ ਸਰਾਪ ਭੋਗਦੇ ਹਨ। ਇਨ੍ਹਾਂ ਹੜ੍ਹਾਂ 'ਚ ਗ਼ਰੀਬਾਂ ਨੂੰ ਸਭ ਤੋਂ ਵੱਧ ਮਾਰ ਪੈਂਦੀ ਹੈ। ਮੰਤਰੀ ਹੜ੍ਹਾਂ ਦੌਰਾਨ ਰਾਸ਼ਨ ਵੰਡ ਕੇ ਮੀਡੀਆ 'ਚ ਵਾਹ-ਵਾਹ ਖੱਟ ਲੈਂਦੇ ਹਨ। ਪ੍ਰਸ਼ਾਸਨ ਫਾਈਲਾਂ ਦੇ ਢਿੱਡ ਭਰਨ ਲਈ ਮੀਟਿੰਗਾਂ ਤੇ ਮੀਟਿੰਗਾਂ ਕਰ ਕੇ ਸਾਹੋ-ਸਾਹੀ ਹੋਇਆ ਰਹਿੰਦਾ ਹੈ। ਇਸੇ ਦੌਰਾਨ ਫਿਰ ਬਰਸਾਤਾਂ ਆ ਜਾਂਦੀਆਂ ਹਨ ਤੇ ਫਿਰ ਸਰਕਾਰ ਤੇ ਪ੍ਰਸ਼ਾਸਨ ਦੀ ਕੁੰਭਕਰਨੀ ਨੀਂਦ ਟੁੱਟਦੀ ਹੈ। ਪੰਜਾਬ ਦੇ ਦਰਿਆਵਾਂ ਅਤੇ ਨਦੀਆਂ 'ਚ ਬਰਸਾਤੀ ਪਾਣੀ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਸਰਕਾਰਾਂ ਉਪਾਅ ਤਾਂ ਕਰ ਸਕਦੀਆਂ ਹਨ। ਸਰਕਾਰਾਂ ਨੇ 1988, 1993, 2010 ਅਤੇ 2023 'ਚ ਆਏ ਹੜ੍ਹਾਂ ਤੋਂ ਕੋਈ ਸਬਕ ਨਹੀਂ ਸਿੱਖਿਆ। ਸਾਰਾ ਸਾਲ ਲੰਘਣ ਮਗਰੋਂ ਹੁਣ ਡਰੇਨੇਜ ਮਹਿਕਮਾ ਮਈ ਦੇ ਅਖੀਰ 'ਚ ਘੱਗਰ ਦੀ ਸਫ਼ਾਈ ਦਾ ਕੰਮ ਕਰਨ ਲੱਗਿਆ। ਇਸੇ ਤਰ੍ਹਾਂ ਪਟਿਆਲਾ ਨਦੀ ਨੂੰ ਸਾਫ਼ ਕਰਨ ਤੇ ਬੰਨ੍ਹੇ ਪੱਕੇ ਕਰਨ ਲਈ ਵੀ ਮਈ 'ਚ ਕੰਮ ਸ਼ੁਰੂ ਕੀਤਾ ਗਿਆ।

ਸਵਾਲ ਇਹ ਉਠਦਾ ਹੈ: ਕੀ ਇੱਕ ਮਹੀਨੇ ਵਿਚ ਘੱਗਰ ਤੇ ਨਦੀ 'ਚ ਹੜ੍ਹਾਂ ਨੂੰ ਰੋਕਣ ਲਈ ਕੰਮ ਹੋ ਸਕਦਾ ਹੈ? ਅਖੇ, ਬੂਹੇ ਬੈਠੀ ਜੰਨ ਤੇ ਵਿੰਨ੍ਹੋ ਕੁੜੀ ਦੇ ਕੰਨ! ਲੋਕਾਂ 'ਚ ਫਿਰ ਸਹਿਮ ਹੈ ਅਤੇ ਉਹ ਆਪੋ-ਆਪਣੇ ਪੱਧਰ 'ਤੇ ਪ੍ਰਬੰਧ ਕਰਨ ਲੱਗੇ ਹਨ।

ਪੰਜਾਬ ਨੂੰ ਹੜ੍ਹਾਂ ਤੋਂ ਲੰਮੇ ਸਮੇਂ ਦੀ ਯੋਜਨਾਬੰਦੀ ਹੀ ਬਚਾ ਸਕਦੀ ਹੈ। ਮੁਰਗੀਆਂ ਦੇ ਮੁਆਵਜ਼ੇ ਦੇਣ ਜਿਹੇ ਐਲਾਨਾਂ ਨਾਲ ਗੱਲ ਨਹੀਂ ਬਣਨੀ। ਪੰਜਾਬ 'ਚ ਨਵੇਂ ਖੂਹ ਪੁੱਟਣ ਦੀ ਲੋੜ ਨਹੀਂ। ਇੱਥੇ ਢਾਈ ਲੱਖ ਤੋਂ ਵੱਧ ਪੁਰਾਣੇ ਖੂਹ ਸਨ ਜਿਨ੍ਹਾਂ ਨੂੰ ਸੁਰਜੀਤ ਕਰ ਕੇ ਬਰਸਾਤੀ ਪਾਣੀ ਉਨ੍ਹਾਂ 'ਚ ਪਾਇਆ ਜਾ ਸਕਦਾ ਹੈ ਜੋ ਸਿੱਧਾ ਹੇਠਲੇ ਪਾਣੀ 'ਚ ਨਹੀਂ ਮਿਲਦਾ ਸਗੋਂ ਮਿੱਟੀ ਰਾਹੀਂ ਸਾਫ਼ ਹੋ ਕੇ ਹੇਠਾਂ ਹੌਲੀ-ਹੌਲੀ ਜੀਰਦਾ ਹੈ। ਪੀ.ਏ.ਯੂ. ਲੁਧਿਆਣਾ ਨੇ ਕੁਝ ਖੂਹ ਸਾਫ਼ ਕਰਵਾ ਕੇ ਸਫਲ ਤਜਰਬਾ ਪਹਿਲਾਂ ਹੀ ਕਰ ਲਿਆ ਹੈ। ਪਿੰਡਾਂ ਦੇ ਛੱਪੜਾਂ ਨੂੰ ਸਾਫ਼ ਕਰ ਕੇ ਪਾਣੀ ਰੀਚਾਰਜ ਕਰਨ ਲਈ ਵਰਤਿਆ ਜਾ ਸਕਦਾ ਹੈ। ਹਾਲ ਦੀ ਘੜੀ ਇਹ ਛੱਪੜ ਗੰਦਗੀ, ਬਿਮਾਰੀਆਂ ਤੇ ਝਗੜਿਆਂ ਦਾ ਕਾਰਨ ਬਣੇ ਹੋਏ ਹਨ। ਕਈ ਸਿਆਸਤਦਾਨਾਂ ਨੇ ਇਨ੍ਹਾਂ ਉਪਰ ਆਪਣੇ ਕਰੀਬੀਆਂ ਦੇ ਕਬਜ਼ੇ ਵੀ ਕਰਵਾ ਦਿੱਤੇ ਹਨ।

ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹਿਰਾਂ ਤੇ ਪਿੰਡਾਂ 'ਚ ਹਰ ਪੱਕੀ ਛੱਤ ਵਾਲੇ ਘਰ ਦਾ ਮੀਂਹ ਵਾਲਾ ਪਾਣੀ ਧਰਤੀ 'ਚ ਪਾਉਣਾ ਲਾਜ਼ਮੀ ਕਰ ਦੇਵੇ। ਇਸ ਲਈ ਸਰਕਾਰ ਲੋਕਾਂ ਨੂੰ ਸਰਕਾਰੀ ਮਦਦ ਵੀ ਦੇਵੇ ਤੇ ਇਨਾਮ ਦੇਣ ਦਾ ਵੀ ਪ੍ਰਬੰਧ ਕਰੇ। ਛੱਤਾਂ ਦਾ ਬਰਸਾਤੀ ਪਾਣੀ ਵੀ ਹੜ੍ਹਾਂ ਦੇ ਪਾਣੀਆਂ 'ਚ ਵਾਧਾ ਕਰਦਾ ਹੈ ਤੇ ਫ਼ਜ਼ੂਲ ਹੀ ਰੁੜ੍ਹ ਜਾਂਦਾ ਹੈ।

ਹਰ ਪੰਜ ਏਕੜ ਤੋਂ ਉਪਰ ਵਾਲੀ ਜੋਤ ਦੇ ਕਿਸਾਨ ਨੂੰ ਇਹ ਜ਼ਰੂਰੀ ਕਰ ਦਿੱਤਾ ਜਾਵੇ ਕਿ ਉਹ ਆਪਣੇ ਖੇਤ 'ਚ ਬਰਸਾਤੀ ਪਾਣੀ ਰੀਚਾਰਜ ਕਰਨ ਲਈ ਕੁਝ ਨਿਰਧਾਰਤ ਹਿੱਸਾ ਛੋਟੇ ਤਲਾਅ ਵਜੋਂ ਵਿਕਸਿਤ ਕਰੇ। ਇਸ ਲਈ ਸਰਕਾਰ ਕੋਈ ਯੋਜਨਾ ਬਣਾ ਸਕਦੀ ਹੈ। ਜਦੋਂ ਲੋੜ ਨਾ ਹੋਵੇ ਉਦੋਂ ਵੀ ਨਹਿਰਾਂ ਤੇ ਦਰਿਆਵਾਂ ਦਾ ਪਾਣੀ ਇਨ੍ਹਾਂ ਤਲਾਵਾਂ ਰਾਹੀਂ ਰੀਚਾਰਜ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਦਰਿਆਵਾਂ ਤੇ ਨਦੀਆਂ ਦੇ ਹੜ੍ਹਾਂ ਵਾਲੇ ਇਲਾਕਿਆਂ 'ਚੋਂ ਨਾਜਾਇਜ਼ ਕਬਜ਼ੇ ਛੁਡਵਾ ਕੇ ਹੜ੍ਹ ਰੋਕੂ ਪ੍ਰਬੰਧ ਕੀਤੇ ਜਾਣ; ਕਿਨਾਰੇ ਚੌੜੇ ਤੇ ਉਚੇ ਕਰ ਕੇ ਪੱਕੇ ਕੀਤੇ ਜਾਣ। ਇਨ੍ਹਾਂ ਦੇ ਕਿਨਾਰਿਆਂ 'ਤੇ ਬੂਟੇ ਲਾਏ ਜਾਣ। ਘੱਗਰ ਪੰਜਾਬ ਤੇ ਹਰਿਆਣਾ ਦੀ ਤਕਰੀਬਨ ਸਰਹੱਦ 'ਤੇ ਹੀ ਵਗਦਾ ਹੈ। ਇਸ ਵਿਚ ਨਿੱਕੇ-ਨਿੱਕੇ ਡੈਮ ਬਣਾ ਕੇ ਪਾਣੀ ਰੋਕਿਆ ਜਾਵੇ ਤੇ ਉਸ ਪਾਣੀ ਲਈ ਨਹਿਰਾਂ ਬਣਾ ਦਿੱਤੀਆਂ ਜਾਣ।

ਹਰਿਆਣਾ ਘੱਗਰ ਦੇ ਸਾਰੇ ਪਾਣੀ ਨੂੰ ਸਿਰਸਾ 'ਚ ਪੈਂਦੀ ਓਟੂ ਝੀਲ 'ਚ ਰੋਕ ਲੈਂਦਾ ਹੈ ਤੇ ਵਾਧੂ ਪਾਣੀ ਰਾਜਸਥਾਨ ਵੱਲ ਛੱਡ ਦਿੰਦਾ ਹੈ। ਹਰਿਆਣਾ ਸਾਰਾ ਸਾਲ ਇਸ ਪਾਣੀ ਨੂੰ ਵਰਤਦਾ ਹੈ। ਇੰਝ ਇਹ ਝੀਲ ਪਾਣੀ ਰੀਚਾਰਜ ਦਾ ਵੀ ਕੰਮ ਕਰਦੀ ਹੈ। ਹਰਿਆਣੇ ਨੇ ਪੰਜਾਬ ਨਾਲ ਲੱਗਦੀ ਸਰਹੱਦ 'ਤੇ ਹਾਂਸੀ ਬੁਟਾਣਾ ਨਹਿਰ ਬਣਾ ਕੇ ਵੀ ਪੰਜਾਬ ਲਈ ਵੱਡੀ ਮੁਸ਼ਕਿਲ ਖੜ੍ਹੀ ਕਰ ਦਿੱਤੀ ਹੈ। ਇਹ ਨਹਿਰ ਘੱਗਰ ਦੇ ਪਾਣੀ ਨੂੰ ਵੱਡੀ ਡਾਫ਼ ਲਾ ਦਿੰਦੀ ਹੈ ਜਿਸ ਕਾਰਨ ਪੰਜਾਬ ਦੇ 50-55 ਪਿੰਡ ਹਰ ਸਾਲ ਬਰਸਾਤਾਂ ਦੇ ਮੌਸਮ 'ਚ ਸੂਲ਼ੀ 'ਤੇ ਟੰਗੇ ਰਹਿੰਦੇ ਹਨ।

ਇੱਕ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਸਾਬਕਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਲੋਕਾਂ ਨੂੰ ਕਹਿੰਦੇ ਸਨ ਕਿ 'ਤੁਸੀਂ ਪੰਜਾਬ 'ਚੋਂ ਕਾਂਗਰਸ ਚੁੱਕ ਦਿਓ, ਮੈਂ ਘੱਗਰ ਚੁੱਕ ਦਿਆਂਗਾ'। ਉਸ ਮਗਰੋਂ ਅਕਾਲੀ ਦਲ ਦੀ ਦੋ ਵਾਰ ਸਰਕਾਰ ਬਣ ਗਈ ਪਰ ਘੱਗਰ ਹਾਲੇ ਵੀ ਹਰ ਸਾਲ ਤਬਾਹੀ ਕਰ ਰਿਹਾ ਹੈ। ਸਾਬਕਾ ਸੰਸਦ ਮੈਂਬਰ ਪਰਨੀਤ ਕੌਰ ਵੀ ਕਹਿੰਦੇ ਹਨ ਕਿ ਉਨ੍ਹਾਂ ਘੱਗਰ ਤੋਂ ਬਚਾਅ ਲਈ ਬੜੇ ਕੰਮ ਕੀਤੇ ਹਨ ਪਰ ਘੱਗਰ ਤਾਂ ਪਿਛਲੇ ਵਰ੍ਹੇ ਹੀ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਕੇ ਹਟਿਆ ਹੈ ਅਤੇ ਹੁਣ ਫਿਰ ਲੋਕਾਂ ਦੇ ਸਿਰ 'ਤੇ ਤਲਵਾਰ ਲਟਕ ਰਹੀ ਹੈ।

ਘੱਗਰ ਪੰਜਾਬ ਤੇ ਹਰਿਆਣਾ ਦੇ ਸੱਤ-ਅੱਠ ਲੋਕ ਸਭਾ ਤੇ 15-20 ਵਿਧਾਨ ਸਭਾ ਹਲਕਿਆਂ 'ਚੋਂ ਲੰਘਦਾ ਅਤੇ ਹਰ ਸਾਲ ਦੋਵੇਂ ਪਾਸੇ ਹਾਹਾਕਾਰ ਮੱਚਦੀ ਹੈ। ਦੇਸ਼ 'ਆਜ਼ਾਦੀ ਦੇ ਅੰਮ੍ਰਿਤ ਕਾਲ' ਵਿਚ ਵੀ ਪ੍ਰਵੇਸ਼ ਕਰ ਚੁੱਕਾ ਹੈ ਪਰ ਘੱਗਰ ਨੇੜਲੇ ਇਲਾਕਿਆਂ ਦੇ ਵਾਸੀ ਹਾਲੇ ਵੀ 'ਨਰਕ ਕਾਲ' ਵਿਚ ਰਹਿਣ ਲਈ ਮਜਬੂਰ ਹਨ। ਇਹੋ ਹਾਲ ਦੇਸ਼



*ਸਾਲ 2023 ਵਿਚ ਆਏ ਹੜ੍ਹਾਂ ਦੀ ਮਾਰ ਦੀ ਇੱਕ ਝਲਕ।*

ਦੇ ਬਾਕੀ ਹਿੱਸਿਆਂ 'ਚ ਵਗਦੇ ਦਰਿਆਵਾਂ ਆਦਿ ਦਾ ਵੀ ਹੈ। ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਦਿਨੀਂ ਘੱਗਰ 'ਤੇ ਹੜ੍ਹਾਂ ਤੋਂ ਬਚਾਅ ਲਈ ਚਲਦੇ ਕੰਮ ਦੇਖਣ ਲਈ ਮੂਨਕ ਕੋਲ ਗਏ। ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਮਹਿਕਮੇ ਨੇ ਜੇ.ਸੀ.ਬੀ. ਮਸ਼ੀਨਾਂ ਅਤੇ ਟਰਾਲੀਆਂ ਲਾ ਦਿੱਤੀਆਂ। ਜਿਉਂ ਹੀ ਮੁੱਖ ਮੰਤਰੀ ਉਥੋਂ ਗਏ, ਮਹਿਕਮਾ ਫਿਰ ਉਸੇ ਪੁਰਾਣੇ ਰੌਂਅ 'ਚ ਆ ਗਿਆ।

ਪਟਿਆਲਾ ਨਦੀ ਲਈ ਪੰਜਾਬ ਸਰਕਾਰ ਨੇ 600 ਕਰੋੜ ਤੋਂ ਵੱਧ ਦੀ ਯੋਜਨਾ ਬਣਾਈ ਸੀ ਪਰ ਉਸ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਦਿਸਦਾ। ਇਸੇ ਤਰ੍ਹਾਂ ਪਟਿਆਲੇ ਦੀ ਛੋਟੀ ਨਦੀ ਲਈ ਵੀ ਪ੍ਰੋਜੈਕਟ ਸ਼ੁਰੂ ਹੋਇਆ ਸੀ ਪਰ ਉਹ ਵੀ ਵਿਚੇ ਲਟਕ ਗਿਆ ਹੈ। ਪਟਿਆਲੇ ਨੂੰ ਸਰਕਾਰ ਦੀ ਕੋਈ ਵੀ ਯੋਜਨਾ ਓਨਾ ਚਿਰ ਹੜ੍ਹਾਂ ਤੋਂ ਨਹੀਂ ਬਚਾ ਸਕਦੀ ਜਿੰਨਾ ਚਿਰ ਡਕਾਲਾ ਰੋਡ 'ਤੇ ਚਿੜੀਆਘਰ ਕੋਲੋਂ ਨਦੀ ਦਾ ਪੁਲ ਵੱਡਾ ਨਹੀਂ ਕੀਤਾ ਜਾਂਦਾ ਜਿੱਥੇ ਨਦੀ ਦੇ ਪਾਣੀ ਨੂੰ ਵੱਡੀ ਡਾਫ਼ ਲੱਗਦੀ ਹੈ। ਇਸ ਤੋਂ ਇਲਾਵਾ ਪਟਿਆਲਾ ਨਦੀ ਨੂੰ ਦੌਲਤਪੁਰ ਤੋਂ ਉਪਰਲੇ ਪਾਸਿਓਂ ਇੱਕ ਚੈਨਲ ਬਣਾ ਕੇ ਬਹਾਦਰਗੜ੍ਹ ਤੇ ਸਨੌਰ ਦੇ ਉਪਰੋਂ ਫਿਰ ਪਟਿਆਲਾ ਲੰਘਾ ਕੇ ਓਸੇ ਨਦੀ ਵਿਚ ਜੋੜਿਆ ਜਾਵੇ ਜਿਸ 'ਚੋਂ ਵਾਧੂ ਪਾਣੀ ਕੱਢ ਦਿੱਤਾ ਜਾਵੇ ਜਦੋਂ ਵੀ ਪਟਿਆਲੇ ਨੂੰ ਹੜ੍ਹ ਦਾ ਖ਼ਤਰਾ ਹੋਵੇ। ਬਾਕੀ ਸਮੇਂ 'ਚ ਉਸ ਚੈਨਲ 'ਚ ਪਾਣੀ ਛੱਡ ਕੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾਵੇ। ਉਹ ਪਾਣੀ ਰੀਚਾਰਜ ਦਾ ਕੰਮ ਵੀ ਕਰੇਗਾ। ਉਸ ਚੈਨਲ 'ਤੇ ਬੂਟੇ ਲਾ ਕੇ ਇਸ ਇਲਾਕੇ ਨੂੰ ਹਰਿਆ ਭਰਿਆ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਘੱਗਰ, ਸਤਲੁਜ, ਰਾਵੀ ਤੇ ਬਿਆਸ ਲਈ ਵੀ ਦੂਰਗਾਮੀ ਪ੍ਰੋਜੈਕਟ ਤਿਆਰ ਕੀਤੇ ਜਾ ਸਕਦੇ ਹਨ ਤੇ ਲੋਕਾਂ ਲਈ ਸਰਾਪ ਬਣਦਾ ਹੜ੍ਹਾਂ ਦਾ ਪਾਣੀ ਬਹੁਤ ਹੱਦ ਤੱਕ ਵਰਦਾਨ ਬਣ ਸਕਦਾ ਹੈ। ਇੰਝ ਧਰਤੀ ਹੇਠਲਾ ਪਾਣੀ ਵੀ ਉਚਾ ਆ ਜਾਵੇਗਾ ਤੇ ਨਾਲ ਹੀ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਅਜਿਹੇ ਪ੍ਰੋਜੈਕਟ ਕੇਂਦਰ ਦੀ ਸਹਾਇਤਾ ਤੋਂ ਬਿਨਾ ਸੰਭਵ ਨਹੀਂ। ਇਸ ਲਈ ਕੇਂਦਰ ਤੋਂ ਸਹਾਇਤਾ ਲੈ ਕੇ ਅਜਿਹੇ ਪ੍ਰੋਜੈਕਟ ਉਲੀਕ ਕੇ ਪੰਜਾਬ ਨੂੰ ਹੜ੍ਹਾਂ ਤੇ ਪਾਣੀ ਦੇ ਸੰਕਟ 'ਚੋਂ ਕੱਢਿਆ ਜਾ ਸਕਦਾ ਹੈ।

ਦਰਿਆਵਾਂ ਨੂੰ ਸਿਰਫ਼ ਸਿਆਸੀ ਮਿੱਟੀ ਦੇ ਬੰਨ੍ਹ ਲਾ ਕੇ ਲੋਕਾਂ ਨੂੰ ਹੜ੍ਹਾਂ ਦੀ ਭਿਆਨਕ ਤਬਾਹੀ ਤੋਂ ਨਹੀਂ ਬਚਾਇਆ ਜਾ ਸਕਦਾ।

# ਫਾਸ਼ੀਵਾਦ ਨੂੰ ਕਾਨੂੰਨੀ ਦਰਜਾ: ਸਪੈਸ਼ਲ ਪਬਲਿਕ ਸਕਿਉਰਿਟੀ ਬਿੱਲ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

11 ਜੁਲਾਈ ਨੂੰ ਮਹਾਰਾਸ਼ਟਰ ਦੀ ਭਾਜਪਾ-ਸ਼ਿਵ ਸੈਨਾ ਸਰਕਾਰ ਨੇ ਵਿਧਾਨ ਸਭਾ ਵਿਚ 'ਮਹਾਰਾਸਟਰ ਸਪੈਸ਼ਲ ਪਬਲਿਕ ਸਕਿਉਰਿਟੀ ਬਿੱਲ-2024' ਪੇਸ਼ ਕੀਤਾ। ਪਹਿਲਾਂ ਹੀ ਬੇਹੱਦ ਕਠੋਰ ਕਾਨੂੰਨ ਦੇ ਹੁੰਦਿਆਂ ਇਸ ਦੀ ਜ਼ਰੂਰਤ ਕਿਉਂ ਪਈ, ਇਸ ਬਾਰੇ ਰਾਜ ਸਰਕਾਰ ਦਾ ਕਹਿਣਾ ਹੈ: "ਮੌਜੂਦਾ ਕਾਨੂੰਨ ਨਕਸਲਵਾਦ ਨਾਲ ਨਜਿੱਠਣ ਲਈ ਬੇਅਸਰ ਅਤੇ ਨਾਕਾਫੀ ਹਨ।" ਸ਼ਹਿਰੀ ਇਲਾਕਿਆਂ ਵਿਚ 'ਨਕਸਲਵਾਦ ਦਾ ਖ਼ਤਰਾ' ਵਧ ਰਿਹਾ ਹੈ, ਇਸ ਉੱਪਰ ਕਾਬੂ ਪਾਉਣ ਲਈ ਛੱਤੀਸਗੜ੍ਹ, ਤਿਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਾਂਗ ਵਿਸ਼ੇਸ਼ ਪਬਲਿਕ ਸਕਿਉਰਿਟੀ ਐਕਟ ਬਣਾਉਣਾ ਜ਼ਰੂਰੀ ਹੈ।

ਬਿੱਲ ਅਨੁਸਾਰ "ਕਿਸੇ ਵਿਅਕਤੀ ਜਾਂ ਜਥੇਬੰਦੀ ਦੁਆਰਾ ਕੀਤੀ ਕੋਈ ਵੀ ਕਾਰਵਾਈ, ਚਾਹੇ ਉਹ ਕੋਈ ਕਾਰਵਾਈ ਹੋਵੇ ਜਾਂ ਲਿਖਤੀ ਸ਼ਬਦਾਂ ਜਾਂ ਸੰਕੇਤਾਂ ਜਾਂ ਪ੍ਰਗਟਾਓ ਰਾਹੀਂ ਜਾਂ ਕਿਸੇ ਹੋਰ ਰੂਪ 'ਚ ਹੋਵੇ", 'ਗ਼ੈਰ-ਕਾਨੂੰਨੀ ਕਾਰਵਾਈ' ਹੋ ਸਕਦੀ ਹੈ; ਭਾਵ, ਸਿਰਫ਼ ਕਾਰਵਾਈ ਹੀ ਨਹੀਂ, ਬੋਲੇ ਗਏ ਸ਼ਬਦ, ਆਨਲਾਈਨ ਸੰਦੇਸ਼ ਜਾਂ ਪੋਸਟਾਂ, ਲੇਖ, ਕਲਾਕ੍ਰਿਤਾਂ, ਪ੍ਰਦਰਸ਼ਨ ਸਮੱਗਰੀ, ਤਖ਼ਤੀਆਂ ਆਦਿ ਕਿਸੇ ਵੀ ਰੂਪ 'ਚ ਪ੍ਰਗਟਾਵਾ, ਇੱਥੋਂ ਤੱਕ ਕਿ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵੱਲੋਂ ਹਮਾਇਤ ਜਾਂ ਇਕਮੁੱਠਤਾ ਦਾ ਪ੍ਰਗਟਾਵਾ ਵੀ ਗ਼ੈਰ-ਕਾਨੂੰਨੀ ਕਾਰਵਾਈ ਮੰਨਿਆ ਜਾ ਸਕਦਾ ਹੈ। ਸਪਸ਼ਟ ਹੈ, ਹਕੂਮਤ ਦਾ ਮਨਸ਼ਾ ਆਲੋਚਨਾ ਕਰਨ ਵਾਲੀ ਕਿਸੇ ਵੀ ਜਮਹੂਰੀ ਆਵਾਜ਼ ਅਤੇ ਸਰਕਾਰ ਵਿਰੁੱਧ ਸੇਧਤ ਵਾਜਬ ਸਰਗਰਮੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਦਬਾਉਣ ਦੀ ਤਾਕਤ ਹਥਿਆਉਣਾ ਹੈ। ਰਾਜ ਸਰਕਾਰ ਚਾਹੁੰਦੀ ਹੈ ਕਿ ਉਸ ਕੋਲ ਕਿਸੇ ਵੀ ਜਨਤਕ ਅਤੇ ਰਾਜਨੀਤਕ ਸਰਗਰਮੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦੀ ਤਾਕਤ ਹੋਵੇ। ਇਸੇ ਲਈ ਐਨੀ ਜਾਬਰ ਸੰਵਿਧਾਨਕ ਵਿਵਸਥਾ ਕੀਤੀ ਗਈ ਹੈ ਜਿਸ ਤਹਿਤ ਇਹ ਜ਼ਰੂਰੀ ਨਹੀਂ ਕਿ ਸਬੰਧਿਤ ਜਥੇਬੰਦੀ ਜਾਂ ਵਿਅਕਤੀ ਗ਼ੈਰ-ਕਾਨੂੰਨੀ ਕਾਰਵਾਈਆਂ ਕਰਦਾ ਹੋਵੇ, ਸਰਕਾਰ ਦੀ ਸੋਚ ਹੀ ਕਾਫ਼ੀ ਹੈ ਕਿ ਫਲਾਣੀ ਜਥੇਬੰਦੀ ਜਾਂ ਉਸ ਦੀਆਂ ਕਾਰਵਾਈਆਂ ਗ਼ੈਰ-ਕਾਨੂੰਨੀ ਹਨ ਅਤੇ 'ਪਬਲਿਕ ਸੁਰੱਖਿਆ' ਲਈ ਉਸ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣਾ ਜ਼ਰੂਰੀ ਹੈ। ਚਾਹੇ ਕੋਈ ਵਿਅਕਤੀ ਕਿਸੇ ਗ਼ੈਰ-ਕਾਨੂੰਨੀ ਜਥੇਬੰਦੀ ਦਾ ਮੈਂਬਰ ਨਾ ਵੀ ਹੋਵੇ, ਜੇ ਸਰਕਾਰ ਨੂੰ ਉਸ ਦੇ ਵਿਚਾਰ ਪਸੰਦ ਨਹੀਂ ਤਾਂ ਉਸ ਨੂੰ ਹੁਣ ਗ਼ੈਰ-ਕਾਨੂੰਨੀ ਕਾਰਵਾਈਆਂ ਦਾ ਹਮਾਇਤੀ ਜਾਂ ਮਦਦਗਾਰ ਕਰਾਰ ਦੇ ਕੇ ਉਸੇ ਤਰ੍ਹਾਂ ਸਜ਼ਾ ਦਿੱਤੀ ਜਾ ਸਕਦੀ ਹੈ ਜੋ ਸਜ਼ਾ ਦੀ ਵਿਵਸਥਾ ਗ਼ੈਰ-ਕਾਨੂੰਨੀ ਜਥੇਬੰਦੀਆਂ ਦੇ ਜੁਰਮਾਂ ਲਈ ਤੈਅ ਕੀਤੀ ਗਈ ਹੈ।

ਬਿੱਲ ਅਨੁਸਾਰ 1) "ਜਨਤਕ ਵਿਵਸਥਾ, ਸ਼ਾਂਤੀ ਅਤੇ ਸਦਭਾਵਨਾ ਲਈ ਖ਼ਤਰਾ ਜਾਂ ਭੈਅ ਪੈਦਾ ਕਰਨ ਵਾਲੀ"; 2) "ਜਨਤਕ ਵਿਵਸਥਾ 'ਚ ਦਖ਼ਲਅੰਦਾਜ਼ੀ ਕਰਨ ਜਾਂ ਦਖ਼ਲਅੰਦਾਜ਼ੀ ਕਰਨ ਦਾ ਝੁਕਾਅ ਰੱਖਦੀ ਸਰਗਰਮੀ; 3) "ਕਾਨੂੰਨ ਪ੍ਰਸ਼ਾਸਨ ਜਾਂ ਇਸ ਦੀਆਂ ਸਥਾਪਤ ਸੰਸਥਾਵਾਂ ਅਤੇ ਇਨ੍ਹਾਂ ਦੇ ਅਮਲੇ" 'ਚ ਦਖ਼ਲਅੰਦਾਜ਼ੀ ਕਰਨ ਜਾਂ ਦਖ਼ਲਅੰਦਾਜ਼ੀ ਦਾ ਝੁਕਾਅ ਰੱਖਦੀ ਸਰਗਰਮੀ; 4) ਅਪਰਾਧਿਕ ਤਾਕਤ ਜਾਂ ਅਪਰਾਧਿਕ ਤਾਕਤ ਦੇ ਦਿਖਾਵੇ ਨਾਲ ਰਾਜ ਅਤੇ ਕੇਂਦਰ ਦੀਆਂ ਪੁਲਿਸ/ਨੀਮ-ਫ਼ੌਜੀ ਤਾਕਤਾਂ ਸਮੇਤ ਕਿਸੇ ਵੀ ਸਰਕਾਰੀ ਮੁਲਾਜ਼ਮ ਉਪਰ ਰੋਹਬ ਜਮਾਉਣ ਵਾਲੀ ਸਰਗਰਮੀ; 5) ਹਿੰਸਾ, ਭੰਨ-ਤੋੜ, ਹਥਿਆਰਾਂ ਦੀ ਵਰਤੋਂ, ਵਿਸਫੋਟਕਾਂ ਜਾਂ ਹੋਰ ਯੰਤਰਾਂ ਦੀ ਵਰਤੋਂ ਜਾਂ ਜਨਤਾ 'ਚ ਡਰ ਅਤੇ ਤੌਖਲਾ ਪੈਦਾ ਕਰਨ ਵਾਲੀਆਂ ਹੋਰ ਕਾਰਵਾਈਆਂ ਜਾਂ ਰੇਲ, ਸੜਕੀ, ਹਵਾਈ ਜਾਂ ਜਲ ਮਾਰਗੀ ਆਵਾਜਾਈ ਰੋਕਣ ਦੀ ਕਾਰਵਾਈ 'ਚ ਸ਼ਾਮਲ ਹੋਣਾ ਜਾਂ ਇਸ ਦਾ ਪ੍ਰਚਾਰ ਕਰਨਾ; 6) "ਸਥਾਪਤ ਕਾਨੂੰਨ ਅਤੇ ਇਸ ਦੀਆਂ ਸੰਸਥਾਵਾਂ ਦੀ ਅਵੱਗਿਆ ਲਈ ਉਤਸ਼ਾਹਤ ਕਰਨਾ ਜਾਂ ਇਸ ਦਾ ਪ੍ਰਚਾਰ ਕਰਨਾ"; 7) ਉਪਰ ਜ਼ਿਕਰ ਕੀਤੀਆਂ ਸਾਰੀਆਂ ਕਾਰਵਾਈਆਂ ਜਾਂ ਕਿਸੇ ਵੀ ਗੈਰ-ਕਾਨੂੰਨੀ ਕਾਰਵਾਈ ਨੂੰ ਅੰਜਾਮ ਦੇਣ ਲਈ ਪੈਸਾ ਜਾਂ ਸਮਾਨ ਇਕੱਠਾ ਕਰਨਾ, ਇਹ ਸਾਰਾ ਕੁਝ ਗ਼ੈਰ-ਕਾਨੂੰਨੀ ਮੰਨਿਆ ਜਾ ਸਕਦਾ ਹੈ। ਲਿਹਾਜ਼ਾ, ਗ਼ੈਰ-ਕਾਨੂੰਨੀ ਦੀ ਪਰਿਭਾਸ਼ਾ ਐਨੀ ਵਸੀਹ ਹੈ ਕਿ ਇਸ ਵਿਚ ਸੰਘਰਸ਼ ਦੇ ਉਹ ਸਾਰੇ ਜਮਹੂਰੀ ਤਰੀਕੇ ਆ ਜਾਂਦੇ ਹਨ ਜੋ ਲੋਕ ਅਕਸਰ ਹੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਆਪਣੇ ਮੰਗਾਂ-ਮਸਲਿਆਂ ਦੀ ਸੁਣਵਾਈ ਨਾ ਹੋਣ ਦੀ ਸੂਰਤ 'ਚ ਜਨਤਕ ਦਬਾਅ ਪਾਉਣ ਲਈ ਵਰਤਦੇ ਹਨ।

ਬਿੱਲ ਵਿਚ ਕਿਹਾ ਗਿਆ ਹੈ ਕਿ ਇਸ ਕਾਨੂੰਨ ਦੇ ਤਹਿਤ ਆਉਣ ਵਾਲੇ ਸਾਰੇ ਅਪਰਾਧ ਨੋਟਿਸ ਲੈਣ ਯੋਗ ਹੋਣਗੇ ਅਤੇ ਗੈਰ-ਜ਼ਮਾਨਤੀ ਹੋਣਗੇ; ਭਾਵ, ਬਿਨਾਂ ਵਾਰੰਟ ਗ੍ਰਿਫ਼ਤਾਰ ਕੀਤਾ ਜਾ ਸਕੇਗਾ। ਇਨ੍ਹਾਂ ਦੀ ਜਾਂਚ ਸਬ-ਇੰਸਪੈਕਟਰ ਤੋਂ ਘੱਟ ਰੈਂਕ ਦੇ ਪੁਲਿਸ ਅਧਿਕਾਰੀ ਦੁਆਰਾ ਨਹੀਂ ਕੀਤੀ ਜਾਵੇਗੀ।

ਇਨ੍ਹਾਂ ਅਪਰਾਧਾਂ ਲਈ ਸਜ਼ਾਵਾਂ ਦਾ ਹਵਾਲਾ ਦਿੰਦੇ ਹੋਏ, ਬਿੱਲ ਕਹਿੰਦਾ ਹੈ: "ਜੋ ਕੋਈ ਵੀ ਕਿਸੇ ਗੈਰ-ਕਾਨੂੰਨੀ ਜਥੇਬੰਦੀ ਦਾ ਮੈਂਬਰ ਹੈ ਜਾਂ ਕਿਸੇ ਅਜਿਹੀ ਸੰਸਥਾ ਦੀਆਂ ਮੀਟਿੰਗਾਂ ਜਾਂ ਸਰਗਰਮੀਆਂ ਵਿਚ ਹਿੱਸਾ ਲੈਂਦਾ ਹੈ ਜਾਂ ਕਿਸੇ ਅਜਿਹੀ ਸੰਸਥਾ ਦੇ ਉਦੇਸ਼ ਲਈ ਕੋਈ ਯੋਗਦਾਨ ਦਿੰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਯੋਗਦਾਨ ਮੰਗਦਾ ਹੈ, ਉਸ ਨੂੰ ਤਿੰਨ ਸਾਲ ਤੱਕ ਦੀ ਸਜ਼ਾ ਦਿੱਤੀ ਜਾਵੇਗੀ ਅਤੇ 3 ਲੱਖ ਰੁਪਏ ਜੁਰਮਾਨਾ ਭਰਨਾ ਪਵੇਗਾ।"

"ਜੋ ਕੋਈ ਵੀ, ਕਿਸੇ ਗੈਰ-ਕਾਨੂੰਨੀ ਜਥੇਬੰਦੀ ਦਾ ਮੈਂਬਰ ਨਾ ਹੁੰਦੇ ਹੋਏ ਵੀ, ਅਜਿਹੀ ਸੰਸਥਾ ਲਈ ਕੋਈ ਯੋਗਦਾਨ ਦਿੰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਕੋਈ ਯੋਗਦਾਨ ਜਾਂ ਸਹਾਇਤਾ ਮੰਗਦਾ ਹੈ ਜਾਂ ਅਜਿਹੀ ਸੰਸਥਾ ਦੇ ਕਿਸੇ ਮੈਂਬਰ ਨੂੰ ਪਨਾਹ ਦਿੰਦਾ ਹੈ, ਉਸ ਨੂੰ ਦੋ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ 2 ਲੱਖ ਰੁਪਏ ਤੱਕ ਦਾ ਜੁਰਮਾਨਾ ਭਰਨਾ ਪਵੇਗਾ।"

"ਜੋ ਕੋਈ ਵੀ ਕਿਸੇ ਗੈਰ-ਕਾਨੂੰਨੀ ਜਥੇਬੰਦੀ ਦਾ ਪ੍ਰਬੰਧਨ ਕਰਦਾ ਹੈ ਜਾਂ ਪ੍ਰਬੰਧਨ ਵਿਚ ਸਹਾਇਤਾ ਕਰਦਾ ਹੈ ਜਾਂ ਕਿਸੇ ਵੀ ਅਜਿਹੀ ਸੰਸਥਾ ਜਾਂ ਇਸਦੇ ਕਿਸੇ ਮੈਂਬਰ ਦੀ ਮੀਟਿੰਗ ਨੂੰ ਉਤਸ਼ਾਹਤ ਕਰਦਾ ਹੈ ਜਾਂ ਉਸ ਨੂੰ ਉਤਸ਼ਾਹਤ ਕਰਨ ਵਿਚ ਸਹਾਇਤਾ ਕਰਦਾ ਹੈ ਜਾਂ ਕਿਸੇ ਵੀ ਤਰੀਕੇ ਨਾਲ ਜਾਂ ਕਿਸੇ ਵੀ ਮਾਧਿਅਮ ਜਾਂ ਸਾਧਨ ਦੁਆਰਾ ਅਜਿਹੀ ਸੰਸਥਾ ਦੀ ਕਿਸੇ ਗੈਰ-ਕਾਨੂੰਨੀ ਸਰਗਰਮੀ ਵਿਚ ਸ਼ਾਮਲ ਹੁੰਦਾ ਹੈ। ਉਸ ਨੂੰ ਤਿੰਨ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ 3 ਲੱਖ ਰੁਪਏ ਤੱਕ ਜੁਰਮਾਨਾ ਭਰਨਾ ਪਵੇਗਾ।"

"ਜੋ ਕੋਈ ਵੀ ਅਜਿਹੀ ਗ਼ੈਰ-ਕਾਨੂੰਨੀ ਸੰਸਥਾ ਦੀ ਕਿਸੇ ਵੀ ਗੈਰ-ਕਾਨੂੰਨੀ ਕਾਰਵਾਈ ਨੂੰ ਅੰਜਾਮ ਦਿੰਦਾ ਹੈ ਜਾਂ ਕਰਨ ਲਈ ਉਕਸਾਉਂਦਾ ਹੈ ਜਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕਰਨ ਦੀ ਯੋਜਨਾ ਬਣਾਉਂਦਾ ਹੈ, ਉਸ ਨੂੰ ਸੱਤ ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ 5 ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ।"

ਇਸ ਬਿੱਲ ਰਾਹੀਂ ਸਰਕਾਰ ਨੇ ਕਿਸੇ ਵੀ ਜਥੇਬੰਦੀ ਜਾਂ ਵਿਅਕਤੀ ਦੀਆਂ ਕਾਰਵਾਈਆਂ ਨੂੰ 'ਗ਼ੈਰ-ਕਾਨੂੰਨੀ' ਕਰਾਰ ਦੇ ਕੇ ਉਨ੍ਹਾਂ ਦੇ ਆਪਣੇ ਅਤੇ ਅਜਿਹੀਆਂ 'ਗ਼ੈਰ-ਕਾਨੂੰਨੀ' ਕਾਰਵਾਈ ਦੀ ਮਦਦ ਕਰਨ, ਹਮਾਇਤ ਕਰਨ ਜਾਂ ਉਤਸ਼ਾਹਤ ਕਰਨ ਵਾਲਿਆਂ ਦੇ ਆਰਥਕ/ਵਿਤੀ ਵਸੀਲਿਆਂ (ਪੈਸਾ, ਸਕਿਉਰਿਟੀਜ਼ ਜਾਂ ਹੋਰ ਜਾਇਦਾਦਾਂ) ਜ਼ਬਤ ਕਰਨ ਦੀਆਂ ਵਸੀਹ ਤਾਕਤਾਂ ਹਥਿਆ ਲਈਆਂ ਹਨ। ਇਹ ਬਿੱਲ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲਿਸ ਕਮਿਸ਼ਨਰ ਨੂੰ ਇਹ ਤਾਕਤ ਦਿੰਦਾ ਹੈ ਕਿ ਜੇ ਉਨ੍ਹਾਂ ਦੀ ਰਾਇ ਅਨੁਸਾਰ ਕੋਈ ਖ਼ਾਸ ਜਗ੍ਹਾ ਜਾਂ ਕੋਈ ਖ਼ਾਸ ਇਮਾਰਤ ਗ਼ੈਰ-ਕਾਨੂੰਨੀ ਕਾਰਵਾਈ ਲਈ ਵਰਤੀ ਗਈ ਹੈ ਤਾਂ ਉਹ ਉਸ ਨੂੰ ਨੋਟੀਫਾਈ ਕਰ ਕੇ ਕਬਜ਼ੇ 'ਚ ਲੈ ਸਕਦਾ ਹੈ, ਉਸ ਵਿਚਲਾ ਸਾਰਾ ਸਮਾਨ ਜ਼ਬਤ ਕਰ ਸਕਦਾ ਹੈ ਅਤੇ ਉਸ ਵਿਚਲੇ ਸਾਰੇ ਵਿਅਕਤੀਆਂ ਨੂੰ ਬੇਦਖ਼ਲ ਕਰ ਸਕਦਾ ਹੈ। ਇਹ ਖਣਨ ਪ੍ਰੋਜੈਕਟਾਂ ਜਾਂ ਹੋਰ ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਜਲ, ਜੰਗਲ, ਜ਼ਮੀਨ ਤੋਂ ਉਜਾੜੇ ਜਾਣ ਵਿਰੁੱਧ ਆਪਣੇ ਹਿਤਾਂ ਲਈ ਲੜ ਰਹੇ ਆਦਿਵਾਸੀਆਂ ਅਤੇ ਹੋਰ ਲੋਕਾਂ ਦੀਆਂ ਥੋਕ 'ਚ ਗ੍ਰਿਫ਼ਤਾਰੀਆਂ, ਜਾਇਦਾਦਾਂ ਦੀ ਜ਼ਬਤੀ ਅਤੇ ਬੇਦਖ਼ਲੀ ਦਾ ਰਾਹ ਖੋਲ੍ਹਣ ਵਾਲਾ ਬਿੱਲ ਹੈ।

ਕਿਸੇ ਵੀ ਜਥੇਬੰਦੀ ਨੂੰ 'ਗੈਰ-ਕਾਨੂੰਨੀ' ਕਰਾਰ ਦੇਣ ਦੇ ਸਰਕਾਰ ਦੇ ਅਜਿਹੇ ਫ਼ੈਸਲੇ ਦੀ ਸਮੀਖਿਆ ਕਰਨ ਲਈ ਰਾਜ ਸਰਕਾਰ ਦੁਆਰਾ ਤਿੰਨ ਮੈਂਬਰੀ ਸਲਾਹਕਾਰ ਬੋਰਡ ਬਣਾਇਆ ਜਾਵੇਗਾ ਜਿਨ੍ਹਾਂ ਨੂੰ "ਹਾਈਕੋਰਟ ਦੇ ਜੱਜ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ ਜਾਂ ਜੋ ਨਿਯੁਕਤ ਕੀਤੇ ਜਾਣ ਦੇ ਯੋਗ ਹਨ।" ਸਤਹੀ ਤੌਰ 'ਤੇ ਦੇਖਿਆਂ ਜਾਪਦਾ ਹੈ ਕਿ ਇਹ ਸਰਕਾਰ ਦੇ ਗ਼ਲਤ ਫ਼ੈਸਲੇ ਤੋਂ ਪੀੜਤ ਧਿਰ ਨੂੰ ਨਿਆਂ ਦਿਵਾਉਣ ਦੀ ਕਾਰਗਰ ਵਿਵਸਥਾ ਹੈ; ਦਰਅਸਲ, ਇਹ ਮਹਿਜ਼ ਖ਼ਾਨਾਪੂਰਤੀ ਹੈ ਕਿਉਂਕਿ ਸਲਾਹਕਾਰ ਬੋਰਡ ਅੱਗੇ ਪੇਸ਼ ਕਰਨ ਤੋਂ ਪਹਿਲਾਂ ਹੀ ਸਰਕਾਰ ਕਿਸੇ ਜਥੇਬੰਦੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਸਕਦੀ ਹੈ। 'ਜਨਤਕ ਹਿਤ' ਦੇ ਨਾਂ ਹੇਠ ਸਰਕਾਰ ਇਸ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਸਕਦੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਸਥਾਵਾਂ ਦਾ ਤਜਰਬਾ ਦੱਸਦਾ ਹੈ ਕਿ ਸਰਕਾਰ ਅਜਿਹੀਆਂ ਸੰਸਥਾਵਾਂ ਵਿਚ ਅਜਿਹੇ ਸ਼ਖ਼ਸਾਂ ਨੂੰ ਨਿਯੁਕਤ ਕਰਦੀ ਹੈ ਜਿਨ੍ਹਾਂ ਨੇ ਸਰਕਾਰ ਦੇ ਲਏ ਫ਼ੈਸਲਿਆਂ ਉੱਪਰ ਮੋਹਰ ਲਾਉਣੀ ਹੁੰਦੀ ਹੈ। ਕੇਂਦਰ ਸਰਕਾਰ ਦੇ ਪੱਧਰ 'ਤੇ ਗ਼ੈਰ-ਕਾਨੂੰਨੀ ਕਰਾਰ ਦਿੱਤੀ ਕਿਸੇ ਇਕ ਵੀ ਜਥੇਬੰਦੀ ਨੂੰ ਅਜੇ ਤੱਕ ਅਜਿਹੇ ਬੋਰਡਾਂ ਰਾਹੀਂ ਨਿਆਂ ਨਹੀਂ ਮਿਲਿਆ ਹੈ।




*ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਮੁੰਬਈ ਵਿਚ ਸਪੈਸ਼ਲ ਪਬਲਿਕ ਸਕਿਉਰਿਟੀ ਬਿੱਲ ਬਾਰੇ ਖੁਲਾਸਾ ਕਰਦੇ ਹੋਏ।*

ਇਹ ਬਿੱਲ ਨਕਸਲਵਾਦ ਦੇ ਵਧ ਰਹੇ ਖ਼ਤਰੇ ਦੇ ਬਹਾਨੇ ਲਿਆਂਦਾ ਗਿਆ ਹੈ। ਬਿੱਲ ਦਾ 'ਉਦੇਸ਼ਾਂ ਅਤੇ ਕਾਰਨਾਂ ਦਾ ਬਿਆਨ' ਕਹਿੰਦਾ ਹੈ, "ਨਕਸਲਵਾਦ ਦਾ ਖ਼ਤਰਾ ਸਿਰਫ਼ ਨਕਸਲ ਪ੍ਰਭਾਵਿਤ ਰਾਜਾਂ ਦੇ ਦੂਰ-ਦਰਾਜ਼ ਖੇਤਰਾਂ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਨਕਸਲੀ ਫਰੰਟ ਜਥੇਬੰਦੀਆਂ ਜ਼ਰੀਏ ਸ਼ਹਿਰੀ ਖੇਤਰਾਂ ਵਿਚ ਵੀ ਇਸ ਦੀ ਮੌਜੂਦਗੀ ਵਧ ਰਹੀ ਹੈ। ਨਕਸਲੀ ਗਰੁੱਪਾਂ ਦੀਆਂ ਸਰਗਰਮ ਜਥੇਬੰਦੀਆਂ ਦਾ ਪਸਾਰਾ ਉਨ੍ਹਾਂ ਦੇ ਹਥਿਆਰਬੰਦ ਕਾਡਰਾਂ ਨੂੰ ਲੌਜਿਸਟਿਕਸ ਅਤੇ ਸੁਰੱਖਿਅਤ ਪਨਾਹ ਦੇ ਮਾਮਲੇ ਵਿਚ ਨਿਰੰਤਰ ਅਤੇ ਅਸਰਦਾਰ ਮਦਦ ਕਰਦਾ ਹੈ। ਨਕਸਲੀਆਂ ਦੇ ਜ਼ਬਤ ਕੀਤੇ ਸਾਹਿਤ ਤੋਂ ਪਤਾ ਲੱਗਦਾ ਹੈ ਕਿ ਮਹਾਰਾਸ਼ਟਰ ਦੇ ਸ਼ਹਿਰਾਂ ਵਿਚ ਮਾਓਵਾਦੀ ਨੈੱਟਵਰਕ ਦੇ 'ਸੁਰੱਖਿਅਤ ਟਿਕਾਣੇ' ਅਤੇ 'ਸ਼ਹਿਰੀ ਛੁਪਣਗਾਹਾਂ' ਹਨ। ਸੰਵਿਧਾਨਿਕ ਫਤਵੇ ਵਿਰੁੱਧ ਹਥਿਆਰਬੰਦ ਬਗ਼ਾਵਤ ਦੀ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਅਤੇ ਜਨਤਕ ਵਿਵਸਥਾ 'ਚ ਖ਼ਲਲ ਪਾਉਣ ਲਈ ਨਕਸਲੀ ਜਥੇਬੰਦੀਆਂ ਜਾਂ ਉਨ੍ਹਾਂ ਵਰਗੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਆਪਣੇ ਸੰਯੁਕਤ ਮੋਰਚੇ ਰਾਹੀਂ ਆਮ ਲੋਕਾਂ ਵਿਚ ਬੇਚੈਨੀ ਪੈਦਾ ਕਰ ਰਹੀਆਂ ਹਨ।" ਬਿੱਲ ਅੱਗੇ ਕਹਿੰਦਾ ਹੈ, "ਅਜਿਹੀਆਂ ਸੰਸਥਾਵਾਂ ਨੂੰ ਅਸਰਦਾਰ ਕਾਨੂੰਨੀ ਮਾਧਿਅਮ ਰਾਹੀਂ ਕਾਬੂ ਕਰਨ ਦੀ ਲੋੜ ਹੈ।"

ਬਿੱਲ ਨਾਲ ਇਕ ਵਾਰ ਫਿਰ ਸਪਸ਼ਟ ਹੋ ਗਿਆ ਕਿ ਸੰਘ ਬ੍ਰਿਗੇਡ ਨਕਸਲਵਾਦ ਨੂੰ ਹਊਆ ਬਣਾ ਕੇ ਸਰਕਾਰ ਵਿਰੁੱਧ ਹਰ ਵਾਜਬ ਆਲੋਚਨਾ ਅਤੇ ਜਮਹੂਰੀ ਵਿਰੋਧ ਨੂੰ ਕੁਚਲਣ ਲਈ ਇਸ ਨੂੰ ਵੱਡੇ ਹਥਿਆਰ ਦੇ ਰੂਪ 'ਚ ਵਰਤ ਰਿਹਾ ਹੈ। 'ਸ਼ਹਿਰੀ ਨਕਸਲੀ' 'ਟੁਕੜੇ ਟੁਕੜੇ ਗੈਂਗ' ਦਾ ਮਨਘੜਤ ਬਿਰਤਾਂਤ ਆਮ ਨਾਗਰਿਕਾਂ 'ਚ ਸੰਘਰਸ਼ਾਂ ਪ੍ਰਤੀ ਡਰ ਤੇ ਸ਼ੱਕ ਪੈਦਾ ਕਰਨ ਲਈ ਸਿਰਜਿਆ ਗਿਆ ਹੈ। ਹਕੀਕਤ ਸਭ ਨੂੰ ਪਤਾ ਹੈ ਕਿ 'ਸ਼ਹਿਰੀ ਨਕਸਲੀ' ਦਾ ਕੋਈ ਵਜੂਦ ਨਹੀਂ। ਇੰਡੀਆ ਟੁਡੇ ਟੀ.ਵੀ. ਦੀ ਆਰ.ਟੀ.ਆਈ. ਦੇ ਜਵਾਬ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਖੱਬੇ ਪੱਖੀ ਅੱਤਵਾਦ ਸ਼ਾਖਾ ਦੇ ਅਧਿਕਾਰੀ ਨੇ ਮੰਨਿਆ ਕਿ ਸਰਕਾਰ ਕੋਲ 'ਸ਼ਹਿਰੀ ਨਕਸਲੀ' ਅਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਕੋਈ ਜਾਣਕਾਰੀ ਨਹੀਂ। ਇੰਡੀਆ ਟੁਡੇ ਬਲਾਗ ਦੀ ਰਿਪੋਰਟ (7 ਫਰਵਰੀ 2020) ਅਨੁਸਾਰ ਗ੍ਰਹਿ ਮੰਤਰਾਲੇ ਵੱਲੋਂ ਇਸ ਆਰ.ਟੀ.ਆਈ. ਦੇ ਚਾਰ ਸਵਾਲਾਂ (ਸ਼ਹਿਰੀ ਨਕਸਲੀ ਕੌਣ ਹਨ? ਉਹ ਕਿਸੇ ਇਲਾਕੇ 'ਚ ਕੰਮ ਕਰਦੇ ਹਨ? ਹੁਣ ਤੱਕ ਕਿੰਨੇ ਸ਼ਹਿਰੀ ਨਕਸਲੀ ਗ੍ਰਿਫ਼ਤਾਰ ਕੀਤੇ ਗਏ ਅਤੇ ਕਿੰਨਿਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ? ਕੀ ਭਾਰਤ ਸਰਕਾਰ ਨੇ ਕਦੇ ਸ਼ਹਿਰੀ ਨਕਸਲੀ ਉੱਪਰ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਹੈ? ਜੇ ਕੀਤੀ ਤਾਂ ਕਦੋਂ?) ਦੇ ਜਵਾਬ ਨਾਂਹ 'ਚ ਦਿੱਤੇ ਗਏ। 9 ਫਰਵਰੀ 2022 ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਜ ਸਭਾ ਨੂੰ ਦੱਸਿਆ ਕਿ "ਸਰਕਾਰ 'ਸ਼ਹਿਰੀ ਨਕਸਲੀ' ਸ਼ਬਦ ਨਹੀਂ ਵਰਤਦੀ ਪਰ ਖੱਬੇ ਪੱਖੀ ਅੱਤਵਾਦ ਦੇ ਮਾਮਲੇ 'ਚ ਸ਼ਹਿਰੀ ਤੇ ਹੋਰ ਇਲਾਕਿਆਂ 'ਚ ਚੌਕਸੀ ਰੱਖੀ ਜਾਂਦੀ ਹੈ ਅਤੇ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।"

ਸਵਾਲ ਹੈ: ਕੀ ਰਾਜ ਗ੍ਰਹਿ ਮੰਤਰੀ ਦਾ ਇਹ ਬਿਆਨ ਇਮਾਨਦਾਰੀ ਨਾਲ ਦਿੱਤਾ ਗਿਆ ਹੈ ਕਿ ਸਰਕਾਰ 'ਸ਼ਹਿਰੀ ਨਕਸਲੀ ਸ਼ਬਦ ਨਹੀਂ ਵਰਤਦੀ? ਮੋਦੀ-ਅਮਿਤ ਸ਼ਾਹ ਸਮੇਤ ਭਾਜਪਾ ਦੇ ਵੱਡੇ ਆਗੂ ਚੋਣ ਰੈਲੀਆਂ 'ਚ ਦਿੱਤੇ ਭਾਸ਼ਣਾਂ ਅਤੇ ਹੋਰ ਬਿਆਨਬਾਜ਼ੀ ਵਿਚ 'ਸ਼ਹਿਰੀ ਨਕਸਲੀ' ਲਕਬ ਅਕਸਰ ਵਰਤਦੇ ਦੇਖੇ ਜਾ ਸਕਦੇ ਹਨ। ਸੂਰਜਕੁੰਡ (ਹਰਿਆਣਾ) ਵਿਖੇ ਰਾਜਾਂ ਦੇ ਗ੍ਰਹਿ ਮੰਤਰੀਆਂ ਅਤੇ ਪੁਲਿਸ ਦੇ ਡਾਇਰੈਕਟਰ ਜਨਰਲਾਂ ਦੇ 'ਚਿੰਤਨ ਸ਼ਿਵਰ' ਦੌਰਾਨ ਮੋਦੀ ਨੇ ਹਰ ਤਰ੍ਹਾਂ ਦੇ ਨਕਸਲਵਾਦ, ਚਾਹੇ ਇਹ 'ਬੰਦੂਕਧਾਰੀ ਹੋਵੇ ਜਾਂ ਕਲਮਧਾਰੀ', ਨੂੰ ਖ਼ਤਮ ਕਰਨ 'ਤੇ ਜ਼ੋਰ ਦਿੱਤਾ ਸੀ। ਜਦੋਂ ਪ੍ਰਧਾਨ ਮੰਤਰੀ ਲੇਖਕਾਂ, ਚਿੰਤਕਾਂ ਉੱਪਰ ਕਲਮਧਾਰੀ ਨਕਸਲੀ ਦਾ ਠੱਪਾ ਲਗਾ ਕੇ ਉਨ੍ਹਾਂ ਨੂੰ ਕੁਚਲ ਦੇਣ ਲਈ ਕਹਿ ਰਿਹਾ ਹੈ ਤਾਂ ਆਰ.ਐੱਸ.ਐੱਸ.-ਭਾਜਪਾ ਦੀਆਂ ਰਾਜ ਸਰਕਾਰਾਂ ਭਲਾ ਪਿੱਛੇ ਕਿਉਂ ਰਹਿਣਗੀਆਂ?

'ਨਕਸਲਵਾਦ-ਮਾਓਵਾਦ' ਦਾ ਹਊਆ ਖੜ੍ਹਾ ਕਰਨ ਦੇ ਪਿੱਛੇ ਮੌਜੂਦਾ ਸੱਤਾਧਾਰੀ ਧਿਰ ਦਾ ਵੱਡਾ ਮਨੋਰਥ ਹੋਰ ਵੀ ਹੈ। ਖ਼ੁਦ ਘੋਰ ਪਿਛਾਂਹਖਿੱਚੂ ਵਿਚਾਰਧਾਰਾ ਨੂੰ ਪ੍ਰਣਾਈ ਅਤੇ ਕਾਤਲਾਂ, ਬਲਾਤਕਾਰੀਆਂ ਤੇ ਹੋਰ ਮੁਜਰਮਾਂ ਦੀ ਪੁਸ਼ਤ-ਪਨਾਹੀ ਕਰਨ ਵਾਲੀ ਕੱਟੜ ਫਿਰਕੂ ਦਹਿਸ਼ਤਵਾਦੀ ਆਰ.ਐੱਸ.ਐੱਸ.-ਭਾਜਪਾ ਇਸ ਹਕੀਕਤ ਨੂੰ ਲੁਕੋ ਰਹੀ ਹੈ ਕਿ ਨਕਸਲੀ/ਮਾਓਵਾਦੀ ਲਹਿਰ ਕੋਈ ਮੁਜਰਮਾਂ ਜਾਂ ਲਹੂ ਦੇ ਤਿਹਾਏ ਦਹਿਸ਼ਤਵਾਦੀਆਂ ਦਾ ਗਰੋਹ ਨਹੀਂ। ਇਸ ਵਿਚ ਵੱਡੀ ਗਿਣਤੀ 'ਚ ਪੜ੍ਹੇ-ਲਿਖੇ ਸੰਵੇਦਨਸ਼ੀਲ ਲੋਕ ਹਨ ਜੋ ਮੌਜੂਦਾ ਜਾਬਰ ਲੋਟੂ ਰਾਜ ਨੂੰ ਹਥਿਆਰਬੰਦ ਤਾਕਤ ਨਾਲ ਖ਼ਤਮ ਕਰ ਕੇ ਸੱਚਾ ਲੋਕਰਾਜ ਲਿਆਉਣ ਦੇ ਆਪਣੇ ਵਿਚਾਰਧਾਰਕ ਅਕੀਦੇ ਨੂੰ ਸਮਰਪਿਤ ਹਨ ਅਤੇ ਉਹ ਆਪਣੇ ਸ਼ਾਨਦਾਰ ਕਰੀਅਰ ਤਿਆਗ ਕੇ ਮਜ਼ਦੂਰਾਂ-ਕਿਸਾਨਾਂ, ਦਲਿਤਾਂ ਤੇ ਆਦਿਵਾਸੀਆਂ ਦੀ ਸੰਤਾਪੀ ਜ਼ਿੰਦਗੀ ਨੂੰ ਜਿਊਣ ਦੇ ਕਾਬਲ ਬਣਾਉਣ ਲਈ ਜੂਝ/ਮਰ ਰਹੇ ਹਨ। ਭਾਰਤੀ ਹਾਕਮ ਜਮਾਤੀ ਸਿਆਸਤਦਾਨਾਂ ਦੇ ਕੋੜਮੇ ਨੂੰ ਨਕਸਲੀਆਂ ਦਾ 'ਮੁੱਖਧਾਰਾ' ਤੋਂ ਬਾਹਰ ਜਾ ਕੇ ਰੈਡੀਕਲ ਸਿਆਸਤ ਕਰਨਾ ਗਵਾਰਾ ਨਹੀਂ। ਨਕਸਲੀਆਂ ਦੇ ਹਥਿਆਰਬੰਦ ਸੰਘਰਸ਼ ਰਾਹੀਂ ਸਮਾਜਿਕ ਤਬਦੀਲੀ ਲਿਆਉਣ ਦੀ ਰਾਜਨੀਤਕ ਵਿਚਾਰਧਾਰਾ ਉਪਰ ਬਹਿਸ ਹੋ ਸਕਦੀ ਹੈ ਪਰ ਇਸ ਤੱਥ ਨੂੰ ਕੋਈ ਵੀ ਨਕਾਰ ਨਹੀਂ ਸਕਦਾ ਕਿ ਭਾਰਤੀ 'ਮੁੱਖਧਾਰਾ' ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰੀ, ਖ਼ੁਦਗਰਜ਼ ਅਤੇ ਵਿਸਾਹਘਾਤੀ ਕੋੜਮੇ ਦੇ ਮੁਕਾਬਲੇ ਨਕਸਲੀਆਂ ਦੇ ਕਿਰਦਾਰ ਉੱਚੇ-ਸੁੱਚੇ ਤੇ ਕੁਰਬਾਨੀ ਵਾਲੇ ਹਨ ਅਤੇ ਉਹ ਅੱਜ ਦੇ ਭਗਤ ਸਿੰਘ ਹਨ। ਆਂਧਰਾ ਪ੍ਰਦੇਸ਼ ਦੇ ਮਰਹੂਮ ਮੁੱਖ ਮੰਤਰੀ ਐੱਨ.ਟੀ.ਰਾਮਾ ਰਾਓ ਅਤੇ ਹੋਰ ਕਈ 'ਮੁੱਖਧਾਰਾ' ਸਿਆਸਤਦਾਨਾਂ ਨੇ ਮੰਨਿਆ ਸੀ ਕਿ ਨਕਸਲੀ ਦੇਸ਼ਭਗਤ ਹਨ ਅਤੇ ਉਨ੍ਹਾਂ ਦੀ ਤੁਲਨਾ ਮੁਜਰਮਾਂ ਨਾਲ ਨਹੀਂ ਕੀਤੀ ਜਾ ਸਕਦੀ।

ਇਸ ਲਹਿਰ ਪ੍ਰਤੀ ਸਥਾਪਤੀ ਦੀ ਔਖ ਦਾ ਵੱਡਾ ਕਾਰਨ ਮੁਲਕ ਦੇ ਸਭ ਤੋਂ ਦੱਬੇ-ਕੁਚਲੇ ਅਤੇ ਵਾਂਝੇ ਹਿੱਸਿਆਂ 'ਚ ਨਕਸਲੀਆਂ ਦਾ ਵਿਆਪਕ ਰਸੂਖ਼ ਅਤੇ ਜਨਤਕ ਆਧਾਰ ਹੈ। ਇਸ ਨੇ ਨਾ ਸਿਰਫ਼ ਮੋਹਰੀ ਸੰਘਰਸ਼ਸ਼ੀਲ ਰਾਜਨੀਤਕ ਟੁਕੜੀ ਦੇ ਰੂਪ 'ਚ ਉਪਰੋਕਤ ਲੁੱਟੇ-ਪੁੱਟੇ ਹਿੱਸਿਆਂ ਦੇ ਹਿਤਾਂ ਦੀ ਰਾਖੀ ਕਰਨ 'ਚ ਵੱਡੀ ਭੂਮਿਕਾ ਨਿਭਾਈ ਹੈ ਸਗੋਂ ਭਾਰਤੀ ਸਟੇਟ ਨੂੰ ਅੰਸ਼ਕ ਜ਼ਮੀਨੀ ਸੁਧਾਰਾਂ, ਰੁਜ਼ਗਾਰ ਗਾਰੰਟੀ ਕਾਨੂੰਨ ਆਦਿ ਵਰਗੇ ਕਈ ਲੋਕ ਹਿਤੈਸ਼ੀ ਕਦਮ ਚੁੱਕਣ ਲਈ ਵੀ ਮਜਬੂਰ ਕੀਤਾ ਹੈ। ਇਸੇ ਕਰ ਕੇ ਇਹ ਲਹਿਰ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੇ ਨਿਸ਼ਾਨੇ 'ਤੇ ਹੈ।

ਸੰਘ ਬ੍ਰਿਗੇਡ ਨੇ ਨਕਸਲੀ ਲਹਿਰ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨ ਲਈ ਨਕਸਲੀ ਆਗੂਆਂ-ਕਾਰਕੁਨਾਂ ਨੂੰ ਘੇਰ-ਘੇਰ ਕੇ ਮੁਕਾਬਲਿਆਂ 'ਚ ਮਾਰਨ (ਜ਼ਿਆਦਾਤਰ ਝੂਠੇ) ਅਤੇ ਉਨ੍ਹਾਂ ਦੇ ਮੁੱਖ ਜਨਤਕ ਆਧਾਰ ਆਦਿਵਾਸੀਆਂ ਦੀ ਨਸਲਕੁਸ਼ੀ ਦੀ ਮੁਹਿੰਮ 'ਚ ਬੇਸ਼ੁਮਾਰ ਨੀਮ-ਫ਼ੌਜੀ ਤੇ ਪੁਲਿਸ ਤਾਕਤਾਂ ਝੋਕੀਆਂ ਹੋਈਆਂ ਹਨ। ਜਮਹੂਰੀ ਮੁੱਲਾਂ, ਨਿਆਂ ਅਤੇ ਬਰਾਬਰੀ ਦੇ ਹਾਮੀ ਪੜ੍ਹੇ-ਲਿਖੇ ਤੇ ਜਾਗਰੂਕ ਹਿੱਸਿਆਂ ਨੂੰ ਖ਼ੌਫ਼ਜ਼ਦਾ ਕਰਨ ਅਤੇ ਉਨ੍ਹਾਂ ਦੀ ਸੰਘੀ ਨੱਪਣ ਲਈ ਸ਼ਹਿਰੀ ਨਕਸਲੀ ਦਾ ਬਿਰਤਾਂਤ ਜ਼ੋਰ-ਸ਼ੋਰ ਨਾਲ ਪ੍ਰਚਾਰਨ ਦਾ ਸਿਲਸਿਲਾ ਵਿੱਢਿਆ ਹੋਇਆ ਹੈ।

ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਨੇ 1998 'ਚ ਹੀ ਤਤਕਾਲੀ ਗ੍ਰਹਿ ਮੰਤਰੀ ਐੱਲ.ਕੇ. ਅਡਵਾਨੀ ਦੀ ਰਾਹਨੁਮਾਈ ਹੇਠ ਖੁੱਲ੍ਹੀ ਮੰਡੀ ਦੇ ਆਰਥਿਕ ਮਾਡਲ ਦੇ ਹਿੱਸੇ ਵਜੋਂ 'ਖੱਬੇ ਪੱਖੀ ਅੱਤਵਾਦ ਸਭ ਤੋਂ ਵੱਡਾ ਖ਼ਤਰਾ' ਦੀ ਨੀਤੀ ਬਣਾ ਲਈ ਸੀ। ਕਾਂਗਰਸ ਦੀ ਅਗਵਾਈ ਵਾਲੀ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਨੇ ਉਸ ਨੀਤੀ ਨੂੰ ਹੋਰ ਤਰਾਸ਼ ਕੇ 2009 'ਚ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਐਲਾਨਿਆ ਅਤੇ ਆਪਣੇ ਹੀ ਸਭ ਤੋਂ ਗ਼ਰੀਬ ਲੋਕਾਂ ਵਿਰੁੱਧ ਨੀਮ-ਫ਼ੌਜੀ ਅਪਰੇਸ਼ਨ ਗਰੀਨ ਹੰਟ ਸ਼ੁਰੂ ਕੀਤਾ ਜੋ ਵੱਖ-ਵੱਖ ਨਾਵਾਂ ਹੇਠ ਹੁਣ ਹੋਰ ਵੀ ਕਰੂਰ ਰੂਪ ਅਖ਼ਤਿਆਰ ਕਰ ਚੁੱਕਾ ਹੈ।

ਦਰਅਸਲ, ਭਗਵਾ ਹਕੂਮਤ ਦੀ ਵੱਡੀ ਫ਼ਿਕਰਮੰਦੀ ਇਹ ਹੈ ਕਿ ਜਮਹੂਰੀ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਸੁਹਿਰਦ ਪੱਤਰਕਾਰ, ਵਿਦਵਾਨ ਤੇ ਵਕੀਲ ਨਕਸਲੀ ਲਹਿਰ ਦੇ ਮਜ਼ਬੂਤ ਗੜ੍ਹਾਂ ਨੂੰ ਖ਼ਤਮ ਕਰਨ ਲਈ ਹਕੂਮਤ ਵੱਲੋਂ ਅਖ਼ਤਿਆਰ ਕੀਤੇ ਗ਼ੈਰ-ਸੰਵਿਧਾਨਕ ਤਰੀਕਿਆਂ ਅਤੇ ਸਟੇਟ ਤਾਕਤ ਦੀ ਬੇਕਿਰਕ ਵਰਤੋਂ ਉੱਪਰ ਸਵਾਲ ਉਠਾਉਂਦੇ ਹਨ ਅਤੇ ਸਰਕਾਰ ਦੇ ਫਰਜ਼ੀ 'ਮੁਕਾਬਲਿਆਂ' ਦੇ ਬਿਰਤਾਂਤ ਨੂੰ ਤੱਥਾਂ ਸਹਿਤ ਚੁਣੌਤੀ ਦਿੰਦੀ ਹਨ। ਸਰਕਾਰ ਇਨ੍ਹਾਂ ਜਮਹੂਰੀ ਆਵਾਜ਼ਾਂ ਨੂੰ ਪਾਬੰਦੀਸ਼ੁਦਾ ਨਕਸਲੀ ਜਥੇਬੰਦੀਆਂ ਨਾਲ ਸਬੰਧਿਤ 'ਸ਼ਹਿਰੀ ਨਕਸਲੀ' ਤਾਣਾ-ਬਾਣਾ ਕਰਾਰ ਦੇ ਕੇ ਉਨ੍ਹਾਂ ਦੀ ਪੱਕੀ ਜ਼ਬਾਨਬੰਦੀ ਕਰਨਾ ਚਾਹੁੰਦੀ ਹੈ। ਭੀਮਾ-ਕੋਰੇਗਾਓਂ ਸਾਜ਼ਿਸ਼ ਨਾਂ ਦਾ ਝੂਠਾ ਕੇਸ ਘੜ ਕੇ ਚੋਟੀ ਦੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਇਸੇ ਮਨੋਰਥ ਨਾਲ ਕੀਤੀਆਂ ਗਈਆਂ ਸਨ।

ਇਹ ਬਿੱਲ ਜਾਂ ਅਜਿਹੀ ਕਾਨੂੰਨੀ ਵਿਵਸਥਾ ਵਾਲੇ ਹੋਰ ਕਾਨੂੰਨ ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਵੱਲੋਂ ਦਿੱਤੇ ਉਸ ਆਦੇਸ਼ ਨੂੰ ਅਸਫ਼ਲ ਬਣਾਉਣ ਲਈ ਹਨ ਜਿਸ ਵਿਚ ਕਿਹਾ ਗਿਆ ਸੀ, "ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਗ਼ੈਰ-ਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਣ ਲਈ ਸਜ਼ਾ ਨਹੀਂ ਦਿੱਤੀ ਜਾ ਸਕਦੀ ਜਦੋਂ ਤੱਕ ਉਹ ਕਿਸੇ ਹਿੰਸਕ ਕਾਰਵਾਈਆਂ ਵਿਚ ਸਿੱਧੇ ਤੌਰ 'ਤੇ ਸ਼ਾਮਲ ਨਾ ਹੋਵੇ।" ਇਸੇ ਤਰ੍ਹਾਂ ਦੇ ਆਦੇਸ਼ ਕੁਝ ਹਾਈਕੋਰਟਾਂ ਦੇ ਵੀ ਹਨ। ਭਗਵਾ ਹਕੂਮਤ ਸੁਪਰੀਮ/ਹਾਈ ਕੋਰਟ ਦੇ ਅਜਿਹੇ ਫ਼ੈਸਲਿਆਂ ਨੂੰ ਟਿੱਚ ਸਮਝਦੀ ਹੈ ਅਤੇ ਉਹ ਹਰ ਹੀਲਾ-ਵਸੀਲਾ ਵਰਤ ਕੇ ਅਜਿਹੇ ਫ਼ੈਸਲਿਆਂ ਨੂੰ ਨਕਾਰਾ ਬਣਾਉਣ ਲਈ ਸਿਰਤੋੜ ਯਤਨ ਕਰ ਰਹੀ ਹੈ। ਦਰਅਸਲ, ਇਹ ਬਿੱਲ ਅਤੇ ਨਵੇਂ ਫ਼ੌਜਦਾਰੀ ਕਾਨੂੰਨ ਮੁਲਕ ਵਿਚ ਫਾਸ਼ੀਵਾਦੀ ਸੱਤਾ ਨੂੰ ਕਾਨੂੰਨੀ ਦਰਜਾ ਦੇਣ ਬਰਾਬਰ ਹਨ, ਇਸ ਲਈ ਸਾਰੀਆਂ ਲੋਕ ਪੱਖੀ ਤਾਕਤਾਂ ਨੂੰ ਅਜਿਹੇ ਕਾਲੇ ਬਿੱਲਾਂ ਅਤੇ ਕਾਨੂੰਨਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸ ਪਿੱਛੇ ਲੁਕੇ ਖ਼ਤਰਨਾਕ ਮਨੋਰਥਾਂ ਨੂੰ ਬੇਪਰਦ ਕਰਦਿਆਂ ਇਨ੍ਹਾਂ ਨੂੰ ਰੱਦ ਕਰਾਉਣ ਲਈ ਜਨਤਕ ਦਬਾਅ ਉਸਾਰਨਾ ਚਾਹੀਦਾ ਹੈ।

# ਪੰਜਾਬ ਦੀ ਆਰਥਿਕਤਾ ਦੇ ਮਸਲੇ ਅਤੇ ਮੁਸੀਬਤਾਂ

**ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰ ਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ। ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿਚ ਬਹੁਤੀਆਂ ਸਫ਼ਲ ਨਹੀਂ ਹੋਈਆਂ।**

ਡਾ. ਕੇਸਰ ਸਿੰਘ ਭੰਗੂ
ਫੋਨ: +91-98154-27127

ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨ ਹਿੱਤ ਵੱਖ-ਵੱਖ ਵਰਗਾਂ ਨੂੰ ਮੁਫ਼ਤ ਬਿਜਲੀ ਸਹੂਲਤਾਂ ਜਾਂ ਘੱਟ ਰੇਟ 'ਤੇ ਬਿਜਲੀ ਸਬਸਿਡੀ ਦੀਆਂ ਸਹੂਲਤਾਂ ਦਿੱਤੀਆਂ ਹਨ। ਸੂਬੇ ਦੇ ਵੱਡੇ ਵੋਟ ਬੈਂਕ, ਕਿਸਾਨਾਂ ਨੂੰ 1996 ਵਿਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖ਼ਰੀ ਮਹੀਨਿਆਂ ਵਿਚ ਛੋਟੀ ਕਿਸਾਨੀ ਨੂੰ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ 'ਤੇ ਬਿਜਲੀ ਦਿੱਤੀ ਸੀ। 1997 ਵਿਚ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਸਾਰੇ ਕਿਸਾਨਾਂ ਲਈ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿਚ ਕਾਂਗਰਸ ਸਰਕਾਰ ਆਉਣ 'ਤੇ 2003 ਵਿਚ ਇਹ ਸਹੂਲਤ ਬੰਦ ਕਰ ਦਿੱਤੀ ਗਈ ਪਰ 2006 ਵਿਚ ਇਹ ਮੁੜ ਲਾਗੂ ਕਰ ਦਿੱਤੀ। 2007 ਵਿਚ ਇੱਕ ਵਾਰ ਫਿਰ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਇਹ ਸਹੂਲਤ ਬਰਕਰਾਰ ਰੱਖੀ ਗਈ ਅਤੇ ਨਾਲ ਹੀ ਹੋਰ ਵਰਗਾਂ ਜਿਵੇਂ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ।

2017 ਵਿਚ ਕਾਂਗਰਸ ਸਰਕਾਰ ਬਣਨ 'ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਨਹੀਂ ਰੱਖੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿਚ 300 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ। ਅੱਜ ਕੱਲ੍ਹ ਸੂਬੇ ਵਿਚ ਲੱਗਭਗ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ: ਖੇਤੀ ਖੇਤਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ, 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਮਧਿਅਮ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ। ਇਹਨਾਂ ਸਬਸਿਡੀਆਂ ਉਤੇ ਸਰਕਾਰ ਤਕਰੀਬਨ 20-21,000 ਕਰੋੜ ਰੁਪਏ ਸਾਲਾਨਾ ਖਰਚ ਰਹੀ ਹੈ। ਇਹ ਸਰਕਾਰ ਦੀ ਸਾਲਾਨਾ ਆਮਦਨ ਦਾ 18-19 ਪ੍ਰਤੀਸ਼ਤ ਬਣਦਾ ਹੈ।

ਕਿਹਾ ਜਾਂਦਾ ਹੈ ਕਿ ਇਹ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਦਿੰਦੀਆਂ ਹਨ। ਉਂਝ, ਇਹ ਸਬਸਿਡੀਆਂ ਸ਼ੁਰੂ ਕਰਨ ਵਾਲੀ ਕਾਂਗਰਸ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ ਪਰ ਉਹ ਵੀ 2002 ਵਾਲੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਥੋੜ੍ਹੇ ਸਮੇਂ ਲਈ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਖ਼ਤਮ ਕੀਤੀਆਂ ਪਰ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤੀਆਂ ਪਰ ਉਹ ਵੀ 2007 ਵਿਚ ਵਿਧਾਨ ਸਭਾ ਚੋਣਾਂ ਹਾਰ ਗਈ। 2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਪਰ ਉਹ ਵੀ 2022 ਦੀਆਂ ਚੋਣਾਂ ਹਾਰ ਗਈ। 2022 ਵਿਚ ਬਣੀ ਮੌਜੂਦਾ ਸਰਕਾਰ ਨੇ ਸੂਬੇ ਵਿਚ 300 ਯੂਨਿਟਾਂ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫ਼ਤ ਕਰ ਦਿੱਤੀ ਤੇ ਹੁਣੇ ਆਏ ਲੋਕ ਸਭਾ ਚੋਣ ਨਤੀਜੇ ਸਭ ਦੇ ਸਾਹਮਣੇ ਹਨ। ਇਸ ਤੋਂ ਇਕ ਗੱਲ ਕਾਫੀ ਹੱਦ ਤੱਕ ਸਪੱਸ਼ਟ ਹੁੰਦੀ ਹੈ ਕਿ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ-ਸਿੱਧਾ ਸਬੰਧ ਨਹੀਂ ਲੱਗਦਾ।



ਸੂਬੇ ਦੇ ਬਹੁਤੇ ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਘਟ ਕੇ ਖ਼ਤਰਨਾਕ ਪੱਧਰ ਤੱਕ ਨੀਵਾਂ ਹੋ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਸੂਬਾ ਬਹੁਤ ਜਲਦੀ ਧਰਤੀ ਹੇਠਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ ਅਤੇ ਰੇਗਸਤਾਨ ਵਿਚ ਬਦਲ ਸਕਦਾ ਹੈ। ਸੂਬੇ ਵਿਚ 1980 ਤੋਂ ਬਾਅਦ ਝੋਨੇ ਦੀ ਖੇਤੀ ਵੱਡੇ ਪੱਧਰ ਤੇ ਸ਼ੁਰੂ ਹੋ ਗਈ ਸੀ ਅਤੇ ਅੱਜ ਬਹੁਤ ਵੱਡਾ ਰਕਬਾ ਝੋਨੇ ਦੀ ਖੇਤੀ ਹੇਠ ਹੈ। ਇਸ ਫ਼ਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ ਅਤੇ ਅੱਜ ਕੱਲ੍ਹ ਨਹਿਰੀ ਪਾਣੀ ਦੇ ਨਾਲ-ਨਾਲ 14-15 ਲੱਖ ਬਿਜਲੀ ਆਧਾਰਿਤ ਟਿਊਬਵੈਲਾਂ ਨਾਲ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਫ਼ਸਲੀ ਚੱਕਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ। ਇਸੇ ਕਾਰਨ ਕਿਸਾਨਾਂ ਨੂੰ ਸਮੇਂ-ਸਮੇਂ ਟਿਊਬਵੈਲ ਡੂੰਘੇ ਕਰਨੇ ਪੈ ਰਹੇ ਹਨ ਅਤੇ ਮੋਟਰਾਂ ਦਾ ਲੋਡ ਵੀ ਵਧਾਉਣਾ ਪੈ ਰਿਹਾ ਹੈ। ਇਸ ਨਾਲ ਬਿਜਲੀ ਦੀ ਖ਼ਪਤ ਵਧਦੀ ਹੈ। ਝੋਨੇ ਨੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਹੀ ਸੰਕਟ ਖੜ੍ਹਾ ਕੀਤਾ ਹੈ ਸਗੋਂ ਪੰਜਾਬ ਦਾ ਜਲਵਾਯੂ ਵੀ ਗੰਧਲਾ ਤੇ ਪਲੀਤ ਕੀਤਾ ਹੈ। ਖੇਤੀ ਤੇ ਆਰਥਿਕ ਮਾਹਿਰਾਂ ਅਤੇ ਹੋਰ ਸਬੰਧਿਤ ਲੋਕਾਂ ਦਾ ਵੱਡਾ ਖੇਮਾ ਪਿਛਲੇ ਸਮੇਂ ਤੋਂ ਦੁਹਾਈ ਪਾ ਰਿਹਾ ਹੈ ਕਿ ਸੂਬੇ ਵਿਚ ਝੋਨੇ ਦੀ ਫ਼ਸਲ ਦਾ ਬਦਲ ਲੱਭਿਆ ਜਾਵੇ ਪਰ ਅਜੇ ਤੱਕ ਕਾਮਯਾਬੀ ਨਹੀਂ ਮਿਲ ਸਕੀ। ਬਹੁਤੇ ਮਾਹਿਰ ਖੇਤੀ ਲਈ ਮੁਫ਼ਤ ਬਿਜਲੀ ਦੀ ਸਪਲਾਈ ਨੂੰ ਵੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਪਹੁੰਚਾਉਣ ਲਈ ਦੋਸ਼ੀ ਮੰਨਦੇ ਹਨ; ਉਨ੍ਹਾਂ ਮੁਤਾਬਕ ਕਿਸਾਨ ਮੁਫ਼ਤ ਬਿਜਲੀ ਹੋਣ ਕਾਰਨ ਬਿਨਾਂ ਲੋੜ ਜਾਂ ਲੋੜ ਤੋਂ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ। ਇਹ ਖੇਮਾ ਬਿਜਲੀ ਮੋਟਰਾਂ ਲਈ ਮੁਫ਼ਤ ਬਿਜਲੀ ਬੰਦ ਕਰਨ ਦੀ ਵਕਾਲਤ ਕਰ ਰਿਹਾ ਹੈ।

ਵੱਖ-ਵੱਖ ਸਰਕਾਰਾਂ ਦੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਕਮਜ਼ੋਰ ਤੇ ਡਾਵਾਂਡੋਲ ਬਣਾ ਦਿੱਤੀ ਹੈ। 1996 ਵਿਚ ਸ਼ੁਰੂ ਕੀਤੀ ਸਹੂਲਤ ਦਾ ਸਾਲਾਨਾ ਖਰਚ ਲੱਗਭਗ 900 ਕਰੋੜ ਰੁਪਏ ਤੋਂ ਵਧ ਕੇ 2025 ਤੱਕ ਲੱਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚੇ ਹਨ। ਅੰਦਾਜ਼ੇ ਮੁਤਾਬਿਕ 1996 ਤੋਂ 2025 ਤੱਕ ਲੱਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ ਖ਼ਰਚ ਹੋ ਜਾਣਗੇ। ਜੇ ਇਸ ਖ਼ਰਚੇ ਵਿਚ ਇਸੇ ਸਮੇਂ ਦੌਰਾਨ ਦਿੱਤੀਆਂ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦੇ ਖਰਚੇ ਵੀ ਜੋੜ ਲਈਏ ਤਾਂ ਇਹ ਰਕਮ ਕਾਫੀ ਵੱਡੀ ਬਣ ਜਾਵੇਗੀ।

ਮਾਰਚ 2024 ਦੇ ਅੰਤ ਵਿਚ ਸੂਬੇ ਸਿਰ 343626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਮਾਰਚ 2025 ਵਿਚ 374091.31 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ। ਜੇ ਅਗਲੇ ਕੁਝ ਸਾਲਾਂ ਵਿਚ ਇਹੀ ਹਾਲਤ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿਚ ਬਹੁਤ ਡੂੰਘਾ ਫਸ ਜਾਵੇਗਾ।

ਜੇ ਮੰਨ ਲਿਆ ਜਾਵੇ ਕਿ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਸਬਸਿਡੀਆਂ ਨਾ ਦਿੱਤੀਆਂ ਹੁੰਦੀਆਂ ਅਤੇ ਹੋਰ ਮੁਫ਼ਤ ਸਹੂਲਤਾਂ ਤੇ ਸਬਸਿਡੀਆਂ ਤਰਕਸੰਗਤ ਢੰਗ ਨਾਲ ਦਿੱਤੀਆਂ ਹੁੰਦੀਆਂ ਤਾਂ ਸੂਬੇ ਸਿਰ ਕਰਜ਼ਾ ਨਾ-ਮਾਤਰ ਹੋਣਾ ਸੀ। ਜੇਕਰ ਇਹੀ ਮੋਟੀਆਂ ਰਕਮਾਂ ਅਤੇ ਕਰਜ਼ੇ ਦੇ ਵਿਆਜ ਦੇ ਰੂਪ ਵਿਚ ਅਦਾ ਕੀਤੀ ਜਾਂਦੀ ਮੋਟੀ ਰਕਮ ਸੂਬੇ ਵਿਚ ਨਿਵੇਸ਼ ਕੀਤੀ ਹੁੰਦੀ ਤਾਂ ਸੂਬੇ ਦੀ ਆਮਦਨ ਵਿਚ ਚੋਖਾ ਵਾਧਾ ਹੋਣਾ ਤੈਅ ਸੀ। ਇਸ ਹਿਸਾਬ ਨਾਲ ਪੰਜਾਬ ਅੱਜ ਕਰਜ਼ਾ ਮੁਕਤ ਹੁੰਦਾ ਅਤੇ ਇਹ ਅੱਜ ਵੀ ਆਰਥਿਕ ਵਿਕਾਸ ਅਤੇ ਮਾਪਦੰਡਾਂ ਦੇ ਮਾਮਲੇ ਵਿਚ ਦੇਸ਼ ਦਾ ਮੋਹਰੀ ਸੂਬਾ ਹੁੰਦਾ।

ਇਹ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰ ਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ। ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿਚ ਬਹੁਤੀਆਂ ਸਫ਼ਲ ਨਹੀਂ ਹੋਈਆਂ। ਮੁਫ਼ਤ ਬਿਜਲੀ ਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਇਹ ਹੋਰ ਵਿਕਾਸ ਕੰਮਾਂ ਵਿਚ ਵੀ ਅੜਿੱਕਾ ਬਣ ਰਹੀਆਂ ਹਨ।

ਇਥੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੇ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਸੁਹਿਰਦ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ ਜਿਵੇਂ ਨਸ਼ੇ, ਬੇਰੁਜ਼ਗਾਰੀ, ਪਰਵਾਸ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਸੱਤਾ ਹਾਸਲ ਕਰਨ ਦੇ ਮਕਸਦ ਨੂੰ ਤਰਜੀਹ ਦੇ ਕੇ ਸੂਬੇ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ। ਇਹ ਵਰਤਾਰਾ ਬਿਨਾਂ ਰੋਕ ਟੋਕ ਹੁਣ ਵੀ ਜਾਰੀ ਹੈ। ਇਸ ਲਈ ਬਿਜਲੀ ਸਬਸਿਡੀਆਂ, ਮੁਫ਼ਤ ਬਿਜਲੀ ਸਹੂਲਤਾਂ ਅਤੇ ਹੋਰ ਮੁਫ਼ਤ ਸਹੂਲਤਾਂ ਤੇ ਸਬਸਿਡੀਆਂ ਨੂੰ ਸਾਰੀਆਂ ਸਬੰਧਿਤ ਧਿਰਾਂ ਵੱਲੋਂ ਮਿਲ ਬੈਠ ਕੇ ਤੁਰੰਤ ਬੰਦ ਕਰਨ ਜਾਂ ਤਰਕਸੰਗਤ ਬਣਾਉਣਾ ਚਾਹੀਦਾ ਹੈ ਤਾਂ ਕਿ ਸੂਬੇ ਨੂੰ ਹੋਰ ਨਿਘਾਰ ਅਤੇ ਨੁਕਸਾਨ ਤੋਂ ਬਚਾਇਆ ਜਾ ਸਕੇ।

# ਮੈਂ ਪੀ.ਸੀ.ਐੱਸ. ਅਫਸਰ ਬਣਨੈ...

ਸਰੋਜ
ਫੋਨ: +91-94642-36953

ਅਧਿਆਪਨ ਖੇਤਰ ਵਿਚ ਕੰਮ ਕਰਦਿਆਂ ਲੱਗਭੱਗ 25 ਸਾਲ ਹੋ ਗਏ। ਮੇਰੇ ਪੜ੍ਹਾਏ ਅਨੇਕ ਵਿਦਿਆਰਥੀ ਅਗਾਂਹ ਵਾਲੀ ਜ਼ਿੰਦਗੀ ਵਿਚ ਰਚ-ਮਿਚ ਗਏ। ਸਕੂਲ ਵਿਚ ਵਧੇਰੇ ਬੱਚੇ ਅਧਿਆਪਕਾਂ ਦਾ ਨਿੱਕਾ-ਨਿੱਕਾ ਕੰਮ ਕਰ ਕੇ ਖੁਸ਼ ਹੁੰਦੇ ਹਨ ਪਰ ਹੁਸ਼ਿਆਰ ਬੱਚੇ ਆਪਣੇ ਵਿਚ ਮਸਤ ਰਹਿੰਦੇ ਹਨ। ਪੜ੍ਹਾਈ ਵਿਚ ਹੁਸ਼ਿਆਰ ਬੱਚਿਆਂ ਵੱਲ ਪੂਰਾ ਧਿਆਨ ਦਿੰਦੀ ਹਾਂ। ਉਨ੍ਹਾਂ ਨੂੰ ਪੜ੍ਹਾਈ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਵਾਹ ਲੱਗਦੀ ਹੱਲ ਵੀ ਕਰ ਦਿੰਦੀ ਹਾਂ। ਸਰਕਾਰੀ ਸਕੂਲਾਂ ਵਿਚ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਦੇ ਨਾਲ-ਨਾਲ ਗ਼ੈਰ-ਪੰਜਾਬੀ ਪਰਿਵਾਰਾਂ ਦੇ ਬੱਚੇ ਵੀ ਪੜ੍ਹਨ ਆਉਣ ਲੱਗ ਪਏ। ਯੂ.ਪੀ., ਬਿਹਾਰ ਤੇ ਰਾਜਸਥਾਨ ਤੋਂ ਪੰਜਾਬ ਕੰਮ ਕਰਨ ਆਉਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਬੜੇ ਧਿਆਨ ਨਾਲ ਦੇਖਦੀ ਹਾਂ। ਇਨ੍ਹਾਂ 'ਚੋਂ ਬਹੁਤੇ ਬੱਚੇ ਪੜ੍ਹਾਈ 'ਚ ਬਹੁਤ ਹੁਸ਼ਿਆਰ ਨਿਕਲ ਆਉਂਦੇ ਹਨ। ਇਹ ਤੇਜ਼ੀ ਨਾਲ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਗਣਿਤ ਸਿੱਖ ਰਹੇ ਹਨ।

ਇਕ ਬੱਚਾ ਪਹਿਲੇ ਦਰਜੇ ਵਿਚ ਅੱਠਵੀਂ ਪਾਸ ਕਰ ਕੇ ਮੇਰੀ ਨੌਵੀਂ ਦੀ ਕਲਾਸ ਵਿਚ ਆਇਆ। ਮੈਰਿਟ ਵਿਚ ਪੰਜ ਨੰਬਰਾਂ ਪਿੱਛੇ ਰਹਿ ਗਿਆ ਸੀ। ਜਦੋਂ ਉਹਦਾ ਨਾਂ ਪੁੱਛਿਆ ਤਾਂ ਉਹਨੇ ਆਪਣਾ ਨਾਂ ਧਰਮ ਰਾਜ ਦੱਸਿਆ। ਫਿਰ ਮੈਨੂੰ ਚੇਤੇ ਆਇਆ ਕਿ ਇਹ ਧਰਮ ਰਾਜ ਅਸਾਧਾਰਨ ਪ੍ਰਤਿਭਾ ਵਾਲਾ ਬੱਚਾ ਹੈ। ਇਹਦੀਆਂ ਗੱਲਾਂ ਅੱਠਵੀਂ ਜਮਾਤ ਵਾਲੀ ਮੈਡਮ ਦੱਸਦੀ ਹੁੰਦੀ ਸੀ। ਧਰਮ ਰਾਜ ਹਰ ਜਮਾਤ ਵਿਚ ਅਵੱਲ ਆਉਂਦਾ। ਸਕੂਲ ਵਿਚ ਉਹਦੀ ਭੈਣ +2 ਜਮਾਤ ਵਿਚ ਮੇਰੇ ਕੋਲ ਹੀ ਪੜ੍ਹਦੀ ਹੈ। ਉਹ ਵੀ ਉਹਦੇ ਵਾਂਗ ਹੁਸ਼ਿਆਰ ਹੈ ਅਤੇ ਚਿੱਤਰਕਾਰੀ ਬੜੀ ਅੱਛੀ ਕਰਦੀ ਹੈ। ਧਰਮ ਰਾਜ ਦੇ ਮਾਤਾ ਪਿਤਾ ਕਈ ਸਾਲ ਪਹਿਲਾਂ ਪਿੰਡ ਖਾਨਪੁਰ ਢੱਡਾ ਆ ਕੇ ਰਹਿਣ ਲੱਗੇ। ਉਹਦੇ ਮਾਤਾ-ਪਿਤਾ ਪਿੰਡ ਦੀ ਦਾਣਾ ਮੰਡੀ ਵਿਚ ਕੰਮ ਕਰਦੇ ਹਨ ਅਤੇ ਨੇੜੇ ਹੀ ਖੁੱਲ੍ਹੀ ਥਾਂ ਝੁੱਗੀ ਬਣਾ ਕੇ ਰਹਿੰਦੇ ਹਨ।

ਪਹਿਲੇ ਦਿਨ ਬੱਚਿਆਂ ਦੀ ਜਾਣ ਪਛਾਣ ਕਰਨ ਲੱਗੀ ਤਾਂ ਉਸ ਬੱਚੇ ਨੂੰ ਖੜ੍ਹਾ ਕਰ ਲਿਆ, "ਪੁੱਤਰ ਤੇਰਾ ਨਾਂ ਕੀ ਹੈ?" ਮੈਂ ਉਹਦੇ ਨੇੜੇ ਜਾ ਕੇ ਬੋਲੀ।

"ਜੀ ਧਰਮ ਰਾਜ।" ਉਹਨੇ ਪਟੱਕ ਜਵਾਬ ਦਿੱਤਾ।

ਫਿਰ ਉਸ ਨੂੰ ਪੜ੍ਹਾਈ ਸਬੰਧੀ ਕੁਝ ਸਵਾਲ ਪੁੱਛੇ ਤਾਂ ਉਸ ਨੇ ਤੁਰੰਤ ਜਵਾਬ ਦੇ ਦਿੱਤੇ। ਫਿਰ ਇਕ ਦਿਨ ਉਹ ਅਡਜਸਟਮੈਂਟ ਦਾ ਰਜਿਸਟਰ ਫੜੀ ਮੇਰੇ ਕੋਲ ਆ ਖੜ੍ਹਾ ਹੋਇਆ। ਬਿਨਾ ਕਿਸੇ ਡਰ ਭੈਅ ਦੇ ਉਹ ਪ੍ਰਿੰਸੀਪਲ ਕੋਲ ਵੀ ਚਲੇ ਜਾਂਦਾ ਸੀ। ਅਡਜਸਟਮੈਂਟ ਲਾਉਣ ਬਾਰੇ ਕਹਿਣ ਲੱਗ ਪੈਂਦਾ ਸੀ।

"ਮੈਡਮ ਜੀ, ਅੱਜ ਤੁਹਾਡਾ ਪੀਰੀਅਡ ਹੈ, ਸਾਡੀ ਕਲਾਸ ਵਿਚ ਅੰਗਰੇਜ਼ੀ ਵਾਲੇ ਟੀਚਰ ਅੱਜ ਛੁੱਟੀ 'ਤੇ ਹਨ ਤਾਂ ਤੁਹਾਡੀ ਸਾਡੀ ਜਮਾਤ ਵਿਚ ਅਡਜਸਮੈਂਟ ਹੋਈ ਹੈ ਜੀ। ਤੁਸੀਂ ਆ ਕੇ ਜੀ ਹਿਸਟਰੀ ਪੜ੍ਹਾ ਦਿਓ।" ਮੈਂ ਉਹਦੀ ਗੱਲ ਸੁਣ ਕੇ ਹੱਸਦੀ-ਹੱਸਦੀ ਉਹਦੇ ਮਗਰ-ਮਗਰ ਤੁਰ ਪਈ। ਮੈਂ ਅੱਜ ਦੀ ਅਡਜਸਟਮੈਂਟ ਭੁੱਲ ਗਈ ਸੀ।

ਧਰਮ ਰਾਜ ਸੱਚਮੁੱਚ ਧਰਮ ਰਾਜ ਵਾਂਗ ਸਕੂਲ 'ਚ ਵਿਚਰਦਾ ਸੀ। ਜਦੋਂ ਸਮਾਂ ਮਿਲਦਾ, ਉਹ ਆਪਣੇ ਅਧਿਆਪਕਾਂ ਨੂੰ ਸਵਾਲ ਕਰਦਾ ਰਹਿੰਦਾ। ਪੜ੍ਹਾਈ ਸਬੰਧੀ ਕੋਈ ਨਾ ਕੋਈ ਗੱਲ ਪੁੱਛਦਾ ਰਹਿੰਦਾ। ਉਹ ਆਪਣੀ ਜਮਾਤ ਵਿਚ ਵੀ ਸਾਰੇ ਬੱਚਿਆਂ 'ਤੇ ਹਾਵੀ ਰਹਿੰਦਾ ਸੀ। ਪੜ੍ਹਾਈ ਸਬੰਧੀ ਹਰ ਮੁਸ਼ਕਿਲ ਦਾ ਹੱਲ ਧਰਮ ਰਾਜ ਕੋਲ ਹੁੰਦਾ ਸੀ। ਉਹ ਸਕੂਲ ਸਵੇਰ ਨੂੰ ਬਹੁਤ ਜਲਦੀ ਆ ਕੇ ਸਕੂਲ ਦਾ ਹਰ ਕਮਰਾ ਦੇਖਦਾ ਹੁੰਦਾ ਸੀ। ਜਿਹੜੇ ਕਮਰੇ ਵਿਚ ਗੰਦ ਹੁੰਦਾ, ਸਫ਼ਾਈ ਕਰਮਚਾਰੀ ਨੂੰ ਤੁਰੰਤ ਕਹਿ ਕੇ ਕਮਰੇ ਦੀ ਸਫ਼ਾਈ ਕਰਵਾ ਦਿੰਦਾ।

ਇਕ ਦਿਨ ਮੈਂ ਇਤਿਹਾਸ ਪੜ੍ਹਾ ਰਹੀ ਸੀ ਤਾਂ ਉਹ ਮੇਰੇ ਹਰ ਸਵਾਲ ਦਾ ਉੱਤਰ ਤੁਰੰਤ ਦੇ ਰਿਹਾ ਸੀ। ਮੈਨੂੰ ਪਤਾ ਲੱਗਾ ਕਿ ਉਹ ਹਰ ਜਮਾਤ ਵਿਚ ਇਸੇ ਤਰ੍ਹਾਂ ਜਵਾਬ ਦਿੰਦਾ ਹੈ। ਇਕ ਦਿਨ ਮੈਂ ਧਰਮ ਰਾਜ ਨੂੰ ਪੁੱਛ ਲਿਆ, "ਬੱਚੇ ਤੂੰ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ ਏ?"

ਧਰਮ ਰਾਜ ਨੇ ਤੁਰੰਤ ਜਵਾਬ ਦਿੱਤਾ, "ਮੈਡਮ ਜੀ, ਮੈਂ ਵੱਡਾ ਹੋ ਕੇ ਪੀ.ਸੀ.ਐੱਸ. ਅਫਸਰ ਬਣਨਾ।" ਧਰਮ ਰਾਜ ਬੜੇ ਹੌਸਲੇ ਨਾਲ ਕਹਿ ਰਿਹਾ ਸੀ। ਉਸ ਦੀ ਗੱਲ ਸੁਣ ਕੇ ਸਾਰੇ ਬੱਚੇ ਹੱਸ ਪਏ ਪਰ ਉਹ ਗੰਭੀਰ ਬਣ ਕੇ ਖੜ੍ਹਾ ਸੀ।

ਮੈਂ ਪੰਜਾਬੀ ਕੁੜੀਆਂ ਮੁੰਡਿਆਂ ਨੂੰ ਜਦੋਂ ਇਹ ਸਵਾਲ ਕੀਤਾ ਤਾਂ ਕਿਸੇ ਨੇ ਕਿਹਾ, "ਜੀ ਅਸੀਂ ਤਾਂ ਆਇਲੈਟਸ ਕਰ ਕੇ ਕੈਨੇਡਾ ਆਸਟਰੇਲੀਆ ਜਾਣਾ।" ਸਾਧਾਰਨ ਪੜ੍ਹਾਈ ਕਰਨ ਵਾਲਾ ਇੱਕ ਮੁੰਡਾ ਕਹਿਣ ਲੱਗਾ, "ਜੀ ਮੈਂ ਵੀ ਕੈਨੇਡਾ ਪੜ੍ਹਨ ਜਾਣਾ।" ਮੈਂ ਦੇਖਿਆ, ਹਰ ਪੰਜਾਬੀ ਮੁੰਡੇ ਕੁੜੀ ਦਾ ਸੁਫ਼ਨਾ ਕੈਨੇਡਾ ਜਾਣ ਦਾ ਸੀ।

ਧਰਮ ਰਾਜ ਦੀ ਇਹ ਗੱਲ ਸੁਣ ਕੇ ਮੇਰੀਆਂ ਅੱਖਾਂ ਅੱਗੇ ਪੰਜਾਬ ਵਿਚ ਆਈਲੈਟਸ ਕਰਵਾਉਣ ਵਾਲਿਆਂ ਦੇ ਫਲੈਕਸ ਬੋਰਡ ਘੁੰਮਣ ਲੱਗ ਪਏ। ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਵਿਚ ਵੀ ਆਇਲੈਟਸ ਸੈਂਟਰ ਖੁੱਲ੍ਹ ਗਏ ਹਨ। 10+2 ਕਰ ਕੇ ਹਰ ਪੰਜਾਬੀ ਬੱਚਾ ਆਪਣੇ ਘਰ ਦਿਆਂ ਦੇ ਸੁਫ਼ਨੇ ਪੂਰੇ ਕਰਨ ਇਨ੍ਹਾਂ ਸੈਂਟਰਾਂ ਵਿਚ ਜਾ ਰਿਹਾ ਸੀ ਪਰ ਰਾਜਸਥਾਨ ਮੂਲ ਦਾ ਬੱਚਾ ਪੀ.ਸੀ.ਐੱਸ. ਦੇ ਸੁਫ਼ਨੇ ਲੈ ਰਿਹਾ ਸੀ। ਧਰਮ ਰਾਜ ਅੰਦਰ ਇਸ ਕਦਰ ਵਿਸ਼ਵਾਸ ਸੀ ਕਿ ਉਹ ਸਕੂਲ ਵਿਚ ਹੁਣੇ ਹੀ ਅਫਸਰਾਂ ਵਾਂਗ ਵਿਚਰ ਰਿਹਾ ਸੀ।

# ਲਾਰੈਂਸ ਬਿਸ਼ਨੋਈ ਗਰੋਹ ਦੇ ਚਾਰ ਮੈਂਬਰ ਗ੍ਰਿਫ਼ਤਾਰ

**ਬਠਿੰਡਾ:** ਬਠਿੰਡਾ ਪੁਲਿਸ ਨੇ ਚਾਰ ਮੁਲਜ਼ਮ ਹਥਿਆਰਾਂ ਅਤੇ ਵੱਡੀ ਮਾਤਰਾ 'ਚ ਗੋਲੀ ਸਿੱਕੇ ਸਣੇ ਗ੍ਰਿਫ਼ਤਾਰ ਕੀਤੇ ਹਨ। ਐਸ.ਐਸ.ਪੀ. ਦੀਪਕ ਪਾਰੀਕ ਨੇ ਦਾਅਵਾ ਕੀਤਾ ਹੈ ਕਿ ਮੁਲਜ਼ਮਾਂ ਦਾ ਸਬੰਧ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗਰੁੱਪ ਨਾਲ ਹੈ। ਇਹ ਕਾਮਯਾਬੀ ਸੀ.ਆਈ.ਏ. ਸਟਾਫ-1 ਬਠਿੰਡਾ ਦੀ ਟੀਮ ਨੂੰ ਉਦੋਂ ਮਿਲੀ, ਜਦੋਂ ਉਹ ਗਸ਼ਤ ਉਤੇ ਸਨ। ਉਨ੍ਹਾਂ ਦੱਸਿਆ ਕਿ ਚਾਰੋਂ ਮੁਲਜ਼ਮ ਇਕ ਮੋਟਰਸਾਈਕਲ 'ਤੇ ਨਹਿਰ ਦੀ ਪਟੜੀ ਦੇ ਨੇੜੇ ਬਠਿੰਡਾ ਦੀ ਰਿੰਗ ਰੋਡ 'ਤੇ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਬੈਗ ਵਿਚੋਂ 5 ਪਿਸਤੌਲ, 3 ਪਿਸਤੌਲ 12 ਬੋਰ, ਪਿਸਤੌਲ 315 ਬੋਰ, ਰਿਵਾਲਵਰ 32 ਬੋਰ, 10 ਰੌਂਦ ਅਤੇ 3 ਕਾਰਤੂਸ 12 ਬੋਰ ਦੇ ਮਿਲੇ ਹਨ। ਮੁਲਜ਼ਮਾਂ ਦੀ ਪਛਾਣ ਰਾਮ ਕੁਮਾਰ ਉਰਫ਼ ਬਈਆ, ਸੰਦੀਪ ਨਾਗਰ ਉਰਫ਼ ਨਾਗਰ, ਹਰਮਨਪ੍ਰੀਤ ਸਿੰਘ ਉਰਫ਼ ਹਰਮਨ ਅਤੇ ਮਨੀਸ਼ ਕੁਮਾਰ ਵਜੋਂ ਹੋਈ ਹੈ। ਹਰਮਨ ਦੇ ਸਬੰਧ ਗੈਂਗਸਟਰ ਵਿੱਕੀ ਗੌਂਡਰ ਗਰੁੱਪ ਨਾਲ ਸਨ ਪਰ ਹੁਣ ਇਨ੍ਹਾਂ ਦੇ ਸਬੰਧ ਮਨਪ੍ਰੀਤ ਸਿੰਘ ਉਰਫ ਮੰਨਾ ਗੈਂਗਸਟਰ (ਲਾਰੈਂਸ ਬਿਸ਼ਨੋਈ ਗਰੁੱਪ) ਦੇ ਨਾਲ ਹਨ ਅਤੇ ਮੁਲਜ਼ਮ ਸੰਦੀਪ ਨਾਗਰ ਦੇ ਸਬੰਧ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ੀ ਕੇਕੜਾ ਕਾਲਿਆਂ ਵਾਲੀ ਨਾਲ ਹਨ।




T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CISI

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ




ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸ਼੍ਰੋਮਣੀ ਅਕਾਲੀ ਦਲ ਦਾ ਮਹਾਂ-ਸੰਕਟ

ਸਵਰਾਜਬੀਰ



ਸ਼੍ਰੋਮਣੀ ਅਕਾਲੀ ਦਲ ਦਾ ਨਿਘਾਰ ਇਸ ਸਮੇਂ ਸਿਖ਼ਰ 'ਤੇ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੂੰ ਸਿਰਫ਼ ਇੱਕ ਹਲਕੇ ਵਿਚ ਕਾਮਯਾਬੀ ਮਿਲੀ ਅਤੇ ਦਸ ਹਲਕਿਆਂ ਵਿਚ ਉਸ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਪਾਰਟੀ ਨੂੰ ਸਿਰਫ਼ 13.4 ਫ਼ੀਸਦੀ ਵੋਟਾਂ ਪਈਆਂ ਹਨ। ਅਕਾਲੀ ਦਲ ਨੂੰ ਵਿਧਾਨ ਸਭਾ ਦੇ ਸਿਰਫ਼ 9 ਹਲਕਿਆਂ ਵਿਚ ਬਰਤਰੀ/ਲੀਡ ਹਾਸਲ ਹੋਈ ਜਦੋਂਕਿ ਕਾਂਗਰਸ 38 ਹਲਕਿਆਂ ਤੇ ਆਮ ਆਦਮੀ ਪਾਰਟੀ 32 ਹਲਕਿਆਂ ਵਿਚ ਪਹਿਲੇ ਨੰਬਰ 'ਤੇ ਸਨ। ਨਤੀਜੇ ਆਉਣ ਤੋਂ ਬਾਅਦ ਪਾਰਟੀ ਅੰਦਰਲੀ ਫੁੱਟ ਹੋਰ ਵਧੀ ਹੈ। ਪਾਰਟੀ ਆਪਣੇ ਮੁੱਢਲੇ ਜਮਹੂਰੀ ਖਾਸੇ ਵੱਲ ਕਵਾਇਦ ਕਰਨ ਵਿਚ ਅਸਫਲ ਹੋ ਰਹੀ ਜਾਪਦੀ ਹੈ; ਲੋਕਾਂ ਵਿਚ ਪ੍ਰਭਾਵ ਇਹ ਹੈ ਕਿ ਪਾਰਟੀ 'ਤੇ ਭਾਰੂ ਲੀਡਰਸ਼ਿਪ ਅਜਿਹੀ ਕਵਾਇਦ 'ਤੇ ਨਕੇਲ ਪਾ ਕੇ ਰੱਖਣਾ ਚਾਹੁੰਦੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੀਹਵੀਂ ਸਦੀ ਦੇ ਤੀਜੇ ਦਹਾਕੇ ਅਤੇ ਉਸ ਤੋਂ ਬਾਅਦ ਦੇ ਪੰਜਾਬ ਦੇ ਇਤਿਹਾਸ ਵਿਚ ਵੱਡੀ ਭੂਮਿਕਾ ਨਿਭਾਈ ਹੈ। 14 ਦਸੰਬਰ 1920 ਨੂੰ ਅੰਮ੍ਰਿਤਸਰ ਵਿਚ ਗੁਰਦੁਆਰਾ ਸੁਧਾਰ ਲਹਿਰ ਲਈ ਬਣੇ ਵੱਖ-ਵੱਖ ਇਲਾਕਿਆਂ ਦੇ ਜਥਿਆਂ ਤੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਜਿਸ ਵਿਚ ਸਰਬਸੰਮਤੀ ਨਾਲ ਇਹ ਫ਼ੈਸਲਾ ਕੀਤਾ ਗਿਆ ਕਿ ਇੱਕ ਕੇਂਦਰੀ ਜਥੇਬੰਦੀ, ਜਿਸ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਹੋਵੇ, ਬਣਾਈ ਜਾਵੇ। ਇਹ ਜਥੇਬੰਦੀ ਬਣਨ ਨਾਲ ਸਿੱਖ ਭਾਈਚਾਰੇ ਦੇ ਜੁਝਾਰੂ ਵਿਰਸੇ ਨੂੰ ਨਵੀਂ ਨੁਹਾਰ ਮਿਲੀ ਅਤੇ ਇਸ ਸਿਆਸੀ ਪਾਰਟੀ ਨੇ ਬਸਤੀਵਾਦੀ ਰਾਜ ਵਿਰੁੱਧ ਸ਼ਾਂਤਮਈ ਸੰਘਰਸ਼ ਵਿੱਢਦਿਆਂ ਆਪਣੇ ਵਿਰਸੇ ਦੀ ਪੁਨਰ-ਸਿਰਜਣਾ ਦਾ ਕਾਰਜ ਸ਼ੁਰੂ ਕੀਤਾ। ਇਸ ਪਾਰਟੀ ਦੇ ਬਣਨ ਵਿਚ 'ਪੱਗੜੀ ਸੰਭਾਲ ਜੱਟਾ' ਅਤੇ ਗ਼ਦਰ ਪਾਰਟੀ ਦੀਆਂ ਲਹਿਰਾਂ ਦੇ ਨਾਲ ਨਾਲ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਜੀਵਨ ਵਿਚ ਰੌਲੈਟ ਐਕਟ ਵਿਰੁੱਧ ਉੱਠੀ ਲਹਿਰ (ਜਿਸ ਦੌਰਾਨ 13 ਅਪਰੈਲ 1919 ਦਾ ਜਲ੍ਹਿਆਂਵਾਲੇ ਬਾਗ਼ ਦਾ ਦੁਖਾਂਤ ਹੋਇਆ) ਦਾ ਖਮੀਰ ਵੀ ਸ਼ਾਮਿਲ ਸਨ।

ਇੱਥੇ ਇਹ ਵੀ ਮਹੱਤਵਪੂਰਨ ਹੈ ਕਿ ਅਕਾਲੀ ਦਲ ਉਦੋਂ ਹੋਂਦ ਵਿਚ ਆਇਆ ਜਦੋਂ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀਆਂ ਸੰਸਥਾਵਾਂ ਤੇ ਜਥੇਬੰਦੀਆਂ ਅਤੇ ਰਾਜੇ-ਰਜਵਾੜੇ ਅੰਗਰੇਜ਼-ਪੱਖੀ ਸਨ ਜਦੋਂਕਿ ਅਕਾਲੀ ਦਲ ਲਗਾਤਾਰ ਬਸਤੀਵਾਦ ਦਾ ਵਿਰੋਧ ਕਰਨ ਵਾਲੀ ਪਾਰਟੀ ਬਣ ਕੇ ਉੱਭਰਿਆ। ਇਸ ਤਰ੍ਹਾਂ ਪਾਰਟੀ ਆਧੁਨਿਕ ਸਿਆਸੀ ਢਾਂਚੇ ਵਿਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਤੇ ਪ੍ਰਮੁੱਖ ਪਾਰਟੀ ਬਣੀ।

ਪਿਛਲੀ ਸਦੀ ਦੇ ਸ਼ੁਰੂ ਵਿਚ ਪੰਜਾਬ ਦੇ ਗੁਰਦੁਆਰੇ ਭ੍ਰਿਸ਼ਟ ਹੋ ਚੁੱਕੇ ਪੁਜਾਰੀਆਂ ਅਤੇ ਮਹੰਤਾਂ ਦੇ ਹੱਥਾਂ ਵਿਚ ਸਨ ਅਤੇ ਅੰਗਰੇਜ਼ ਸਰਕਾਰ ਉਨ੍ਹਾਂ ਦੀ ਪਿੱਠ 'ਤੇ ਸੀ। 1920 ਵਿਚ ਅਕਾਲੀ ਦਲ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਅਕਾਲੀ ਸੰਘਰਸ਼ ਸ਼ੁਰੂ ਹੋ ਚੁੱਕਾ ਸੀ ਅਤੇ ਵੱਖ-ਵੱਖ ਸਥਾਨਕ ਅਕਾਲੀ ਜਥਿਆਂ ਨੇ ਗੁਰਦੁਆਰਿਆਂ ਨੂੰ ਪੁਜਾਰੀਆਂ ਤੋਂ ਆਜ਼ਾਦ ਕਰਵਾਉਣ ਲਈ ਸ਼ਾਂਤਮਈ ਢੰਗ ਨਾਲ ਯਤਨ ਕਰਨੇ ਸ਼ੁਰੂ ਕਰ ਦਿੱਤੇ ਸਨ। ਦਰਬਾਰ ਸਾਹਿਬ ਤਰਨ ਤਾਰਨ ਨੂੰ ਮਹੰਤ ਤੋਂ ਆਜ਼ਾਦ ਕਰਵਾਉਣ ਲਈ ਵਿੱਢੇ ਗਏ ਸੰਘਰਸ਼ ਵਿਚ ਭਾਈ ਹੁਕਮ ਸਿੰਘ ਅਤੇ ਭਾਈ ਹਜ਼ਾਰਾ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਅਤੇ ਲਹਿਰ ਦੇ ਪਹਿਲੇ ਸ਼ਹੀਦ ਬਣੇ। 20 ਫਰਵਰੀ 1921 ਨੂੰ ਭਾਈ ਲਛਮਣ ਸਿੰਘ ਦੀ ਅਗਵਾਈ ਵਾਲਾ ਜਥਾ ਨਨਕਾਣਾ ਸਾਹਿਬ ਪਹੁੰਚਿਆ ਜਿਸ ਉੱਤੇ ਮਹੰਤ ਨਰਾਇਣ ਦਾਸ ਦੇ ਭਾੜੇ 'ਤੇ ਲਏ ਹਮਾਇਤੀਆਂ ਨੇ ਗੋਲੀ ਚਲਾਈ ਜਿਸ ਵਿਚ 100 ਤੋਂ ਜ਼ਿਆਦਾ ਅਕਾਲੀ ਸ਼ਹੀਦ ਹੋਏ। ਇਸ ਤਰ੍ਹਾਂ ਇਸ ਪਾਰਟੀ ਦਾ ਇਤਿਹਾਸ ਕੁਰਬਾਨੀਆਂ ਨਾਲ ਸ਼ੁਰੂ ਹੋਇਆ ਅਤੇ ਇਹ ਸਿਲਸਿਲਾ ਗੁਰੂ ਕਾ ਬਾਗ਼, ਜੈਤੋ ਦਾ ਮੋਰਚਾ ਅਤੇ ਹੋਰ ਮੋਰਚਿਆਂ ਦੇ ਰੂਪ ਵਿਚ ਚੱਲਦਾ ਰਿਹਾ। ਅਕਾਲੀਆਂ ਦੀ ਕਾਲੀ ਪੱਗ ਬਗ਼ਾਵਤ ਦਾ ਪ੍ਰਤੀਕ ਬਣ ਗਈ।

ਨਵੇਂ ਬਣੇ ਅਕਾਲੀ ਦਲ ਦੁਆਰਾ ਪੰਜਾਬ ਅਤੇ ਖ਼ਾਸ ਕਰਕੇ ਇਸ ਦੇ ਦਿਹਾਤੀ ਇਲਾਕਿਆਂ ਨੂੰ ਊਰਜਿਤ ਕਰਨ ਦਾ ਬਿਆਨ ਸੋਹਣ ਸਿੰਘ ਜੋਸ਼ ਨੇ ਇਉਂ ਕੀਤਾ ਹੈ: "ਅਕਾਲੀਆਂ ਵਿਚ ਲੋਹੜੇ ਦਾ ਜੋਸ਼ ਤੇ ਉਤਸ਼ਾਹ ਸੀ। ਇਹ ਨਵੇਂ ਮੁਜਾਹਿਦ ਪੈਦਾ ਹੋਏ ਜਿਹੜੇ ਕਮਰਕੱਸੇ ਬੰਨ੍ਹੀਂ, ਗਾਤਰਿਆਂ ਵਿਚ ਵੱਡੀਆਂ ਛੋਟੀਆਂ ਕਿਰਪਾਨਾਂ ਪਾਈ, ਪਿੰਡਾਂ ਵਿਚ ਮਿਸ਼ਨਰੀਆਂ ਜੇਹੀ ਜੇਤੂ ਸਪਿਰਟ ਲੈ ਕੇ ਜਾਂਦੇ ਸਨ ਅਤੇ ਪਿੰਡਾਂ ਨੂੰ ਅਕਾਲੀ ਦਲ ਨਾਲ ਜੋੜੀ ਜਾਂਦੇ ਸਨ। ਇਨ੍ਹਾਂ ਦੀ ਖਲਕਤ ਵਿਚ ਕੋਈ ਡਰ-ਭਉ ਨਹੀਂ ਸੀ ਰਿਹਾ। ਇਨ੍ਹਾਂ ਦਾ ਹਰਮਨ ਪਿਆਰਾ ਗੀਤ (ਸ਼ਬਦ) ਇਹ ਸੀ: 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥' ਵਾਤਾਰਵਨ ਵਿਚ ਨਵ-ਜ਼ਿੰਦਗੀ ਦੀ ਸੁਗੰਧੀ ਖਿਲਰ ਰਹੀ ਸੀ। … ਅਕਾਲੀਆਂ ਦੀਆਂ ਇਹ ਦੋਵੇਂ ਸ਼੍ਰੋਮਣੀ ਜਥੇਬੰਦੀਆਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ) ਇੱਕ ਜ਼ਬਰਦਸਤ ਤਾਕਤ ਬਣ ਗਈਆਂ ਅਤੇ ਇਨ੍ਹਾਂ ਨੇ ਮੋਰਚੇ ਲਾ ਕੇ ਅੰਗਰੇਜ਼ ਸਾਮਰਾਜ ਦੇ ਸਤਕਾਰ ਤੇ ਵੱਕਾਰ ਨੂੰ ਮਿੱਟੀ ਵਿਚ ਰੋਲਿਆ। ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਅੰਗਰੇਜ਼ੀ ਰਾਜ ਲਈ ਸਭ ਤੋਂ ਵੱਡਾ ਹਊਆ ਬਣ ਗਈ ਅਤੇ ਹਾਕਮਾਂ ਨੇ ਇਸ ਦੇ ਮੈਂਬਰਾਂ ਦੇ (ਅਕਾਲੀ ਦਲ ਦੇ ਲਗਾਏ ਮੋਰਚਿਆਂ ਦੌਰਾਨ) ਚਾਰ ਚਾਰ ਦੀ ਕਤਾਰ ਵਿਚ ਹੋ ਕੇ, ਕਦਮ ਮਿਲਾ ਕੇ ਮਾਰਚ ਕਰਨ ਨੂੰ ਅੰਗਰੇਜ਼ ਰਾਜ ਲਈ ਬੜਾ ਵੱਡਾ ਖ਼ਤਰਾ ਅਨੁਭਵ ਕੀਤਾ।" ਇਸ ਪਾਰਟੀ ਦੇ ਕਿਰਦਾਰ ਨੂੰ ਹੀਰਾ ਸਿੰਘ ਦਰਦ ਨੇ ਆਪਣੀ ਮਸ਼ਹੂਰ ਕਵਿਤਾ 'ਆ ਗਿਆ ਫੇਰ ਅਕਾਲੀ ਜੇ' ਵਿਚ ਇਸ ਤਰ੍ਹਾਂ ਬਿਆਨ ਕੀਤਾ ਸੀ, "ਹੁਣ ਤਾਂ ਫੇਰ ਅਕਾਲੀ ਆ ਗਿਆ, ਡੰਕਾ ਸੱਚ ਵਜਾਏਗਾ/ ਦੇਸ਼ ਦੇਸ਼ਾਂਤਰ ਫਿਰ ਕੇ, ਸਾਰੇ ਨਿਰਭੈ ਗੀਤ ਸੁਣਾਏਗਾ/ ਵਿਚ ਗੁਲਾਮੀ ਬਧਿਆਂ ਤਾਈਂ, ਏਹੀ ਵੀਰ ਛੁਡਾਏਗਾ/ ਡਿੱਗਿਆਂ ਢੱਠਿਆਂ ਫਟਿਆਂ ਤਾਈਂ ਛਾਤੀ ਨਾਲ ਲਗਾਏਗਾ/ ਸੁੱਕਾ ਹੋਇਆ ਬਾਗ ਸਿੰਜਸੀ, ਭਾਰਤ ਦਾ ਬਣ ਮਾਲੀ ਜੇ।"

ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਅਕਾਲੀ ਦਲ ਦਾ ਸਭ ਤੋਂ ਵੱਡਾ ਰਾਜਸੀ ਐਕਸ਼ਨ ਸਾਈਮਨ ਕਮਿਸ਼ਨ ਦਾ ਬਾਈਕਾਟ ਸੀ। 3 ਫਰਵਰੀ 1928 ਨੂੰ ਕਾਂਗਰਸੀਆਂ ਅਤੇ ਅਕਾਲੀਆਂ ਨੇ ਸਾਈਮਨ ਕਮਿਸ਼ਨ ਵਿਰੁੱਧ ਸਾਂਝੇ ਮੁਜ਼ਾਹਰੇ ਕੀਤੇ। ਜਦੋਂ 1929 ਵਿਚ ਲਾਹੌਰ ਵਿਚ ਰਾਵੀ ਕੰਢੇ ਹੋਏ ਇਜਲਾਸ ਵਿਚ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਤਾਂ ਅਕਾਲੀਆਂ ਨੇ ਇਸ ਦੀ ਹਮਾਇਤ ਕੀਤੀ ਅਤੇ 26 ਜਨਵਰੀ 1930 ਨੂੰ ਮਨਾਏ 'ਸੁਤੰਤਰਤਾ ਦਿਵਸ' ਵਿਚ ਅਕਾਲੀ ਦਲ ਦੇ ਕਾਰਕੁਨ ਅਤੇ ਹਮਾਇਤੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। 1930 ਵਿਚ ਅਕਾਲੀ ਦਲ ਕਾਂਗਰਸ ਦੀ ਅਗਵਾਈ ਵਾਲੀ 'ਸਿਵਲ ਨਾ-ਫ਼ਰਮਾਨੀ ਲਹਿਰ' ਵਿਚ ਸ਼ਾਮਿਲ ਹੋਇਆ ਅਤੇ ਕਾਂਗਰਸੀ ਆਗੂ ਲਾਲਾ ਦੂਨੀ ਚੰਦ ਅਨੁਸਾਰ ਵਸੋਂ ਦੇ ਅਨੁਪਾਤ ਦੇ ਪੱਖ ਤੋਂ ਸਿੱਖਾਂ ਨੇ ਜੇਲ੍ਹ ਵਿਚ ਸਭ ਤੋਂ ਵੱਧ ਵਾਲੰਟੀਅਰ ਭੇਜੇ।

ਅੱਜ ਦੇ ਅਕਾਲੀ ਆਗੂ ਪਾਰਟੀ ਦਾ ਇਤਿਹਾਸ ਤਾਂ ਜਾਣਦੇ ਹਨ ਪਰ ਕੁਰਬਾਨੀ ਤੇ ਤਿਆਗ ਦੀ ਉਸ ਭਾਵਨਾ ਤੋਂ ਕੋਹਾਂ ਦੂਰੀ 'ਤੇ ਖੜ੍ਹੇ ਹਨ। ਉਨ੍ਹਾਂ ਦੀ ਪੰਜਾਬ ਤੇ ਪੰਜਾਬੀਅਤ ਪ੍ਰਤੀ ਪ੍ਰਤੀਬੱਧਤਾ ਸ਼ੱਕ ਦੇ ਘੇਰੇ ਵਿਚ ਹੈ ਅਤੇ ਉਹ ਪੰਜਾਬੀਆਂ ਅਤੇ ਸਿੱਖਾਂ ਦੀ ਵੱਡੀ ਗਿਣਤੀ ਦਾ ਇਤਬਾਰ ਗੁਆ ਚੁੱਕੇ ਹਨ।

ਆਜ਼ਾਦੀ ਤੋਂ ਪਹਿਲਾਂ 1937 ਤੇ 1945-46 ਦੀਆਂ ਚੋਣਾਂ ਵਿਚ ਅਕਾਲੀ ਪੰਜਾਬ ਦੀ ਮਹੱਤਵਪੂਰਨ ਰਾਜਸੀ ਧਿਰ ਵਜੋਂ ਉੱਭਰੇ ਜਿਸ ਦਾ ਖ਼ਾਸਾ ਪੰਜਾਬੀ ਸੀ ਕਿਉਂਕਿ ਉਹ ਪੰਜਾਬ ਦੀ ਕਾਂਗਰਸ ਜਾਂ ਮੁਸਲਿਮ ਲੀਗ ਵਾਂਗ ਕਿਸੇ ਕੌਮੀ ਪੱਧਰ ਦੀ ਪਾਰਟੀ ਦੇ ਅਧੀਨ ਨਹੀਂ ਸਨ। ਇਹ ਸਮਾਂ ਅਕਾਲੀ ਪਾਰਟੀ ਲਈ ਵੱਡੀ ਕਸ਼ਮਕਸ਼ ਵਾਲਾ ਸੀ ਕਿਉਂਕਿ ਮੁਸਲਿਮ ਲੀਗ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡਣ ਲਈ ਜ਼ੋਰ ਲਗਾ ਰਹੀ ਸੀ। ਅੰਤ ਵਿਚ ਅਕਾਲੀਆਂ ਨੇ ਕਾਂਗਰਸ ਦੀ ਹਮਾਇਤ ਕਰਨ ਅਤੇ ਭਾਰਤ ਵਿਚ ਰਹਿਣ ਦਾ ਫ਼ੈਸਲਾ ਕੀਤਾ।

1947 ਵਿਚ ਪੰਜਾਬ ਨੇ ਵੰਡ ਦਾ ਵੱਡਾ ਦੁਖਾਂਤ ਝੱਲਿਆ ਜਿਸ ਵਿਚ ਲੱਖਾਂ ਪੰਜਾਬੀ ਮਾਰੇ ਗਏ ਅਤੇ ਲੱਖਾਂ ਨੂੰ ਆਪਣੇ ਘਰ-ਘਾਟ ਛੱਡਣੇ ਪਏ। ਆਜ਼ਾਦੀ ਤੋਂ ਬਾਅਦ ਦੇਸ਼ ਦੀਆਂ ਧਾਰਮਿਕ ਅਤੇ ਭਾਸ਼ਾਈ ਘੱਟ-ਗਿਣਤੀਆਂ ਨੂੰ ਹੋਰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਚੜ੍ਹਦੇ ਪੰਜਾਬ ਵਿਚ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਨੇ ਪੰਜਾਬੀ ਨੂੰ ਗੁਰਮੁਖੀ ਜਾਂ ਦੇਵਨਾਗਰੀ ਲਿਪੀ ਵਿਚ ਸਿੱਖਿਆ ਦਾ ਮਾਧਿਅਮ ਮੰਨਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਸੱਚਰ ਫਾਰਮੂਲਾ ਬਣਾਇਆ ਗਿਆ ਜਿਸ ਅਨੁਸਾਰ ਪੰਜਾਬੀ ਤੇ ਹਿੰਦੀ ਦੋਹਾਂ ਨੂੰ ਵੱਖ-ਵੱਖ ਇਲਾਕਿਆਂ ਵਿਚ ਵੱਖ-ਵੱਖ ਜਮਾਤਾਂ ਤੋਂ ਪੜ੍ਹਾਉਣ ਦੀ ਸਹੂਲਤ ਦਿੱਤੀ ਗਈ। ਅਕਾਲੀ ਦਲ ਨੇ ਇਸ ਦੀ ਹਮਾਇਤ ਕੀਤੀ ਜਦੋਂਕਿ ਜਨਸੰਘ ਅਤੇ ਹਿੰਦੂ ਮਹਾਂਸਭਾ ਨੇ ਇਸ ਦਾ ਵਿਰੋਧ ਕੀਤਾ। ਉਸ ਵੇਲੇ ਅਕਾਲੀ ਦਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਸੀ ਕਿ ਉਸ ਨੇ ਮਈ 1950 ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਉਠਾਈ ਜਿਹੜੀ ਕਈ ਸੰਘਰਸ਼ਾਂ ਬਾਅਦ 1966 ਵਿਚ ਸਵੀਕਾਰ ਕੀਤੀ ਗਈ। 1967 ਵਿਚ ਅਕਾਲੀ ਦਲ ਨੂੰ ਸਾਂਝੇ ਮੋਰਚੇ ਦੇ ਆਗੂ ਵਜੋਂ ਪਹਿਲੀ ਵਾਰ ਸੱਤਾ ਮਿਲੀ ਜਿਸ ਵਿਚ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਬਣੇ।



ਤੀਹ ਸਤੰਬਰ 1968 ਨੂੰ ਬਟਾਲੇ ਵਿਚ ਹੋਈ ਅਕਾਲੀ ਕਾਨਫਰੰਸ ਨੇ ਰਾਜਾਂ ਨੂੰ ਫੈਡਰਲ ਆਧਾਰ 'ਤੇ ਵਧੇਰੇ ਖ਼ੁਦਮੁਖ਼ਤਾਰੀ ਦੇਣ ਦੀ ਮੰਗ ਕੀਤੀ। ਇਸ ਮੰਗ ਨੂੰ 13 ਅਪਰੈਲ 1973 ਨੂੰ 'ਆਨੰਦਪੁਰ ਸਾਹਿਬ ਦੇ ਮਤੇ' ਵਿਚ ਵਿਸਥਾਰ ਦਿੱਤਾ ਗਿਆ। 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਾ ਦਿੱਤੀ। ਜੂਨ 1975 ਦੇ ਅੰਤ ਵਿਚ ਅਕਾਲੀ ਦਲ ਦੀ ਕਾਰਜਕਾਰਨੀ ਨੇ ਕਾਂਗਰਸ ਦੀ 'ਫਾਸ਼ੀਵਾਦੀ ਰੁਚੀ' ਦੇ ਖ਼ਿਲਾਫ ਸੰਘਰਸ਼ ਕਰਨ ਦਾ ਮਤਾ ਪਾਸ ਕੀਤਾ ਅਤੇ ਜੁਲਾਈ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਮਹੂਰੀਅਤ ਨੂੰ ਬਚਾਉਣ ਲਈ ਮੋਰਚਾ ਆਰੰਭਿਆ। ਇਸ ਸੰਘਰਸ਼ ਸਦਕਾ ਦਲ ਦਾ ਆਧਾਰ ਹੋਰ ਵਿਸ਼ਾਲ ਹੋਇਆ ਅਤੇ 1977 ਵਿਚ ਪਾਰਟੀ ਫਿਰ ਸੱਤਾ ਵਿਚ ਆਈ। 1966 ਵਿਚ ਭਾਸ਼ਾ ਦੇ ਆਧਾਰ 'ਤੇ ਸੂਬਾ ਬਣਨ ਤੋਂ ਬਾਅਦ ਅਕਾਲੀ ਦਲ ਪੰਜਾਬ ਵਿਚ ਸਭ ਤੋਂ ਜ਼ਿਆਦਾ ਦੇਰ ਸੱਤਾ ਵਿਚ ਰਹਿਣ ਵਾਲੀ ਪਾਰਟੀ ਹੈ।

ਇੱਥੇ ਸਵਾਲ ਇਹ ਹੈ ਕਿ ਅਕਾਲੀ ਦਲ ਦੀ ਇਹ ਸਿਆਸੀ ਪ੍ਰਮੁੱਖਤਾ ਕਦੋਂ ਗੁਆਚੀ। ਸਪੱਸ਼ਟ ਹੈ ਕਿ ਇਹ 2007 ਤੋਂ 2017 ਵਿਚ ਲਗਾਤਾਰ ਸੱਤਾ ਵਿਚ ਰਹਿਣ ਦੌਰਾਨ ਗੁਆਚੀ ਅਤੇ 2012-2017 ਦੌਰਾਨ ਗੁਆਚੀ ਵੀ ਇਸ ਤਰ੍ਹਾਂ ਕਿ ਪਾਰਟੀ ਨੂੰ ਵੀ ਇਸ ਦਾ ਪਤਾ ਨਾ ਲੱਗਿਆ। ਇਸ ਦੇ ਪ੍ਰਮੁੱਖ ਕਾਰਨ ਸਨ/ਹਨ: ਆਗੂਆਂ ਦੀ ਲੋਕਾਂ ਤੋਂ ਦੂਰੀ, ਹੰਕਾਰ, ਲਾਲਚ, ਰਿਸ਼ਵਤਖ਼ੋਰੀ ਅਤੇ ਪਰਿਵਾਰਵਾਦ।

ਇੱਥੇ ਇਹ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਇੰਨੇ ਵੱਡੇ ਇਤਿਹਾਸਕ ਪਿਛੋਕੜ ਵਾਲੀ ਪਾਰਟੀ ਦਾ ਵਰਤਮਾਨ ਸਰੂਪ ਕਿਹੋ ਜਿਹਾ ਹੈ? 1975 ਵਿਚ ਕਾਂਗਰਸ ਦੀਆਂ ਫਾਸ਼ੀਵਾਦੀ ਰੁਚੀਆਂ ਵਿਰੁੱਧ ਲੜਨ ਵਾਲਾ ਅਕਾਲੀ ਦਲ ਹੁਣ ਕਿਤੇ ਦਿਖਾਈ ਨਹੀਂ ਦਿੰਦਾ। ਕੇਂਦਰ ਵਿਚ ਭਾਜਪਾ ਨਾਲ ਸੱਤਾ ਦਾ ਭਾਈਵਾਲ ਰਹਿੰਦਿਆਂ ਅਕਾਲੀ ਦਲ ਨੇ ਦੇਸ਼ ਦੇ ਵੱਡੀ ਘੱਟ-ਗਿਣਤੀ ਫ਼ਿਰਕੇ ਵਿਰੁੱਧ ਹੋਈ ਹਜੂਮੀ ਹਿੰਸਾ, ਧਾਰਾ 370 ਮਨਸੂਖ ਕਰਨ, ਨਾਗਰਿਕਤਾ ਸੋਧ ਬਿੱਲ ਪਾਸ ਕਰਨ ਆਦਿ ਵਿਚ ਦੇਸ਼ ਦੇ ਸੰਘੀ ਢਾਂਚੇ ਦੀ ਰਾਖੀ ਕਰਨ ਅਤੇ ਘੱਟ-ਗਿਣਤੀਆਂ ਦੇ ਹੱਕ ਵਿਚ ਆਵਾਜ਼ ਉਠਾਉਣ ਦੇ ਅਸੂਲਾਂ ਨੂੰ ਪਿੱਠ ਵਿਖਾਈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਅਕਾਲੀ ਦਲ ਆਪਣੀਆਂ ਇਨ੍ਹਾਂ ਭੁੱਲਾਂ ਨੂੰ ਸਵੀਕਾਰ ਕਰਨ ਤੇ ਸਵੈ-ਪੜਚੋਲ ਕਰਨ ਲਈ ਤਿਆਰ ਨਹੀਂ ਹੈ। ਇਹੀ ਨਹੀਂ, ਪਾਰਟੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਹੋਰ ਧਾਰਮਿਕ ਮੁੱਦਿਆਂ 'ਤੇ ਵੀ ਅਤਿਅੰਤ ਸੰਵੇਦਨਹੀਣਤਾ ਦਿਖਾਈ ਜਿਸ ਕਾਰਨ ਪਾਰਟੀ ਪੰਜਾਬੀਆਂ ਤੇ ਸਿੱਖਾਂ ਦੇ ਮਨਾਂ ਤੋਂ ਦੂਰ ਹੁੰਦੀ ਗਈ ਹੈ ਅਤੇ ਹੋਰ ਦੂਰ ਹੋ ਰਹੀ ਹੈ।

ਲੋਕਾਂ ਤੋਂ ਦੂਰ ਹੋਣ ਵਿਚ ਵੱਡੀ ਤੇਜ਼ੀ 2020 ਵਿਚ ਆਈ ਸੀ ਜਦੋਂ ਕੇਂਦਰ ਸਰਕਾਰ ਨੇ ਖੇਤੀ ਖੇਤਰ ਨਾਲ ਸਬੰਧਿਤ ਆਰਡੀਨੈਂਸ ਜਾਰੀ ਕੀਤੇ ਤਾਂ ਅਕਾਲੀ ਦਲ ਕੇਂਦਰ ਸਰਕਾਰ ਵਿਚ ਭਾਰਤੀ ਜਨਤਾ ਪਾਰਟੀ ਦਾ ਭਾਈਵਾਲ ਸੀ। ਬਹੁਤ ਦੇਰ ਤੱਕ ਅਕਾਲੀ ਆਗੂ ਇਨ੍ਹਾਂ ਆਰਡੀਨੈਂਸਾਂ (ਜੋ ਬਾਅਦ ਵਿਚ ਕਾਨੂੰਨ ਬਣ ਗਏ ਸਨ) ਨੂੰ ਸਹੀ ਦਰਸਾਉਂਦੇ ਰਹੇ ਪਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿਚ ਅਜਿਹਾ ਵਿਸ਼ਾਲ ਕਿਸਾਨ ਅੰਦੋਲਨ ਹੋਂਦ ਵਿਚ ਆਇਆ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰੀ ਸਰਕਾਰ ਤੋਂ ਵੱਖ ਹੋਣ ਲਈ ਮਜਬੂਰ ਹੋਣਾ ਪਿਆ।

ਸੌ ਸਾਲ ਪਹਿਲਾਂ ਪੰਜਾਬ ਦੇ ਵਾਤਾਵਰਨ ਵਿਚ 'ਨਵ-ਜ਼ਿੰਦਗੀ ਦੀ ਸੁਗੰਧੀ' ਖਿਲਾਰਨ ਵਾਲੀ ਪਾਰਟੀ ਵਿਚ ਇੰਨਾ ਵੱਡਾ ਨਿਘਾਰ ਕਿਉਂ ਆਇਆ ਹੈ? ਦਲ ਨੇ ਆਪਣੇ ਸ਼ਾਨਦਾਰ ਇਤਿਹਾਸਕ ਪਿਛੋਕੜ ਅਤੇ ਜਮਹੂਰੀ ਪਿਰਤਾਂ ਤੋਂ ਮੂੰਹ ਮੋੜ ਕੇ ਪਰਿਵਾਰਵਾਦ ਦਾ ਪੱਲਾ ਕਿਉਂ ਫੜ ਲਿਆ ਹੈ? ਕਿਉਂ ਪਾਰਟੀ ਦੇ ਆਗੂਆਂ ਦੇ ਚਿਹਰੇ, ਬੋਲੀ ਅਤੇ ਜੀਵਨ-ਜਾਚ ਕਿਸਾਨ-ਮੁਖੀ ਘੱਟ ਅਤੇ ਸਰਮਾਏਦਾਰ-ਮੁਖੀ ਜ਼ਿਆਦਾ ਲੱਗਦੇ ਹਨ? ਪਾਰਟੀ ਦਾ ਭੋਇੰ-ਮੁਖੀ ਕਿਰਦਾਰ ਕਿਉਂ ਲੋਪ ਹੋ ਗਿਆ ਹੈ? ਫੈਡਰਲਿਜ਼ਮ, ਖੇਤਰੀ ਹਿੱਤਾਂ ਅਤੇ ਘੱਟ-ਗਿਣਤੀ ਫ਼ਿਰਕਿਆਂ ਦੇ ਹੱਕਾਂ ਦੀ ਅਲੰਬਰਦਾਰ ਬਣਨ ਦੀ ਸਮਰੱਥਾ ਰੱਖਦੀ ਇਸ ਪਾਰਟੀ ਕੋਲ ਅੱਜ ਪੰਜਾਬ ਤੇ ਦੇਸ਼ ਦੀ ਸਿਆਸਤ ਨੂੰ ਸੇਧ ਦੇਣ ਵਾਲਾ ਕੋਈ ਸਿਆਸੀ ਤੇ ਸਮਾਜਿਕ ਏਜੰਡਾ ਕਿਉਂ ਨਹੀਂ ਹੈ?

ਪ੍ਰਮੁੱਖ ਸਵਾਲ ਇਹ ਹੈ ਕਿ ਪੰਜਾਬ ਦੀ ਅੱਜ ਦੀ ਸਿਆਸਤ ਵਿਚ ਅਕਾਲੀ ਦਲ ਲਈ ਕੋਈ ਭੂਮਿਕਾ ਬਚੀ ਹੈ ਜਾਂ ਨਹੀਂ। ਕੀ ਪੰਜਾਬ ਨੂੰ ਅਕਾਲੀ ਦਲ ਦੀ ਲੋੜ ਹੈ ਜਾਂ ਪਾਰਟੀ ਆਪਣੀ ਸਾਰਥਿਕਤਾ ਗੁਆ ਚੁੱਕੀ ਹੈ? ਇੱਥੇ ਇਹ ਪ੍ਰਸ਼ਨ ਉੱਭਰਦਾ ਹੈ ਕਿ ਜੇ ਅਕਾਲੀ ਦਲ ਹੋਰ ਕਮਜ਼ੋਰ ਹੁੰਦਾ ਹੈ ਤਾਂ ਸਿੱਖ ਭਾਈਚਾਰੇ ਦੀ ਭਾਵਨਾਤਮਕ ਤੇ ਹਕੀਕੀ ਨੁਮਾਇੰਦਗੀ ਕਿਹੜੀ ਪਾਰਟੀ ਕਰੇਗੀ?

ਇਨ੍ਹਾਂ ਸਵਾਲਾਂ ਦੇ ਜਵਾਬ ਜਟਿਲ ਹਨ। 1960 ਤੱਕ ਅਕਾਲੀ ਦਲ ਅਤੇ ਕਾਂਗਰਸ ਇੱਕ ਦੂਜੇ ਦੇ ਨਜ਼ਦੀਕ ਸਨ। 1957 ਦੀਆਂ ਲੋਕ ਸਭਾ ਚੋਣਾਂ ਵੀ ਦੋਹਾਂ ਪਾਰਟੀਆਂ ਨੇ ਇਕੱਠਿਆਂ ਲੜੀਆਂ ਪਰ 1980ਵਿਆਂ ਦੇ ਘਟਨਾਕ੍ਰਮ ਅਤੇ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਤੇ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਤਲੇਆਮ ਨੇ ਦੋਵਾਂ ਪਾਰਟੀਆਂ 'ਚ ਅਜਿਹਾ ਪਾੜਾ ਪਾ ਦਿੱਤਾ ਜਿਸ ਨੂੰ ਮੇਟਿਆ ਨਹੀਂ ਜਾ ਸਕਦਾ। ਇਹ ਵੱਖਰੀ ਗੱਲ ਹੈ ਕਿ ਸਿੱਖਾਂ ਦੀ ਇੱਕ ਵੱਡੀ ਗਿਣਤੀ ਕਾਂਗਰਸ ਦੇ ਸਭ ਧਾਰਮਿਕ ਫ਼ਿਰਕਿਆਂ ਨੂੰ ਨਾਲ ਲੈ ਕੇ ਚੱਲਣ ਦੇ ਸਿਆਸੀ ਪ੍ਰੋਗਰਾਮ ਵਿਚ ਯਕੀਨ ਰੱਖਦੀ ਹੋਈ ਕਾਂਗਰਸ ਨੂੰ ਵੋਟਾਂ ਪਾਉਂਦੀ ਰਹੀ ਹੈ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਪਾਈਆਂ ਹਨ। ਇਸ ਦੇ ਬਾਵਜੂਦ ਕਾਂਗਰਸ ਭਾਵਨਾਤਮਕ ਪੱਧਰ 'ਤੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰ ਸਕਦੀ। ਇੱਥੇ ਪ੍ਰਸ਼ਨ ਇਹ ਹੈ ਕਿ ਕੀ ਆਮ ਆਦਮੀ ਪਾਰਟੀ ਅਜਿਹਾ ਕਰ ਸਕਦੀ ਹੈ। ਕਈ ਸਿਆਸੀ ਮਾਹਿਰਾਂ ਦਾ ਖ਼ਿਆਲ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਵਿਚ ਪੰਜਾਬ ਦੀ ਖੇਤਰੀ ਪਾਰਟੀ ਬਣਨ ਦੀ ਸਮਰੱਥਾ ਹੈ; ਇਸ ਪੱਧਰ 'ਤੇ ਇਹ ਅਕਾਲੀ ਦਲ ਦਾ ਬਦਲ ਬਣ ਸਕਦੀ ਹੈ ਜੇ ਇਹ ਪੰਜਾਬ ਵਿਚ ਅਜਿਹਾ ਅਕਸ ਬਣਾ ਸਕੇ ਕਿ ਉਸ ਦੀ ਆਪਣੀ ਆਜ਼ਾਦਾਨਾ ਹੋਂਦ ਹੈ। ਜਿੱਥੋਂ ਤੱਕ ਸਿੱਖਾਂ ਦੀ ਭਾਵਨਾਤਮਕ ਪ੍ਰਤੀਨਿਧਤਾ ਦਾ ਸਵਾਲ ਹੈ ਉੱਥੇ 'ਆਪ' ਨੂੰ ਵੀ ਉਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਹੈ ਜਿਨ੍ਹਾਂ ਦੀ ਨੌਈਅਤ ਕਾਂਗਰਸ ਨੂੰ ਦਰਪੇਸ਼ ਸਮੱਸਿਆਵਾਂ ਨਾਲ ਮਿਲਦੀ ਹੈ। ਅਜਿਹੇ ਹਾਲਾਤ ਵਿਚ ਪ੍ਰਤੱਖ ਹੈ ਕਿ ਪੰਜਾਬ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਜ਼ਰੂਰਤ ਹੈ।

ਕੀ ਸ਼੍ਰੋਮਣੀ ਅਕਾਲੀ ਦਲ ਫਿਰ ਮਜ਼ਬੂਤ ਹੋ ਸਕਦਾ ਹੈ? ਇਸ ਦਾ ਜਵਾਬ ਇਹ ਹੈ ਕਿ ਜੇ ਪਾਰਟੀ ਕੁਝ ਕਦਮ ਚੁੱਕੇ ਤਾਂ ਉਹ ਲਗਾਤਾਰ ਹੋ ਰਹੇ ਨਿਘਾਰ ਨੂੰ ਠੱਲ੍ਹ ਪਾ ਸਕਦੀ ਹੈ। ਇਹ ਕਦਮ ਹਨ: ਪਾਰਟੀ ਦਾ ਜਮਹੂਰੀਕਰਨ; ਆਬ ਗਵਾ ਚੁੱਕੀ ਲੀਡਰਸ਼ਿਪ ਨੂੰ ਆਪਣੇ ਆਪ ਨੂੰ ਲੀਡਰਸ਼ਿਪ ਪੁਜ਼ੀਸ਼ਨ ਤੋਂ ਲਾਂਭੇ ਕਰ ਕੇ ਅਜਿਹੇ ਸਿੱਖ ਨੌਜਵਾਨਾਂ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ ਜਿਹੜੇ ਪੜ੍ਹੇ ਲਿਖੇ ਹੋਣ ਦੇ ਨਾਲ ਨਾਲ ਲੋਕਾਂ ਲਈ ਕੰਮ ਕਰਨ ਦੀ ਸਮਰੱਥਾ ਰੱਖਦੇ ਹੋਣ ਜਿਹੜੇ ਪੰਜਾਬ ਦੇ ਦਿਹਾਤੀ ਲੋਕਾਂ, ਕਿਸਾਨਾਂ ਤੇ ਦਲਿਤਾਂ ਦੇ ਹੱਕਾਂ ਵਿਚ ਆਵਾਜ਼ ਉਠਾਉਣ, ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਰਸਤੇ 'ਤੇ ਚੱਲਣ 'ਤੇ ਯਕੀਨ ਰੱਖਦੇ ਹੋਣ ਅਤੇ ਜਿਨ੍ਹਾਂ ਦੇ ਮਨ ਧਨ ਤੇ ਸੱਤਾ ਦੇ ਲਾਲਚ ਵਿਚ ਗ੍ਰਸੇ ਹੋਏ ਨਾ ਹੋਣ।

ਦੁਨੀਆ ਵਿਚ ਕਈ ਪਾਰਟੀਆਂ ਨੂੰ ਆਪਣੀ ਹੋਂਦ ਗਵਾਚ ਜਾਣ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਉਦਾਹਰਨ ਦੇ ਤੌਰ 'ਤੇ ਵੀਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਇੰਗਲੈਂਡ ਦੀ ਲੇਬਰ ਪਾਰਟੀ ਨੂੰ ਕੰਜ਼ਰਵੇਟਿਵ ਪਾਰਟੀ ਨੇ ਮਾਰਗਰੇਟ ਥੈਚਰ ਦੀ ਅਗਵਾਈ ਵਿਚ ਬੁਰੀ ਤਰ੍ਹਾਂ ਪਛਾੜ ਦਿੱਤਾ ਸੀ। ਲੇਬਰ ਪਾਰਟੀ ਨੇ ਆਪਣੀ ਪੁਰਾਣੀ ਲੀਡਰਸ਼ਿਪ ਨੂੰ ਲਾਂਭੇ ਕਰ ਕੇ ਨਵੇਂ ਨੌਜਵਾਨ ਆਗੂ ਪੈਦਾ ਕੀਤੇ ਤੇ ਫਿਰ ਕੰਜ਼ਰਵੇਟਿਵ ਪਾਰਟੀ ਨੂੰ ਹਰਾਇਆ। ਨਵੇਂ ਆਗੂਆਂ ਦੀ ਅਗਵਾਈ, ਕੰਮ ਕਰਨ ਦੇ ਢੰਗ ਤਰੀਕਿਆਂ, ਆਰਥਿਕ ਤੇ ਕੌਮਾਂਤਰੀ ਨੀਤੀਆਂ ਅਤੇ ਸੋਚ ਸਮਝ ਦੀ ਦਿਸ਼ਾ ਬਾਰੇ ਅਨੇਕ ਸਵਾਲ ਹਨ ਪਰ ਸਿਆਸੀ ਪੱਧਰ 'ਤੇ ਲੇਬਰ ਪਾਰਟੀ ਨੇ ਆਪਣੀ ਹੋਂਦ ਬਚਾਈ ਰੱਖੀ ਹੈ ਅਤੇ ਹੁਣ ਹੋ ਰਹੀਆਂ ਚੋਣਾਂ ਵਿਚ ਉਸ ਦੇ ਜਿੱਤਣ ਦੀ ਸੰਭਾਵਨਾ ਕਾਫ਼ੀ ਵੱਡੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਵੀ ਅਜਿਹੇ ਕਦਮ ਚੁੱਕਣੇ ਪੈਣੇ ਹਨ।

ਅਕਾਲੀ ਦਲ ਅਜੇ ਵੀ ਇੱਕ ਖੇਤਰੀ ਪਾਰਟੀ ਵਜੋਂ ਨਿਖਰ ਸਕਦਾ ਹੈ। ਇਸ ਕੋਲ ਘੱਟ-ਗਿਣਤੀ ਫ਼ਿਰਕਿਆਂ ਦੇ ਹੱਕਾਂ ਦਾ ਅਲੰਬਰਦਾਰ ਬਣਨ ਦੀ ਸਮਰੱਥਾ ਹੈ; ਜੇ ਇਹ ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੇ ਅਤੇ ਮੰਡੀ ਦੇ ਰਿਸ਼ਤਿਆਂ ਵਿਚ ਪਿਸ ਰਹੀ ਪੰਜਾਬ ਦੀ ਕਿਸਾਨੀ ਦੀ ਆਵਾਜ਼ ਬਣ ਕੇ ਉੱਭਰੇ, ਦਬੇ ਕੁਚਲੇ ਲੋਕਾਂ, ਦਲਿਤਾਂ ਅਤੇ ਦਮਿਤਾਂ ਨੂੰ ਨਾਲ ਲੈ ਕੇ ਚੱਲਣ ਵਾਲਾ ਲੋਕਾਂ ਦਾ ਦਲ ਬਣੇ, ਪੰਜਾਬ ਦੀ ਲੋਕਾਈ ਦੀ ਹੂਕ ਬਣੇ। ਪਰ ਦਲ ਨੇ ਆਪਣੇ ਸ਼ਾਨਦਾਰ ਇਤਿਹਾਸਕ ਪਿਛੋਕੜ ਵੱਲੋਂ ਮੂੰਹ ਮੋੜ ਕੇ ਪਰਿਵਾਰਵਾਦ ਦਾ ਪੱਲਾ ਫੜ ਲਿਆ ਹੈ। ਇਸ ਕਾਰਨ ਉਹ ਸਿਆਸੀ ਤਵਾਜ਼ਨ, ਜੋ ਦਲ ਦੇ ਜ਼ਮੀਨੀ ਪੱਧਰ ਦੇ ਕਾਰਕੁਨਾਂ ਨੂੰ ਮਿਲਦੇ ਮਹੱਤਵ ਅਤੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਤੇ ਸਰਕਾਰ ਦੀ ਵਾਗਡੋਰ ਵੱਖ-ਵੱਖ ਸ਼ਖ਼ਸੀਅਤਾਂ ਦੇ ਹੱਥ ਵਿਚ ਹੋਣ ਨਾਲ ਬਣਿਆ ਹੋਇਆ ਸੀ, ਵਿਗੜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵਿਚ ਪਰਿਵਾਰ ਸ਼੍ਰੋਮਣੀ ਹੋ ਗਿਆ ਹੈ।

ਉਪਰੋਕਤ ਵਰਤਾਰਿਆਂ ਕਾਰਨ ਅਕਾਲੀ ਦਲ ਦਾ ਭੋਇੰ ਮੁਖੀ ਕਿਰਦਾਰ ਲੋਪ ਹੋ ਗਿਆ ਹੈ। ਇਸ ਦੇ ਆਗੂਆਂ ਦੀ ਦਿੱਖ ਹੁਣ ਨਵੇਂ ਬਣੇ ਲਾਲਚੀ ਸਰਮਾਏਦਾਰਾਂ ਵਾਲੀ ਹੈ। ਇਸ ਕੋਲ ਪੰਜਾਬ ਲਈ ਕੋਈ ਏਜੰਡਾ ਨਹੀਂ। ਲੋਕਾਂ ਨੂੰ ਯਾਦ ਹੈ ਕਿ ਇੱਕੀਵੀਂ ਸਦੀ ਵਿਚ ਇਸ ਦੇ ਦਸ ਸਾਲਾਂ ਦੇ ਰਾਜ ਵਿਚ ਪੰਜਾਬ ਨਸ਼ਿਆਂ ਦੇ ਥਾਹਹੀਣੇ ਸਮੁੰਦਰ ਵਿਚ ਡੁੱਬ ਗਿਆ। ਰਿਸ਼ਵਤਖ਼ੋਰੀ ਸਿਖਰਾਂ 'ਤੇ ਪਹੁੰਚੀ। ਕਿਸਾਨ ਤੇ ਮਜ਼ਦੂਰ ਖ਼ੁਦਕੁਸ਼ੀਆਂ ਕਰਦੇ ਰਹੇ ਪਰ ਆਪਣੇ ਆਪ ਨੂੰ ਕਿਸਾਨੀ ਦੀ ਪੱਤ ਰੱਖਣ ਵਾਲੀ ਪਾਰਟੀ ਕਹਾਉਣ ਵਾਲੇ ਇਸ ਦਲ ਦੇ ਆਗੂ ਜ਼ਾਤੀ ਲਾਲਚ ਦੀਆਂ ਹੱਦਾਂ ਵਿਚ ਘਿਰ ਕੇ ਰਹਿ ਗਏ ਹਨ। ਉਨ੍ਹਾਂ ਨੂੰ ਗ਼ਰੀਬ ਗੁਰਬਿਆਂ ਦੀ ਆਵਾਜ਼ ਸੁਣਨੀ ਬੰਦ ਹੋ ਗਈ। ਉਹ ਆਗੂ ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਜਥੇਦਾਰ ਕਹਿ ਕੇ ਪਿਆਰਿਆ ਸੀ, ਵੱਡੀਆਂ ਵੱਡੀਆਂ ਕਾਰਾਂ, ਕੋਠੀਆਂ ਤੇ ਕਾਰੋਬਾਰਾਂ ਦੇ ਕੈਦੀ ਬਣ ਗਏ ਹਨ।

ਅਕਾਲੀ ਦਲ ਦੇ ਪਤਨ ਦੀ ਕਹਾਣੀ ਇੱਕ ਤਰ੍ਹਾਂ ਨਾਲ ਪੰਜਾਬ ਦੇ ਸਿਆਸੀ ਸਭਿਆਚਾਰ ਦੇ ਪਤਨ ਦੀ ਕਹਾਣੀ ਵੀ ਹੈ। ਪੰਜਾਬ ਦੇ ਲੋਕ ਇਸ ਪਾਰਟੀ 'ਚੋਂ ਇਸ ਦੇ ਸ਼ਾਨਦਾਰ ਇਤਿਹਾਸਕ ਵਿਰਸੇ ਦੇ ਨਿਸ਼ਾਨ ਲੱਭਣਾ ਚਾਹੁੰਦੇ ਹਨ ਪਰ ਇਹ ਨਿਸ਼ਾਨ ਕਿਤੇ ਨਜ਼ਰ ਨਹੀਂ ਆਉਂਦੇ। ਇਹ ਕਿੱਡਾ ਵੱਡਾ ਵਿਰੋਧਾਭਾਸ ਹੈ ਕਿ ਉਹ ਪਾਰਟੀ ਜਿਸ ਬਾਰੇ ਸੋਹਣ ਸਿੰਘ ਜੋਸ਼ ਨੇ ਲਿਖਿਆ ਸੀ ਕਿ "ਇਸ ਦੀ ਬੁਨਿਆਦ ਆਮ ਕਿਸਾਨ ਤੇ ਗ਼ਰੀਬ ਪੇਂਡੂ ਲੋਕ ਸਨ" ਅੱਜ ਉਨ੍ਹਾਂ ਲੋਕਾਂ ਤੋਂ ਹੀ ਬੇਗਾਨੀ ਹੋਈ ਖੜ੍ਹੀ ਹੈ। ਅਕਾਲੀ ਦਲ ਇਸ ਬੇਗ਼ਾਨਗੀ ਤੋਂ ਮੁਕਤ ਹੋਣ ਲਈ ਛਟਪਟਾ ਰਿਹਾ ਹੈ ਪਰ ਇਹ ਕੰਮ ਆਸਾਨ ਨਹੀਂ ਹੈ। ਪਾਰਟੀ ਲਈ ਇਹ ਸਮਾਂ ਅਜਿਹੇ ਮਹਾਂ-ਸੰਕਟ ਦਾ ਸਮਾਂ ਹੈ ਜਿਹੋ ਜਿਹਾ ਇਸ ਨੇ ਆਪਣੇ ਹੁਣ ਤੱਕ ਦੇ ਇਤਿਹਾਸ ਵਿਚ ਪਹਿਲਾਂ ਨਹੀਂ ਸੀ ਦੇਖਿਆ।

ਅਕਾਲੀਆਂ ਦੁਆਰਾ ਕੀਤੇ ਗਏ ਐਮਰਜੈਂਸੀ ਦੇ ਵਿਰੋਧ ਬਾਰੇ ਵਿਜੈ ਲਕਸ਼ਮੀ ਪੰਡਿਤ (ਇੰਦਰਾ ਗਾਂਧੀ ਦੀ ਭੂਆ) ਨੇ ਕੁਝ ਇਸ ਤਰ੍ਹਾਂ ਲਿਖਿਆ ਸੀ, "ਪੰਜਾਬ ਜਿਹੜਾ ਹਮੇਸ਼ਾ ਦਮਨ ਵਿਰੁੱਧ ਸੰਘਰਸ਼ ਦੀ ਅਗਵਾਈ ਕਰਦਾ ਰਿਹਾ ਹੈ, ਨੇ ਐਮਰਜੈਂਸੀ ਦੌਰਾਨ ਵੀ ਮੋਹਰੀ ਭੂਮਿਕਾ ਨਿਭਾਈ ਹੈ। ਇਹ ਸਿਰਫ਼ ਪੰਜਾਬ ਅਤੇ ਇਕੱਲੇ ਪੰਜਾਬ ਵਿਚ ਹੀ ਹੋਇਆ ਕਿ ਐਮਰਜੈਂਸੀ ਦਾ ਇੰਨੇ ਵੱਡੇ ਪੱਧਰ 'ਤੇ ਜਥੇਬੰਦ ਹੋ ਕੇ ਵਿਰੋਧ ਕੀਤਾ ਗਿਆ ਹੋਵੇ।"

ਪੰਜਾਬ ਦੇ ਲੋਕ ਅਕਾਲੀ ਦਲ 'ਚੋਂ ਇਸ ਦੇ ਸ਼ਾਨਦਾਰ ਇਤਿਹਾਸਕ ਵਿਰਸੇ ਦੇ ਨਿਸ਼ਾਨ ਲੱਭਣਾ ਚਾਹੁੰਦੇ ਹਨ ਪਰ ਇਹ ਨਿਸ਼ਾਨ ਕਿਤੇ ਨਜ਼ਰ ਨਹੀਂ ਆਉਂਦੇ।

ਅਕਾਲੀ ਦਲ ਵਿਚ ਪਹਿਲਾਂ ਵੀ ਕਈ ਵਾਰ ਫੁੱਟ ਪਈ ਹੈ, ਪਰ ਉਹ ਫੁੱਟ ਆਗੂਆਂ ਦੀ ਆਪਸੀ ਲੜਾਈ ਕਾਰਨ ਹੁੰਦੀ ਸੀ; ਇਸ ਸਮੇਂ ਦਾ ਸੰਕਟ ਅਕਾਲੀ ਦਲ ਦੀ ਲੋਕਾਂ ਤੋਂ ਦੂਰੀ ਅਤੇ ਵਧ ਰਹੀ ਬੇਗਾਨਗੀ ਕਾਰਨ ਉਪਜਿਆ ਹੈ।

# ਘੁਮੱਕੜ ਸ਼ਹਿਜ਼ਾਦੀ ਗ਼ੁਲਬਦਨ ਦੀ ਦਾਸਤਾਨ

***ਉਘੀ ਇਤਿਹਾਸਕਾਰ ਰੂਬੀ ਲਾਲ ਦੀ ਕਿਤਾਬ 'ਵੈਗਾਬੌਂਡ ਪ੍ਰਿੰਸੈੱਸ' ਅਕਬਰ ਦੀ ਚਹੇਤੀ ਭੂਆ ਗ਼ੁਲਬਦਨ ਦੀ ਕਥਾ ਬਿਆਨ ਕਰਦੀ ਹੈ। ਉਹ ਅਕਬਰ ਦੀ ਮੁੱਖ ਸਲਾਹਕਾਰ ਸੀ। ਸ਼ਾਹੀ ਜ਼ਨਾਨੇ ਦਾ ਪ੍ਰਬੰਧ ਤਾਂ ਉਹ ਸੰਭਾਲਦੀ ਹੀ ਸੀ, ਪ੍ਰਸ਼ਾਸਨਿਕ ਮਾਮਲਿਆਂ ਬਾਰੇ ਵੀ ਅਕਬਰ ਉਸ ਤੋਂ ਸਲਾਹ ਲੈਂਦਾ ਰਹਿੰਦਾ ਸੀ। ਇਸ ਤੋਂ ਇਲਾਵਾ ਉਹ ਮੁਸਲਿਮ ਜਗਤ, ਸ਼ਾਇਦ ਬਾਕੀ ਜਹਾਨ ਦੀ ਵੀ ਪਹਿਲੀ ਔਰਤ ਤਵਾਰੀਖ਼ਸਾਜ਼ ਸੀ।***



ਸੁਰਿੰਦਰ ਸਿੰਘ ਤੇਜ
ਫੋਨ: +91-98555-01488


ਇਹ ਘਟਨਾ 1577 ਦੀ ਹੈ। ਤੁਰਕੀ ਦੇ ਔਟੋਮਨ (ਇਸਲਾਮੀ ਨਾਮ 'ਉਸਮਾਨੀ') ਸੁਲਤਾਨ ਮੁਰਾਦ ਤੀਜੇ ਨੇ ਫ਼ਰਮਾਨ ਜਾਰੀ ਕੀਤਾ ਕਿ ਦੋ ਮੁਕੱਦਸ ਨਗਰਾਂ- ਮੱਕਾ ਤੇ ਮਦੀਨਾ ਵਿਚ ਆਈਆਂ ਮੁਗ਼ਲ ਬੀਬੀਆਂ ਅਤੇ ਹੋਰ ਸਾਰੇ ਹਿੰਦੀਆਂ ਨੂੰ ਫ਼ੌਰੀ ਵਤਨ ਪਰਤਣ ਲਈ ਕਿਹਾ ਜਾਵੇ। ਸੁਲਤਾਨ ਨੇ ਇਸ ਫ਼ਰਮਾਨ ਦੀ ਇੱਕ-ਇੱਕ ਨਕਲ ਮੱਕਾ ਤੇ ਮਦੀਨਾ ਦੇ ਨਾਜ਼ਿਮਾਂ ਨੂੰ ਭੇਜ ਕੇ ਇਸ ਨੂੰ ਤੁਰੰਤ ਅਮਲ ਵਿਚ ਲਿਆਉਣ ਦੀ ਹਦਾਇਤ ਵੀ ਕੀਤੀ। ਦਰਅਸਲ, ਸੁਲਤਾਨ ਮੁਰਾਦ ਨੂੰ ਮਿਸਰ ਦੇ ਮਮਲੂਕ ਸੁਲਤਾਨ ਤੋਂ ਸ਼ਿਕਾਇਤ ਮਿਲੀ ਸੀ ਕਿ 'ਹਿੰਦੀ ਜ਼ੁਮਰਾ' (ਹਿੰਦੋਸਤਾਨੀਆਂ ਦਾ ਟੋਲਾ) ਮੁਕੱਦਸ ਨਗਰਾਂ ਵਿਚ ਲਗਾਤਾਰ ਖ਼ਰੂਦ ਕਰਦਾ ਆ ਰਿਹਾ ਹੈ ਜਿਸ ਕਾਰਨ ਉੱਥੇ ਮੌਜੂਦ ਹੋਰਨਾਂ ਮੁਲਕਾਂ ਦੇ ਸ਼ਰਧਾਲੂਆਂ ਨੂੰ ਦਿੱਕਤਾਂ ਪੇਸ਼ ਆ ਰਹੀਆਂ ਹਨ। ਸੁਲਤਾਨ ਮੁਰਾਦ ਨੇ ਇਨ੍ਹਾਂ ਸ਼ਿਕਾਇਤਾਂ ਦੀ ਤਾਈਦ ਮੱਕਾ ਤੇ ਮਦੀਨਾ ਦੇ ਨਾਜ਼ਿਮਾਂ ਤੋਂ ਕਰਵਾਈ ਅਤੇ ਫਿਰ ਲੰਮੀ ਸੋਚ-ਵਿਚਾਰ ਤੋਂ ਬਾਅਦ ਉਪਰੋਕਤ ਫ਼ਰਮਾਨ ਜਾਰੀ ਕੀਤਾ। ਹਿੰਦੀ ਜ਼ੁਮਰਾ ਦੀ ਮੁਖੀ ਉੱਚ ਰੁਤਬੇ ਵਾਲੀ ਮੁਗ਼ਲ ਸ਼ਹਿਜ਼ਾਦੀ ਸੀ ਅਤੇ ਇਸ ਵਿਚ ਵਲੀ-ਇ-ਹਿੰਦ (ਹਿੰਦ ਦੇ ਮੁਹਾਫਿਜ਼) ਅਕਬਰ ਦੇ ਪਰਿਵਾਰ ਦੀਆਂ ਕਈ ਖ਼ਵਾਤੀਨ ਤੋਂ ਇਲਾਵਾ ਉਨ੍ਹਾਂ ਦੀ ਹਿਫ਼ਾਜ਼ਤ ਲਈ ਆਏ ਫ਼ੌਜੀ ਤੇ ਸਫ਼ਾਰਤੀ ਅਫਸਰ ਅਤੇ ਹੋਰ ਮੁਲਾਜ਼ਮ ਸ਼ਾਮਲ ਸਨ। ਦਸ ਮਹੀਨੇ ਪਹਿਲਾਂ ਇਨ੍ਹਾਂ ਸਭਨਾਂ ਦਾ ਜੱਦ੍ਹਾ (ਅਰਬਿਸਤਾਨ ਦੀ ਮੁੱਖ ਬੰਦਰਗਾਹ) ਪੁੱਜਣ 'ਤੇ ਸ਼ਾਹੀ ਮਹਿਮਾਨਾਂ ਵਜੋਂ ਨਿੱਘਾ ਸਵਾਗਤ ਕੀਤਾ ਗਿਆ ਸੀ। ਹੁਣ ਇਨ੍ਹਾਂ ਸਭਨਾਂ ਨੂੰ ਅਰਬਿਸਤਾਨ ਛੱਡ ਜਾਣ ਲਈ ਕਹਿਣਾ ਸੁਲਤਾਨ ਨੂੰ ਨਾਗਵਾਰ ਜਾਪ ਰਿਹਾ ਸੀ। ਇਸੇ ਲਈ ਫ਼ਰਮਾਨ ਦੀ ਭਾਸ਼ਾ ਤਿੱਖੀ ਨਹੀਂ ਸੀ ਅਤੇ ਨਾ ਹੀ ਇਸ ਵਿਚ ਕਿਸੇ ਸ਼ਖ਼ਸੀਅਤ ਦਾ ਨਾਮ ਸ਼ਾਮਲ ਸੀ। ਅਸਲੀਅਤ ਤਾਂ ਇਹ ਵੀ ਸੀ ਕਿ ਮੁਗ਼ਲ ਬੀਬੀਆਂ ਦਾ 'ਖ਼ਰੂਦ' ਵੀ ਰਵਾਇਤੀ ਕਿਸਮ ਦਾ ਨਹੀਂ ਸੀ। ਉਹ ਦਾਨ-ਪੁੰਨ ਏਨਾ ਖੁੱਲ੍ਹ ਕੇ ਕਰਦੀਆਂ ਸਨ ਕਿ ਹਰ ਅਸਥਾਨ 'ਤੇ ਉਨ੍ਹਾਂ ਦੀ ਆਮਦ ਵੇਲੇ ਖ਼ੈਰਾਤ ਮੰਗਣ ਵਾਲਿਆਂ ਦੀਆਂ ਭੀੜਾਂ ਜੁੱਟ ਜਾਂਦੀਆਂ ਸਨ।

ਹਿੰਦੀ ਜ਼ੁਮਰੇ (ਜਾਂ ਅਕਬਰ-ਕਾਲ ਦੇ ਸਰਕਾਰੀ ਤਵਾਰੀਖ਼ਸਾਜ਼ ਅਬੁਲ ਫ਼ਜ਼ਲ ਮੁਤਾਬਿਕ ਮੁਗ਼ਲੀਆ ਵਫ਼ਦ) ਦੀ ਮੁਖੀ ਨੇ ਇਹ ਫ਼ਰਮਾਨ ਨਜ਼ਰਅੰਦਾਜ਼ ਕਰ ਦਿੱਤਾ। ਉਹ, ਉਸ ਦੀਆਂ ਸਕੀਆਂ ਤੇ ਸਖੀਆਂ ਅਤੇ ਵਫ਼ਦ ਦੇ ਹੋਰ ਮੈਂਬਰਾਨ ਅਗਲੇ ਤਿੰਨ ਵਰ੍ਹਿਆਂ ਤੱਕ ਅਰਬ-ਭੂਮੀ 'ਤੇ ਹੀ ਟਿਕੇ ਰਹੇ। ਉਨ੍ਹਾਂ ਦੀ ਦੇਖਾ-ਦੇਖੀ ਹੋਰ ਆਮ ਹਿੰਦੋਸਤਾਨੀ ਸ਼ਰਧਾਲੂ, ਜੋ ਇਸੇ ਵਫ਼ਦ ਦੇ ਨਾਲ ਹੀ (ਸ਼ਾਹੀ ਖ਼ੈਰਾਤ ਦੀ ਬਦੌਲਤ) ਮੱਕਾ-ਮਦੀਨਾ ਆਏ ਹੋਏ ਸਨ, ਵੀ ਵਤਨ ਵਾਪਸੀ ਲਈ ਜੱਦ੍ਹਾ ਵੱਲ ਨਹੀਂ ਗਏ। ਮੁਗ਼ਲੀਆ ਵਫ਼ਦ ਤਿੰਨ ਵਾਰ ਹੱਜ ਕਰਨ ਵਰਗੇ ਮਹਾਂ-ਪਾਵਨ ਕਾਰਜ ਮਗਰੋਂ ਹੀ ਵਤਨ ਵੱਲ ਰਵਾਨਾ ਹੋਇਆ, ਉਹ ਵੀ ਵਫ਼ਦ ਦੀ ਮੁਖੀ ਤੇ ਹੋਰਨਾਂ ਬੀਬੀਆਂ ਦੀ ਅਰਬ ਜਗਤ ਵਿਚੋਂ ਬੇਦਖ਼ਲੀ ਦਾ ਚੌਥਾ ਫ਼ਰਮਾਨ ਜਾਰੀ ਹੋਣ ਤੋਂ ਬਾਅਦ। ਇਸ ਫ਼ਰਮਾਨ ਵਿਚ ਸਾਰੀਆਂ ਰੁਤਬੇਦਾਰ ਬੀਬੀਆਂ ਦੇ ਨਾਮ ਦਰਜ ਸਨ। ਇਸ ਨੂੰ ਮੁਗ਼ਲ ਸ਼ਹਿਨਸ਼ਾਹ ਅਕਬਰ ਨੇ ਹਿੰਦੀਆਂ ਦੀ ਬੇਇੱਜ਼ਤੀ ਵਜੋਂ ਲਿਆ। ਆਪਣੀ ਨਾਖ਼ੁਸ਼ੀ ਦਾ ਇਜ਼ਹਾਰ ਕਰਨ ਲਈ ਉਸ ਨੇ ਅਗਲੇ ਸਾਲ ਨਾ ਤਾਂ ਤੁਰਕ ਸੁਲਤਾਨ ਕੋਲ ਹੱਜ ਲਈ ਨਕਦ ਇਮਦਾਦ ਭੇਜੀ ਅਤੇ ਨਾ ਹੀ ਹਾਜੀਆਂ ਦੇ ਲੰਗਰਾਂ ਵਾਸਤੇ ਕਣਕ ਤੇ ਹੋਰ ਅਨਾਜਾਂ ਦੀਆਂ ਖੇਪਾਂ।

ਇਹ ਸਾਰੀ ਦਾਸਤਾਨ ਅਤੇ ਇਸ ਘਟਨਾਵਲੀ ਦੀ ਮੁੱਖ ਕਿਰਦਾਰ 'ਨਵਾਬ' ਗ਼ੁਲਬਦਨ ਬੇਗ਼ਮ ਦੇ ਜੀਵਨ ਤੇ ਕਾਰਨਾਮਿਆਂ ਦਾ ਖੁਲਾਸਾ ਪੇਸ਼ ਕਰਦੀ ਹੈ ਇਤਿਹਾਸਕਾਰ ਰੂਬੀ ਲਾਲ ਦੀ ਕਿਤਾਬ 'ਵੈਗਾਬੌਂਡ ਪ੍ਰਿੰਸੈੱਸ' (ਘੁਮੱਕੜ ਸ਼ਹਿਜ਼ਾਦੀ)। ਅਕਬਰ ਦੀ ਚਹੇਤੀ ਭੂਆ ਸੀ ਗ਼ੁਲਬਦਨ; ਸਿਰਫ਼ ਭੂਆ ਹੀ ਨਹੀਂ, ਮੁੱਖ ਸਲਾਹਕਾਰ ਵੀ। ਸ਼ਾਹੀ ਜ਼ਨਾਨੇ ਦਾ ਪ੍ਰਬੰਧ ਤਾਂ ਉਹ ਸੰਭਾਲਦੀ ਹੀ ਸੀ, ਪ੍ਰਸ਼ਾਸਨਿਕ ਮਾਮਲਿਆਂ ਬਾਰੇ ਵੀ ਅਕਬਰ ਅਕਸਰ ਉਸ ਤੋਂ ਸਲਾਹ ਲੈਂਦਾ ਰਹਿੰਦਾ ਸੀ। ਇਨ੍ਹਾਂ ਭੂਮਿਕਾਵਾਂ ਤੋਂ ਇਲਾਵਾ ਉਹ ਮੁਸਲਿਮ ਜਗਤ, ਤੇ ਸ਼ਾਇਦ ਬਾਕੀ ਜਹਾਨ ਦੀ ਵੀ, ਪਹਿਲੀ ਔਰਤ ਤਵਾਰੀਖ਼ਸਾਜ਼ ਸੀ। ਉਸ ਵੱਲੋਂ ਰਚਿਤ ਕਿਤਾਬ 'ਹੁਮਾਯੂੰਨਾਮਾ' (ਅਹਵਲ ਹੁਮਾਯੂੰ ਪਾਦਸ਼ਾਹ) ਨੂੰ ਭਾਰਤ ਵਿਚ ਮੁਗ਼ਲ ਸਾਮਰਾਜ ਦੀ ਪਹਿਲੀ ਪੌਣੀ ਸਦੀ ਦਾ ਬਿਹਤਰੀਨ ਬਿਰਤਾਂਤ ਮੰਨਿਆ ਜਾਂਦਾ ਹੈ। ਇਹ ਕਿਤਾਬ ਉਸ ਨੇ ਅਕਬਰ ਦੇ ਕਹਿਣ 'ਤੇ ਹੀ ਲਿਖੀ। ਅਕਬਰ ਮੁਗ਼ਲ ਕਾਲ ਦੀ ਤਵਾਰੀਖ਼ ਕਲਮਬੰਦ ਕਰਵਾਉਣ 'ਤੇ ਦ੍ਰਿੜ ਸੀ। ਉਸ ਨੇ ਇਹ ਕਾਰਜ ਆਪਣੇ ਦਰਬਾਰੀ ਅਬੁਲ ਫ਼ਜ਼ਲ ਨੂੰ ਸੌਂਪਿਆ। 'ਹੁਮਾਯੂੰਨਾਮਾ' ਇਸ ਕਾਰਜ (ਅਕਬਰਨਾਮਾ) ਵਾਸਤੇ ਅਹਿਮ ਸਰੋਤ-ਪੁਸਤਕ ਸਾਬਤ ਹੋਈ। ਉਂਜ ਵੀ ਇਹ ਕਿਤਾਬ ਦੂਜੇ ਮੁਗ਼ਲ ਬਾਦਸ਼ਾਹ ਹੁਮਾਯੂੰ ਦੀ ਜੀਵਨੀ ਤੱਕ ਮਹਿਦੂਦ ਨਹੀਂ ਬਲਕਿ ਗ਼ੁਲਬਦਨ ਦੀਆਂ ਆਪਣੇ ਪਿਤਾ ਬਾਬਰ ਨਾਲ ਜੁੜੀਆਂ ਯਾਦਾਂ ਦੀ ਤਫ਼ਸੀਲ ਵੀ ਹੈ ਅਤੇ ਮੁਗ਼ਲੀਆ ਹਿੰਦ ਦੇ ਸਮਾਜਿਕ, ਆਰਥਿਕ, ਰਾਜਸੀ ਤੇ ਧਾਰਮਿਕ ਜੀਵਨ ਦਾ ਝਰੋਖਾ ਵੀ। ਪਰ ਇਸ ਕਿਤਾਬ ਦੇ ਆਖ਼ਰੀ ਕਈ ਪੰਨੇ ਗਾਇਬ ਹਨ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਪੰਨਿਆਂ ਵਿਚ ਗ਼ੁਲਬਦਨ ਦੀ ਹੱਜ ਯਾਤਰਾ ਦੀ ਕਹਾਣੀ ਪੂਰੀ ਬੇਬਾਕੀ ਨਾਲ ਦਰਜ ਸੀ। ਕਿਉਂਕਿ ਇਸ ਯਾਤਰਾ ਨਾਲ ਜੁੜੀ ਘਟਨਾਵਲੀ ਮੁਗ਼ਲੀਆ ਸਲਤਨਤ ਵਾਸਤੇ ਨਮੋਸ਼ੀ ਦਾ ਬਾਇਜ਼ ਬਣੀ, ਇਸ ਲਈ ਸ਼ਾਹੀ ਕਿਤਾਬਕਾਰਾਂ ਨੇ (ਬਾਦਸ਼ਾਹ ਅਕਬਰ ਦੀ ਰਜ਼ਾਮੰਦੀ ਨਾਲ) ਇਨ੍ਹਾਂ ਪੰਨਿਆਂ ਨੂੰ ਗਾਇਬ ਕਰਨਾ ਹੀ ਮੁਨਾਸਿਬ ਸਮਝਿਆ। ਇਨ੍ਹਾਂ ਪੰਨਿਆਂ ਨੂੰ 'ਸੁਰਜੀਤ' ਕਰਨ ਦੀ ਚਾਹਤ ਹੀ ਰੂਬੀ ਲਾਲ ਦੇ ਉੱਦਮ ਦਾ ਮੁੱਖ ਮਨੋਰਥ ਬਣੀ। ਉਸ ਨੇ ਗ਼ੁਲਬਦਨ ਦੀ ਹੱਜ ਯਾਤਰਾ ਵਾਲੇ ਵਰ੍ਹਿਆਂ ਨਾਲ ਜੁੜੇ ਅਰਬੀ-ਫ਼ਾਰਸੀ ਦਸਤਾਵੇਜ਼ ਜਿੱਥੋਂ ਵੀ ਮਿਲੇ, ਇਕੱਤਰ ਕੀਤੇ। ਇਸੇ ਤਰ੍ਹਾਂ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀਆਂ ਦੇ ਅਰਬੀ-ਫ਼ਾਰਸੀ ਤਵਾਰੀਖ਼ਸਾਜ਼ਾਂ ਦੀਆਂ ਕਿਤਾਬਾਂ ਘੋਖਣ 'ਤੇ ਵੀ ਚੋਖਾ ਸਮਾਂ ਲਾਇਆ। ਮੱਕਾ ਸ਼ਰੀਫ਼ ਨੂੰ ਛੱਡ ਕੇ ਉਹ ਬਾਕੀ ਉਨ੍ਹਾਂ ਸਾਰੀਆਂ ਥਾਵਾਂ 'ਤੇ ਵੀ ਗਈ ਜਿੱਥੇ-ਜਿੱਥੇ ਗ਼ੁਲਬਦਨ ਰੁਕੀ ਰਹੀ ਸੀ ਤਾਂ ਜੋ ਗ਼ੁਲਬਦਨ ਦੇ ਉੱਥੇ ਕਿਆਮ ਦੀ ਜੇਕਰ ਕੋਈ ਨਿਸ਼ਾਨੀ ਬਚੀ ਹੋਵੇ ਤਾਂ ਉਹ ਦੇਖੀ ਜਾ ਸਕੇ। ਸੱਤ ਵਰ੍ਹਿਆਂ ਦੀ ਅਜਿਹੀ ਖੋਜ-ਪੜਤਾਲ ਦੀ ਬਦੌਲਤ ਹੀ 'ਵੈਗਾਬੌਂਡ ਪ੍ਰਿੰਸੈੱਸ' ਵਜੂਦ ਵਿਚ ਆਈ। ਇਸ ਵਿਚ ਗ਼ੁਲਬਦਨ ਦੀ ਹੱਜ-ਯਾਤਰਾ ਦਾ ਜੋ ਬਿਰਤਾਂਤ ਸਿਰਜਿਆ ਗਿਆ ਹੈ, ਉਹ ਸੱਚਮੁੱਚ ਹੀ ਕਾਬਿਲੇ-ਤਾਰੀਫ਼ ਹੈ।

ਐਮੁਰੀ ਯੂਨੀਵਰਸਿਟੀ (ਐਟਲਾਂਟਾ-ਅਮਰੀਕਾ) ਵਿਚ ਇਤਿਹਾਸ ਦੀ ਪ੍ਰੋਫੈਸਰ ਹੈ ਰੂਬੀ ਲਾਲ। 'ਵੈਗਬੌਂਡ ਪ੍ਰਿੰਸੈੱਸ' ਉਸ ਦੀ ਚੌਥੀ ਕਿਤਾਬ ਹੈ। ਪਹਿਲੀਆਂ ਤਿੰਨ ਵੀ ਮੁਗ਼ਲ ਇਤਿਹਾਸ ਨਾਲ ਸਬੰਧਤ ਸਨ। ਇਨ੍ਹਾਂ ਤਿੰਨਾਂ ਵਿਚੋਂ ਨੂਰਜਹਾਂ ਬਾਰੇ ਕਿਤਾਬ ਜੋ 2017 ਵਿਚ ਛਪੀ, ਅੱਜ ਵੀ ਬੈਸਟ ਸੈੱਲਰਾਂ ਵਿਚ ਸ਼ੁਮਾਰ ਹੈ। 'ਵੈਗਬੌਂਡ ਪ੍ਰਿੰਸੈੱਸ' ਦਾ ਧਰਾਤਲ ਨੂਰਜਹਾਂ ਵਾਲੀ ਕਿਤਾਬ ਨਾਲੋਂ ਵੱਧ ਵਿਆਪਕ ਹੈ। ਇਹ ਕਿਤਾਬ ਜਿੰਨੀ ਮੁਗ਼ਲੀਆ ਹਿੰਦ ਬਾਰੇ ਹੈ, ਓਨੀ ਹੀ ਅਰਬ ਜਗਤ ਬਾਬਤ ਵੀ ਹੈ। ਕਿਤਾਬ ਆਮ ਪਾਠਕ ਨੂੰ ਨਾ ਸਿਰਫ਼ ਹੱਜ ਦੀਆਂ ਰਹੁ-ਰੀਤਾਂ ਦੀ ਅਹਿਮੀਅਤ ਤੇ ਉਨ੍ਹਾਂ ਦੇ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ ਸਗੋਂ ਮੱਧ-ਯੁੱਗੀ ਅਰਬਿਸਤਾਨ ਤੇ ਮੁਗ਼ਲੀਆ ਹਿੰਦ ਦੇ ਸ਼ਾਹੀ ਜੀਵਨ ਦੀਆਂ ਬਾਰੀਕੀਆਂ ਤੋਂ ਵੀ ਵਾਕਿਫ਼ ਕਰਵਾਉਂਦੀ ਹੈ। ਇਹ ਇੱਕ ਪਾਸੇ ਇੱਕ ਮੁਗ਼ਲ ਸ਼ਹਿਜ਼ਾਦੀ ਦੀ ਬੇਬਾਕੀ, ਸਾਹਸ ਤੇ ਅੱਖੜਪੁਣੇ ਦੀ ਕਹਾਣੀ ਹੈ ਅਤੇ ਦੂਜੇ ਪਾਸੇ ਇਸੇ ਸ਼ਹਿਜ਼ਾਦੀ ਦੀ ਨਫ਼ਾਸਤ, ਲਿਆਕਤ ਤੇ ਇਨਸਾਨੀਅਤ ਨੂੰ ਸਿਜਦਾ ਵੀ ਹੈ।

ਚੰਗੇ ਇਤਿਹਾਸਕ ਨਾਵਲ ਨਾਲੋਂ ਵੀ ਵੱਧ ਦਿਲਚਸਪ ਹੈ ਰੂਬੀ ਲਾਲ ਵੱਲੋਂ ਰਚਿਤ ਉਪਰੋਕਤ ਸਾਰਾ ਬਿਰਤਾਂਤ; ਉਹ ਵੀ ਇਤਿਹਾਸਕਾਰੀ ਦੇ ਅਕੀਦਿਆਂ ਪ੍ਰਤੀ ਪਾਬੰਦਗੀ ਦੇ ਬਾਵਜੂਦ। ਇਸੇ ਲਈ ਸਲਾਮ ਦੀ ਹੱਕਦਾਰ ਹੈ 'ਵੈਗਾਬੌਂਡ ਪ੍ਰਿੰਸੈੱਸ' ਉਰਫ਼ 'ਘੁਮੱਕੜ ਸ਼ਹਿਜ਼ਾਦੀ'।






*ਇਤਿਹਾਸਕਾਰ ਰੂਬੀ ਲਾਲ (ਸੱਜੇ) ਦੀ ਕਿਤਾਬ 'ਵੈਗਾਬੌਂਡ ਪ੍ਰਿੰਸੈੱਸ' ਦਾ ਮੁਖੜਾ।*

# ਕਿਤਾਬ ਦੇ ਅੰਦਰ ਝਾਤ


*ਬਾਬਰ ਦੀ ਸਭ ਤੋਂ ਛੋਟੀ ਤੇ ਸਭ ਤੋਂ ਲਾਡਲੀ ਧੀ ਸੀ ਗ਼ੁਲਬਦਨ। 1523 ਵਿਚ ਕਾਬੁਲ 'ਚ ਉਸ ਸਮੇਂ ਜਨਮੀ ਜਦੋਂ ਬਾਬਰ, ਹਿੰਦ ਨੂੰ ਫ਼ਤਹਿ ਕਰਨ ਦੀਆਂ ਤਿਆਰੀਆਂ ਵਜੋਂ ਦੱਰਾ ਖ਼ੈਬਰ ਪਾਰ ਕਰ ਕੇ ਨਿੱਕੀਆਂ ਨਿੱਕੀਆਂ ਜਿੱਤਾਂ ਹਾਸਲ ਕਰਨ ਵਿਚ ਮਸਰੂਫ਼ ਸੀ। ਲਿਹਾਜ਼ਾ, ਗ਼ੁਲਬਦਨ ਪਹਿਲੀ ਵਾਰ 1526 ਵਿਚ ਆਪਣੇ ਪਿਤਾ ਨੂੰ ਮਿਲੀ। ਪਹਿਲੀ ਹੀ ਮੁਲਾਕਾਤ ਵੇਲੇ ਪਿਤਾ ਨੇ ਜਿਸ ਢੰਗ ਨਾਲ ਆਪਣੀ ਬੱਚੀ ਨੂੰ ਦੁਲਾਰਿਆ, ਉਸ ਤੋਂ ਉਹ ਸਦਾ ਲਈ ਆਪਣੇ 'ਬਾਬਾ' ਦੀ ਦੀਵਾਨੀ ਹੋ ਗਈ।

*ਗ਼ੁਲਬਦਨ ਦੀ ਮਾਂ ਦਿਲਦਾਰ ਬੇਗ਼ਮ, ਬਾਬਰ ਦੀ ਤੀਜੀ ਬੀਵੀ ਸੀ। ਉਹ ਛੇ ਬੱਚਿਆਂ ਦੀ ਮਾਂ ਬਣੀ ਪਰ ਇਨ੍ਹਾਂ ਵਿਚੋਂ ਦੋ ਨਿੱਕੀ ਉਮਰੇ ਚੱਲ ਵਸੇ। ਬਾਕੀ ਚਹੁੰਆਂ ਵਿਚੋਂ ਸ਼ਹਿਜ਼ਾਦਾ ਹਿੰਦਾਲ ਤੇ ਸ਼ਹਿਜ਼ਾਦੀ ਗ਼ੁਲਬਦਨ ਨੂੰ ਬਾਬਰ ਦੀ ਪਹਿਲੀ ਬੇਗ਼ਮ, ਪਟਰਾਣੀ ਮਹਿਮ ਨੇ ਗੋਦ ਲੈ ਲਿਆ। ਉਸ ਜ਼ਮਾਨੇ 'ਚ ਪਟਰਾਣੀਆਂ ਵੱਲੋਂ ਦੂਜੀਆਂ ਰਾਣੀਆਂ ਦੇ ਬੱਚੇ ਗੋਦ ਲਏ ਜਾਣ ਦੀ ਪ੍ਰਥਾ ਆਮ ਹੀ ਸੀ। ਦਿਲਦਾਰ ਕੋਲ ਦੋ ਬੇਟੀਆਂ-ਗ਼ੁਲਰੰਗ ਤੇ ਗ਼ੁਲਚਿਹਰਾ ਹੀ ਬਚੀਆਂ। ਇਹ ਵੱਖਰੀ ਗੱਲ ਹੈ ਕਿ ਮਹਿਮ ਦੇ ਇੰਤਕਾਲ ਮਗਰੋਂ ਗ਼ੁਲਬਦਨ ਆਪਣੀ ਅਸਲ ਮਾਂ ਕੋਲ ਪਰਤ ਆਈ। ਉਦੋਂ ਉਹ ਦਸ ਵਰ੍ਹਿਆਂ ਦੀ ਹੋ ਚੁੱਕੀ ਸੀ।

*ਮਹਿਮ ਬੇਗ਼ਮ, ਬਾਬਰ ਦੇ ਸਭ ਤੋਂ ਵੱਡੇ ਪੁੱਤਰ ਹੁਮਾਯੂੰ ਦੀ ਮਾਂ ਸੀ। ਹੁਮਾਯੂੰ ਦੇ ਜਨਮ ਤੋਂ ਪਹਿਲਾਂ ਉਹ ਇੱਕ ਬੇਟੀ ਦੀ ਮਾਂ ਵੀ ਬਣੀ, ਪਰ ਇਹ ਬੇਟੀ ਛੇ ਮਹੀਨਿਆਂ ਬਾਅਦ ਚੱਲ ਵਸੀ। ਹੁਮਾਯੂੰ ਤੋਂ ਬਾਅਦ ਮਹਿਮ ਨੇ ਤਿੰਨ ਹੋਰ ਬੱਚਿਆਂ ਨੂੰ ਜਨਮ ਦਿੱਤਾ ਪਰ ਕੋਈ ਵੀ ਡੇਢ ਸਾਲ ਤੋਂ ਵੱਧ ਨਾ ਜੀਵਿਆ। ਇਸੇ ਲਈ ਉਹ ਹਿੰਦਾਲ ਤੇ ਗ਼ੁਲਬਦਨ ਉੱਤੇ ਜਾਨ ਛਿੜਕਦੀ ਸੀ।

*ਹੁਮਾਯੂੰ ਵੀ ਗ਼ੁਲਬਦਨ ਨੂੰ ਅੰਤਾਂ ਦਾ ਮੋਹ ਕਰਦਾ ਸੀ। ਪੰਦਰਾਂ ਸਾਲ ਵੱਡਾ ਸੀ ਉਹ ਇਸ (ਮਤ੍ਰੇਈ) ਭੈਣ ਤੋਂ। ਮਹੱਲਾਂ ਵਿਚ ਉਸ ਨੂੰ ਅਕਸਰ ਕੁੱਛੜ ਚੁੱਕੀ ਫਿਰਦਾ ਰਹਿੰਦਾ ਸੀ। ਗ਼ੁਲਬਦਨ ਨੇ ਵੀ ਇਹ ਮੋਹ ਪੂਰੀ ਤਰ੍ਹਾਂ ਜੋੜਿਆ; ਉਸ ਨੇ ਹਰ ਮੁਸੀਬਤ ਸਮੇਂ ਹੁਮਾਯੂੰ ਦਾ ਸਾਥ ਦਿੱਤਾ। ਉਦੋਂ ਵੀ ਜਦੋਂ ਰਾਜ ਸੱਤਾ ਖੁੱਸ ਜਾਣ ਮਗਰੋਂ ਉਹ ਸਿੰਧ ਤੇ ਅਫ਼ਗਾਨਿਸਤਾਨ ਵਿਚ ਬਦਹਾਲਾਂ ਵਾਂਗ ਭਟਕਦਾ ਰਿਹਾ। ਹੁਮਾਯੂੰ ਦੀ ਬੀਵੀ ਹਮੀਦਾ ਦੀ ਪੱਕੀ ਹਮਰਾਜ਼ ਸੀ ਗ਼ੁਲਬਦਨ। ਸ਼ਹਿਜ਼ਾਦਾ ਅਕਬਰ ਦੀ ਪਰਵਰਿਸ਼ ਵਿਚ ਵੀ ਉਸ ਦੀ ਅਹਿਮ ਭੂਮਿਕਾ ਰਹੀ। ਜਦੋਂ ਅਕਬਰ ਅੱਲ੍ਹੜ ਉਮਰੇ ਬਾਦਸ਼ਾਹ ਬਣ ਗਿਆ ਤਾਂ ਗ਼ੁਲਬਦਨ ਉਸ ਦੀ ਸੇਧਗਾਰ ਵਜੋਂ ਵਿਚਰਦੀ ਰਹੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਬਾਬਰ ਦੀ ਬੇਵਕਤੀ ਮੌਤ ਮਗਰੋਂ ਉਸ ਦੀ ਵੱਡੀ ਭੈਣ ਖ਼ਾਨਜ਼ਾਦਾ ਬੇਗ਼ਮ ਨੇ ਨਵੇਂ ਬਣੇ ਬਾਦਸ਼ਾਹ ਹੁਮਾਯੂੰ ਦੀ ਸੇਧਗਾਰ ਵਾਲੀ ਭੂਮਿਕਾ ਨਿਭਾਈ ਸੀ।

*ਮਿਲਾਪੜੇ ਸੁਭਾਅ ਅਤੇ ਹੋਰਨਾਂ ਦਾ ਦਰਦ ਵੰਡਾਉਣ ਦੀ ਬਿਰਤੀ ਕਾਰਨ ਗ਼ੁਲਬਦਨ ਨੂੰ ਬਾਬਰ ਦੀਆਂ ਸਾਰੀਆਂ ਬੇਗ਼ਮਾਂ ਅਤੇ ਆਪਣੇ (ਮਤ੍ਰੇਏ) ਭਰਾਵਾਂ/ਭੈਣਾਂ ਪਾਸੋਂ ਪੂਰਾ ਲਾਡ-



*ਸ਼ਹਿਜ਼ਾਦੀ ਗੁਲਬਦਨ ਦਾ ਇਕ ਚਿੱਤਰ।*

ਦੁਲਾਰ ਮਿਲਿਆ। ਬਾਬਰ ਦੀ ਪੰਜਵੀਂ (ਤੇ ਆਖ਼ਰੀ) ਬੇਗ਼ਮ, ਬੀਬੀ ਮੁਬਾਰਿਕਾ ਤਾਂ ਗ਼ੁਲਬਦਨ ਨੂੰ ਆਪਣੀ ਪੱਕੀ ਸਹੇਲੀ ਮੰਨਦੀ ਸੀ। ਮੁਬਾਰਿਕਾ ਯੂਸੁਫ਼ਜ਼ਈ ਪਠਾਣ ਸੀ ਜਦੋਂਕਿ ਬਾਕੀ ਚਾਰ ਬੇਗ਼ਮਾਂ ਉਜ਼ਬੇਕ ਸਨ। ਤਹਿਜ਼ੀਬੀ ਤੇ ਭਾਸ਼ਾਈ ਵਖਰੇਵੇਂ ਕਾਰਨ ਮੁਬਾਰਿਕਾ ਅਕਸਰ ਇਕਲਾਪਾ ਮਹਿਸੂਸ ਕਰਦੀ ਸੀ। ਅਜਿਹਾ ਆਭਾਸ ਹੁੰਦਿਆਂ ਹੀ ਗ਼ੁਲਬਦਨ ਉਸ ਕੋਲ ਪਹੁੰਚ ਜਾਂਦੀ ਅਤੇ ਆਪਣੀਆਂ ਖੱਟੀਆਂ-ਮਿੱਠੀਆਂ ਗੱਲਾਂ ਰਾਹੀਂ ਉਸ ਦਾ ਮਿਜ਼ਾਜ ਬਦਲਣ ਵਿਚ ਕਾਮਯਾਬ ਹੋ ਜਾਂਦੀ।

*ਗ਼ੁਲਬਦਨ ਨੂੰ ਲਿਖਣ ਦੀ ਗੁੜ੍ਹਤੀ ਪਿਤਾ ਬਾਬਰ ਤੋਂ ਮਿਲੀ। ਉਹ ਤਿੰਨ ਵਰ੍ਹਿਆਂ ਦੀ ਸੀ ਜਦੋਂ ਉਸ ਨੇ ਪਹਿਲੀ ਵਾਰ ਆਪਣੇ 'ਬਾਬਾ' ਨੂੰ ਆਗਰਾ ਦੇ ਬਾਗ਼-ਇ-ਬਹਾਰ ਦੇ ਸ਼ਾਹੀ ਤੰਬੂ ਵਿਚ ਰਾਤ ਵੇਲੇ ਸ਼ਮ੍ਹਾਂਦਾਨਾਂ ਦੀ ਰੌਸ਼ਨੀ ਵਿਚ ਕਾਗਜ਼ਾਂ 'ਤੇ ਕੁਝ ਲਿਖਦਿਆਂ ਦੇਖਿਆ। ਬਾਬਰ ਰੋਜ਼ ਦੇ ਵਾਕਿਆਤ ਅਤੇ ਉਨ੍ਹਾਂ ਤੋਂ ਮਿਲੇ ਸਬਕਾਂ ਨੂੰ ਰਾਤ ਵੇਲੇ ਖ਼ੁਦ ਕਲਮਬੰਦ ਕਰਦਾ ਸੀ। ਇਨ੍ਹਾਂਪੰਨਿਆਂ 'ਤੇ ਆਪਣੀਆਂ ਗ਼ਲਤੀਆਂ ਤੇ ਗੁਸਤਾਖ਼ੀਆਂ ਦਾ ਜ਼ਿਕਰ ਵੀ ਉਹ ਪੂਰੀ ਬੇਬਾਕੀ ਤੇ ਇਮਾਨਦਾਰੀ ਨਾਲ ਕਰਿਆ ਕਰਦਾ ਸੀ। ਗ਼ੁਲਬਦਨ ਨੇ ਪਿਤਾ ਦੀ ਇਸ ਖ਼ੂਬੀ ਨੂੰ ਆਪਣੇ ਅੰਦਰ ਜਜ਼ਬ ਕੀਤਾ। ਇੰਜ ਹੀ, ਕਿਤਾਬਾਂ ਤੇ ਕਾਤਿਬਾਂ ਦੀ ਕਦਰ ਵੀ ਗ਼ੁਲਬਦਨ ਨੇ ਬਾਬਰ ਤੋਂ ਸਿੱਖੀ।

*ਘੁਮੱਕੜੀ ਵੀ ਗ਼ੁਲਬਦਨ ਨੂੰ ਪਿਤਾ ਤੋਂ ਹੀ ਵਿਰਸੇ ਵਿਚ ਮਿਲਿਆ। ਬਾਬਰ ਕਦੇ ਵੀ ਮਹੱਲਾਂ ਦੇ ਅੰਦਰ ਨਹੀਂ ਰਿਹਾ। ਉਸ ਨੇ ਆਪਣੇ ਲਈ ਇੱਕ ਵੀ ਮਹੱਲ ਨਹੀਂ ਉਸਰਵਾਇਆ। ਉਹ ਖੁੱਲ੍ਹੀ ਫਿਜ਼ਾ 'ਚ ਰਹਿਣਾ ਪਸੰਦ ਕਰਦਾ ਸੀ, ਖ਼ਾਸ ਤੌਰ 'ਤੇ ਉਨ੍ਹਾਂ ਬਾਗ਼ਾਂ ਵਿਚ ਜਿਨ੍ਹਾਂ ਦੇ ਨੇੜਿਓਂ ਕੋਈ ਨਦੀ ਗੁਜ਼ਰਦੀ ਹੋਵੇ। ਗ਼ੁਲਬਦਨ ਵੀ ਮਹੱਲਾਂ ਦੀ ਥਾਂ ਤੰਬੂਆਂ 'ਚ ਰਹਿਣ ਨੂੰ ਤਰਜੀਹ ਦਿੰਦੀ ਸੀ। ਇਸੇ ਲਈ ਜੰਗੀ ਜਾਂ ਤਫ਼ਰੀਹੀ ਮੁਹਿੰਮਾਂ ਦੌਰਾਨ ਉਹ ਪਿਤਾ ਬਾਬਰ, ਭਰਾ ਹੁਮਾਯੂੰ ਜਾਂ ਭਤੀਜੇ ਅਕਬਰ ਦੇ ਲਸ਼ਕਰਾਂ ਵਿਚ ਸ਼ਾਮਲ ਹੋਣ ਦੀ ਜ਼ਿੱਦ ਕਰਦੀ ਸੀ। ਅਕਬਰ ਵੱਲੋਂ ਸ਼ਾਹੀ ਜ਼ਨਾਨੇ ਲਈ ਉਸਰਵਾਏ ਮਹੱਲਾਂ ਵਿਚ ਉਸ ਨੂੰ ਘੁਟਨ ਮਹਿਸੂਸ ਹੁੰਦੀ ਸੀ। ਹੱਜ ਨੂੰ ਉਸ ਨੇ ਮਹੱਲਾਂ ਦੀਆਂ ਚਾਰਦੀਵਾਰੀਆਂ ਤੋਂ ਆਜ਼ਾਦ ਰਹਿਣ ਦੇ ਪੱਜ ਵਜੋਂ ਵਰਤਿਆ।

ਸੱਤ ਸਾਲ ਉਹ ਮਹੱਲਾਂ ਤੋਂ ਦੂਰ ਰਹੀ। ਪਹਿਲਾਂ ਸਾਲ ਭਰ ਸੂਰਤ ਵਿਚ ਫਸੀ ਰਹੀ, ਪੁਰਤਗੀਜ਼ਾਂ ਦੀ ਬਲੈਕਮੇਲਿੰਗ ਕਾਰਨ (ਪੁਰਤਗੀਜ਼ ਮੁਗ਼ਲ ਹਕੂਮਤ ਤੋਂ ਤਜਾਰਤੀ ਰਿਆਇਤਾਂ ਹਾਸਲ ਕਰਨ ਵਾਸਤੇ ਅਰਬ ਸਾਗਰ ਵਿਚ ਆਪਣੀ ਫ਼ੌਜੀ ਸਰਦਾਰੀ ਨੂੰ ਮੁੱਖ ਮੋਹਰੇ ਵਜੋਂ ਵਰਤਦੇ ਰਹੇ)। ਫਿਰ ਚਾਰ ਵਰ੍ਹੇ ਉਹ ਅਰਬ-ਭੂਮੀ 'ਤੇ ਰਹੀ; ਇਸ ਬਹਾਨੇ ਕਿ ਉਹ ਇੱਕ ਨਹੀਂ, ਤਿੰਨ ਵਾਰ ਹੱਜ ਕਰਨ ਦਾ ਮੁਕੱਦਸ ਕਾਰਜ ਪੂਰਾ ਕਰਨਾ ਚਾਹੁੰਦੀ ਹੈ। ਦੋ ਵਰ੍ਹੇ ਵਾਪਸੀ 'ਚ ਗੁਜ਼ਰ ਗਏ; ਸਮੁੰਦਰੀ ਤੂਫ਼ਾਨ ਕਾਰਨ ਦੋ ਸ਼ਾਹੀ ਜਹਾਜ਼ ਟੁੱਟ ਜਾਣ ਮਗਰੋਂ ਯਮਨੀ ਬੰਦਰਗਾਹ ਅਦਨ ਵਿਚ ਫਸੇ ਰਹਿਣ ਕਰ ਕੇ।

# ਸਰੀਕਾ ਭਾਈਚਾਰਾ



ਚਿੱਤਰਕਾਰ ਬਾਬਾ ਬਿਸ਼ਨ ਸਿੰਘ (1836-1900) ਦਾ ਪੰਜਾਬੀ ਭਾਈਚਾਰੇ ਬਾਰੇ ਬਣਾਇਆ ਚਿੱਤਰ।

## ਕਲਾ ਪਰਿਕਰਮਾ

ਭਾਸ਼ਾ ਦਾ ਹਰ ਸ਼ਬਦ ਵਿਸ਼ੇਸ਼ ਹੁੰਦਾ ਹੈ। ਇਸ ਵਿਚ ਵਰਤੇ ਜਾਂਦੇ ਚਿੰਨ੍ਹ ਵੀ ਅਰਥ ਰੱਖਦੇ ਹਨ। ਮਾਂ ਬੋਲੀ ਦਾ ਹਰ ਸ਼ਬਦ ਅਨੇਕਾਂ ਵਾਰੀ ਲਿਖਿਆ, ਬੋਲਿਆ ਤੇ ਸੁਣਿਆ ਹੋਣ ਕਰ ਕੇ ਖ਼ਾਸ ਜਾਪਦਾ ਹੈ। ਪੰਜਾਬੀ ਸਾਡੀ ਮਾਂ ਬੋਲੀ ਹੋਣ ਕਰ ਕੇ ਇਸ ਦਾ ਹਰ ਸ਼ਬਦ ਧੁਰ ਹਿਰਦੇ ਨੂੰ ਟੁੰਬਦਾ ਹੈ। ਇਸ ਸਬੰਧ ਵਿਚ ਸ਼ਬਦ 'ਸਰੀਕ' ਜਾਂ 'ਸ਼ਰੀਕ' ਸਮਾਜਿਕ ਦ੍ਰਿਸ਼ਟੀ ਤੋਂ ਬੜਾ ਵਿਸ਼ੇਸ਼ ਹੈ। ਇਸ ਦਾ ਅਰਥ ਭਾਈਵਾਲ ਹੈ; ਭਾਵ, ਆਪਣੇ



ਖਾਨਦਾਨ ਜਾਂ ਸਮੂਹ ਦਾ ਅੰਗ ਹੋਣਾ। ਬੀਤੇ ਵਿਚ ਇੱਕੋ ਥਾਂ ਪੀੜ੍ਹੀ-ਦਰ-ਪੀੜ੍ਹੀ ਰਹਿਣ ਕਰ ਕੇ ਜ਼ਮੀਨ ਅਤੇ ਹੋਰ ਬਹੁਤ ਕੁਝ ਸਾਂਝਾ ਹੁੰਦਾ ਸੀ; ਜਿਵੇਂ ਖੂਹ,

**ਕਰਨੈਲ ਸਿੰਘ ਸੋਮਲ**
ਫੋਨ: +91-98141-57137

ਚਰਾਂਦ, ਟੋਭਾ, ਧਰਮਸ਼ਾਲਾ। ਜੱਦੀ-ਪੁਸ਼ਤੀ ਜ਼ਮੀਨ ਦੀ ਮਲਕੀਅਤ ਪਹਿਲਾਂ ਸਾਂਝੀ ਹੁੰਦੀ ਸੀ। ਫਿਰ ਅੱਗੇ ਤੋਂ ਅੱਗੇ ਪਰਿਵਾਰ ਇਸ ਦੇ ਭਾਈਵਾਲ ਹੋਈ ਜਾਂਦੇ ਸਨ। ਵੰਡ-ਵੰਡਾਈ ਹੁੰਦੀ, ਆਪਸੀ ਹਿਤਾਂ ਦੇ ਟਕਰਾਉ ਤੋਂ ਈਰਖਾ ਅਤੇ ਖਹਿਬਾਜ਼ੀ ਪੈਦਾ ਹੁੰਦੀ ਸੀ। ਅਜਿਹੇ ਵਿਰੋਧਾਂ ਦੇ ਬਾਵਜੂਦ ਆਪਣੇ ਸਰੀਕੇ ਵਿਚ ਤਕੜੇ ਹੋ ਕੇ ਵੱਸਣਾ ਮਾਣ ਦੀ ਗੱਲ ਹੁੰਦੀ। ਪਿੰਡ ਛੱਡ ਕੇ ਕਿਤੇ ਦੂਰ ਸ਼ਹਿਰ ਵਿਚ ਵੱਸਦਿਆਂ ਨਾ ਖ਼ੂਨ ਦੀ ਸਾਂਝ, ਨਾ ਪੁਰਾਣੀ ਭਾਈਵਾਲੀ ਦਿਸਦੀ ਤੇ ਨਾ ਇਨ੍ਹਾਂ ਕਾਰਨਾਂ ਕਰਕੇ ਕੋਈ ਵਿਰੋਧ ਹੁੰਦਾ।

ਇਸ ਪ੍ਰਸੰਗ ਵਿਚ ਸਰੀਕ ਜਾਂ ਸ਼ਰੀਕ ਸ਼ਬਦ ਬੜਾ ਦਿਲਚਸਪ ਹੈ। ਅਰਬੀ ਭਾਸ਼ਾ ਵਿਚੋਂ ਪੰਜਾਬੀ ਵਿਚ ਆਇਆ ਇਹ ਸ਼ਬਦ 'ਸਰੀਕ' ਦੇ ਨਾਲ-ਨਾਲ 'ਸ਼ਰੀਕ' ਵੀ ਬੋਲਿਆ ਅਤੇ ਲਿਖਿਆ ਜਾਂਦਾ ਹੈ। ਇਹ ਸਮਾਜਿਕ ਸਬੰਧਾਂ ਦੇ ਪ੍ਰਸੰਗ ਵਿਚ ਵਰਤਿਆ ਜਾਣ ਵਾਲਾ ਵਿਸ਼ੇਸ਼ ਸ਼ਬਦ ਹੈ; ਮਸਲਨ, ਆਖਿਆ ਜਾਂਦਾ ਹੈ ਕਿ ਵਿਆਹ-ਸ਼ਾਦੀ ਵਿਚ ਆਪਣਾ ਸਰੀਕਾ ਤਾਂ ਬੁਲਾਉਣਾ ਹੀ ਪੈਂਦਾ। ਨਾਲੇ ਬੰਦਾ ਆਪਣੇ ਸਰੀਕੇ ਵਿਚ ਹੀ ਵੱਡਾ ਹੁੰਦਾ ਹੈ। ਵਿਆਹ-ਸ਼ਾਦੀ ਦੇ ਮੌਕੇ ਆਪਣੇ ਸਰੀਕੇ ਤੋਂ ਮੂੰਹ ਲੁਕਾਉਣਾ ਠੀਕ ਨਹੀਂ। ਨੱਕ ਵੱਢਿਆ ਜਾਂਦਾ; ਯਾਨੀ, ਹੇਠੀ ਹੁੰਦੀ ਹੈ। ਅਗਲਾ ਥੁਹ-ਥੂਹ ਕਰਦਾ। 'ਨੱਕ ਵੱਢਿਆ ਜਾਣਾ' ਮੁਹਾਵਰਾ ਵੀ ਇਸੇ ਪ੍ਰਸੰਗ ਵਿਚ ਹੈ।

ਅਸਲ ਵਿਚ ਜਿੱਥੇ ਕੋਈ ਸਬੰਧ ਜਾਂ ਰਿਸ਼ਤਾ ਹੁੰਦਾ ਹੈ, ਉਥੇ ਹੀ 'ਇੱਜ਼ਤ' ਅਤੇ 'ਬੇਇੱਜ਼ਤੀ' ਜਿਹੇ ਸ਼ਬਦ ਕੋਈ ਅਰਥ ਰੱਖਦੇ ਹਨ; ਮਸਲਨ, ਕੋਈ ਬੰਦਾ ਆਪਣਾ ਪਿੰਡ ਛੱਡ ਕੇ ਕਿਤੇ ਸ਼ਹਿਰ ਵਿਚ ਜਾ ਵੱਸੇ। ਉਥੇ ਪੁਰਾਣੇ ਸਬੰਧ ਕੋਈ ਨਹੀਂ ਹੁੰਦੇ। ਪਿਤਾ ਪੁਰਖੀ ਨਾਤਿਆਂ ਦਾ ਵੀ ਕੋਈ ਅਰਥ ਨਹੀਂ ਹੁੰਦਾ, ਨਾ ਕੋਈ ਡੂੰਘੀ ਭਾਈਵਾਲੀ ਅਤੇ ਨਾ ਕੋਈ ਸ਼ਰੀਕਾ। ਮਾਣ, ਵਡਿਆਈ, ਵੱਡਾ ਹੋਣਾ ਆਦਿ ਦਾ ਕੋਈ ਮਤਲਬ ਹੀ ਨਹੀਂ ਹੁੰਦਾ। ਸਮਝੋ ਜੜ੍ਹਾਂ ਤੋਂ ਪੁੱਟ ਲਿਆਂਦਾ ਕੋਈ ਬਿਰਖ ਹੋਵੇ ਤੇ ਉਸ ਦੀ ਹਰਿਆਵਲ ਹੌਲੀ-ਹੌਲੀ ਸੁੱਕ ਗਈ ਹੋਵੇ।

ਬਾਪ-ਦਾਦੇ ਤੇ ਹੋਰ ਪਿਛੋਕੇ ਦੀ ਗੱਲ ਸਮਝਣ ਲਈ ਬਿਰਖ ਦਾ ਰੂਪਕ ਬੜਾ ਸਹਾਈ ਹੁੰਦਾ ਹੈ। ਖ਼ੁਸ਼ੀ ਦੇ ਮੌਕਿਆਂ ਉਤੇ 'ਦੁੱਬ' ਦੇਣ ਦਾ ਮਾਇਨਾ ਵੀ ਇਹੋ ਹੁੰਦਾ ਹੈ ਕਿ ਘਾਹ ਵਾਂਗ ਇਸ ਵਿਅਕਤੀ ਜਾਂ ਪਰਿਵਾਰ ਦੀਆਂ ਜੜ੍ਹਾਂ ਹਰੀਆਂ ਰਹਿਣ। ਨਿੱਕੇ ਬੀਜ ਅਤੇ ਫਿਰ ਛੋਟੇ ਬੂਟੇ ਤੋਂ ਹੌਲੀ-ਹੌਲੀ ਵੱਡ ਆਕਾਰੀ ਬਿਰਖ ਬਣਨ ਤੱਕ ਦਾ ਵਿਕਾਸ ਅਤੇ ਫੈਲਾਅ ਅਚੰਭਿਤ ਕਰਨ ਵਾਲਾ ਹੁੰਦਾ ਹੈ। ਟਾਹਣ ਇੱਕ-ਦੂਜੇ ਤੋਂ ਦੂਰ ਹੁੰਦੇ ਜਾਂਦੇ ਹਨ। ਅਜਿਹਾ ਵਧਣ-ਫੁਲਣ ਲਈ ਜ਼ਰੂਰੀ ਹੁੰਦਾ ਹੈ। ਚਾਨਣ ਦੀ ਲੋੜ ਵੀ ਇੱਕ ਕਾਰਨ ਹੁੰਦੀ ਹੈ, ਦੂਜਾ ਫੈਲਾਉ ਲਈ ਵੀ ਜਗ੍ਹਾ ਦੀ ਲੋੜ ਹੁੰਦੀ ਹੈ। ਉਹ ਦੂਰ ਤਾਂ ਜਾਂਦੇ ਹਨ ਪਰ ਆਪਣੇ ਮੂਲ ਤਣੇ ਨਾਲ ਜੁੜੇ ਰਹਿੰਦੇ ਹਨ, ਵੱਖ ਨਹੀਂ ਹੁੰਦੇ। ਆਪਸੀ ਖਿੱਚ ਤੇ ਵਿਰੋਧ, ਵੈਸੇ ਸਮੁੱਚੇ ਜੀਵਨ ਦੀ ਚੂਲ਼ ਹੀ ਹੈ। ਨਾਲੇ ਬਿਰਖ ਨੂੰ ਸੰਭਾਲਦੀਆਂ ਜੜ੍ਹਾਂ ਅਦਿੱਸ ਹੀ ਰਹਿੰਦੀਆਂ ਹਨ। ਜੜ੍ਹਾਂ ਦੀ ਸਾਂਝ ਬੜੇ ਡੂੰਘੇ ਅਰਥ ਰੱਖਦੀ ਹੈ।

ਹੈਰਾਨ ਹੋਈਦਾ ਹੈ ਇੱਕ ਮੁੱਢ ਤੋਂ ਤੁਰੇ ਪਰਿਵਾਰ ਵਧਦੇ-ਫੈਲਦੇ ਰਹਿੰਦੇ ਹਨ। ਉਹ ਆਪਣੀ ਸਾਂਝੀ ਵਿਰਾਸਤ ਉਤੇ ਮਾਣ ਵੀ ਕਰਦੇ ਹਨ। ਨਾਂ ਦੇ ਨਾਲ ਆਪਣਾ ਗੋਤ ਲਿਖਣਾ ਇਹੋ ਕੁਝ ਹੀ ਤਾਂ ਹੈ। ਸਰੀਕ ਸ਼ਬਦ ਪਰਸਪਰ ਸਾਂਝਾਂ ਦਾ ਪ੍ਰਤੀਕ ਹੋਣ ਦੇ ਨਾਲ-ਨਾਲ ਆਪਸੀ ਫ਼ਰਕਾਂ, ਵਿਰੋਧਾਂ ਅਤੇ ਟਕਰਾਵਾਂ ਨੂੰ ਵੀ ਪ੍ਰਗਟਾਉਂਦਾ ਹੈ। ਵੈਸੇ ਦੇਖਿਆ ਜਾਵੇ ਤਾਂ ਮਨੁੱਖ ਦੀ ਇਸ ਜਗਤ ਦੀ ਹਰ ਚੀਜ਼ ਨਾਲ ਸਾਂਝ ਹੈ। ਉਹ ਇਸੇ ਨੂੰ ਭੰਨਦਾ-ਤੋੜਦਾ ਵੀ ਹੈ ਤੇ ਫਿਰ ਉਸ ਦੀ ਸਾਂਭ-ਸੰਭਾਲ ਵੱਲ ਵੀ ਤੁਰਦਾ ਹੈ। ਇੰਝ ਸਾਂਝਾਂ ਅੱਗੇ ਜਾ ਕੇ ਵਿਰੋਧਾਂ ਅਤੇ ਟਕਰਾਵਾਂ ਵਿਚ ਪ੍ਰਗਟ ਹੁੰਦੀਆਂ ਹਨ। 'ਵੱਸਣਾ' ਵਿਚ ਸਰੀਕੇ ਦੇ ਹਰੇਕ ਬੰਦੇ ਦੀ ਲੋਚਾ ਹੈ। 'ਸਰੀਕ ਲਾਵੇ ਲੀਕ' ਅਤੇ 'ਸਰੀਕ ਮਿੱਟੀ ਦਾ ਵੀ ਬੁਰਾ' ਜਿਹੇ ਸ਼ਬਦ ਪ੍ਰਗਟਾਵੇ ਸੁਝਾਉਂਦੇ ਹਨ ਕਿ ਮਿੱਟੀ ਦਾ ਸੱਪ ਬਣਨਾ ਵੀ ਨਹੀਂ ਪੁੱਗਦਾ, ਪਰਸਪਰ ਸਾਂਝਾਂ ਤੋਂ ਮੁਨਕਰ ਹੋਣਾ ਤਾਂ ਬਿਲਕੁਲ ਨਹੀਂ।

ਜੱਗ ਹਸਾਈ ਬੀਤੇ ਦੇ ਪੇਂਡੂ ਜੀਵਨ ਦੀਆਂ ਗੱਲਾਂ ਹਨ। ਉਦੋਂ ਪੀੜ੍ਹੀ-ਦਰ-ਪੀੜ੍ਹੀ ਇਕੱਠੇ ਰਹਿੰਦਿਆਂ ਦੀਆਂ ਸਾਂਝਾਂ ਬਹੁਤੀਆਂ ਤੇ ਮਨ-ਮੁਟਾਵ ਕਦੇ-ਕਦਾਈਂ ਹੁੰਦਾ ਤੇ ਉਹ ਵੀ ਥੋੜ੍ਹ ਚਿਰਾ। ਇੱਕ-ਦੂਜੇ ਤੋਂ ਬਿਨਾ ਸਰਦਾ ਹੀ ਨਾ ਸਗੋਂ ਬਹਾਨਾ ਭਾਲਿਆ ਜਾਂਦਾ ਮੁੜ ਬੋਲ-ਚਾਲ ਦਾ। ਉਦੋਂ ਪਿੰਡ ਆਪਣੇ ਆਪ ਵਿਚ ਪੂਰਾ ਜਹਾਨ ਹੁੰਦਾ। ਦੀਵਾਲੀ ਦੀਆਂ ਛੁਰਲੀਆਂ ਵਾਂਗ 'ਖ਼ਬਰ' ਬਣਦੀ ਇੱਕ ਥਾਂ ਤੋਂ ਤੁਰਦੀ ਤੇ ਛੇਤੀ ਹੀ ਮੁੱਕਣ ਨੂੰ ਹੁੰਦੀ। ਪਿੰਡਾਂ ਵਿਚ ਅਖ਼ਬਾਰ ਤਾਂ ਹੁਣ ਆਉਣ ਲੱਗੇ ਹਨ, ਪਹਿਲਾਂ ਤਾਂ ਖ਼ਬਰਾਂ ਬਣਾਉਣ ਵਾਲੇ ਅਤੇ ਅੱਗੇ ਤੋਰਨ ਵਾਲੇ ਸਥਾਨਕ ਬੰਦੇ ਹੀ ਹੁੰਦੇ। ਜੇ ਬਦਨਾਮੀ ਹੁੰਦੀ ਤਾਂ ਆਪਣਿਆਂ ਦੇ ਦਾਇਰੇ ਵਿਚ ਹੀ। ਆਪਣੇ ਕਿਸੇ ਦੀ ਸ਼ੁਹਰਤ ਦਾ ਮਾਣ ਤੇ ਅੰਦਰ-ਖਾਤੇ ਸਾੜਾ ਵੀ ਹੁੰਦਾ। ਬਿਰਖਾਂ-ਬੂਟਿਆਂ ਵਾਂਗ ਹੀ ਸਮਝੋ, ਕੰਡੇ ਵੀ ਹੁੰਦੇ ਹਨ ਤੇ ਫੁੱਲ-ਫਲ ਵੀ।

ਵੱਡੀ ਗੱਲ ਇਹ ਹੈ ਕਿ ਮਨੁੱਖੀ ਜੀਵਨ ਦੀ ਖੇਡ ਵਿਚ ਇਹ ਸਿਲਸਿਲਾ ਡਾਢਾ ਦਿਲਚਸਪ ਹੈ। ਆਪਣੀਆਂ ਖ਼ੁਸ਼ੀਆਂ ਅਤੇ ਖੇੜੇ ਬੰਦਾ ਕੀਹਦੇ ਨਾਲ ਸਾਂਝਾ ਕਰੇ? ਪਾਣੀ ਖੁਣੋਂ ਖੜ੍ਹੀ ਫ਼ਸਲ ਸੁੱਕ ਗਈ ਜਾਂ ਚੰਗੀ ਭਲੀ ਫ਼ਸਲ ਕਿਸੇ ਬਿਮਾਰੀ ਦੀ ਮਾਰ ਹੇਠ ਆ ਗਈ, ਤਦ ਬੰਦਾ ਆਪਣੇ ਉਦਰੇਵੇਂ ਦੀ ਹਾਲਤ ਵਿਚ ਕੀਹਦੇ ਗ਼ਲ ਲੱਗੇ? ਸ਼ਰੀਕ ਅਤੇ ਸਰੀਕ ਮਾਨਵੀ ਸਬੰਧਾਂ ਦੇ ਦੋ ਪਾਸੇ ਹਨ, ਜਿਵੇਂ ਸਿੱਕੇ ਦੇ ਹੁੰਦੇ ਹਨ। ਇਨ੍ਹਾਂ ਦੀ ਅਹਿਮੀਅਤ ਤੋਂ ਅਣਜਾਣ ਰਹਿ ਕੇ ਜੀਵਨ ਦੇ ਰੰਗ ਕਿਵੇਂ ਸਰਾਹੇ ਜਾ ਸਕਦੇ ਹਨ। ਮਹਾਭਾਰਤ ਜੋ ਹਰ ਥਾਂ ਵਾਪਰਦਾ ਹੈ ਤੇ ਰਿਸ਼ਤਿਆਂ ਦੇ ਰੰਗ ਕਿਵੇਂ ਬਦਲਦੇ ਹਨ, ਕਿਵੇਂ ਸਮਝ ਵਿਚ ਆਉਣ?




ਕੰਮੀਂ-ਕਾਰੀਂ ਜੁਟੇ ਪੰਜਾਬੀ ਭਾਈਚਾਰੇ ਦਾ ਇਕ ਚਿੱਤਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੁਲਾਈ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-648



*ਅੰਬਰ ਧਰਤੀ 'ਕੱਠੇ ਹੋਏ, ਸ਼ੀਸ਼ਾ ਬਣ ਗਈ ਝੀਲ,*
*ਇੱਕ ਘਰ ਵਸਦੇ ਉਪਰ, ਦੂਜੇ ਵਸਦੇ ਵਿਚ ਝੀਲ।*
*ਬਿਲਕੁਲ ਸ਼ਾਂਤ ਖੜ੍ਹਾ ਹੈ, ਪਾਣੀ 'ਚ ਤੱਕੋ ਨਜ਼ਾਰਾ,*
*ਜੀਅ ਨੂੰ ਡਾਢਾ ਭਾਉਂਦੈ, ਬੱਸ ਝੀਲ ਦਾ ਕਿਨਾਰਾ।*

## ਕੈਪਸ਼ਨ ਮੁਕਾਬਲਾ-646



ਬਾਲਣ ਢੋਂਹਦੀ, ਬਾਲਣ ਹੋਈ
ਲਈ ਕਿਸੇ ਨਾ ਸਾਰ ਵੇ ਲੋਕੋ।
ਜੀਵਨ ਸਾਡਾ ਕੁੱਬਾ ਹੋ ਗਿਆ
ਲੱਦਿਆ ਐਨਾ ਭਾਰ ਵੇ ਲੋਕੋ।
ਆਖਣ ਦੇਸ਼ 'ਮਹਾਨ' ਹੋ ਗਿਆ
ਅਸੀਂ ਤਾਂ ਹੋਏ ਖੁਆਰ ਵੇ ਲੋਕੋ।
ਵੋਟਾਂ ਵੇਲ਼ੇ ਬਣ ਬੀਬੇ ਆਏ
ਪਿੱਛੋਂ ਗਏ ਵਿਸਾਰ ਵੇ ਲੋਕੋ।
***-ਜਗਮੀਤ ਸਿੰਘ ਪੰਧੇਰ***

---

ਬਨਵਾਸੀ ਦਾ ਜਿਉਣਾ ਔਖਾ,
ਮੂੰਹੋਂ ਬੋਲੇ ਇਹ ਤਸਵੀਰ,
ਜੀਵਨ ਸਾਥੀ ਤੁਰ ਗਿਆ ਹੈ,
ਫੁੱਟੀ ਬੁੱਢੀ ਦੀ ਤਕਦੀਰ।
ਮਰ'ਗੇ ਨਾ਼ਲ ਮਰ ਨਾ ਹੁੰਦਾ,
'ਕੱਲੇ ਜਿਊਣਾ ਹੈ ਅਖੀਰ,
ਢਿੱਡ ਨੂੰ ਝੁਲਕਾ ਪਾ ਰਹੀ ਹੈ,
ਬਣੀ ਬਾਲਣ ਹੈ ਤਦਬੀਰ।
***-ਸੇਵਾ ਸਿੰਘ 'ਨੂਰਪੁਰੀ'***

---

ਬੱਦਲਾਂ ਨੇ ਦੇ ਦਿੱਤੀ ਦਸਤਕ,
ਮੀਂਹ ਕਣੀ ਦਾ ਡਰ ਸਤਾਵੇ।
ਵਿਚ ਬੁਢਾਪੇ ਜਿੰਦ ਨਿਮਾਣੀ,
ਚੁੱਲੇ ਦਾ ਬਾਲਣ ਚੁੱਕੀ ਜਾਵੇ।
ਢਿੱਡੋਂ ਜੰਮੇ ਸਾਥ ਛੱਡ ਗਏ,
ਸਰਕਾਰਾਂ ਨਾ ਕੋਈ ਲੈਂਦੀਆਂ ਸਾਰ।
'ਦੱਸ ਰੱਬਾ ਕਿਉਂ ਲੈਦੈਂ ਬਦਲੇ?'
ਹੱਡੀਆਂ ਦਾ ਪਿੰਜਰ ਕਰੇ ਪੁਕਾਰ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਬਜ਼ੁਰਗਾਂ ਨੂੰ ਵੀ ਚੈਨ ਨਹੀਂ ਆਉਂਦਾ
ਆਖਰੀ ਸਾਹ ਤਕ
ਕੰਮ ਤੋਂ ਰੋਕਿਆਂ ਵੀ ਨਹੀਂ ਹਟਦੇ
ਜੰਗਲ ਵਿਚੋਂ ਕੱਠੀਆਂ ਕਰ ਲੱਕੜੀਆਂ
ਸਹਾਇਤਾ ਲੈਣ ਲਈ ਰਹਿਣ ਤੱਕਦੇ।
ਮੋਹ ਮਾਇਆ ਦੀ ਗੱਡੀ ਘੜੀਸਦੇ
ਮੰਜ਼ਿਲ 'ਤੇ ਪਹੁੰਚਣ ਲਈ ਬਜ਼ਿੱਦ
ਆਪਣੇ ਪੂਰਨਿਆਂ ਦੀ ਛਾਪ ਛੱਡਣ ਲਈ
ਵਿਸ਼ਵ ਵਿਚ ਨੇ ਪ੍ਰਸਿੱਧ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਇਕ ਗਰੀਬੀ ਦੂਜੀ ਇਕੱਲਤਾ
ਸਰਕਾਰ ਦਾ ਨਹੀਂ ਕੋਈ ਸਹਾਰਾ
ਰੋਟੀ ਪਾਣੀ ਦਾ ਜੁਗਾੜ
ਕੁਝ ਤਾਂ ਕਰਨਾ ਪਊ
'ਡੁੱਬੀ ਤਾਂ ਉਦੋਂ ਜਦੋਂ ਸਾਹ ਨਾ ਆਇਆ।'
ਆਇਆ ਬੁਢਾਪਾ ਛੱਡ ਗਏ ਸਭ ਅੱਧਵਾਟੇ
ਕਰ ਦਿਲ ਤਕੜਾ
ਚੱਲ ਪਈ ਜੰਗਲ ਵੱਲ
ਔਖੇ ਸੌਖੇ ਬਣਾ ਪੰਡ ਛਿਟੀਆਂ ਦੀ
ਲਾ ਮਗਰੀ ਹੱਥ ਫੜ ਸੋਟੀ ਤੁਰੀ ਘਰ ਨੂੰ
ਤਵਾ ਮਘੂ, ਰੋਟੀ ਰੜੂ
ਭੁੱਖ ਤਾਂ ਪੂਰੀ ਹੋਊ।
***-ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਡੇਰਿਆਂ ਦਾ ਜਾਲ ਅਤੇ ਅੱਜ ਦੀ ਸਿਆਸਤ

ਸੁਮੀਤ ਸਿੰਘ
ਫੋਨ: +91-76960-30173

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਹਾਥਰਸ ਦੇ ਪਿੰਡ ਫੁਲਰਾਈ ਵਿਚ ਧਾਰਮਿਕ ਸਤਿਸੰਗ ਵਿਚ ਭਗਦੜ ਮਚਣ ਨਾਲ 122 ਸ਼ਰਧਾਲੂ ਮਾਰੇ ਗਏ ਅਤੇ ਸੈਂਕੜੇ ਜ਼ਖਮੀ ਹੋ ਗਏ। ਇਸ ਸਤਿਸੰਗ ਵਿਚ ਡੇਰਾ ਮੁਖੀ ਸੂਰਜ ਪਾਲ ਸਿੰਘ ਉਰਫ ਨਾਰਾਇਣ ਸਾਕਾਰ ਹਰੀ ਉਰਫ ਭੋਲੇ ਬਾਬਾ ਦੇ ਪ੍ਰਵਚਨ ਸੁਣਨ ਲਈ ਢਾਈ ਲੱਖ ਤੋਂ ਵੱਧ ਲੋਕ ਇਕੱਠੇ ਹੋਏ ਸਨ ਜਦਕਿ ਪ੍ਰਬੰਧਕਾਂ ਨੇ ਜ਼ਿਲਾ ਪ੍ਰਸ਼ਾਸਨ ਤੋਂ ਸਿਰਫ ਅੱਸੀ ਹਜ਼ਾਰ ਦਾ ਇਕੱਠ ਕਰਨ ਦੀ ਪ੍ਰਵਾਨਗੀ ਲਈ ਗਈ ਸੀ। ਬਾਬੇ ਦੇ ਜਾਣ ਤੋਂ ਤੁਰੰਤ ਬਾਅਦ ਸ਼ਰਧਾਲੂ ਬਾਬੇ ਦੇ ਪੈਰਾਂ ਦੀ ਧੂੜ ਲੈਣ ਲਈ ਭੱਜੇ ਪਰ ਬਾਬੇ ਅਤੇ ਸੇਵਾਦਾਰਾਂ ਵੱਲੋਂ ਸੁਰੱਖਿਆ ਦੇ ਸਹੀ ਇੰਤਜ਼ਾਮ ਨਾ ਕਰਨ ਕਰ ਕੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਜਿਸ ਕਰ ਕੇ ਇਹ ਹਾਦਸਾ ਵਾਪਰਿਆ।

ਇਹ ਬਾਬਾ ਵੀ ਹੋਰ ਸਾਧਾਂ ਵਾਂਗ ਆਪਣੇ ਅੰਦਰ ਅਖੌਤੀ ਚਮਤਕਾਰੀ ਸ਼ਕਤੀਆਂ ਹੋਣ ਅਤੇ ਸ਼ਰਧਾਲੂਆਂ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਦਾਅਵਾ ਕਰਦਾ ਸੀ; ਇਹੀ ਨਹੀਂ, ਡੇਰੇ 'ਤੇ ਲੱਗੇ ਹੈਂਡ ਪੰਪਾਂ ਦੇ ਪਾਣੀ ਨਾਲ ਕੈਂਸਰ ਠੀਕ ਕਰਨ ਅਤੇ ਦੈਵੀ ਸ਼ਕਤੀ ਨਾਲ ਮਰਿਆਂ ਨੂੰ ਜਿਊਂਦਾ ਕਰਨ ਦਾ ਦਾਅਵਾ ਵੀ ਕਰਦਾ ਸੀ ਜਦਕਿ ਉਹ ਆਪਣੀ ਮਰੀ ਹੋਈ ਭਤੀਜੀ ਨੂੰ ਕਈ ਦਿਨ ਬਾਅਦ ਵੀ ਜਿਊਂਦਾ ਨਹੀਂ ਸੀ ਕਰ ਸਕਿਆ।

ਕਈ ਸਾਲ ਪਹਿਲਾਂ ਸੂਰਜ ਪਾਲ ਸਿੰਘ ਨੇ ਅਪਰਾਧਿਕ ਕੇਸ ਵਿਚ ਫਸਣ ਉਪਰੰਤ ਪੁਲੀਸ ਦੀ ਨੌਕਰੀ ਛੱਡਣ ਤੋਂ ਬਾਅਦ ਬਾਬਾ ਨਰਾਇਣ ਹਰੀ ਬਣ ਕੇ ਯੂਪੀ ਦੇ ਕਾਸਗੰਜ ਜ਼ਿਲ੍ਹੇ ਦੇ ਬਹਾਦਰ ਨਗਰ ਵਿਖੇ ਪ੍ਰਵਚਨ ਕਰਨਾ ਸ਼ੁਰੂ ਕੀਤਾ। ਖੁਦ ਨੂੰ ਵਿਸ਼ਨੂੰ ਦਾ ਅਵਤਾਰ ਦੱਸਣ ਵਾਲਾ ਇਹ ਬਾਬਾ ਭੋਲੇ ਭਾਲੇ ਲੋਕਾਂ ਨੂੰ ਅੰਧਵਿਸ਼ਵਾਸਾਂ ਅਤੇ ਅਖੌਤੀ ਚਮਤਕਾਰਾਂ ਵਿਚ ਫਸਾ ਕੇ ਲਗਾਤਾਰ ਆਪਣੇ ਝਾਂਸਿਆਂ ਵਿਚ ਫਸਾਉਂਦਾ ਰਿਹਾ ਅਤੇ ਏਜੰਟਾਂ ਤੇ ਮੀਡੀਏ ਦੇ ਝੂਠੇ ਪ੍ਰਚਾਰ ਰਾਹੀਂ ਹੌਲੀ-ਹੌਲੀ ਯੂਪੀ ਤੋਂ ਇਲਾਵਾ ਦਿੱਲੀ, ਹਰਿਆਣਾ, ਰਾਜਸਥਾਨ, ਉਤਰਾਖੰਡ ਅਤੇ ਮੱਧ ਪ੍ਰਦੇਸ਼ ਦੇ ਹਜ਼ਾਰਾਂ ਅਗਿਆਨੀ ਲੋਕ ਉਸ ਦੇ ਪੈਰੋਕਾਰ ਬਣ ਗਏ। ਉਸ ਨੇ ਟਰੱਸਟ ਬਣਾਉਣ ਦੀ ਆੜ ਹੇਠ ਸਰਮਾਏਦਾਰਾਂ ਸਮੇਤ ਹਰ ਵਰਗ ਦੇ ਲੋਕਾਂ ਤੋਂ ਵੱਡੀ ਪੱਧਰ 'ਤੇ ਰੁਪਏ ਇਕੱਠੇ ਕੀਤੇ। ਇਸੇ ਸਰਮਾਏ ਦੀ ਬਦੌਲਤ ਉਸ ਨੇ ਬਹਾਦਰ ਨਗਰ ਵਿਚ 32 ਵਿੱਘੇ ਜ਼ਮੀਨ ਵਿਚ ਆਸ਼ਰਮ ਬਣਾਇਆ। ਕਿਹਾ ਜਾ ਰਿਹਾ ਹੈ ਕਿ ਇਸ ਵਕਤ ਵੱਖ-ਵੱਖ ਸੂਬਿਆਂ ਵਿਚ ਇਸ ਬਾਬੇ ਦੇ ਆਸ਼ਰਮਾਂ ਦੀ ਜਾਇਦਾਦ 100 ਕਰੋੜ ਰੁਪਏ ਤੋਂ ਵੀ ਵੱਧ ਹੈ।

ਇਸ ਦਰਦਨਾਕ ਹਾਦਸੇ ਤੋਂ ਬਾਅਦ ਇਹ ਬਾਬਾ ਆਪਣੇ ਲੱਖਾਂ ਪੈਰੋਕਾਰਾਂ ਨੂੰ ਰੋਂਦਿਆਂ ਛੱਡ ਕੇ ਫ਼ਰਾਰ ਹੋ ਗਿਆ ਅਤੇ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਲਈ ਉੱਚ ਅਦਾਲਤ ਵਿਚ ਅਗਾਊਂ ਜ਼ਮਾਨਤ ਲੈਣ ਲਈ ਪੂਰਾ ਜ਼ੋਰ ਲਗਾ ਰਿਹਾ ਹੈ। ਵੱਡਾ ਸਵਾਲ ਇਹ ਹੈ ਕਿ ਇਹ ਸਾਧ ਕਈ ਸਾਲਾਂ ਤੋਂ ਜਦੋਂ ਆਪਣੇ ਹੀ ਡੇਰੇ ਦੇ ਹੈਂਡ ਪੰਪ ਦੇ ਸਾਧਾਰਨ ਪਾਣੀ ਨਾਲ ਕੈਂਸਰ ਦੇ ਰੋਗੀ ਠੀਕ ਕਰਨ ਅਤੇ ਮਰਿਆਂ ਲੋਕਾਂ ਨੂੰ ਜਿਊਂਦਾ ਕਰਨ ਦੇ ਝੂਠੇ ਦਾਅਵੇ ਕਰ ਕੇ ਲੱਖਾਂ ਸ਼ਰਧਾਲੂਆਂ ਨੂੰ ਅੰਧਵਿਸ਼ਵਾਸਾਂ ਵਿਚ ਫਸਾ ਕੇ ਵੱਡੇ ਪੱਧਰ 'ਤੇ ਲੁੱਟ ਰਿਹਾ ਸੀ, ਉਸ ਵਕਤ ਪੁਲੀਸ ਪ੍ਰਸ਼ਾਸਨ, ਸਿਆਸੀ ਪਾਰਟੀਆਂ ਅਤੇ ਕਾਰਪੋਰੇਟ ਮੀਡੀਏ ਦਾ ਵੱਡਾ ਹਿਸਾ ਆਪਣੇ ਸਵਾਰਥੀ ਹਿਤਾਂ ਲਈ ਸਭ ਕੁਝ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ। ਹੁਣ ਅਚਾਨਕ ਵੱਡੀ ਤਰਾਸਦੀ ਵਾਪਰਨ ਤੋਂ ਬਾਅਦ ਸਾਰਾ ਗੋਦੀ ਮੀਡੀਆ, ਸਿਆਸਤਦਾਨ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਇਸ ਸਾਧ ਦੇ ਅਪਰਾਧਿਕ ਚਰਿੱਤਰ ਅਤੇ ਉਸ ਵਿਰੁੱਧ ਦਰਜ ਪੁਲੀਸ ਕੇਸਾਂ ਦੇ ਕੱਚੇ ਚਿੱਠੇ ਖੋਲ੍ਹ ਕੇ ਆਪੋ-ਆਪਣਾ ਬਚਾਅ ਕਰ ਰਹੇ ਹਨ। ਇਸ ਘਟਨਾ ਤੋਂ ਪਹਿਲਾਂ ਵੀ ਧਾਰਮਿਕ ਸਥਾਨਾਂ ਵਿਚ ਭਗਦੜ ਮਚਣ ਨਾਲ ਮੌਤਾਂ ਹੋਣ ਦੇ ਅਜਿਹੇ ਕਈ ਦਰਦਨਾਕ ਹਾਦਸੇ ਵਾਪਰ ਚੁੱਕੇ ਹਨ ਪਰ ਹਕੂਮਤਾਂ ਵੱਲੋਂ ਜਾਂਚ ਕਮੇਟੀਆਂ ਦੀਆਂ ਰਿਪੋਰਟਾਂ ਦੀਆਂ ਸਿਫਾਰਸ਼ਾਂ ਉਤੇ ਅਗਲਾ ਹਾਦਸਾ ਹੋਣ ਤਕ ਕਦੇ ਅਮਲ ਨਹੀਂ ਕੀਤਾ ਜਾਂਦਾ।

ਪਿਛਲੇ ਕੁਝ ਦਹਾਕਿਆਂ ਤੋ ਸਾਡੇ ਦੇਸ਼ ਵਿਚ ਧਰਮ ਦੀ ਆੜ ਹੇਠ ਬਾਬਾਵਾਦ ਅਤੇ ਡੇਰਾਵਾਦ ਬੜੇ ਵੱਡੇ ਪੱਧਰ 'ਤੇ ਨਾ ਸਿਰਫ ਵਧ-ਫੁੱਲ ਰਿਹਾ ਹੈ ਬਲਕਿ ਸਿਆਸੀ ਤੌਰ 'ਤੇ ਸ਼ਕਤੀਸਾਲੀ ਵੀ ਹੋ ਰਿਹਾ ਹੈ। ਧਰਮ ਦੀ ਆੜ ਹੇਠ ਗੁਮਰਾਹ ਕਰ ਕੇ ਵੱਧ ਤੋਂ ਵੱਧ ਲੋਕਾਂ ਦਾ ਆਰਥਿਕ, ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਨਾ ਅਤੇ ਉਨ੍ਹਾਂ ਦਾ ਆਪਣੇ ਸਿਆਸੀ ਤੇ ਆਰਥਿਕ ਹਿੱਤਾਂ ਲਈ ਇਸਤੇਮਾਲ ਕਰਨਾ ਜ਼ਿਆਦਾਤਰ ਡੇਰਿਆਂ ਦਾ ਮੁੱਖ ਮਕਸਦ ਬਣ ਚੁਕਾ ਹੈ। ਇਸ ਉਦੇਸ਼ ਨੂੰ ਹਾਸਿਲ ਕਰਨ ਲਈ ਡੇਰਿਆਂ ਦੇ ਸੇਵਕ ਨੁਮਾ ਏਜੰਟਾਂ ਵੱਲੋਂ ਬੜੇ ਹੀ ਯੋਜਨਾਬੱਧ ਢੰਗ ਨਾਲ ਡੇਰਾ ਮੁਖੀ ਦੀਆਂ ਕਥਿਤ ਚਮਤਕਾਰੀ ਸ਼ਕਤੀਆਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਸ ਕਾਰਨ ਅੰਧਵਿਸ਼ਵਾਸੀ ਲੋਕਾਂ ਦੀਆਂ ਭੀੜਾਂ ਅਜਿਹੇ ਬਾਬਿਆਂ, ਸੰਤਾਂ ਦਾ ਅਸ਼ੀਰਵਾਦ ਲੈਣ ਲਈ ਡੇਰਿਆਂ ਵੱਲ ਅੰਨ੍ਹੇਵਾਹ ਵਹੀਰਾਂ ਘੱਤਦੀਆਂ ਹਨ। ਅਜਿਹੇ ਪ੍ਰਚਾਰ ਦੇ ਨਾਲ-ਨਾਲ ਡੇਰਿਆਂ ਵੱਲੋਂ ਪਹਿਲਾਂ ਲੋਕ ਕਲਿਆਣ ਅਤੇ ਧਰਮ ਪ੍ਰਚਾਰ ਦੇ ਨਾਂ ਹੇਠ ਵੱਡੇ ਇੱਕਠ/ਭੰਡਾਰੇ ਕੀਤੇ ਜਾਂਦੇ ਹਨ ਅਤੇ ਇਸ ਦੀ ਆੜ ਹੇਠ ਸੱਤਾਧਾਰੀ ਸਿਆਸਤਦਾਨਾਂ, ਉੱਚ ਪੁਲੀਸ ਅਫਸਰਾਂ ਪ੍ਰਭਾਵਸ਼ਾਲੀ ਵਿਅਕਤੀਆਂ, ਸਰਮਾਏਦਾਰ ਦਾਨੀ ਪਰਿਵਾਰਾਂ, ਖਾਸ ਕਰ ਕੇ ਮੀਡੀਆ ਨਾਲ ਲਗਾਤਾਰ ਨੇੜਤਾ ਬਣਾ ਕੇ ਉਨ੍ਹਾਂ ਨੂੰ ਡੇਰੇ ਨਾਲ ਜੋੜਿਆ ਜਾਂਦਾ ਹੈ।

ਦਰਅਸਲ ਅਜਿਹੇ ਅਖੌਤੀ ਸਾਧਾਂ, ਸੰਤਾਂ, ਬਾਬਿਆਂ, ਸਵਾਮੀਆਂ, ਬਾਪੂਆਂ, ਯੋਗੀਆਂ ਅਤੇ ਡੇਰਾਵਾਦੀਆਂ ਦੇ ਝਾਂਸੇ ਵਿਚ ਆਮ ਲੋਕਾਂ ਦੇ ਫਸਣ ਪਿੱਛੇ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ, ਮਾਨਸਿਕ, ਸਰੀਰਕ ਅਤੇ ਸਿਆਸੀ ਕਾਰਨ ਜ਼ਿੰਮੇਵਾਰ ਹਨ। ਪਿਛਲੇ ਦੋ ਦਹਾਕਿਆਂ ਤੋਂ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਸਾਮਰਾਜੀ ਦੇਸ਼ਾਂ ਅਤੇ ਕੌਮਾਂਤਰੀ ਵਿੱਤੀ ਸੰਸਥਾਵਾਂ ਦੇ ਦਬਾਅ ਹੇਠ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਅਜਿਹੀਆਂ ਲੋਕ ਮਾਰੂ ਆਰਥਿਕ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਮਾਰੂ ਸਿੱਟਿਆਂ ਵਜੋਂ ਦੇਸ਼ ਦੀ ਆਬਾਦੀ ਦੇ ਵੱਡੇ ਗਰੀਬ ਤਬਕੇ ਨੂੰ ਗਰੀਬੀ, ਮਹਿੰਗਾਈ, ਭੁੱਖਮਰੀ, ਬੇਰੁਜ਼ਗਾਰੀ, ਬਿਮਾਰੀ, ਅਨਪੜ੍ਹਤਾ, ਨਾ-ਬਰਾਬਰੀ, ਦੁੱਖ-ਕਲੇਸ਼, ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰੀਬ ਅਤੇ ਪਿਛੜੇ ਵਰਗਾਂ ਦੇ ਲੋਕਾਂ ਕੋਲ ਕੋਈ ਸਥਾਈ ਰੁਜ਼ਗਾਰ ਜਾਂ ਨੌਕਰੀ ਦੇ ਸਾਧਨ ਨਹੀਂ ਹਨ। ਉਹ ਨਾ ਤਾਂ ਮਿਆਰੀ ਵਿਦਿਅਕ ਅਦਾਰਿਆਂ ਵਿਚ ਸਿੱਖਿਆ ਹਾਸਲ ਕਰ ਸਕਦੇ ਹਨ ਅਤੇ ਨਾ ਹੀ ਬਿਮਾਰ ਹੋਣ ਦੀ ਹਾਲਤ ਵਿਚ ਮਹਿੰਗੇ ਨਿੱਜੀ ਹਸਪਤਾਲਾਂ ਵਿਚ ਵਧੀਆ ਇਲਾਜ ਕਰਵਾ ਸਕਦੇ ਹਨ। ਆਰਥਿਕ ਤੇ ਮਾਨਸਿਕ ਪਿਛੜੇਪਣ ਕਰ ਕੇ ਹੀ ਉਨ੍ਹਾਂ ਨੂੰ ਸਮਾਜ ਅਤੇ ਧਾਰਮਿਕ ਸਥਾਨਾਂ ਵਿਚ ਬਣਦਾ ਮਾਣ ਸਨਮਾਨ ਵੀ ਨਹੀਂ ਦਿੱਤਾ ਜਾਂਦਾ। ਇਸੇ ਕਰ ਕੇ ਉਹ ਅਜਿਹੇ ਡੇਰਿਆਂ ਦੀ ਸ਼ਰਨ ਵਿਚ ਆਪਣਾ ਸਕੂਨ ਭਾਲਦੇ ਹਨ।

ਹਕੀਕਤ ਇਹ ਹੈ ਕਿ ਸਾਡੇ ਦੇਸ਼ ਦੀ ਆਬਾਦੀ ਦੇ 90 ਫੀਸਦੀ ਲੋਕ ਅਧਿਆਤਮਕਵਾਦੀ ਸੋਚ ਰੱਖਦੇ ਹੋਣ ਕਰ ਕੇ ਉਨ੍ਹਾਂ ਵਿਚ ਵਿਗਿਆਨਕ ਸੋਚ, ਸਵੈ-ਵਿਸ਼ਵਾਸ ਅਤੇ ਆਪਣੀਆਂ ਸਮੱਸਿਆਵਾਂ ਦੇ ਖਾਤਮੇ ਲਈ ਜਥੇਬੰਦਕ ਸੰਘਰਸ਼ ਕਰਨ ਦੀ ਭਾਵਨਾ ਦੀ ਘਾਟ ਹੈ। ਨਤੀਜੇ ਵਜੋਂ ਜ਼ਿਆਦਾਤਰ ਲੋਕ ਆਪਣੀਆਂ ਮੁਸ਼ਕਿਲਾਂ, ਗਰਜਾਂ, ਖਾਹਿਸ਼ਾਂ ਅਤੇ ਬਿਮਾਰੀਆਂ ਦੇ ਹੱਲ ਲਈ ਅਤੇ ਆਪਣੇ ਸੁਨਹਿਰੀ ਭਵਿੱਖ ਤੇ ਕਥਿਤ ਅਗਲੇ ਜਨਮ ਨੂੰ ਸੰਵਾਰਨ ਦੇ ਲਾਲਚ ਵਿਚ ਅਜਿਹੇ ਪਾਖੰਡੀਆਂ ਵਲੋਂ ਦਿਖਾਏ ਜਾਂਦੇ ਕਾਲਪਨਿਕ ਸਬਜ਼ਬਾਗ ਵਿਚ ਫਸ ਜਾਂਦੇ ਹਨ।

ਇਸ ਤੋਂ ਇਲਾਵਾ ਸਾਡੀਆਂ ਸਾਮਰਾਜ ਪੱਖੀ ਹਕੂਮਤਾਂ ਵੱਲੋਂ ਸਾਜ਼ਿਸ਼ ਹੇਠ ਸਿੱਖਿਆ ਪ੍ਰਣਾਲੀ ਵਿਚ ਰੂੜੀਵਾਦੀ, ਅਧਿਆਤਮਕਵਾਦੀ ਅਤੇ ਮਿਥਿਹਾਸਕ ਪਾਠਕ੍ਰਮ ਪੜ੍ਹਾਏ ਜਾ ਰਹੇ ਹਨ ਜਿਹੜੇ ਵਿਦਿਆਰਥੀਆਂ ਤੇ ਆਮ ਲੋਕਾਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ, ਸਵੈ-ਵਿਸ਼ਵਾਸ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਭਾਵਨਾ ਪੈਦਾ ਹੋਣ ਤੋਂ ਰੋਕਦੇ ਹਨ। ਸਵੇਰੇ ਸ਼ਾਮ ਟੀਵੀ ਚੈਨਲਾਂ ਉਤੇ ਅਖੌਤੀ ਸਾਧਾਂ-ਸੰਤਾਂ, ਬਾਬਿਆਂ, ਸਵਾਮੀਆਂ ਅਤੇ ਜੋਤਸ਼ੀਆਂ ਵਲੋਂ ਕੀਤੇ ਜਾਂਦੇ ਅੰਧਵਿਸ਼ਵਾਸੀ ਪ੍ਰਚਾਰ, ਮੰਗਲਵਾਰ, ਵੀਰਵਾਰ ਤੇ ਸ਼ਨਿੱਚਰਵਾਰ ਨੂੰ ਪੀਰਾਂ ਦੀਆਂ ਸਮਾਧਾਂ ਅਤੇ ਧਾਰਮਿਕ ਸਥਾਨਾਂ ਉਤੇ ਮੰਨਤਾਂ ਮੰਗਦੀਆਂ ਭੀੜਾਂ ਤੇ ਕਸਬਿਆਂ, ਸ਼ਹਿਰਾਂ ਵਿਚ ਪਾਖੰਡੀ ਬਾਬਿਆਂ ਤੇ ਜੋਤਸ਼ੀਆਂ ਵਲੋਂ ਖੋਲ੍ਹੀਆਂ ਝੂਠ ਤੇ ਲੁੱਟ ਦੀਆਂ ਦੁਕਾਨਾਂ ਆਦਿ ਸਭ ਕਿਸੇ ਵਿਅਕਤੀ ਦੀ ਮਾਨਸਿਕਤਾ ਨੂੰ ਬਿਮਾਰ ਕਰਨ ਵਿਚ ਨਾਂਹ ਪੱਖੀ ਭੂਮਿਕਾ ਨਿਭਾਉਂਦੇ ਹਨ। ਕੇਂਦਰ ਸਰਕਾਰ ਵਲੋਂ ਬੇਸ਼ਕ ਅਜਿਹੇ ਲੋਕਾਂ ਵਲੋਂ ਫੈਲਾਏ ਜਾਂਦੇ ਅੰਧਵਿਸ਼ਵਾਸਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਉਤੇ ਰੋਕ ਲਾਉਣ ਲਈ ਮੈਡੀਕਲ ਰਜਿਸਟ੍ਰੇਸ਼ਨ ਐਕਟ ਅਤੇ ਡਰਗਜ਼ ਅਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਕਾਨੂੰਨ-1954 ਲਾਗੂ ਕੀਤਾ ਗਿਆ ਸੀ ਪਰ ਹਾਕਮ ਜਮਾਤਾਂ ਵਲੋਂ ਆਪਣੇ ਸਿਆਸੀ ਹਿੱਤਾਂ ਦੇ ਲਾਲਚ ਵਿਚ ਇਸ ਕਾਨੂੰਨ ਨੂੰ ਕਦੇ ਵੀ ਨੇਕ ਨੀਅਤੀ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਕਰ ਕੇ ਇਨ੍ਹਾਂ ਲੋਕਾਂ ਦਾ ਗੈਰ-ਕਾਨੂੰਨੀ ਧੰਦਾ ਬੇਰੋਕ-ਟੋਕ ਚੱਲ ਰਿਹਾ ਹੈ।

ਡੇਰਿਆਂ ਦੇ ਸਾਧਾਂ-ਸੰਤਾਂ, ਬਾਬਿਆਂ ਦੀ ਆਪਣੇ ਸ਼ਰਧਾਲੂਆਂ ਨਾਲ ਸਭ ਤੋਂ ਵੱਡੀ ਦਗਾਬਾਜ਼ੀ ਇਹ ਹੈ ਕਿ ਉਹ ਆਮ ਲੋਕਾਂ ਨੂੰ ਤਾਂ ਮੋਹ ਮਾਇਆ, ਝੂਠ-ਚੋਰੀ, ਬੇਈਮਾਨੀ, ਨਸ਼ਿਆਂ, ਅਹਿੰਸਾ, ਭ੍ਰਿਸ਼ਟਾਚਾਰ, ਪਰਾਈ ਔਰਤ ਅਤੇ ਹੋਰ ਗਲਤ ਕੰਮਾਂ ਤੋਂ ਦੂਰ ਰਹਿਣ ਅਤੇ ਸਾਫ ਸੁਥਰੀ ਤੇ ਡਰ ਰਹਿਤ ਸਾਦੀ ਜ਼ਿੰਦਗੀ ਜਿਊਣ ਦੀ ਨਸੀਹਤ ਕਰਦੇ ਹਨ ਪਰ ਇਨ੍ਹਾਂ ਦੇ ਆਲੀਸ਼ਾਨ ਡੇਰਿਆਂ ਤੇ ਉਚੇ ਮਹਿਲਾਂ ਵਿਚਲੀ ਅਯਾਸ਼ੀ ਤੇ ਐਸ਼ੋ-ਅਰਾਮ ਦੀ ਜ਼ਿੰਦਗੀ ਇਨਾਂ ਦੇ ਧਾਰਮਿਕ ਪ੍ਰਵਚਨਾਂ ਤੋਂ ਬਿਲਕੁਲ ਉਲਟ ਹੁੰਦੀ ਹੈ। ਕਈ-ਕਈ ਗੰਨਮੈਨਾਂ ਨਾਲ ਮਹਿੰਗੀਆਂ ਗੱਡੀਆਂ ਵਿਚ ਸਵਾਰ ਹੋ ਕੇ ਇਹ ਆਪਣੇ ਸ਼ਰਧਾਲੂਆਂ, ਉਚ ਅਧਿਕਾਰੀਆਂ ਅਤੇ ਸਮਾਜ ਵਿਚ ਹਿੰਸਾ ਤੇ ਖੌਫ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਵਾਲ ਹੈ ਕਿ ਜੇ ਇਹ ਬਾਬੇ ਅਖੌਤੀ ਦੈਵੀ ਸ਼ਕਤੀਆਂ ਦੇ ਮਾਲਕ ਹੋਣ, ਪਰਮਾਤਮਾ ਵੱਲੋਂ ਸਵਾਸ ਲਿਖੇ ਹੋਣ ਅਤੇ ਮੌਤ ਦੇ ਡਰ ਤੋਂ ਬਗੈਰ ਸਰਬ ਸ਼ਕਤੀਮਾਨ ਹੋਣ ਦਾ ਦਾਅਵਾ ਕਰਦੇ ਹਨ ਤਾਂ ਫਿਰ ਇਹ ਆਪਣੀ ਸੁਰੱਖਿਆ ਲਈ ਗੰਨਮੈਨ ਕਿਉਂ ਰੱਖਦੇ ਹਨ? ਕੁਝ ਸਾਲਾਂ ਵਿਚ ਡੇਰਿਆਂ, ਮੱਠਾਂ ਤੇ ਧਾਰਮਿਕ ਸਥਾਨਾਂ ਵਿਚ ਬਲਾਤਕਾਰ, ਕਤਲ, ਅਗਵਾ, ਫਿਰੌਤੀ ਅਤੇ ਹੋਰ ਕਈ ਤਰ੍ਹਾਂ ਦੇ ਅਪਰਾਧ ਹੋਣ ਦੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ ਪਰ ਧਾਰਮਿਕ ਆਸਥਾ ਹੇਠ ਸੰਮੋਹਿਤ ਹੋਏ ਸ਼ਰਧਾਲੂ ਇਸ ਨੂੰ ਆਪਣੇ ਸੰਤਾਂ, ਬਾਬਿਆਂ ਖਿਲਾਫ ਸਾਜ਼ਿਸ਼ ਸਮਝ ਕੇ ਅਣਗੌਲਿਆਂ ਕਰ ਛੱਡਦੇ ਹਨ। ਉਨ੍ਹਾਂ ਦੀਆਂ ਅੱਖਾਂ ਉਦੋਂ ਵੀ ਨਹੀਂ ਖੁੱਲ੍ਹਦੀਆਂ ਜਦੋਂ ਉਪਰੋਕਤ ਅਪਰਾਧਾਂ ਦੇ ਦੋਸ਼ ਵਿਚ ਪੁਲੀਸ ਕਿਸੇ ਬਾਬੇ, ਸੰਤ, ਸਵਾਮੀ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟਦੀ ਹੈ ਅਤੇ ਉਸ ਨੂੰ ਸਜ਼ਾ ਵੀ ਹੋ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਪਿਛਲੇ ਸਮੇਂ ਵਿਚ ਡੇਰਿਆਂ ਦੇ ਸੰਸਥਾਪਕ ਗੁਰਮੀਤ ਰਾਮ ਰਹੀਮ, ਬਾਪੂ ਆਸਾ ਰਾਮ, ਬਾਬਾ ਰਾਮ ਪਾਲ, ਸਵਾਮੀ ਨਿਤਿਆਨੰਦ, ਇੱਛਾਧਾਰੀ ਬਾਬਾ ਆਦਿ ਅਤੇ ਕਈ ਹੋਰਨਾਂ ਬਾਬਿਆਂ ਤੇ ਸਵਾਮੀਆਂ ਨੂੰ ਬਲਾਤਕਾਰ ਕਤਲ, ਅਗਵਾ ਅਤੇ ਨਾਜਾਇਜ਼ ਧੰਦਿਆਂ ਸਬੰਧੀ ਸਜ਼ਾ ਹੋਈ ਹੈ ਅਤੇ ਇਸ ਵਕਤ ਜੇਲ੍ਹਾਂ ਵਿਚ ਨਜ਼ਰਬੰਦ ਹਨ। ਜੇ ਉਨ੍ਹਾਂ ਵਿਚ ਕੋਈ ਦੈਵੀ ਸ਼ਕਤੀ ਹੁੰਦੀ ਤਾਂ ਉਹ ਉਨ੍ਹਾਂ ਨੂੰ ਜੇਲ੍ਹ ਜਾਣ ਤੋਂ ਜ਼ਰੂਰ ਬਚਾਉਂਦੀ।

ਦੁਖਾਂਤ ਇਹ ਹੈ ਕਿ ਸਾਡੇ ਸਮਾਜ ਦਾ ਪੜ੍ਹਿਆ ਲਿਖਿਆ ਵਰਗ ਜਿਨ੍ਹਾਂ ਵਿਚ ਡਾਕਟਰ, ਇੰਜਨੀਅਰ, ਅਧਿਆਪਕ, ਪ੍ਰੋਫੈਸਰ, ਵਕੀਲ, ਜੱਜ, ਪੁਲੀਸ ਤੇ ਸਿਵਲ ਅਧਿਕਾਰੀ, ਪੱਤਰਕਾਰ, ਸਿਆਸੀ ਨੇਤਾ ਤੇ ਮੰਤਰੀ, ਮੁੱਖ ਮੰਤਰੀ ਤਕ ਸ਼ਾਮਲ ਹਨ, ਇਨ੍ਹਾਂ ਡੇਰਿਆਂ, ਸੰਤਾਂ, ਬਾਬਿਆਂ ਦੇ ਸ਼ਰਧਾਲੂ ਬਣ ਕੇ ਇਨ੍ਹਾਂ ਦੇ ਹਰ ਨਾਜਾਇਜ਼ ਕੰਮ ਨੂੰ ਮਾਨਤਾ ਦੇਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਦੇਸ਼ ਨੂੰ ਇਕੀਵੀਂ ਸਦੀ ਵਿਚ ਲਿਜਾਣ ਦਾ ਦਾਅਵਾ ਕਰਨ ਵਾਲੇ ਹੁਕਮਰਾਨ ਤੇ ਬੁੱਧੀਜੀਵੀ ਵਰਗ ਹੀ ਜੇ ਅੰਧਵਿਸ਼ਵਾਸ, ਹਿੰਸਾ ਅਤੇ ਅਪਰਾਧ ਫੈਲਾਉਣ ਵਾਲੇ ਪਾਖੰਡੀ ਤੇ ਅਨਪੜ੍ਹ ਬਾਬਿਆਂ ਤੇ ਸੰਤਾਂ ਦੇ ਪਿਛਲਗੂ ਬਣ ਜਾਣਗੇ ਤਾਂ ਫਿਰ ਆਮ ਸੂਝ ਬੂਝ ਰੱਖਣ ਵਾਲੇ ਆਮ ਲੋਕਾਂ ਤੋਂ ਵਿਗਿਆਨਕ ਸੋਚ ਅਪਨਾਉਣ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ?

ਧਰਮ ਤੇ ਜਾਤ ਪਾਤ ਦੇ ਨਾਂ ਹੇਠ ਰਾਜਨੀਤੀ ਕਰਨ ਤੇ ਵੋਟਾਂ ਮੰਗਣ ਉਤੇ ਬੇਸ਼ਕ ਕਾਨੂੰਨੀ ਪਾਬੰਦੀ ਹੈ ਪਰ ਧਰਮ ਦੇ ਨਾਂ ਹੇਠ ਚਲਦੇ ਅਜਿਹੇ ਡੇਰਿਆਂ ਕੋਲ ਸ਼ਰਧਾਲੂਆਂ ਦਾ ਵੱਡਾ ਵੋਟ ਬੈਂਕ ਹੋਣ ਕਰ ਕੇ ਹਾਕਮ ਜਮਾਤਾਂ ਦੇ ਮੰਤਰੀ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾ ਚੋਣਾਂ ਵੇਲੇ ਸਿਆਸੀ ਹਮਾਇਤ ਲੈਣ ਲਈ ਆਪਣੇ ਪੂਰੇ ਲਾਮ ਲਸ਼ਕਰ ਨਾਲ ਡੇਰਾ ਮੁਖੀਆਂ ਅੱਗੇ ਨੱਕ ਮੱਥੇ ਰਗੜਦੇ ਹਨ। ਆਧੁਨਿਕ ਯੁੱਗ ਵਿਗਿਆਨਕ ਚੇਤਨਾ ਦਾ ਯੁੱਗ ਹੈ। ਸੰਸਾਰ ਦੇ ਵਿਕਸਤ ਦੇਸ਼ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਅਹਿਮ ਪ੍ਰਾਪਤੀਆਂ ਕਰਦੇ ਹੋਏ ਲਗਾਤਾਰ ਚੰਗੇਰੇ ਭਵਿੱਖ ਵੱਲ ਵਧ ਰਹੇ ਹਨ ਪਰ ਅਸੀਂ ਕਿਸਮਤਵਾਦੀ, ਅਧਿਆਤਮਵਾਦੀ ਅਤੇ ਅੰਧਵਿਸ਼ਵਾਸੀ ਰਵੱਈਆ ਅਪਣਾ ਕੇ ਪਾਖੰਡੀ ਸਾਧਾਂ ਸੰਤਾਂ, ਸਵਾਮੀਆਂ, ਬਾਬਿਆਂ, ਜੋਤਸ਼ੀਆਂ ਮਗਰ ਲਗ ਕੇ ਆਪਣੀ ਕੀਮਤੀ ਸਮਾਂ ਅਤੇ ਹੱਕ ਹਲਾਲ ਦੀ ਕਮਾਈ ਲੁਟਾ ਰਹੇ ਹਾਂ।

ਕੇਂਦਰ ਅਤੇ ਰਾਜ ਸਰਕਾਰਾਂ ਦਾ ਕਾਨੂੰਨੀ ਫਰਜ਼ ਹੈ ਕਿ ਧਰਮ ਦੀ ਆੜ ਹੇਠ ਸਮਾਜ ਵਿਚ ਅੰਧਵਿਸ਼ਵਾਸ ਫੈਲਾਉਣ, ਆਪਣੀਆਂ ਕਥਿਤ ਦੈਵੀ ਸ਼ਕਤੀਆਂ ਰਾਹੀਂ ਲੋਕਾਂ ਨੂੰ ਗੁਮਰਾਹ ਕਰ ਕੇ ਠੱਗਣ, ਲੁੱਟਣ ਵਾਲਿਆਂ ਖ਼ਿਲਾਫ਼ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਸਮੁੱਚੇ ਦੇਸ਼ ਵਿਚ ਸਖਤੀ ਨਾਲ ਲਾਗੂ ਕੀਤਾ ਜਾਵੇ। ਧਾਰਮਿਕ ਆਸਥਾ ਹੇਠ ਨਾਜਾਇਜ਼ ਵਪਾਰ ਕਰਨ, ਨਾਜਾਇਜ਼ ਜਾਇਦਾਦ ਬਣਾਉਣ, ਕਿਲ੍ਹੇ ਰੂਪੀ ਡੇਰੇ ਉਸਾਰਨ, ਹਿੰਸਾ ਫੈਲਾਉਣ ਅਤੇ ਨਾਜਾਇਜ਼ ਹਥਿਆਰ ਰੱਖਣ ਵਾਲੇ ਡੇਰਿਆਂ ਦੀ ਸਮੁੱਚੇ ਦੇਸ਼ ਵਿਚ ਜਾਂਚ ਪੜਤਾਲ ਕਰਵਾ ਕੇ ਉਨ੍ਹਾਂ ਦੇ ਮੁਖੀਆਂ ਦੀ ਨਾਜਾਇਜ਼ ਜਾਇਦਾਦ ਜ਼ਬਤ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਸਿਆਸੀ ਪਾਰਟੀਆਂ ਵੱਲੋਂ ਡੇਰਿਆਂ ਦੀ ਸਿਆਸੀ ਹਮਾਇਤ ਲੈਣ ਜਾਂ ਡੇਰਿਆਂ ਵੱਲੋਂ ਕਿਸੇ ਨੂੰ ਸਿਆਸੀ ਹਮਾਇਤ ਦੇਣ ਦੇ ਦੋਸ਼ ਤਹਿਤ ਸਬੰਧਿਤ ਸਿਆਸੀ ਪਾਰਟੀ ਤੇ ਡੇਰੇ, ਦੋਵਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ। ਦੇਸ਼ ਦੇ ਸਮੂਹ ਧਾਰਮਿਕ ਸਥਾਨਾਂ, ਡੇਰਿਆਂ, ਮੱਠਾਂ ਅਤੇ ਆਸ਼ਰਮਾਂ ਨੂੰ ਆਮਦਨ ਕਰ ਕਾਨੂੰਨ ਦੇ ਦਾਇਰੇ ਹੇਠ ਲਿਆਂਦਾ ਜਾਵੇ ਅਤੇ ਉਨ੍ਹਾਂ ਦੀ ਨਾਜਾਇਜ਼ ਜਾਇਦਾਦ ਤੇ ਆਮਦਨ ਨੂੰ ਜ਼ਬਤ ਕਰ ਕੇ ਲੋਕ ਪੱਖੀ ਵਿਕਾਸ ਕਾਰਜਾਂ ਉਤੇ ਖਰਚ ਕੀਤਾ ਜਾਵੇ। ਇਸ ਲੋਕ ਵਿਰੋਧੀ ਢਾਂਚੇ ਨੂੰ ਮੁੱਢੋਂ ਬਦਲ ਕੇ ਹੀ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਪਾਖੰਡੀ ਸਾਧਾਂ-ਸੰਤਾਂ, ਬਾਬਿਆਂ, ਡੇਰਿਆਂ ਦੇ ਚੁੰਗਲ ਵਿਚੋਂ ਬਾਹਰ ਕੱਢਿਆ ਜਾ ਸਕਦਾ ਹੈ।

# ਇਓਂ ਵੀ ਹੁੰਦੈ...

ਰਾਵਿੰਦਰ ਫਫੜੇ
ਫੋਨ: +91-98156-80980

ਉਸ ਦਿਨ ਘਰ ਦੀ ਛੱਤ ਪੈਣੀ ਸੀ। ਤਕਰੀਬਨ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਮਿਸਤਰੀ ਕਹਿੰਦਾ, "ਗੁਆਂਢੀ ਨੂੰ ਪੁੱਛ ਲਵੋ, ਇਨ੍ਹਾਂ ਦੇ ਵਿਹੜੇ ਵਿਚ ਮਸਾਲਾ (ਸੀਮਿੰਟ, ਬਜਰੀ, ਬਰੇਤੀ ਦਾ ਮਿਸ਼ਰਨ) ਰਲਾਉਣ ਵਾਲੀ ਮਸ਼ੀਨ ਆਪਣੀ ਛੱਤ ਦੇ ਬਿਲਕੁਲ ਨਾਲ ਲੱਗ ਜਾਵੇਗੀ, ਦੋ ਘੰਟਿਆਂ 'ਚ ਕੰਮ ਨਿਬੜ ਜਾਵੇਗਾ। ਹੱਥੀਂ ਤੰਗ ਹੋਵਾਂਗੇ, ਨਾਲੇ ਸਮਾਂ ਵੱਧ ਲੱਗੂ।" ਮੈਂ ਕਿਹਾ, "ਤੂੰ ਮਸ਼ੀਨ ਮੰਗਵਾ ਲੈ, ਮੈਂ ਇਨ੍ਹਾਂ ਨੂੰ ਕਹਿ ਦਿੰਨਾ।" ਗੁਆਂਢੀ ਹੋਣ ਨਾਤੇ ਅਤੇ ਸਾਡਾ ਆਪਸ ਵਿਚ ਕੋਈ ਗਿਲਾ-ਸ਼ਿਕਵਾ ਵੀ ਨਾ ਹੋਣ ਕਾਰਨ ਮੈਨੂੰ ਭਰੋਸਾ ਸੀ ਕਿ ਉਨ੍ਹਾਂ ਨਾਂਹ ਨਹੀਂ ਕਰਨੀ। ਜਦੋਂ ਮਸ਼ੀਨ ਲਾਉਣ ਬਾਰੇ ਗੁਆਂਢੀ ਨਾਲ ਗੱਲ ਕੀਤੀ ਤਾਂ ਉਸ ਦਾ ਉੱਤਰ ਅਣਕਿਆਸਿਆ ਸੀ, "ਇਸ ਤਰ੍ਹਾਂ ਠੀਕ ਨੀ ਆਉਣਾ, ਵਿਹੜੇ ਵਿਚ ਗੰਦ ਪਵੇਗਾ।" ਮੈਂ ਸਮਝਾਇਆ, "ਦੋ ਘੰਟਿਆਂ ਦੀ ਸਾਰੀ ਗੱਲ ਐ, ਛੱਤ ਪੈਣ ਤੋਂ ਬਾਅਦ ਮੈਂ ਮਜ਼ਦੂਰ ਲਾ ਕੇ ਸਫਾਈ ਕਰਵਾ ਦੇਵਾਂਗਾ" ਪਰ ਉਹ ਸਾਫ ਇਨਕਾਰ ਕਰ ਗਿਆ।

ਨਿੰਮੋਝੂਣਾ ਹੋਇਆ ਵਾਪਸ ਆਇਆ ਤਾਂ ਇਨਕਾਰ ਵਾਲੀ ਗੱਲ ਸੁਣ ਕੇ ਮਿਸਤਰੀ ਬੋਲਿਆ, "ਕਮਾਲ ਦਾ ਬੰਦਾ! ਇਹੋ ਜਿਹੇ ਕੰਮ 'ਚ ਤਾਂ ਬੰਦਾ ਊਈਂ ਨੀ ਜਵਾਬ ਦਿੰਦਾ, ਨਾਲੇ ਆਪਾਂ ਤਾਂ ਸਾਂਝੀ ਕੰਧ ਕੱਢਦਿਆਂ ਵੀ ਜੋ ਨਿੱਕ-ਸੁੱਕ ਉਨ੍ਹਾਂ ਵੱਲ ਡਿੱਗਦਾ ਸੀ, ਨਾਲ ਦੀ ਨਾਲ ਸਫਾਈ ਕਰਵਾ ਦਿੰਦੇ ਸੀ।"... ਚੱਲੋ ਛੱਤ ਤਾਂ ਪਾਉਣੀ ਸੀ, ਹੋਰ ਕਿਤੇ ਮਸ਼ੀਨ ਸਹੀ ਨਹੀਂ ਸੀ ਲੱਗਦੀ, ਇਸ ਲਈ ਮਜ਼ਦੂਰਾਂ ਨੇ ਹੱਥੀਂ ਮਸਾਲਾ ਰਲਾ ਕੇ ਕੰਮ ਚਲਾ ਲਿਆ। ਮਨ ਸਾਰਾ ਦਿਨ ਬੇਚੈਨ ਰਿਹਾ। ਸਾਰੇ ਦਿਨ ਦੀ ਥਕਾਵਟ ਹੋਣ ਦੇ ਬਾਵਜੂਦ ਰਾਤ ਨੂੰ ਵੀ ਨੀਂਦ ਨਹੀਂ ਆ ਰਹੀ ਸੀ। ਗੁਆਂਢੀਆਂ ਨਾਲ ਸਬੰਧਿਤ ਪੁਰਾਣੀ ਗੱਲ ਵਾਰ-ਵਾਰ ਯਾਦ ਆ ਰਹੀ ਸੀ।...

ਮੇਰੇ ਵਿਆਹ ਤੋਂ ਮਹੀਨਾ ਬਾਅਦ ਪਿਤਾ ਜੀ ਦੀ ਮੌਤ ਹੋ ਗਈ, ਕੁਝ ਮਹੀਨਿਆਂ ਬਾਅਦ ਭਰਾ ਅਲੱਗ ਹੋ ਗਿਆ। ਕਬੀਲਦਾਰੀ ਤੋਂ ਅਨਜਾਣ ਇਸ ਦੇ ਦੋਹਰੇ ਜਾਲ 'ਚ ਫਸ ਗਿਆ ਸਾਂ। ਹਰ ਦਿਨ ਕਿਸੇ ਨਾ ਕਿਸੇ ਨਵੀਂ ਪ੍ਰੇਸ਼ਾਨੀ ਦਾ ਸਾਹਮਣਾ ਹੋ ਜਾਂਦਾ।... ਠੰਢ ਦੇ ਦਿਨ ਸਨ। ਦਰਵਾਜ਼ੇ ਮੂਹਰੇ ਖੜ੍ਹੇ ਨੂੰ ਮੁਲਾਜ਼ਮ ਬਿਜਲੀ ਦਾ ਬਿੱਲ ਦੇ ਗਿਆ। ਤਿੰਨ ਸੌ ਰੁਪਏ ਦਾ ਸੀ। ਕਬੀਲਦਾਰ ਜੋ ਬਣ ਗਿਆ ਸਾਂ, ਇਸ ਲਈ ਯੂਨਿਟਾਂ ਦੀ ਖਪਤ ਆਦਿ ਦਾ ਮਿਲਾਨ ਕਰਨ ਲੱਗ ਪਿਆ। ਖਪਤ ਦੀ ਥਾਂ ਔਸਤ ਆਧਾਰ 'ਤੇ ਬਿਲ ਬਣਿਆ ਹੋਇਆ ਸੀ। ਕਾਰਨ ਬਾਰੇ ਸੋਚਦਾ ਮੀਟਰ ਅੱਗੇ ਜਾ ਖੜ੍ਹਾ ਹੋਇਆ... ਮੀਟਰ ਦਾ ਚੱਕਰ ਸਹੀ ਘੁੰਮ ਰਿਹਾ ਸੀ। ਸਵੇਰੇ ਫਿਰ ਦੇਖਦਾਂ, ਮੀਟਰ ਦਾ ਚੱਕਰ ਆਪਣੀ ਯਾਤਰਾ ਉਸੇ ਗਤੀ ਨਾਲ ਕਰ ਰਿਹਾ ਸੀ ਪਰ ਯੂਨਿਟਾਂ ਦੀ ਖਪਤ ਕੱਲ੍ਹ ਵਾਲੀ ਹੀ ਸੀ। ਮੀਟਰ ਖਰਾਬ ਸੀ।

ਸ਼ਹਿਰ ਬਿਜਲੀ ਦਫਤਰ ਬਿੱਲ ਭਰਨ ਗਿਆ ਤਾਂ ਆਪਣੇ ਜਾਣਕਾਰ ਜੇ.ਈ. ਨੂੰ ਪੂਰੀ ਗੱਲ ਦੱਸੀ ਅਤੇ ਇਸ ਦਾ ਹੱਲ ਪੁੱਛਿਆ। ਉਹਨੇ ਕਿਹਾ, "ਜਲਦੀ ਮੀਟਰ ਬਦਲਣ ਦੀ ਅਰਜ਼ੀ ਦੇ ਦਿਓ, ਅਗਰ ਮਹਿਕਮੇ ਦੀ ਚੈਕਿੰਗ ਹੋ ਗਈ ਤਾਂ ਜੁਰਮਾਨਾ ਪੈ ਸਕਦਾ।" ਦੋ ਦਿਨਾਂ ਬਾਅਦ ਬਾਹਰੋਂ ਘਰ ਆਇਆ ਤਾਂ ਮਾਂ ਨੇ ਦੱਸਿਆ, "ਆਪਣਾ ਮੀਟਰ ਨਵਾਂ ਲਾ ਗਏ।" ਹੈਰਾਨੀ ਤੇ ਨਾਲ ਹੀ ਪ੍ਰੇਸ਼ਾਨੀ ਦੀ ਹੱਦ ਨਾ ਰਹੀ। ਸੋਚ ਰਿਹਾ ਸਾਂ, ਮੈਂ ਤਾਂ ਅਜੇ ਅਰਜ਼ੀ ਦਿੱਤੀ ਵੀ ਨਹੀਂ! ਕਿਤੇ ਜੇ.ਈ. ਵਾਲੀ ਗੱਲ ਸੱਚ ਤਾਂ ਨਹੀਂ ਹੋ ਗਈ?

ਅਗਲੇ ਦਿਨ ਫਿਰ ਜੇ.ਈ. ਨੂੰ ਮਿਲਿਆ। ਉਹਨੇ ਆਪਣੇ ਤਜਰਬੇ ਅਤੇ ਮਹਿਕਮੇ ਦੇ ਕੰਮ-ਕਾਰ ਦੇ ਤਰੀਕੇ ਦੇ ਆਧਾਰ 'ਤੇ ਅਨੁਮਾਨ ਲਾਇਆ, "ਤੁਸੀਂ ਪਹਿਲਾਂ ਕੋਈ ਅਰਜ਼ੀ ਦਿੱਤੀ ਹੋਵੇਗੀ?" ਨਵੀਂ ਕਬੀਲਦਾਰੀ ਸਿਰ ਪੈਣ ਦੀ ਗੱਲ ਦੱਸਦਿਆਂ ਮੈਂ ਕਿਹਾ, "ਸਾਲ ਪਹਿਲਾਂ ਤੱਕ ਤਾਂ ਮੈਂ ਕੋਈ ਅਰਜ਼ੀ ਨਹੀਂ ਦਿੱਤੀ, ਉਸ ਤੋਂ ਪਹਿਲਾਂ ਦਾ ਪਤਾ ਨਹੀਂ।" ਉਸ ਕਿਹਾ, "ਪਹਿਲਾਂ ਅਰਜ਼ੀ ਦਿਤੀ ਹੋਵੇਗੀ, ਸਰਕਾਰੀ ਕੰਮਾਂ ਦਾ ਜੇ ਮਗਰਾ ਨਾ ਕਰੀਏ ਤਾਂ ਕਿੰਨਾ ਵੀ ਸਮਾਂ ਲੱਗ ਸਕਦਾ।" ਨਾਲ ਹੀ ਉਸ ਨੇ ਤਾਕੀਦ ਕੀਤੀ ਕਿ ਹੁਣ ਨਵਾਂ ਬਿੱਲ ਆਉਣ ਤੱਕ ਬਿਜਲੀ ਦੀ ਖਪਤ ਘੱਟੋ-ਘੱਟ ਕਰੋ, ਜੇਕਰ ਇਸ ਵਾਰ ਖਪਤ ਪਿਛਲੀ ਔਸਤ ਨਾਲੋਂ ਵੱਧ ਹੋਈ ਤਾਂ ਬਕਾਇਆ ਪੈ ਜਾਵੇਗਾ। ਮੈਂ ਘਰ ਆ ਕੇ ਮਾਂ ਅਤੇ ਪਤਨੀ ਨਾਲ ਗੱਲ ਸਾਂਝੀ ਕੀਤੀ ਤੇ ਅਸੀਂ ਬਿਜਲੀ ਸੰਕੋਚ ਨਾਲ ਵਰਤਣ ਲੱਗੇ। ਅਜੇ ਪੰਦਰਾਂ-ਵੀਹ ਦਿਨ ਗੁਜ਼ਰੇ ਸਨ ਕਿ ਉਸੇ ਗੁਆਂਢੀ ਦਾ ਪਿਤਾ ਘਰ ਆਇਆ ਅਤੇ ਕਹਿਣ ਲੱਗਾ, "ਤੁਹਾਨੂੰ ਪਤਾ ਹੀ ਹੈ ਆਪਣੇ ਵਿਆਹ ਦਾ, ਕੱਲ੍ਹ ਨੂੰ ਕੜਾਹੀ ਚੜ੍ਹਨੀ ਹੈ, ਹਾਜ਼ਰੀ ਲਵਾਇਓ... ਤੇ ਜੇਕਰ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਕੜਾਹੀ ਤੁਹਾਡੇ ਦਰਵਾਜ਼ੇ 'ਚ ਚੜ੍ਹਾ ਲਈਏ?" ਮੈਂ ਇਨਕਾਰ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਜਿੱਥੇ ਕੜਾਹੀ ਚੜ੍ਹਾਉਣ ਨੂੰ ਕਹਿ ਰਿਹਾ ਸੀ, ਉਥੇ ਮੇਰੇ ਸਭ ਤੋਂ ਵੱਡੇ ਭਰਾ ਦੇ ਵਿਆਹ ਸਮੇਂ ਤੋਂ ਪੱਕੀਆਂ ਭੱਠੀਆਂ ਬਣੀਆਂ ਸਨ ਜੋ ਅਸੀਂ ਵਿਆਹ ਤੋਂ ਬਾਅਦ ਮਿੱਟੀ ਪਾ ਕੇ ਬੰਦ ਕਰ ਦਿੰਦੇ ਸਾਂ ਅਤੇ ਲੋੜ ਪੈਣ 'ਤੇ ਦੁਬਾਰਾ ਖੋਲ੍ਹ ਲੈਂਦੇ ਸਾਂ। ਜਿਸ ਥਾਂ ਇਹ ਭੱਠੀਆਂ ਸਨ, ਉਹ ਹਵੇਲੀ ਦੇ ਮੁੱਖ ਦਰਵਾਜ਼ੇ ਦੇ ਖੱਬੇ ਹੱਥ ਸੀ ਅਤੇ ਉਸ ਤੋਂ ਅੱਗੇ ਪਸ਼ੂਆਂ ਤੇ ਤੂੜੀ ਵਾਲੀ ਸਬਾਤ ਸੀ। ਹੋਰ ਕੋਈ ਰੋਸ਼ਨਦਾਨ ਜਾਂ ਬਾਰੀ ਨਾ ਹੋਣ ਕਾਰਨ ਰੋਸ਼ਨੀ ਦੀ ਕਮੀ ਸੀ ਅਤੇ ਦਿਨ ਵੇਲੇ ਵੀ ਬਲਬ ਜਗਾਉਣ ਦੀ ਜ਼ਰੂਰਤ ਪੈਂਦੀ ਸੀ। ਇਉਂ ਦੋ-ਤਿੰਨ ਦਿਨ ਬਿਜਲੀ ਦੀ ਖਪਤ ਵੱਧ ਹੋਣੀ ਸੀ ਪਰ ਮੈਂ ਗੁਆਂਢੀ ਹੋਣ ਦੇ ਨਾਤੇ ਇਨਕਾਰ ਨਾ ਕਰ ਸਕਿਆ। ਉਸੇ ਦਿਨ ਸ਼ਾਮ ਨੂੰ ਭੱਠੀਆਂ ਖੋਲ੍ਹ ਦਿੱਤੀਆਂ ਗਈਆਂ ਅਤੇ ਦੂਜੇ ਦਿਨ ਸਾਝਰੇ ਕੜਾਹੀ ਚੜ੍ਹ ਗਈ।

ਸ਼ਾਮ ਨੂੰ ਮੈਂ ਪਿੰਡ ਵਿਚ ਕਿਸੇ ਕੰਮ ਗਿਆ ਅਤੇ ਵਾਪਸ ਆਉਣ 'ਤੇ ਦਰਵਾਜ਼ੇ ਵਾਲਾ ਮੰਜ਼ਰ ਦੇਖ ਕੇ ਮੇਰਾ ਸਾਹ ਸੂਤਿਆ ਗਿਆ। ਹਲਵਾਈ ਨੇ ਬਿਜਲੀ ਵਾਲੀ ਭੱਠੀ ਚਲਾਈ ਹੋਈ ਸੀ। ਮੈਂ ਖ਼ੁਦ ਨੂੰ ਸੰਭਾਲਦਿਆਂ ਅੰਦਰ ਚਲਾ ਗਿਆ, ਇਹ ਸੋਚ ਕੇ ਚੁੱਪ ਰਿਹਾ ਕਿ ਹੁਣ ਜਦੋਂ ਉੱਖਲੀ 'ਚ ਸਿਰ ਦੇ ਹੀ ਲਿਆ ਹੈ ਤਾਂ ਮੋਹਲਿਆਂ ਤੋਂ ਡਰਨਾ ਨਹੀਂ। ਵਿਆਹ ਤੋਂ ਮਹੀਨਾ ਕੁ ਬਾਅਦ ਬਿੱਲ ਆ ਗਿਆ। ਦੋ ਹਜ਼ਾਰ ਰੁਪਏ ਬਕਾਇਆ ਪੈ ਗਿਆ ਸੀ। ਗ਼ਨੀਮਤ ਇਹ ਕਿ ਸਰਦੀਆਂ ਦਾ ਸਮਾਂ ਹੋਣ ਕਾਰਨ ਪੱਖੇ-ਕੂਲਰ ਬੰਦ ਸਨ। ਨਵੀਂ ਕਬੀਲਦਾਰੀ ਕਾਰਨ ਹੱਥ ਤੰਗ ਹੋਣ ਦੇ ਬਾਵਜੂਦ ਉਸ ਸਮੇਂ ਇੰਨਾ ਦੁੱਖ ਨਹੀਂ ਹੋਇਆ ਜਿੰਨਾ ਗੁਆਂਢੀ ਵੱਲੋਂ ਮਸ਼ੀਨ ਨੂੰ ਜਵਾਬ ਦੇਣ 'ਤੇ ਹੋਇਆ ਸੀ।

# ਕੌਮੀ ਮੁਕਤੀ ਸੰਘਰਸ਼ਾਂ ਦਾ ਰਾਹ ਦਸੇਰਾ ਫ਼ਲਸਤੀਨ



ਇਜ਼ਰਾਇਲੀ ਹਮਲਿਆਂ ਵਿਚ ਹੋਈ ਗਾਜ਼ਾ ਦੀ ਤਬਾਹੀ ਦਾ ਮੰਜ਼ਰ।

**ਸੱਤ ਅਕਤੂਬਰ ਦੇ ਹਮਲੇ ਤੋਂ ਬਾਅਦ ਇਹ ਰੌਲਾ ਪਾਇਆ ਗਿਆ ਕਿ ਹਮਲਾ ਪਹਿਲਾਂ ਹਮਾਸ ਨੇ ਕੀਤਾ; ਇਹ ਸਚਾਈ ਨਹੀਂ। ਇਸ ਯੁੱਧ ਦੀ ਰਸਮੀ ਸ਼ੁਰੂਆਤ ਤਾਂ ਬਲਫ਼ੋਰ ਐਲਾਨਨਾਮੇ ਰਾਹੀਂ ਅੰਗਰੇਜ਼ੀ ਹਕੂਮਤ ਨੇ 1917 ਵਿੱਚ ਫ਼ਲਸਤੀਨ ਦੀ ਧਰਤੀ 'ਤੇ ਯਹੂਦੀਆਂ ਦਾ ਕਬਜ਼ਾ ਕਰਵਾ ਕੇ ਕਰ ਦਿੱਤੀ ਸੀ। ਉਸ ਤੋਂ ਬਾਅਦ ਲਗਾਤਾਰ ਫ਼ਲਸਤੀਨੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਫ਼ਲਸਤੀਨੀਆਂ ਨੂੰ ਆਪਣੀ ਹੀ ਧਰਤੀ 'ਤੇ ਖੁੱਲ੍ਹੀ ਜੇਲ ਵਾਂਗ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ। ਫ਼ਲਸਤੀਨ, ਫ਼ਲਸਤੀਨੀਆਂ ਦੀ ਧਰਤੀ ਹੈ ਜਿਸ 'ਤੇ ਇਜ਼ਰਾਇਲ ਨੇ ਅਮਰੀਕਾ ਤੇ ਇਸ ਦੇ ਭਾਈਵਾਲਾਂ ਦੀ ਸ਼ਹਿ 'ਤੇ ਕਬਜ਼ਾ ਕੀਤਾ ਹੋਇਆ ਹੈ।**

**ਸੰਦੀਪ**
ਫੋਨ: +91-99156-12322

ਸੱਤ ਅਕਤੂਬਰ ਨੂੰ ਹਮਾਸ ਦੀ ਅਗਵਾਈ ਵਾਲੇ ਸੰਯੁਕਤ ਮੋਰਚੇ ਨੇ ਇਜ਼ਰਾਈਲ 'ਤੇ ਹਮਲੇ ਨੇ ਇਜ਼ਰਾਈਲ ਅਤੇ ਇਸ ਦੇ ਸਰਪ੍ਰਸਤ ਅਮਰੀਕਾ ਦੇ ਜੇਤੂ ਹੋਣ ਦੀ ਮਿੱਥ ਤੋੜ ਕੇ ਸਾਬਿਤ ਕਰ ਦਿੱਤਾ ਕਿ ਲੋਕਾਂ ਦੀ ਤਾਕਤ ਅੱਗੇ ਅਤਿ ਆਧੁਨਿਕ ਤਕਨੀਕ, ਹਥਿਆਰ, ਸੂਹੀਆ ਤੰਤਰ ਸਾਰੇ ਨਿਗੂਣੇ ਸਾਬਿਤ ਹੁੰਦੇ ਹਨ। ਇਸ ਹਮਲੇ ਨੇ ਪੀ.ਐੱਲ.ਓ. ਵਰਗੇ ਸੰਗਠਨਾਂ ਨੂੰ ਫ਼ਲਸਤੀਨੀ ਸੰਘਰਸ਼ ਅਤੇ ਫ਼ਲਸਤੀਨੀ ਜਨਤਾ 'ਚੋਂ ਮਨਫ਼ੀ ਕਰ ਕੇ 'ਦੋ ਦੇਸ਼ੀ ਹੱਲ' ਨੂੰ ਮੂਲੋਂ ਰੱਦ ਕਰ ਕੇ ਧਰਮ ਨਿਰਪੱਖ, ਲੋਕਤੰਤਰੀ ਤੇ ਆਜ਼ਾਦ ਫ਼ਲਸਤੀਨ ਦਾ ਝੰਡਾ ਬੁਲੰਦ ਕੀਤਾ ਹੈ। ਇਸ ਹਮਲੇ ਨੇ ਇਜ਼ਰਾਈਲ ਅਤੇ ਅਮਰੀਕਾ ਨੂੰ ਸੰਸਾਰ ਪੱਧਰ 'ਤੇ ਨੰਗਾ ਕਰ ਕੇ ਅਮਰੀਕਾ ਦੀ ਕਥਿਤ ਜਮਹੂਰੀਅਤ ਤੇ ਨੈਤਿਕਤਾ ਦਾ ਪਰਦਾਫਾਸ਼ ਕਰ ਦਿੱਤਾ। ਸੰਸਾਰ ਪੱਧਰੀ ਤਾਜ਼ਾ ਸਮੀਕਰਨਾਂ ਅਨੁਸਾਰ, ਇਜ਼ਰਾਈਲ, ਅਮਰੀਕਾ ਤੇ ਇਸ ਦੀਆਂ ਭਾਈਵਾਲ ਸਾਮਰਾਜੀ ਤਾਕਤਾਂ ਦੀਆਂ ਗਿਣਤੀ-ਮਿਣਤੀਆਂ ਖ਼ਰਾਬ ਹੋਈਆਂ ਹਨ। ਦੂਜੇ ਪਾਸੇ, ਹਮਲੇ ਨੇ ਫ਼ਲਸਤੀਨ ਦੇ ਪੱਖ ਵਿਚ ਧ੍ਰੁਵੀਕਰਨ ਤੇਜ਼ ਕਰ ਕੇ ਫ਼ਲਸਤੀਨ ਮਸਲੇ ਨੂੰ ਕੌਮਾਂਤਰੀ ਖ਼ਾਸ ਕਰ ਕੇ ਪੱਛਮੀ ਏਸ਼ੀਆਂ ਦੀ ਸਿਆਸਤ ਦੇ ਕੇਂਦਰ ਵਿਚ ਲੈ ਆਂਦਾ ਹੈ।

ਸੱਤ ਅਕਤੂਬਰ ਦੇ ਹਮਲੇ ਤੋਂ ਬਾਅਦ ਇਹ ਰੌਲਾ ਪਾਇਆ ਗਿਆ ਕਿ ਹਮਲਾ ਪਹਿਲਾਂ ਹਮਾਸ ਨੇ ਕੀਤਾ; ਇਹ ਸਚਾਈ ਨਹੀਂ। ਇਸ ਯੁੱਧ ਦੀ ਰਸਮੀ ਸ਼ੁਰੂਆਤ ਤਾਂ ਬਲਫ਼ੋਰ ਐਲਾਨਨਾਮੇ ਰਾਹੀਂ ਅੰਗਰੇਜ਼ੀ ਹਕੂਮਤ ਨੇ 1917 ਵਿਚ ਫ਼ਲਸਤੀਨ ਦੀ ਧਰਤੀ 'ਤੇ ਯਹੂਦੀਆਂ ਦਾ ਕਬਜ਼ਾ ਕਰਵਾ ਕੇ ਕਰ ਦਿੱਤੀ ਸੀ। ਉਸ ਤੋਂ ਬਾਅਦ ਲਗਾਤਾਰ ਫ਼ਲਸਤੀਨੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਫ਼ਲਸਤੀਨੀਆਂ ਨੂੰ ਆਪਣੀ ਹੀ ਧਰਤੀ 'ਤੇ ਖੁੱਲ੍ਹੀ ਜੇਲ ਵਾਂਗ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ। ਵੈਸੇ ਵੀ ਹਰ ਕੌਮਪ੍ਰਸਤ ਨੂੰ ਕਬਜ਼ੇ ਖਿਲਾਫ਼ ਲੜਨ ਦਾ ਹੱਕ ਹੈ।

ਫ਼ਲਸਤੀਨ, ਫ਼ਲਸਤੀਨੀਆਂ ਦੀ ਧਰਤੀ ਹੈ ਜਿਸ 'ਤੇ ਇਜ਼ਰਾਇਲ ਨੇ ਅਮਰੀਕਾ ਤੇ ਇਸ ਦੇ ਭਾਈਵਾਲਾਂ ਦੀ ਸ਼ਹਿ 'ਤੇ ਕਬਜ਼ਾ ਕੀਤਾ ਹੋਇਆ ਹੈ। ਇਹ ਕੌਮੀ ਮੁਕਤੀ ਯੁੱਧ ਹੈ ਜੋ ਸਾਮਰਾਜੀ ਕਬਜ਼ੇ ਨਾਲ ਸ਼ੁਰੂ ਹੋਇਆ ਹੈ, ਨਾ ਕਿ ਸੱਤ ਅਕਤੂਬਰ ਦੇ ਜਵਾਬੀ ਹਮਲੇ ਨਾਲ। ਇਸ ਕਬਜ਼ੇ ਖਿਲਾਫ਼ ਫ਼ਲਸਤੀਨੀ ਸ਼ੁਰੂ ਤੋਂ ਹੀ ਅਲੱਗ-ਅਲੱਗ ਰੂਪਾਂ ਵਿਚ ਵਿਰੋਧ ਕਰ ਰਹੇ ਹਨ। 18ਵੀਂ ਸਦੀ ਦੇ ਸ਼ੁਰੂ ਤੋਂ ਹੀ ਫ਼ਲਸਤੀਨ ਦੇ ਇਲਾਕੇ ਦੀ ਭੂਗੋਲਿਕ, ਆਰਥਿਕ ਤੇ ਰਾਜਨੀਤਕ ਕਾਰਨਾਂ ਕਰ ਕੇ ਇਹ ਸਾਮਰਾਜਵਾਦੀਆਂ ਦੀਆਂ ਲਾਲਚੀ ਅੱਖਾਂ ਵਿਚ ਰੜਕਣ ਲੱਗਾ। ਫਰਾਂਸ ਦੀ ਇੱਕ ਕੰਪਨੀ ਦੁਆਰਾ 1869 ਵਿਚ ਸੁਏਜ਼ ਨਹਿਰ ਖੋਲ੍ਹਣ ਨਾਲ ਇਹ ਯੂਰੋਪ ਨੂੰ ਏਸ਼ੀਆ ਜੋੜਦਾ ਸਭ ਤੋਂ ਛੋਟਾ ਸਮੁੰਦਰੀ ਰਸਤਾ ਬਣਨ ਕਰ ਕੇ ਵੱਡਾ ਵਪਾਰ ਰਸਤਾ ਬਣ ਗਿਆ। ਦੂਜੇ ਪਾਸੇ ਯੂਰੋਪੀ ਖ਼ਾਸ ਕਰ ਕੇ ਬਰਤਾਨਵੀ ਸਾਮਰਾਜਵਾਦ ਲਈ ਫ਼ਲਸਤੀਨ, ਯੂਰੋਪ ਤੋਂ ਏਸ਼ੀਆ ਤੇ ਪੂਰਬ ਨਾਲ ਸਭ ਤੋਂ ਛੋਟਾ ਜ਼ਮੀਨੀ ਰਸਤਾ ਸੀ। ਤੀਜਾ, ਵਿਸ਼ਵ ਵਪਾਰ 'ਚ ਇਜਾਰੇਦਾਰੀ ਦੇ ਪੱਖ ਅਤੇ ਤੇਲ, ਪੈਟਰੋਲੀਅਮ ਪਦਾਰਥਾਂ ਸਮੇਤ ਹੋਰ ਕੁਦਰਤੀ ਸਾਧਨਾਂ ਕਰ ਕੇ ਸਾਮਰਾਜੀ ਤਾਕਤਾਂ ਲਈ ਮੱਧ-ਪੂਰਬ ਵਿਚ ਫ਼ਲਸਤੀਨ ਦੀ ਮਹੱਤਤਾ ਹੋਰ ਵਧ ਗਈ। ਬ੍ਰਿਟੇਨ, ਫਰਾਂਸ, ਜਰਮਨੀ ਤੇ ਜ਼ਾਰਸ਼ਾਹੀ (ਰੂਸ) ਵਰਗੀਆਂ ਸਾਮਰਾਜੀ ਤਾਕਤਾਂ ਫ਼ਲਸਤੀਨ 'ਤੇ ਆਪਣਾ ਕਬਜ਼ਾ ਸਥਾਪਤ ਕਰਨ ਲਈ ਖਿੱਚੋਤਾਣ ਵਧਦੀ ਗਈ। ਫ਼ਲਸਤੀਨ ਦੀ ਧਰਤੀ 'ਤੇ ਸਾਮਰਾਜੀ ਕਬਜ਼ਾ 20ਵੀਂ ਸਦੀ ਦੇ ਸ਼ੁਰੂ 'ਚ ਹੋਇਆ। ਇਸ ਸਮੇਂ ਤੱਕ ਪੂੰਜੀਵਾਦ, ਸਾਮਰਾਜ ਵਿਚ ਤਬਦੀਲ ਹੋ ਚੁੱਕਾ ਸੀ ਅਤੇ ਸਾਮਰਾਜੀ ਤਾਕਤਾਂ ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਵਿਚ ਇਜਾਰੇਦਾਰੀ ਲਈ ਆਪਸ ਵਿਚ ਲੜ ਰਹੀਆਂ ਸਨ। ਇਸੇ ਕਰ ਕੇ ਪਹਿਲੇ ਸੰਸਾਰ ਯੁੱਧ ਨੂੰ ਸਾਮਰਾਜੀਆਂ ਦਾ ਬਸਤੀਆਂ ਨੂੰ ਆਪਸ ਵਿਚ ਵੰਡਣ ਦੀ ਲੜਾਈ ਵੀ ਕਿਹਾ ਜਾਂਦਾ ਹੈ।



ਸੰਕਟ ਦੇ ਬਾਵਜੂਦ ਬੁਲੰਦ ਇਰਾਦਿਆਂ ਵਾਲੇ ਫਲਸਤੀਨੀ।

ਫ਼ਲਸਤੀਨ ਉਦੋਂ ਉਟੋਮਾਨ ਸਾਮਰਾਜ ਦਾ ਹਿੱਸਾ ਸੀ। ਪਹਿਲੇ ਸੰਸਾਰ ਯੁੱਧ ਵੇਲੇ ਓਟੋਮਾਨ ਸਾਮਰਾਜ ਜਰਮਨੀ ਵਾਲੇ ਗੱਠਜੋੜ ਦਾ ਹਿੱਸਾ ਸੀ। ਬਰਤਾਨਵੀ ਬਸਤੀਵਾਦੀਆਂ ਨੇ ਬਲਫ਼ੋਰ ਐਲਾਨਨਾਮੇ ਵਿਚ ਯਹੂਦੀਆਂ ਨੂੰ ਭਰਮਾ ਕੇ ਆਪਣੇ ਪਾਸੇ ਵੱਲ ਕਰਨ ਲਈ ਯਹੂਦੀਆਂ ਦਾ 'ਦੇਸ਼' ਫ਼ਲਸਤੀਨ ਦੀ ਧਰਤੀ ਦੇ ਬਣਾਉਣ ਦਾ ਵਾਅਦਾ ਕੀਤਾ। ਇਹੀ ਵਾਅਦਾ ਬ੍ਰਿਟੇਨ ਨੇ ਅਰਬ ਲੋਕਾਂ ਨੂੰ ਕੀਤਾ। ਦੂਜੇ ਪਾਸੇ, ਬ੍ਰਿਟੇਨ ਨੇ ਫਰਾਂਸ ਨਾਲ ਸਕਾਈ-ਪੀਕੋਟ ਸਮਝੌਤਾ ਕੀਤਾ ਜਿਸ ਤਹਿਤ ਫ਼ਲਸਤੀਨ ਫਰਾਂਸ ਦੀ ਬਸਤੀ ਬਣੇਗਾ ਪਰ ਯੁੱਧ ਤੋਂ ਬਾਅਦ ਬ੍ਰਿਟੇਨ ਤੇ ਫਰਾਂਸ ਨੇ ਮੱਧ-ਪੂਰਬ ਆਪਸ ਵਿਚ ਵੰਡ ਲਿਆ ਅਤੇ ਫ਼ਲਸਤੀਨ ਬ੍ਰਿਟੇਨ ਨੇ ਆਪਣੇ ਕਬਜ਼ੇ ਥੱਲੇ ਹੀ ਰੱਖਿਆ। ਇਸ ਦੇ ਨਾਲ ਹੀ ਯਹੂਦੀਆਂ ਦਾ ਪਰਵਾਸ ਜਾਰੀ ਰੱਖਿਆ। ਯਹੂਦੀਆਂ ਨੇ ਆਪਣਾ ਯਹੂਦੀ ਸੰਗਠਨ ਬਣਾਇਆ ਜਿਸ ਨੂੰ ਹੋਰ ਸਾਮਰਾਜੀ ਦੇਸ਼ਾਂ ਤੋਂ ਇਲਾਵਾ ਅਮਰੀਕਾ ਦੀਆਂ ਰੌਕੀਫੇਲਰ, ਲਾਹੇਮਨ, ਗੋਲਡਮੈਨ, ਸੈਚ, ਕੋਹਨ ਤੇ ਮੋਰਗਨ ਵਰਗੀਆਂ ਵੱਡੀਆਂ ਕੰਪਨੀਆਂ ਫੰਡ ਮੁਹੱਈਆਂ ਕਰਵਾਉਂਦੀ ਰਹੀਆਂ। ਯਹੂਦੀ ਫ਼ਲਸਤੀਨ ਦੇ ਪ੍ਰਸ਼ਾਸਨ ਤੇ ਜਨਤਕ ਸੰਸਥਾਵਾਂ 'ਚ ਬਹੁਗਿਣਤੀ ਬਣਨ ਦੇ ਨਾਲ ਨਾਲ ਪੂਰੀ ਅਰਥਵਿਵਸਥਾ 'ਚ ਕਾਬਜ਼ ਹੁੰਦੇ ਗਏ। ਇਸ ਨਾਲ ਹੀ ਇਹ ਯਹੂਦੀ ਏਜੰਸੀ ਦੀ ਅਗਵਾਈ ਵਿਚ ਆਪਣੀ ਫ਼ੌਜ ਵੀ ਵਿਕਸਤ ਕਰਨ ਲੱਗੇ। ਫਿਰ ਫ਼ਲਸਤੀਨੀ ਵੀ ਜਥੇਬੰਦ ਹੋਣ ਲੱਗੇ। 1936-39 ਵੇਲੇ ਅਰਬ ਲੋਕਾਂ ਨੇ ਵੱਡੇ ਵਿਦਰੋਹ ਵੀ ਕੀਤੇ ਪਰ ਬ੍ਰਿਟਿਸ਼ ਦੀ ਮਦਦ ਨਾਲ ਯਹੂਦੀ ਫ਼ਲਸਤੀਨ ਵਿਚ ਵੱਡੀ ਧਿਰ ਬਣਦੇ ਗਏ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਬ੍ਰਿਟਿਸ਼ ਸਾਮਰਾਜਵਾਦ ਦਾ ਸੂਰਜ ਡੁੱਬ ਗਿਆ ਤੇ ਅਮਰੀਕਾ ਨਵੀਂ ਸੰਸਾਰ ਪੱਧਰੀ ਸਾਮਰਾਜੀ ਤਾਕਤ ਬਣ ਕੇ ਉਭਰਿਆ। ਬ੍ਰਿਟਿਸ਼ ਤੇ ਅਮਰੀਕੀ ਸਾਮਰਾਜਵਾਦੀਆਂ ਨੇ ਫਾਸ਼ੀਵਾਦੀ ਹਿਟਲਰ ਵਲੋਂ ਕੀਤੇ ਯਹੂਦੀਆਂ ਦੇ ਕਤਲੇਆਮ ਦਾ ਫਾਇਦਾ ਚੁੱਕ ਕੇ ਯਹੂਦੀਆਂ ਦੀ ਫ਼ਲਸਤੀਨ ਵਿਚ ਵੱਡੇ ਪੱਧਰ 'ਤੇ ਹਿਜਰਤ ਕਾਰਵਾਈ। ਇਸ ਤੋਂ ਬਾਅਦ ਇਸ ਨੇ ਫ਼ਲਸਤੀਨ ਨੂੰ ਯੂ.ਐੱਨ.ਓ. ਦੁਆਰਾ ਦੋ ਹਿਸਿਆਂ ਵਿਚ ਵੰਡ ਕੇ ਇਜ਼ਰਾਈਲ ਦੀ ਰਸਮੀ ਤੌਰ 'ਤੇ ਸਥਾਪਨਾ ਕੀਤੀ। 8 ਲੱਖ ਤੋਂ ਵੱਧ ਫ਼ਲਸਤੀਨੀਆਂ ਨੂੰ ਆਪਣੀ ਧਰਤੀ ਤੋਂ ਜ਼ਬਰਦਸਤੀ ਕੱਢਿਆ ਗਿਆ। 500 ਤੋਂ ਜ਼ਿਆਦਾ ਫ਼ਲਸਤੀਨੀ ਪਿੰਡ ਢਾਹ ਕੇ ਫ਼ਲਸਤੀਨੀ ਆਪਣੀ ਹੀ ਧਰਤੀ ਤੋਂ ਆਸ-ਪਾਸ ਦੇ ਅਰਬ ਦੇਸ਼ਾਂ ਵੱਲ ਭੱਜਣ ਲਈ ਮਜਬੂਰ ਕੀਤੇ ਗਏ। ਇਸ ਤਰ੍ਹਾਂ ਫ਼ਲਸਤੀਨੀਆਂ ਦੀਆਂ ਲਾਸ਼ਾਂ 'ਤੇ ਇਜ਼ਰਾਈਲ ਬਣਿਆ ਹਾਲਾਂਕਿ ਇਜ਼ਰਾਇਲੀ ਕਬਜ਼ੇ ਦੀ ਅਸਲੀ ਜੜ੍ਹ ਬ੍ਰਿਟੇਨ ਨੇ ਬਲਫੋਰ ਸਮਝੌਤੇ ਸਮੇਂ ਹੀ ਰੱਖ ਦਿੱਤੀ ਸੀ। ਇਉਂ ਸਾਮਰਾਜਵਾਦੀਆਂ ਨੇ ਫ਼ਲਸਤੀਨ ਤੋਂ ਉਸ ਦੀ ਅੱਧੀ ਧਰਤੀ ਖੋਹ ਕੇ ਆਪਣੇ ਲਈ ਮੱਧ-ਪੂਰਬ ਵਿਚ ਨਸਲ ਆਧਾਰਿਤ ਸਟੇਟ ਬਣਾ ਦਿੱਤੀ ਜੋ ਅੱਗੇ ਜਾ ਕੇ ਬਾਕੀ ਰਹਿੰਦੀ ਧਰਤੀ ਤੋਂ ਵੀ ਫ਼ਲਸਤੀਨ ਨੂੰ ਕੱਢਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ। ਫ਼ਲਸਤੀਨਆਂ ਅਤੇ ਅਰਬ ਦੇਸ਼ਾਂ ਦੇ ਸਮੂਹ ਨੇ ਦੋ ਦੇਸ਼ਾਂ ਵਾਲੇ ਅਮਰੀਕੀ ਹੱਲ ਨੂੰ ਸ਼ੁਰੂ ਵਿਚ ਹੀ ਰੱਦ ਕਰ ਦਿੱਤਾ ਜਿਸ ਕਰ ਕੇ ਤਿੰਨ ਅਰਬ-ਇਜ਼ਰਾਇਲ ਯੁੱਧ ਹੋਣ ਤੋਂ ਬਾਅਦ ਵੀ ਆਜ਼ਾਦ ਫ਼ਲਸਤੀਨ ਲਈ ਯੁੱਧ ਜਾਰੀ ਹੈ।

ਸਮਰਾਜਵਾਦੀ ਤਾਕਤਾਂ ਖ਼ਾਸ ਕਰ ਕੇ ਅਮਰੀਕਾ ਤੋਂ ਬਿਨਾਂ ਇਜ਼ਰਾਈਲ ਦੀ ਕੋਈ ਹੋਂਦ ਨਹੀਂ। ਇਜ਼ਰਾਈਲ ਦਾ ਨਾ ਤਾਂ ਫ਼ਲਸਤੀਨ ਦੇ ਸਮਾਜ, ਨਾ ਸਭਿਆਚਾਰ ਅਤੇ ਨਾ ਇਸ ਦੇ ਅਰਥਚਾਰੇ ਨਾਲ ਕੋਈ ਸਬੰਧ ਹੈ। ਇਸੇ ਕਰ ਕੇ ਇਜ਼ਰਾਈਲ ਆਪਣੀ ਹੋਂਦ ਫ਼ਲਸਤੀਨ ਦੇ ਖਾਤਮੇ ਨਾਲ ਜੁੜਿਆ ਮੰਨਦੀ ਹੈ ਜਦਕਿ ਹਮਾਸ ਤੇ ਇਸ ਦੇ ਭਾਈਵਾਲ ਜੋ ਅਲੱਗ-ਅਲੱਗ ਵਿਚਾਰਧਾਰਾਵਾਂ ਵਾਲੇ ਸੰਗਠਨ ਹਨ, ਫ਼ਲਸਤੀਨੀ ਸਮਾਜ ਦਾ ਅਨਿਖੜ ਅੰਗ ਹਨ। ਇਹ ਕੌਮਪ੍ਰਸਤ ਆਪਣੇ ਦੇਸ਼ ਨੂੰ ਇਜ਼ਰਾਈਲ ਅਤੇ ਅਮਰੀਕੀ ਕਬਜ਼ੇ ਤੋਂ ਮੁਕਤ ਕਰਵਾਉਣਾ ਚਾਹੁੰਦੇ ਹਨ। ਸੱਤ ਅਕਤੂਬਰ ਨੂੰ ਹਮਾਸ ਭਾਈਵਾਲਾਂ ਦੇ ਹਮਲੇ ਦਾ

**(ਬਾਕੀ ਅਗਲੇ ਸਫੇ 'ਤੇ)**

# ਜੰਮੂ ਕਸ਼ਮੀਰ ਵਿਚ ਹੁਣ ਕੀ ਕਰਨਾ ਲੋੜੀਏ

ਜਯੋਤੀ ਮਲਹੋਤਰਾ

ਸੰਭਾਵਨਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਮਹੀਨੇ ਦੇ ਅਖ਼ੀਰ ਵਿਚ ਜੰਮੂ ਦੇ ਰਿਆਸੀ ਖੇਤਰ ਤੋਂ ਕਸ਼ਮੀਰ ਦੇ ਬਾਰਾਮੁੱਲਾ ਸ਼ਹਿਰ ਤੱਕ ਪਹਿਲੀ ਰੇਲ ਗੱਡੀ ਦਾ ਉਦਘਾਟਨ ਕਰਨ ਜਾਣਗੇ। ਝਨਾ (ਚਨਾਬ) ਉੱਪਰ ਦੁਨੀਆ ਦਾ ਸਭ ਤੋਂ ਉੱਚਾ ਪੁਲ ਉਸਾਰਿਆ ਗਿਆ ਹੈ ਜਿਸ ਉੱਪਰ ਇਹ ਰੇਲ ਲਾਈਨ ਵਿਛਾਈ ਗਈ ਹੈ ਪਰ ਸਵਾਲ ਇਹ ਹੈ: ਕੀ ਪ੍ਰਧਾਨ ਮੰਤਰੀ ਦੀ ਉੱਥੇ ਮੌਜੂਦਗੀ ਪੀਰ ਪੰਜਾਲ ਪਰਬਤਮਾਲਾ ਦੇ ਦੱਖਣ ਵਿਚ ਹੋਏ ਹਾਲੀਆ ਦਹਿਸ਼ਤਗਰਦ ਹਮਲਿਆਂ ਨਾਲ ਉੱਠ ਰਹੀ ਬੇਚੈਨੀ ਨੂੰ ਸ਼ਾਂਤ ਕਰ ਸਕੇਗੀ?

ਪਿਛਲੇ ਕੁਝ ਹਫ਼ਤੇ ਖ਼ੂਨ ਨਾਲ ਲਥਪਥ ਰਹੇ ਹਨ; 8 ਜੁਲਾਈ ਨੂੰ ਕਠੂਆ ਜ਼ਿਲ੍ਹੇ ਵਿਚ ਪੰਜ ਫ਼ੌਜੀ ਮਾਰੇ ਗਏ। 7 ਜੁਲਾਈ ਨੂੰ ਕੁਲਗਾਮ ਵਿਚ ਛੇ ਦਹਿਸ਼ਤਗਰਦਾਂ ਸਮੇਤ ਅੱਠ ਵਿਅਕਤੀ ਮਾਰੇ ਗਏ। 26 ਜੂਨ ਨੂੰ ਡੋਡਾ ਜ਼ਿਲ੍ਹੇ ਵਿਚ ਤਿੰਨ ਦਹਿਸ਼ਤਗਰਦ ਮਾਰੇ ਗਏ। 9 ਜੂਨ ਨੂੰ ਜਦੋਂ ਨਰਿੰਦਰ ਮੋਦੀ ਦਿੱਲੀ ਵਿਚ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਰਹੇ ਸਨ ਤਾਂ ਰਿਆਸੀ ਜ਼ਿਲ੍ਹੇ ਵਿਚ ਨੌਂ ਯਾਤਰੀ ਮਾਰੇ ਗਏ।

'ਸਭ ਚੰਗਾ ਸੀ/ਹੈ' ਦੇ ਜੁਮਲੇ ਦਾ ਭਾਵੇਂ ਜੋ ਵੀ ਕੁਝ ਬਣਿਆ? ਪਰ ਹੁਣ ਜਦੋਂ ਕਰੀਬ ਮਹੀਨੇ ਕੁ ਵਿਚ ਭਾਜਪਾ ਦੇ ਸ਼ਾਸਨ ਵਾਲੀ ਕੇਂਦਰ ਸਰਕਾਰ ਜੰਮੂ ਕਸ਼ਮੀਰ ਲਈ ਸੰਵਿਧਾਨ ਦੀ ਧਾਰਾ 370 ਖਤਮ ਕਰਨ ਦੀ ਪੰਜਵੀਂ ਵਰ੍ਹੇਗੰਢ ਮਨਾਉਣ ਵਾਲੀ ਹੈ ਤਾਂ ਸਿਉਂਤੇ ਲਬਾਂ ਅਤੇ ਮਾਂਦ ਪਈਆਂ ਜ਼ਬਾਨਾਂ 'ਤੇ ਇਹ ਸਵਾਲ ਹੈ ਕਿ ਕਿਉਂ ਦਹਿਸ਼ਤਗਰਦ ਹਮਲੇ ਮੁਸਲਿਮ ਬਹੁਗਿਣਤੀ ਵਾਲੀ ਕਸ਼ਮੀਰ ਵਾਦੀ ਤੋਂ ਹਿੰਦੂ ਬਹੁਗਿਣਤੀ ਵਾਲੇ ਜੰਮੂ ਵਿਚ ਤਬਦੀਲ ਹੋ ਗਏ ਹਨ?

ਪਹਿਲਾਂ ਤੱਥਾਂ ਬਾਰੇ ਵਿਚਾਰ ਕਰਦੇ ਹਾਂ। ਹਮਲੇ ਕਰ ਰਹੇ ਦਹਿਸ਼ਤਗਰਦ ਵਿਦੇਸ਼ੀ ਹਨ; ਭਾਵ, ਉਹ ਪਾਕਿਸਤਾਨ ਤੋਂ ਹਨ; ਅਫ਼ਗਾਨ ਹੋਣ ਜਾਂ ਚੇਚਨ, ਕੋਈ ਹੋਰ ਵਿਦੇਸ਼ੀ ਦਹਿਸ਼ਤਗਰਦ ਉੱਥੇ ਨਹੀਂ ਮਿਲਿਆ। ਦੂਜਾ, ਉਨ੍ਹਾਂ ਕੋਲ ਅਤਿ ਆਧੁਨਿਕ ਹਥਿਆਰ ਹਨ ਜਿਵੇਂ ਅਮਰੀਕਾ ਦੀਆਂ ਬਣੀਆਂ ਐੱਮ4 ਕਾਰਬਾਈਨ ਅਸਾਲਟ ਰਾਈਫ਼ਲਾਂ ਜੋ ਕਸ਼ਮੀਰ ਦੀ ਬਜਾਇ ਅਮੂਮਨ ਅਫ਼ਗਾਨ ਰਣ ਵਿਚ ਮਿਲਦੀਆਂ ਸਨ। ਤੀਜਾ, ਉਨ੍ਹਾਂ ਨੂੰ ਹਮਲੇ ਕਰਨ ਦੀ ਬਹੁਤ ਉਚ ਦਰਜਾ ਸਿਖਲਾਈ ਮਿਲੀ ਹੋਈ ਹੈ। ਚੌਥਾ, ਇਹ ਦਹਿਸ਼ਤਗਰਦ ਅਸਲ ਕੰਟਰੋਲ ਰੇਖਾ ਰਾਹੀਂ ਨਹੀਂ, ਨਦੀਆਂ ਨਾਲੇ ਤੈਰ ਕੇ ਕੌਮਾਂਤਰੀ ਸਰਹੱਦ ਰਾਹੀਂ ਜੰਮੂ ਖੇਤਰ ਵਿਚ ਦਾਖ਼ਲ ਹੁੰਦੇ ਹਨ।



ਹੈਰਾਨ ਹੋਣ ਦੀ ਲੋੜ ਨਹੀਂ ਹੈ ਕਿ ਕੌਮਾਂਤਰੀ ਸਰਹੱਦ ਰਾਹੀਂ ਵੀ ਘੁਸਪੈਠ ਹੋ ਸਕਦੀ ਹੈ। ਰਿਆਸੀ, ਡੋਡਾ, ਕਠੂਆ ਤੇ ਸਾਂਬਾ ਵਿਚ ਜ਼ਮੀਨ ਨਰਮ ਹੈ ਅਤੇ ਅਤੀਤ ਵਿਚ ਦਹਿਸ਼ਤਗਰਦ ਸੁਰੰਗਾਂ ਬਣਾ ਕੇ ਘੁਸਪੈਠ ਕਰਦੇ ਰਹੇ ਸਨ। ਹੁਣ ਵਧੇਰੇ ਆਧੁਨਿਕ ਸਮਿਆਂ ਵਿਚ ਪਾਕਿਸਤਾਨੀ ਡਰੋਨਾਂ ਨੇ ਇਹ ਕੰਮ ਸਰ ਅੰਜ਼ਾਮ ਦਿੱਤਾ ਹੈ ਜਿਸ ਵਿਚ 2021 ਵਿਚ ਜੰਮੂ ਦੇ ਏਅਰਬੇਸ 'ਤੇ ਹੋਇਆ ਡਰੋਨ ਹਮਲਾ ਵੀ ਸ਼ਾਮਿਲ ਹੈ।

ਸਭ ਤੋਂ ਅਹਿਮ ਗੱਲ ਹੈ ਪਾਕਿਸਤਾਨੀ ਰਣਨੀਤੀ 'ਚ ਤਬਦੀਲੀ ਜਿਸ ਤਹਿਤ ਕਸ਼ਮੀਰ ਦੀ ਬਜਾਇ ਜੰਮੂ ਇਸ ਮਨੋਰਥ ਤਹਿਤ ਟਾਰਗੈੱਟ ਏਰੀਆ ਬਣ ਗਿਆ ਹੈ ਤਾਂ ਕਿ ਕਸ਼ਮੀਰੀ ਲੋਕਾਂ ਨੂੰ ਕੁਝ 'ਰਾਹਤ' ਮਿਲ ਸਕੇ। ਵਾਦੀ 'ਚ ਇੰਨੀ ਨੇੜਿਓਂ ਨਿਗਰਾਨੀ ਰੱਖੀ ਜਾ ਰਹੀ ਹੈ ਕਿ ਸੁਰੱਖਿਆ ਨਿਜ਼ਾਮ ਦੀ ਜਾਣਕਾਰੀ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ। ਇਸ ਵਿਚ ਰੱਤੀ ਭਰ ਵੀ ਸ਼ੱਕ ਸ਼ੁਬਹਾ ਨਹੀਂ ਹੈ ਕਿ ਕਸ਼ਮੀਰ ਦੇ ਜ਼ਿਆਦਾਤਰ ਇਲਾਕੇ ਦੁਨੀਆ ਦੇ ਸਭ ਤੋਂ ਵੱਧ ਫ਼ੌਜੀ ਨਫ਼ਰੀ ਵਾਲੇ ਖੇਤਰਾਂ ਵਿਚ ਸ਼ੁਮਾਰ ਹਨ। ਨਿਜ਼ਾਮ ਦੇ ਸਾਹਮਣੇ ਜਾਂ ਬਰਖਿਲਾਫ਼ ਬੋਲਣ ਦੀ ਕੀਮਤ ਇੰਨੀ ਜ਼ਿਆਦਾ ਹੈ ਕਿ ਲੋਕ ਆਪਣੇ ਕੰਮ ਨਾਲ ਕੰਮ ਰੱਖਣ ਨੂੰ ਹੀ ਬਿਹਤਰ ਸਮਝਦੇ ਹਨ।

ਜੰਮੂ ਦੇ ਹਾਲਾਤ ਇੱਦਾਂ ਨਹੀਂ ਹਨ। ਪੁਣਛ ਰਾਜੌਰੀ ਖੇਤਰ ਵਿਚ ਲਗਾਤਾਰ ਹਮਲੇ ਹੁੰਦੇ ਰਹਿਣ ਦੇ ਬਾਵਜੂਦ ਇਸ ਖਿੱਤੇ ਵਿਚ ਸੁਰੱਖਿਆ ਪੱਖੋਂ ਹਾਲਾਤ ਕਾਫ਼ੀ ਪੁਰਅਮਨ ਬਣੇ ਰਹੇ ਹਨ- ਹਿੰਦੂ ਬਹੁਗਿਣਤੀ ਵਾਲੇ ਜੰਮੂ ਖੇਤਰ ਨੂੰ ਵਧੇਰੇ ਰਾਸ਼ਟਰਵਾਦੀ ਅਤੇ ਘੱਟ ਸਮੱਸਿਆ ਵਾਲਾ ਗਿਣਿਆ ਜਾਂਦਾ ਰਿਹਾ ਹੈ। ਦਰਅਸਲ, 2020 ਦੀਆਂ ਗਰਮੀਆਂ ਤੱਕ ਇਸ ਹੱਦ ਤੱਕ ਢਿੱਲ-ਮੱਠ ਵਰਤੀ ਜਾ ਰਹੀ ਸੀ ਕਿ ਚੀਨੀ ਜਗ੍ਹਾ-ਜਗ੍ਹਾ ਅਸਲ ਕੰਟਰੋਲ ਰੇਖਾ ਤੋਂ ਅੰਦਰ ਆ ਗਏ ਜਿਸ ਤੋਂ ਬਾਅਦ ਰਾਸ਼ਟਰੀ ਰਾਈਫਲਜ਼ ਦੀ ਇੱਕ ਬ੍ਰਿਗੇਡ ਨੂੰ ਪੂਰਬੀ ਲੱਦਾਖ ਭੇਜਣਾ ਪਿਆ ਸੀ। ਇਸ ਢਿੱਲ-ਮੱਠ ਦੀ ਜੰਮੂ ਨੂੰ ਕਾਫ਼ੀ ਕੀਮਤ ਅਦਾ ਕਰਨੀ ਪਈ ਹੈ। ਹੁਣ ਕਿਤੇ ਜਾ ਕੇ ਬ੍ਰਿਗੇਡ ਦੀ ਥਾਂ ਕੁਝ ਰਾਖਵੀਂ ਨਫ਼ਰੀ ਤਾਇਨਾਤ ਕੀਤੀ ਗਈ ਹੈ।

ਇੱਥੇ ਕੁਝ ਵੱਖਰਾ ਵਾਪਰ ਰਿਹਾ ਹੈ ਜਿਸ ਦਾ ਸਿੱਧਾ ਤਾਅਲੁਕ ਸੁਰੱਖਿਆ ਸਥਿਤੀ ਨਾਲ ਨਹੀਂ ਹੈ ਪਰ ਇਸ ਤੋਂ ਤੁਹਾਨੂੰ ਬਦਲ ਰਹੀ ਹਵਾ ਦੀ ਕਨਸੋਅ ਮਿਲ ਜਾਂਦੀ ਹੈ- ਭਾਵ, ਧਾਰਾ 370 ਖਤਮ ਕੀਤੇ ਜਾਣ ਦੇ ਬਾਅਦ ਵੀ ਭਾਜਪਾ ਕਮਜ਼ੋਰ ਪੈ ਰਹੀ ਹੈ। ਕਿਸੇ ਨੇ ਵੀ ਇਹ ਤਵੱਕੋ ਨਹੀਂ ਕੀਤੀ ਸੀ। ਇਹ ਉਮੀਦ ਵੀ ਸੀ ਕਿ ਧਾਰਾ 370 ਖਤਮ ਕਰਨ ਨਾਲ ਜੰਮੂ ਦਾ ਬਾਕੀ ਭਾਰਤ ਨਾਲ ਹੋਰ ਜ਼ਿਆਦਾ ਏਕੀਕਰਨ ਹੋਵੇਗਾ। ਇਸ ਦੀ ਬਜਾਇ ਮੁਕਾਮੀ ਲੋਕ ਹੁਣ ਬੇਰੁਜ਼ਗਾਰੀ ਵਿਚ ਵਾਧੇ, ਮਹਿੰਗਾਈ, ਬਾਹਰਲੇ ਲੋਕਾਂ ਨੂੰ ਜ਼ਮੀਨਾਂ ਵੇਚੇ ਜਾਣ, ਸ਼ਰਾਬ ਦੇ ਕਾਰੋਬਾਰ ਵਿਚ ਪਸਾਰ ਅਤੇ ਸ੍ਰੀਨਗਰ ਤੋਂ ਜੰਮੂ ਵਿਚ ਦਰਬਾਰ ਤਬਾਦਲਾ ਬੰਦ ਹੋਣ ਮੁਤੱਲਕ ਸ਼ਿਕਾਇਤ ਕਰ ਰਹੇ ਹਨ ਜਿਸ ਤਹਿਤ ਪੰਜ ਲੱਖ ਲੋਕਾਂ ਦੀ ਆਮਦ ਨਾਲ ਮੁਕਾਮੀ ਕਾਰੋਬਾਰਾਂ ਨੂੰ ਹੁਲਾਰਾ ਮਿਲਦਾ ਸੀ। ਹਾਲੀਆ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਉਨ੍ਹਾਂ ਅੰਦਰ ਕੁਝ ਹੱਦ ਤੱਕ ਨਾਖੁਸ਼ੀ ਝਲਕਦੀ ਹੈ ਹਾਲਾਂਕਿ ਭਾਜਪਾ ਨੇ ਊਧਮਪੁਰ (ਜਿਤੇਂਦਰ ਸਿੰਘ ਨੇ ਚੌਧਰੀ ਲਾਲ ਸਿੰਘ ਨੂੰ 40.11 ਫ਼ੀਸਦ ਵੋਟਾਂ ਦੇ ਮੁਕਾਬਲੇ 51.28 ਫ਼ੀਸਦ ਵੋਟਾਂ ਨਾਲ ਹਰਾਇਆ) ਅਤੇ ਜੰਮੂ (ਜੁਗਲ ਕਿਸ਼ੋਰ ਸ਼ਰਮਾ ਨੇ ਰਮਨ ਭੱਲਾ ਨੂੰ 42.4 ਫ਼ੀਸਦ ਵੋਟਾਂ ਦੇ ਮੁਕਾਬਲੇ 52.8 ਫ਼ੀਸਦ ਵੋਟਾਂ ਨਾਲ ਹਰਾਇਆ) ਸੀਟਾਂ ਜਿੱਤੀਆਂ ਹਨ ਪਰ ਉਸ ਦੀ ਜਿੱਤ ਦਾ ਅੰਤਰ 1.5 ਲੱਖ ਤੋਂ ਘੱਟ ਹੀ ਰਿਹਾ। ਇੱਥੋਂ ਤੱਕ ਕਿ ਸੱਤਾਧਾਰੀ ਪਾਰਟੀ ਨੂੰ ਇਸ ਵਰਤਾਰੇ ਤੋਂ ਹੈਰਾਨੀ ਹੋਈ ਹੈ।

ਸ਼ਾਇਦ ਇਹੀ ਕੁਝ ਪਾਕਿਸਤਾਨੀ ਦਹਿਸ਼ਤਗਰਦ ਕਰਨਾ ਚਾਹੁੰਦੇ ਸਨ ਕਿ ਧਾਰਾ 370 ਦੀ ਮਨਸੂਖੀ ਦੀ ਪੰਜਵੀਂ ਵਰ੍ਹੇਗੰਢ ਤੋਂ ਪਹਿਲਾਂ ਇੱਥੋਂ ਤਕ ਕਿ ਜੰਮੂ ਵਿਚ ਵੀ ਸਭ ਅਮਨ ਅਮਾਨ ਹੋਣ ਦੇ ਸਰਕਾਰੀ ਦਾਅਵਿਆਂ ਦੀ ਫੂਕ ਕੱਢੀ ਜਾ ਸਕੇ। ਕੁਝ ਸਮੀਖਿਅਕਾਂ ਦਾ ਖਿਆਲ ਹੈ ਕਿ ਦਹਿਸ਼ਤਗਰਦ ਹਮਲਿਆਂ ਦਾ ਪੱਧਰ ਅਜੇ ਤੱਕ ਕਾਫ਼ੀ ਹੱਦ ਤੱਕ ਕਾਬੂ ਹੇਠ ਹੀ ਹੈ ਹਾਲਾਂਕਿ ਪੈਂਤੜੇ ਬਦਲ ਗਏ ਹਨ (ਕਸ਼ਮੀਰ ਵਿਚ ਵੱਧ ਤੋਂ ਵੱਧ ਤਬਾਹੀ ਕਰਨ ਲਈ ਫਿਦਾਈਨ ਹਮਲੇ ਕੀਤੇ ਗਏ; ਜੰਮੂ ਵਿਚ ਸੁਰੱਖਿਆ ਦਸਤਿਆਂ ਦੀ ਗਸ਼ਤ ਤੇ ਸਿਵਲੀਅਨ ਵਾਹਨਾਂ 'ਤੇ ਘਾਤ ਲਾ ਕੇ ਹਮਲੇ ਕੀਤੇ ਜਾ ਰਹੇ ਹਨ) ਮਤੇ ਜ਼ਿਆਦਾ ਤਿੱਖੀ ਜਵਾਬੀ ਕਾਰਵਾਈ ਨੂੰ ਸੱਦਾ ਨਾ ਦਿੱਤਾ ਜਾਵੇ।

ਸ਼ਾਇਦ ਕੋਈ ਹੋਰ ਕਾਰਨ ਵੀ ਹੋਵੇ। ਪਾਕਿਸਤਾਨ ਦੇ ਸਰਬ-ਸ਼ਕਤੀਸ਼ਾਲੀ ਫ਼ੌਜੀ ਨਿਜ਼ਾਮ ਨੂੰ ਪਤਾ ਹੋਵੇਗਾ ਕਿ ਭਾਵੇਂ ਪਾਰਲੀਮੈਂਟ 'ਚ ਪ੍ਰਧਾਨ ਮੰਤਰੀ ਮੋਦੀ ਦੀ ਹਮਾਇਤ ਦੀ ਗਿਣਤੀ ਘਟ ਗਈ ਹੈ ਪਰ ਜਦੋਂ ਵੀ ਉਹ ਕਿਸੇ ਦੂਜੇ ਦੇਸ਼ ਦਾ ਦੌਰਾ ਕਰਦੇ ਹਨ, ਉੱਥੇ ਉਨ੍ਹਾਂ ਦਾ ਸਨਮਾਨ ਵੀ ਹੋਵੇਗਾ। ਸ਼ਾਇਦ ਰਾਵਲਪਿੰਡੀ ਉਮੀਦ ਕਰ ਰਹੀ ਹੈ ਕਿ ਨਵੀਂ ਦਿੱਲੀ ਦੀ ਨੀਂਦ ਖੁੱਲ੍ਹੇਗੀ ਅਤੇ ਉਹ ਇਹ ਪ੍ਰਵਾਨ ਕਰੇਗੀ ਕਿ ਕੋਈ ਨਾ ਕੋਈ ਹੱਲ ਜਾਂ ਸਥਾਈ ਸ਼ਾਂਤੀ ਦਾ ਰਾਹ ਤਲਾਸ਼ ਕਰਨ ਲਈ 'ਪਾਕਿਸਤਾਨੀ ਹੱਥ' ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।

ਫਿਰ ਵੀ ਇਹ ਗੱਲ ਸਾਫ਼ ਹੈ ਕਿ ਮੋਦੀ ਅੰਦਰੂਨੀ ਦਬਾਓ ਦਾ ਕਿਤੇ ਵੱਧ ਹੁੰਗਾਰਾ ਭਰਦੇ ਹਨ। 2019 ਵਿਚ ਉਨ੍ਹਾਂ ਨੂੰ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣਾ ਪਿਆ ਸੀ, ਇਵੇਂ ਹੀ ਕਸ਼ਮੀਰ ਦਾ ਮੌਕਾ ਉਦੋਂ ਆਵੇਗਾ ਜਦੋਂ ਅਗਲੇ ਕੁਝ ਮਹੀਨਿਆਂ ਵਿਚ ਉੱਥੇ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਦਿੱਲੀ ਹੋਵੇ ਜਾਂ ਰਾਵਲਪਿੰਡੀ, ਵਾਦੀ 'ਚੋਂ ਜੰਮੂ ਕਸ਼ਮੀਰ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਕੋਈ ਵੀ ਨਜ਼ਰਅੰਦਾਜ਼ ਨਹੀਂ ਕਰ ਸਕੇਗਾ। ਇਹ ਵੱਡਾ ਮੌਕਾ ਹੋਵੇਗਾ। ਹੋ ਸਕਦਾ ਹੈ ਕਿ ਇਹ ਦੁਬਾਰਾ ਨਾ ਮਿਲ ਸਕੇ। ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਇਸ ਨੂੰ ਸੰਭਾਲਣ ਦੀ ਕੋਸ਼ਿਸ਼ ਅਤੇ ਤਿਆਰੀ ਕਰਨੀ ਚਾਹੀਦੀ ਹੈ।

## ਕੌਮੀ ਮੁਕਤੀ ਦਾ ਰਾਹ ਦਸੇਰਾ ਫ਼ਲਸਤੀਨ

*(ਪਿਛਲੇ ਸਫੇ ਦੀ ਬਾਕੀ)*

ਸਭ ਤੋਂ ਅਹਿਮ ਪੱਖ ਹੈ ਇਸ ਦਾ ਸਾਂਝਾ ਮੋਰਚਾ। ਇਸ ਮੋਰਚੇ ਦੀ ਖਾਸੀਅਤ ਹੈ ਕਿ ਇਸ ਵਿਚ ਅਲੱਗ-ਅਲੱਗ ਵਿਚਾਰਧਾਰਵਾਂ ਵਾਲੇ ਧਾਰਮਿਕ, ਧਰਮ ਨਿਰਪੱਖ, ਲੋਕਤੰਤਰੀ, ਮਾਰਕਸਵਾਦੀ-ਲੈਨਿਨਵਾਦੀ ਆਦਿ ਸੰਗਠਨ ਸ਼ਾਮਿਲ ਹਨ। ਇਸ ਵਿਚ ਹਮਾਸ, ਫ਼ਲਸਤੀਨ ਇਸਲਾਮੀ ਜਹਾਦ, ਪਾਪੂਲਰ ਫਰੰਟ ਫਾਰ ਦੀ ਲਿਬਰੇਸ਼ਨ ਆਫ ਫ਼ਲਸਤੀਨ, ਡੈਮੋਕ੍ਰੇਟਿਕ ਫਰੰਟ ਫਾਰ ਦੀ ਲਿਬਰੇਸ਼ਨ ਆਫ ਫ਼ਲਸਤੀਨ, ਪਾਪੂਲਰ ਰਿਜਿਸਟੈਂਸ ਕਮੇਟੀ, ਅਲ-ਅਕਸਾ ਮਾਰਟਾਆਰ ਬ੍ਰਿਗੇਡ-ਫਤਿਹ, ਜੈਨਿਨ ਬ੍ਰਿਗੇਡ, ਲੋਈਨ ਡੈਨ ਤੇ ਫ਼ਲਸਤੀਨ ਮੁਜਾਹਿਦੀਨ ਮੂਵਮੈਂਟ ਤੋਂ ਇਲਾਵਾ ਹੋਰ ਛੋਟੇ-ਛੋਟੇ ਸੰਗਠਨ ਸ਼ਾਮਿਲ ਹਨ। ਇਹਨਾਂ ਵਿਚ ਪਾਪੂਲਰ ਫਰੰਟ ਫਾਰ ਦੀ ਲਿਬਰੇਸ਼ਨ ਆਫ ਫ਼ਲਸਤੀਨ ਅਤੇ ਡੈਮੋਕ੍ਰੇਟਿਕ ਫਰੰਟ ਫਾਰ ਦੀ ਲਿਬਰੇਸ਼ਨ ਆਫ ਫ਼ਲਸਤੀਨ ਕ੍ਰਮਵਾਰ ਮਾਰਕਸਵਾਦੀ-ਲੈਨਿਨਵਾਦੀ ਤੇ ਮਾਰਕਸਵਾਦੀ-ਲੈਨਿਨਵਾਦੀ-ਮਾਓਵਾਦੀ ਸੰਗਠਨ ਹਨ। ਇਨ੍ਹਾਂ ਸੰਗਠਨਾਂ ਦੇ ਅਲੱਗ-ਅਲੱਗ ਮਿਲਟਰੀ ਵਿੰਗ ਹਨ। ਇਹ ਸਾਰੇ ਅਮਰੀਕੀ ਸਮਰਾਜਵਾਦੀਆਂ ਵਲੋਂ ਥੋਪਿਆ ਦੋ ਦੇਸ਼ੀ ਹੱਲ ਮੂਲੋਂ ਰੱਦ ਕਰ ਕੇ ਆਜ਼ਾਦ ਫ਼ਲਸਤੀਨ ਦੀ ਕੌਮੀ ਮੁਕਤੀ ਲਈ ਹਥਿਆਰਬੰਦ ਲੜਾਈ ਲੜ ਰਹੇ ਹਨ। ਹਮਾਸ ਤੇ ਫ਼ਲਸਤੀਨ ਇਸਲਾਮੀ ਜਹਾਦ ਦੋ ਵੱਡੇ ਸੰਗਠਨ ਹਨ। 2018 ਤੋਂ ਪਹਿਲਾਂ ਇਨ੍ਹਾਂ ਵਿਚ ਰਸਮੀ ਸਾਂਝ ਬਣੀ। 2020 ਵਿਚ 'ਸਟਰੌਂਗ ਪਿੱਲਰ' ਦੇ ਕੋਡਨਾਮ ਤਹਿਤ ਕੇਂਦਰੀ ਕਮਾਂਡ ਥੱਲੇ ਦਸ ਸੰਗਠਨਾਂ ਨੇ ਇਕੱਠੇ ਹੋ ਕੇ ਚਾਰ ਡਰਿੱਲਾਂ ਕੀਤੀਆਂ। ਇਸ ਲਈ ਇਹ ਸਿਰਫ਼ ਹਮਾਸ-ਇਜ਼ਰਾਈਲ ਯੁੱਧ ਨਹੀਂ; ਫ਼ਲਸਤੀਨ ਦੀ ਕੌਮੀ ਮੁਕਤੀ ਦਾ ਯੁੱਧ ਹੈ।

ਦੂਜਾ, ਹਮਾਸ ਦੇ ਹਮਲੇ ਨੂੰ ਭੰਡਣ ਲਈ ਮੀਡੀਆ ਤੇ ਲਿਬਰਲ ਤਬਕਾ ਹਮਾਸ ਦੇ ਇਸਲਾਮੀ ਹੋਣ ਕਰ ਕੇ ਜਿਉਨਵਾਦੀ ਇਜ਼ਰਾਈਲ ਦਾ ਪੱਖ ਪੂਰ ਰਿਹਾ ਸੀ। ਓਸਲ ਵਿਚ, ਕੋਈ ਵੀ ਯੁੱਧ ਜਾਂ ਹਮਲਾ ਸਹੀ ਹੈ ਜਾਂ ਗ਼ਲਤ, ਇਹ ਉਸ ਦੀ ਰਾਜਨੀਤੀ ਤੈਅ ਕਰਦੀ ਹੈ। ਮਸਲੇ ਦੀ ਰਾਜਨੀਤੀ ਇਸ ਤੋਂ ਤੈਅ ਨਹੀਂ ਹੁੰਦੀ ਕਿ ਪਹਿਲਾਂ ਗੋਲੀ ਕਿਸ ਨੇ ਚਲਾਈ। ਇਹ ਇਸ ਤੋਂ ਤੈਅ ਹੁੰਦੀ ਹੈ ਕਿ ਜ਼ੁਲਮ ਕਰਨ ਵਾਲਾ ਕੌਣ ਹੈ, ਕੌਣ ਜ਼ੁਲਮ 'ਚ ਮਦਦ ਕਰਦਾ ਹੈ ਤੇ ਕਿਸ 'ਤੇ ਜ਼ੁਲਮ ਹੋ ਰਿਹਾ ਹੈ। ਫ਼ਲਸਤੀਨ ਵਿਚ ਫ਼ਲਸਤੀਨੀਆਂ 'ਤੇ ਜ਼ੁਲਮ ਹੋ ਰਿਹਾ ਹੈ।



*ਰਾਹਤ ਸਮੱਗਰੀ ਲੈਣ ਲਈ ਅਹੁਲ ਰਹੇ ਫਲਸਤੀਨੀ ਅਤੇ (ਸੱਜੇ) ਰੋਟੀ ਫੜੀ ਖੜ੍ਹੀ ਇਕ ਫਲਸਤੀਨੀ ਬੱਚੀ।*

ਕਿਸੇ ਵੀ ਸਾਮਰਾਜੀ ਯੁੱਧ ਵਿਚ ਅਤਿ-ਆਧੁਨਿਕ ਤਕਨਾਲੋਜੀ, ਜੰਗੀ ਸਾਜ਼ੋ-ਸਾਮਾਨ ਅਤੇ ਫੌਜ, ਜਿੱਤ ਲਈ ਅਹਿਮ ਮੰਨੇ ਜਾਂਦੇ ਹਨ ਪਰ ਕਿਸੇ ਵੀ ਲੋਕ ਪੱਖੀ ਸੰਘਰਸ਼ ਲਈ ਸਭ ਤੋਂ ਅਹਿਮ ਹੁੰਦੀ ਹੈ ਲੋਕਾਂ ਦੀ ਤਾਕਤ, ਏਕਤਾ ਤੇ ਆਜ਼ਾਦੀ ਲਈ ਮਰ-ਮਿਟਣ ਦੀ ਇੱਛਾ। ਲੋਕ ਏਕਤਾ ਦੀ ਤਾਕਤ ਕੀ ਹੁੰਦੀ ਹੈ, ਇਹ ਫ਼ਲਸਤੀਨ-ਇਜ਼ਰਾਈਲ ਯੁੱਧ ਨੇ ਸਾਬਿਤ ਕੀਤਾ ਹੈ। ਸੱਤ ਅਕਤੂਬਰ ਦੇ ਹਮਲੇ ਤੋਂ ਬਾਅਦ ਫ਼ਲਸਤੀਨ ਲਈ ਸੰਸਾਰ ਭਰ ਦੇ ਲੋਕਾਂ ਦੀ ਹਮਾਇਤ ਵਧੀ ਹੈ। ਇਸ ਦੇ ਨਾਲ ਹੀ ਇਜ਼ਰਾਈਲ ਅਤੇ ਸਾਮਰਾਜੀ ਤਾਕਤਾਂ ਅਲੱਗ-ਥਲੱਗ ਹੋਈਆਂ ਹਨ। ਸੰਸਾਰ ਭਰ ਵਿਚ ਫ਼ਲਸਤੀਨ ਦੀ ਹਮਾਇਤ ਵਿਚ ਪ੍ਰਦਰਸ਼ਨ ਹੋਏ ਅਤੇ ਹੋ ਰਹੇ ਹਨ।

ਹਮਲੇ ਤੋਂ ਬਾਅਦ ਜਿੱਥੇ ਲਾਤੀਨੀ ਅਮਰੀਕਾ, ਅਫਰੀਕਾ ਤੇ ਅਰਬ ਦੇਸ਼ਾਂ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਤੋੜੇ ਅਤੇ ਕਈ ਦੇਸ਼ਾਂ ਨਾਲ ਆਰਥਿਕ ਤੇ ਰਾਜਨੀਤਕ ਸਬੰਧ ਕਾਫ਼ੀ ਮੱਧਮ ਪਏ ਹਨ। ਕਈ ਦੇਸ਼ਾਂ ਨੇ ਇਜ਼ਰਾਈਲ ਨੂੰ ਫ਼ਲਸਤੀਨੀਆਂ ਦੇ ਕਾਤਲ ਅਤੇ ਕਈਆਂ ਨੇ ਇਜ਼ਰਾਈਲ ਨੂੰ ਅਤਿਵਾਦੀ ਮੁਲਕ ਗਰਦਾਨਿਆ। ਕੌਮਾਂਤਰੀ ਸੰਗਠਨ ਯੂ.ਐੱਨ.ਓ., ਐਮਨੈਸਿਟੀ ਇੰਟਰਨੈਸ਼ਨਲ ਤੇ ਡਬਲਿਊ.ਐੱਚ.ਓ. ਵਲੋਂ ਅਮਰੀਕਾ ਦਾ ਵਿਰੋਧ ਕਰਦੇ ਹੋਏ ਲਗਾਤਾਰ ਯੁੱਧਬੰਦੀ ਲਈ ਮਤੇ ਪਾ ਰਹੇ ਹਨ ਜਿਸ ਨੂੰ ਵੱਡੀ ਗਿਣਤੀ ਦੇਸ਼ ਸਮਰਥਨ ਵੀ ਦੇ ਰਹੇ ਹਨ। ਹਮਲੇ ਤੋਂ ਬਾਅਦ ਪੱਛਮ ਵਿਚ ਇੱਕ ਪਾਸੇ ਨਵੀਂ ਪੀੜ੍ਹੀ ਫ਼ਲਸਤੀਨ ਲਈ ਹਮਦਰਦੀ ਦਿਖਾ ਰਹੀ ਹੈ, ਦੂਜੇ ਪਾਸੇ ਇਜ਼ਰਾਈਲ ਵਾਸਤੇ ਸਮਰਥਨ ਪਹਿਲਾਂ ਨਾਲੋਂ ਕਾਫ਼ੀ ਘਟਿਆ ਹੈ। ਦੱਖਣੀ ਅਫਰੀਕਾ ਨੇ ਨੇ ਇਜ਼ਰਾਈਲ ਨਾਲ ਸਬੰਧ ਤੋੜਨ ਦੇ ਨਾਲ-ਨਾਲ ਇਜ਼ਰਾਈਲ ਨੂੰ ਯੁੱਧ ਅਪਰਾਧਾਂ ਲਈ ਕੌਮਾਂਤਰੀ ਅਦਾਲਤ ਵਿਚ ਘੜੀਸਿਆ। ਇਸ ਤੋਂ ਇਲਾਵਾ 25 ਤੋਂ ਵੱਧ ਦੇਸ਼ ਇਜ਼ਰਾਈਲ ਨੂੰ ਪਹਿਲਾਂ ਹੀ ਮਾਨਤਾ ਨਹੀਂ ਦਿੰਦੇ। ਕਈ ਦੇਸ਼ਾਂ ਨਾਲ ਇਜ਼ਰਾਈਲ ਦੇ ਆਰਥਿਕ ਸਬੰਧ ਤਾਂ ਹਨ ਪਰ ਰਾਜਨੀਤਕ ਤੇ ਕੂਟਨੀਤਕ ਸਬੰਧ ਨਹੀਂ ਹਨ। ਇਜ਼ਰਾਈਲ ਆਪਣੇ ਜਿਉਨਵਾਦੀ ਰਾਜ ਲਈ 1948 ਤੋਂ ਮਾਨਤਾ ਪ੍ਰਾਪਤ ਕਰਨ ਲਈ ਜ਼ੋਰ ਲਾ ਰਿਹਾ ਹੈ। ਅਮਰੀਕਾ ਦੁਆਰਾ ਇਜ਼ਰਾਈਲ ਲਈ 1978 ਦੀ ਕੈਂਪ ਡੇਵਿਡ ਸੰਧੀ ਤੇ 2020 ਦਾ ਅਬਰਾਹਮ ਸਮਝੌਤੇ ਕਰਵਾਉਣਾ ਇਸੇ ਕੜੀ ਦਾ ਹਿੱਸਾ ਸੀ। ਹਮਲੇ ਤੋਂ ਪਹਿਲਾਂ ਅਮਰੀਕਾ ਅਤੇ ਸਾਊਦੀ ਅਰਬ ਦੀ ਵੱਡੀ ਆਰਥਿਕ ਸੰਧੀ ਹੋਣ ਵਾਲੀ ਸੀ। ਹਮਲੇ ਤੋਂ ਬਾਅਦ ਸਾਊਦੀ ਅਰਬ ਨੂੰ ਇਹ ਡੀਲ ਰੱਦ ਕਰਨੀ ਪਈ। ਬਹਿਰੀਨ ਨੇ ਆਪਣਾ ਰਾਜਦੂਤ ਵਾਪਸ ਬੁਲਾਇਆ ਤੇ ਆਰਥਿਕ ਸਬੰਧ ਮੁਅੱਤਲ ਕਰ ਦਿੱਤੇ। ਇਸ ਤੋਂ ਇਲਾਵਾ ਇਜ਼ਰਾਈਲ ਅਤੇ ਇਸ ਦੇ ਭਾਈਵਾਲ ਕੁਨੈਕਸ਼ਨ ਵਾਲੀਆਂ ਕੰਪਨੀਆਂ ਤੇ ਉਤਪਾਦਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। 2005 ਵਿਚ ਫ਼ਲਸਤੀਨੀ ਸਿਵਲ ਸੁਸਾਇਟੀ ਗਰੁੱਪਾਂ ਵਲੋਂ ਸ਼ੁਰੂ ਕੀਤੀ ਬਾਈਕਾਟ, ਅੱਪਨਿਵੇਸ਼ ਤੇ ਪਾਬੰਦੀ ਮੂਵਮੈਂਟ ਨੂੰ ਹੁੰਗਾਰਾ ਵਧਿਆ ਹੈ। ਅਮਰੀਕਾ, ਬ੍ਰਿਟੇਨ ਤੇ ਆਸਟਰੇਲੀਆ ਵਿਚ ਕਾਰਕੁਨਾਂ, ਮਜ਼ਦੂਰਾਂ ਤੇ ਯੂਨੀਅਨਾਂ ਨੇ ਹਥਿਆਰ ਫੈਕਟਰੀਆਂ ਵਿਚ ਇਜ਼ਰਾਈਲ ਵਾਸਤੇ ਹਥਿਆਰ ਸਪਲਾਈ ਕਰਨ ਦੇ ਵਿਰੋਧ ਦਰਜ ਕਰਵਾਏ। ਭਾਰਤ ਦੀਆਂ ਮਜ਼ਦੂਰ ਯੂਨੀਅਨਾਂ ਨੇ ਫ਼ਲਸਤੀਨੀ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਕੇ ਭਾਰਤ ਤੋਂ ਮਜ਼ਦੂਰਾਂ ਨਾਲ ਬਦਲਣ ਦੇ ਪ੍ਰਸਤਾਵ ਦਾ ਪੁਰਜ਼ੋਰ ਵਿਰੋਧ ਕੀਤਾ। ਇਸ ਤਰ੍ਹਾਂ ਫ਼ਲਸਤੀਨ ਦੇ ਹੱਕ ਵਿਚ ਅਮਰੀਕਾ, ਬ੍ਰਿਟੇਨ, ਫਰਾਂਸ, ਜਰਮਨੀ, ਜਪਾਨ, ਆਸਟਰੇਲੀਆ ਤੇ ਹੋਰ ਯੂਰੋਪੀਅਨ ਦੇਸ਼ਾਂ ਤੋਂ ਲੈ ਲਾਤੀਨੀ ਅਮਰੀਕਾ, ਅਫਰੀਕਾ, ਮੱਧ-ਪੂਰਬ ਤੋਂ ਲੈ ਏਸ਼ੀਆ ਸਮੇਤ ਸੰਸਾਰ ਦੇ 120 ਤੋਂ ਵੱਧ ਦੇਸ਼ਾਂ ਵਿਚ 8000 ਤੋਂ ਵੀ ਵੱਧ ਮੁਜ਼ਾਹਰੇ ਹੋਏ।

ਫ਼ਲਸਤੀਨ ਦਾ ਸੰਘਰਸ਼ ਹੁਣ ਕੌਮਾਂਤਰੀ ਪੱਧਰ 'ਤੇ ਕਬਜ਼ੇ ਵਿਰੋਧੀ ਯੁੱਧ ਦਾ ਚਿੰਨ੍ਹ ਬਣ ਚੁੱਕਾ ਹੈ। ਫ਼ਲਸਤੀਨ ਦੀ ਆਜ਼ਾਦੀ ਦਾ ਯੁੱਧ ਕੌਮੀ ਮੁਕਤੀ, ਲੁੱਟ, ਦਾਬੇ, ਰੋਜ਼ਮੱਰਾ ਜ਼ਲਾਲਤ, ਵਿਤਕਰੇ ਤੇ ਗੁਲਾਮੀ ਖਿਲਾਫ਼ ਹੈ। ਇਹ ਸਾਮਰਾਜਵਾਦ ਵਿਰੋਧੀ ਕੌਮੀ ਮੁਕਤੀ ਦਾ ਯੁੱਧ ਹੈ। ਸੱਤ ਅਕਤੂਬਰ ਵਾਲੇ ਹਮਲੇ ਨੇ ਨਾ ਸਿਰਫ਼ ਫ਼ਲਸਤੀਨ ਦੀ ਆਜ਼ਾਦੀ ਦੇ ਸਵਾਲ ਨੂੰ ਹਰਾ ਕੀਤਾ ਸਗੋਂ ਮੱਧ-ਪੂਰਬ ਵਿਚ ਵੀ ਗਿਣਤੀ-ਮਿਣਤੀ ਬਦਲ ਕੇ ਰੱਖ ਦਿੱਤੀ ਹੈ। ਇਸ ਲਈ ਸਾਰੇ ਇਨਸਾਫ਼ ਪਸੰਦਾਂ ਦਾ ਫਰਜ਼ ਹੈ ਕਿ ਕਬਜ਼ੇ ਤੇ ਸਾਮਰਾਜਵਾਦ ਵਿਰੋਧੀ ਇਸ ਲੜਾਈ ਵਿਚ ਸਾਥ ਦਿੱਤਾ ਜਾਵੇ।

# ਪਰਵਾਸ ਕਰਦੇ ਸਾਹਸੀ ਲੋਕਾਂ ਦੀ ਕਹਾਣੀ ਪੇਸ਼ ਕਰਦਾ ਨਾਵਲ – 'ਗਰੀਨ ਕਾਰਡ'

ਸਾਧੂ ਸਿੰਘ 'ਸੰਘਾ' ਸਥਾਪਤ ਨਾਵਲਕਾਰ ਹੈ। ਉਸਨੇ ਪਿਛਲੇ ਕੁਝ ਸਾਲਾਂ ਵਿਚ ਪੰਜਾਬੀ ਸਾਹਿਤ ਦੀ ਝੋਲੀ ਤਿੰਨ ਗੌਲਣ ਯੋਗ ਨਾਵਲ ਪਾਏ ਹਨ। ਉਸਨੇ 'ਤਿੜਕਦੀ ਹਵੇਲੀ', 'ਸੰਘਰਸ਼ੀ ਰਾਹ' ਅਤੇ 'ਗਰੀਨ ਕਾਰਡ' ਨਾਵਲ ਰਾਹੀਂ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਉਸ ਦਾ ਇਹ ਨਾਵਲ ਗਰੀਬੀ ਦੇ ਸਤਾਏ, ਜ਼ਮੀਨਾਂ ਗਹਿਣੇ ਧਰ ਕੇ ਪਰਵਾਸ ਕਰਦੇ ਉਨ੍ਹਾਂ ਬਹਾਦਰ ਤੇ ਸਾਹਸੀ ਲੋਕਾਂ ਦੀ ਕਹਾਣੀ ਹੈ ਜਿਹੜੇ ਹਰ ਕਿਸਮ ਦੀਆਂ ਮੁਸੀਬਤਾਂ, ਦੁੱਖਾਂ, ਦੁਸ਼ਵਾਰੀਆਂ, ਤੰਗੀਆਂ, ਤੁਰਸ਼ੀਆਂ ਨਾਲ ਲੋਹਾ ਲੈਂਦੇ ਹਨ। ਆਪਣੇ ਸਿਰੜ

**ਕਰਮ ਸਿੰਘ ਮਾਨ**
**ਫੋਨ: 559-261-5024**

ਤੇ ਧੁਨ ਦੇ ਪੱਕੇ ਇਹ ਪਾਤਰ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਇਹ ਹੱਡੀਂ-ਹੰਢਾਏ, ਵੇਖੇ-ਸੁਣੇ ਅਤੇ ਪੜ੍ਹੇ-ਲਿਖੇ ਯਥਾਰਥਕ ਅਨੁਭਵ ਹਨ ਜਿਹੜੇ ਇਸ ਨਾਵਲ ਨੂੰ ਊਰਜਾ ਬਖਸ਼ਦੇ ਹਨ। ਨਾਵਲ ਦੇ ਪਾਤਰ ਜਿਉਂਦੇ ਜਾਗਦੇ, ਹੱਡ ਮਾਸ ਦੇ ਪੁਤਲੇ ਹਨ ਜਿਹੜੇ ਪਰਦੇਸ ਪਹੁੰਚਣ, ਉਥੇ ਪੱਕੇ ਤੌਰ 'ਤੇ ਵਸਣ ਲਈ ਗਰੀਨ ਕਾਰਡ ਦੀ ਪ੍ਰਾਪਤੀ ਲਈ ਜੂਝਦੇ ਹਨ। ਇਹ ਆਪੋ ਆਪਣੇ ਆਰਥਿਕ, ਸਮਾਜਿਕ ਤੇ ਰਾਜਨੀਤਕ ਵਾਤਾਵਰਨ ਦੇ ਨਪੀੜੇ-ਸਤਾਏ ਤਾਂ ਹਨ ਹੀ, ਪਰ ਟੁੱਟਦੇ ਨਹੀਂ। ਇਹ ਉਹ ਮਾਨਵਵਾਦੀ ਪਾਤਰ ਹਨ ਜਿਹੜੇ ਧਰਮ, ਜਾਤ-ਪਾਤ ਤੇ ਨਸਲ, ਪੜ੍ਹੇ ਅਤੇ ਅਨਪੜ੍ਹਤਾ ਦੇ ਟੋਏ-ਟਿੱਬੇ ਪੂਰ ਕੇ ਮਾਨਵੀ ਧਰਾਤਲ ਪੱਧਰਾ ਕਰਦੇ ਹਨ।

ਨਾਵਲਕਾਰ ਦੀ ਇਹ ਵਿਸ਼ੇਸ਼ ਤਕਨੀਕੀ ਮੁਹਾਰਤ ਹੈ ਕਿ ਉਹ ਪਹਿਲੇ ਪੰਨੇ 'ਤੇ ਹੀ ਨਾਵਲ ਦੇ ਮੁੱਖ ਨਾਇਕ ਤੇ ਵਿਸ਼ੇਸ਼ ਸਹਾਇਕ ਪਾਤਰਾਂ ਤੋਂ ਜਾਣੂ ਕਰਵਾ ਦਿੰਦਾ ਹੈ। ਇਹ ਇੱਕ ਮੀਰੀ ਗੁਣ ਹੈ। ਨਾਟਕ ਦੇ ਨਾਇਕ ਜਗਮੇਲ ਸਿੰਘ ਸਹਾਇਕ ਪਾਤਰ ਗੁਰਨਾਮ ਸਿੰਘ, ਰੇਸ਼ਮ ਸਿੰਘ ਤੇ ਕੁਲਬੀਰ ਸਿੰਘ ਦਾ ਵਰਣਨ ਪਹਿਲੇ ਪਹਿਰੇ ਵਿਚ ਹੀ ਆ ਜਾਂਦਾ ਹੈ।

ਇਸ ਨਾਵਲ ਦਾ ਨਾਇਕ ਜਗਮੇਲ ਸਿੰਘ ਉਹ ਨੌਜਵਾਨ ਹੈ ਜਿਹੜਾ ਤਿੰਨ-ਚਾਰ ਜਮਾਤਾਂ ਹੀ ਪੜ੍ਹਿਆ ਹੈ ਤੇ ਸਕੂ.ਲ ਤੋਂ ਹਟ ਕੇ ਆਪਣੇ ਪਿਤਾ ਨਾਲ ਖੇਤੀ ਕਰਨ ਲੱਗ ਜਾਂਦਾ ਹੈ। ਘਰ ਦੀ ਗਰੀਬੀ ਦਾ ਧੋਣਾ ਧੋਣ ਲਈ ਤੇ ਚੰਗੇਰੇ ਜੀਵਨ ਦੀ ਭਾਲ ਲਈ ਉਸਦੇ ਮਨ ਵਿਚ ਵੀ ਅਮਰੀਕਾ ਜਾਣ ਦਾ ਵਿਚਾਰ ਪਨਪਣ ਲੱਗ ਜਾਂਦਾ ਹੈ। ਪਹਿਲਾਂ ਤਾਂ ਉਸਦਾ ਪਿਤਾ ਇਸ ਲਈ ਸਹਿਮਤ ਨਹੀਂ ਹੁੰਦਾ ਪਰ ਅਖੀਰ ਸਹਿਮਤ ਹੋ ਜਾਂਦਾ ਹੈ। ਉਹ ਸੱਤਰ ਹਜ਼ਾਰ ਰੁਪਏ ਇਧਰੋਂ-ਉਧਰੋਂ ਇਕੱਠੇ ਕਰਦਾ ਹੈ। ਉਨ੍ਹਾਂ ਦਿਨਾਂ ਵਿਚ ਸੱਤਰ ਹਜ਼ਾਰ ਦੀ ਰਕਮ ਬਹੁਤ ਵੱਡੀ ਹੁੰਦੀ ਸੀ। ਨਾਵਲਕਾਰ ਨੇ ਇਸਦਾ ਵਰਣਨ ਇੰਜ ਕੀਤਾ ਹੈ:

"ਗੱਲ ਕੀ, ਚੰਡੀਗੜ੍ਹ ਵਿਚ ਗੱਲ ਕਰ ਕੇ ਮੈਂ ਤੇ ਬਾਪੂ ਵਾਪਸ ਪਿੰਡ ਨੂੰ ਵਾਪਸ ਆ ਰਹੇ ਸੀ ਰਸਤੇ ਵਿਚ ਬਾਪੂ ਕਹਿਣ ਲੱਗਾ,"ਸੱਤਰ ਹਜਾਰ ਰੁਪਏ ਕਿਤੇ ਦੇਖੇ ਹਨ ਹੁਣ ਤੱਕ?"

"ਮੈਂ ਤਾਂ ਕੀ ਦੇਖਣੇ ਸੱਤਰ ਹਜਾਰ ਤਾਂ ਮੇਰੇ ਬਾਪੂ ਨੇ ਵੀ ਨਹੀਂ ਦੇਖੇ ਹੋਣੇ?" ਇਹ ਸੁਣ ਕੇ ਬਾਪੂ ਜੀ ਦਾ ਹਾਸਾ ਨਿਕਲ ਗਿਆ..."ਮੂਰਖਾ ਜੇ ਮੈਂ ਇਨੇ ਪੈਸੇ ਦੇਖੇ ਹੁੰਦੇ ਤਾਂ ਮੈਂ ਦੋ ਢਾਈ ਕਿੱਲੇ ਬੈਅ ਨਾ ਲੈ ਲੈਂਦਾ।"

ਉਹ ਏਜੰਟ ਗੁਪਤਾ ਨਾਲ ਬਾਹਰ ਜਾਣ ਦਾ ਫ਼ੈਸਲਾ ਕਰ ਕੇ ਨਿਸ਼ਚਤ ਤਾਰੀਖ 'ਤੇ ਪੈਸੇ ਤਾਰ ਦਿੰਦੇ ਹਨ ਪਰ ਏਜੰਟ ਪੈਸੇ ਲੈ ਕੇ ਭੱਜ ਜਾਂਦਾ ਹੈ ਤੇ ਅੱਗੇ ਉਹ ਦਿੱਲੀ ਦੇ ਏਜੰਟ ਨਾਲ ਗੱਲ ਨਿਬੇੜ ਲੈਂਦਾ ਹੈ ਪਰ ਦਿੱਲੀ ਦਾ ਏਜੰਟ ਵੀ ਆਪਣਾ ਦਫਤਰ ਬੰਦ ਕਰ ਕੇ ਚਲਾ ਜਾਂਦਾ ਹੈ। ਇਸ ਤਰ੍ਹਾਂ ਚੋਰਾਂ ਨੂੰ ਮੋਰ ਪੈ ਜਾਂਦੇ ਹਨ। ਅਖੀਰ ਏਜੰਟ ਗੁਪਤਾ ਕਿਸੇ ਹੋਰ ਏਜੰਟ ਰਾਹੀਂ ਮੈਕਸੀਕੋ ਦਾ ਵੀਜ਼ਾ ਲੁਆ ਦਿੰਦਾ ਹੈ।

ਮੈਕਸੀਕੋ ਵਿਚ ਉਹ ਮੈਕਸੀਕੋ ਸ਼ਹਿਰ ਜਾਂਦੇ ਹਨ। ਉਥੋਂ ਇਕ ਬੰਦਿਆਂ ਨਾਲ ਤੂੜੀ ਵੈਨ ਵਿਚ ਸਰਹੱਦ 'ਤੇ ਪਹੁੰਚ ਜਾਂਦੇ ਹਨ। ਰਾਤ ਦੇ ਘੁੱਪ ਹਨੇਰੇ ਵਿਚ ਇਕ ਮੈਕਸੀਕੋ ਦੇ ਪਿੱਛੇ ਲਾਈਨ ਵਿਚ ਲੱਗ ਕੇ ਡਰਦੇ ਡਰਦੇ ਦਰਿਆ ਪਾਰ ਕਰ ਜਾਂਦੇ ਹਨ। ਇੱਕ ਪਾਸੇ ਡੁੱਬਣ ਦਾ ਡਰ, ਦੂਜੇ ਪਾਸੇ ਚਾਰ ਸਾਲ ਪਹਿਲਾਂ ਵਿਆਹੀ ਪਤਨੀ, ਤਿੰਨ ਸਾਲ ਤੇ ਇੱਕ ਸਾਲ ਦੇ ਦੋਵੇਂ ਮੁੰਡੇ ਚੇਤੇ ਆਉਂਦੇ। ਉਸਨੂੰ ਆਪਣਾ ਪਿਉ ਯਾਦ ਆਇਆ ਜਿਸ ਨੇ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਉਸ ਨੂੰ ਬਾਹਰ ਭੇਜਿਆ ਸੀ। ਇੱਕ ਭਰੀ ਵੈਨ ਵਿਚ ਸਾਰੇ ਲਾਸ ਏਂਜਲਜ ਦੇ ਗੁਰਦਆਰੇ ਪਹੁੰਚ ਜਾਂਦੇ ਹਨ। ਉੱਥੇ ਲਗਭਗ ਦੋ ਹਫਤੇ ਠਹਿਰ ਕੇ ਜਗਮੇਲ ਤੇ ਉਸਦਾ ਸਾਥੀ ਰੇਸ਼ਮ ਤੇ ਕੁਲਬੀਰ, ਗੋਰੇ ਰੌਬਰਟਸ ਜਾਹਨ ਤੇ ਜੈਨੀ ਦੇ ਗੈਸ ਸਟੇਸ਼ਨ 'ਤੇ ਕਾਰ-ਵਾਸ਼ ਦਾ ਕੰਮ ਕਰਨ ਲੱਗ ਪੈਂਦੇ ਹਨ ਤੇ ਅਪਾਰਟਮੈਂਟ ਵਿਚ ਰਹਿਣ ਲੱਗ ਜਾਂਦੇ ਹਨ ਜਿੱਥੋਂ ਨਾਵਲ ਸ਼ੁਰੂ ਹੁੰਦਾ ਹੈ।

ਜਗਮੇਲ ਪੱਕਾ ਹੋਣ ਲਈ 45 ਸਾਲ ਦੀ ਅਧਖੜ੍ਹ ਉਮਰ ਦੀ ਕਾਲੇ ਮੂਲ ਦੀ ਔਰਤ ਲੋਰਾ ਨਾਲ ਪੈਸੇ ਦੇ ਕੇ ਫਰਜ਼ੀ ਵਿਆਹ ਰਜਿਸਟਰ ਕਰ ਲੈਂਦਾ ਹੈ ਪਰ ਲੋਰੀ ਪਹਿਲੀ ਤਰੀਕ 'ਤੇ ਚਲੀ ਜਾਂਦੀ ਹੈ ਪਰ ਜੱਜ ਦੀ ਤਸੱਲੀ ਨਹੀਂ ਹੁੰਦੀ। ਦੂਜੀ ਪੇਸ਼ੀ 'ਤੇ ਲੋਰਾ ਅਦਾਲਤ ਵਿਚ ਹਾਜ਼ਰ ਨਹੀਂ ਹੁੰਦੀ ਜਿਸ ਕਾਰਨ ਜਗਮੇਲ ਡਿਪੋਰਟ ਕਰਕੇ ਵਾਪਸ ਦੇਸ ਭੇਜ ਦਿੱਤਾ ਜਾਂਦਾ ਹੈ। ਉਹ ਕਿਸੇ ਹੋਰ ਏਜੰਟ ਰਾਹੀਂ ਬਰਾਜ਼ੀ.ਲ ਪਹੁੰਚ ਜਾਂਦਾ ਹੈ ਤੇ ਉੱਥੋਂ ਅਮਰੀਕਾ ਦਾ ਵਿਜ਼ਟਰ ਵੀਜ਼ਾ .ਲੈ ਕੇ ਦੁਬਾਰਾ ਅਮਰੀਕਾ ਆ ਜਾਂਦਾ ਹੈ।

ਉਸ ਸਮੇਂ ਪੰਜਾਬੀ ਅਮਰੀਕਾ ਪੁੱਜਣ ਲਈ ਕਈ ਕਾਨੂੰਨੀ ਤੇ ਗੈਰ-ਕਾਨੂੰਨੀ ਢੰਗ ਵਰਤ ਰਹੇ ਸਨ। ਕੁਝ ਤਾਂ ਮੈਕਸੀਕੋ ਦਾ ਵੀਜ਼ਾ ਲਵਾ ਕੇ ਚੋਰੀ ਸਰਹੱਦ ਪਾਰ ਕਰ ਕੇ ਅਮਰੀਕਾ ਪਹੁੰਚ ਜਾਂਦੇ ਸਨ। ਇਹੀ ਢੰਗ ਜਗਪਾਲ ਤੇ ਰੇਸ਼ਮ ਨੇ ਵਰਤਿਆ ਸੀ। ਕਈ ਜਰਮਨ ਤੋਂ ਵੀਜ਼ਾ ਤੇ ਕਾਗਜ਼-ਪੱਤਰ ਬਣਾ ਕੇ ਅਮਰੀਕਾ ਪਹੁੰਚ ਜਾਂਦੇ ਸਨ। ਕੁਝ ਕੈਨੇਡਾ ਵਿਚੋਂ ਗੈਰ ਕਾਨੂੰਨੀ ਢੰਗ ਨਾਲ ਬਾਰਡਰ ਪਾਰ ਕਰ ਕੇ ਅਮਰੀਕਾ ਆ ਜਾਂਦੇ। ਇਸੇ ਰਾਹ ਰਾਹੀਂ ਭੂਰਾ ਤੇ ਅਮਰੀਕ ਪੁੱਜੇ ਸਨ। ਕੁਝ ਬਰਾਜ਼ੀਲ ਤੋਂ ਅਮਰੀਕਾ ਦਾ ਵਿਜ਼ਟਰ ਵੀਜ਼ਾ ਲੁਆ ਕੇ ਆ ਜਾਂਦੇ ਸਨ। ਇਹ ਕਮਾਈ ਕਰ ਕੇ ਡਾਲਰ ਕਮਾ ਕੇ ਤੇ ਹੋਰ ਕਈ ਕਿਸਮ ਦੇ ਜ਼ਫਰ ਜਾਲ ਕੇ ਪੱਕੇ ਹੋਣ ਦਾ ਜੁਗਾੜ ਕਰ ਲੈਂਦੇ ਸਨ। ਇਸ ਤਰ੍ਹਾਂ ਗੁਰਨਾਮ ਦੋਵਾਂ ਦੇਸਾਂ ਕੈਨੇਡਾ ਤੇ ਅਮਰੀਕਾ ਦਾ ਵਿਜ਼ਟਰ ਵੀਜ਼ਾ ਲੈ ਕੇ ਆਇਆ ਸੀ ਪਰ ਉਸ ਨੇ ਅਮਰੀਕਾ ਵਿਚ ਰਹਿਣਾ ਚੁਣ ਲਿਆ ਜਿੱਥੇ ਉਸਨੂੰ ਉਸ ਫੈਕਟਰੀ ਨੇ ਪੱਕਾ ਕਰਵਾ ਦਿੱਤਾ ਸੀ ਜਿੱਥੇ ਉਹ ਪੁਰਜੇ ਬਣਾਉਣ ਦਾ ਹੁਨਰੀ ਕੰਮ ਕਰਦਾ ਸੀ। ਕੁਲਵੰਤ ਵੀ ਪਤਨੀ ਸਮੇਤ ਬਾਬਿਆਂ ਦਾ ਪੱਲਾ ਫੜ ਕੇ ਦੁਬਾਰਾ ਆ ਗਿਆ ਸੀ।

ਕੁਝ ਲੋਕ ਪੱਕੇ ਤੌਰ 'ਤੇ ਵੀ ਅਮਰੀਕਾ ਆ ਜਾਂਦੇ ਸਨ। ਵਿਆਹ ਦੇ ਤੌਰ 'ਤੇ। ਖ਼ੂਨ ਦੇ ਰਿਸ਼ਤੇ ਰਾਹੀਂ। ਕੁਝ ਸਕਿਲਡ ਭਾਵ ਹੁਨਰੀ ਕਾਮੇ। ਬਲਪਰੀਤ ਤੇ ਸੁਪਰੀਤ ਤੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਭੈਣ ਨੇ ਇਸੇ ਆਧਾਰ 'ਤੇ ਪੱਕੇ ਮੰਗਵਾ ਲਿਆ ਸੀ। ਸ਼ਾਇਦ ਮੰਗਲ ਸਿੰਘ ਵੀ ਖ਼ੂਨ ਦੇ ਰਿਸ਼ਤੇ ਰਾਹੀਂ ਆਇਆ ਸੀ।

ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲਿਆਂ ਲਈ ਰਾਹ ਵਿਚ ਰੌਂਗਟੇ ਖੜ੍ਹੇ ਕਰਨ ਵਾਲੇ ਦੁਖਦਾਈ ਕਸ਼ਟ ਆਉਂਦੇ ਹਨ। ਕਿਵੇਂ ਉਹ ਜਾਨ ਤਲੀ 'ਤੇ ਧਰ ਕੇ ਜੰਗਲ ਬੇਲੇ ਗਾਹੁੰਦੇ, ਮਾਰੂਥਲਾਂ ਦੀ ਤਪਸ਼ ਹੰਢਾਉਂਦੇ, ਮੌਤ ਦੀਆਂ ਘਾਟੀਆਂ ਦਰਿਆਵਾਂ, ਝੀਲਾਂ ਨੂੰ ਪਾਰ ਕਰਦੇ ਸਮੇਂ ਡੁੱਬਣ ਤੇ ਫੜੇ ਜਾਣ ਦਾ ਡਰ ਅਤੇ ਹੋਰ ਅਨੇਕਾਂ ਮੁਸੀਬਤਾਂ ਸਹਿੰਦੇ ਹਨ। ਪਿੱਛੇ ਰਹਿ ਗਏ ਪਰਿਵਾਰਾਂ ਦੀ ਯਾਦ, ਤੇ ਵੇਦਨਾ ਦੇ ਡੰਗ ਸਹਿੰਦੇ ਹਨ। ਪਰ ਫਿਰ ਵੀ ਅਨੇਕਾਂ ਪਰਕਾਰ ਦੀਆਂ ਮੁਸੀਬਤਾਂ, ਕੰਮ ਦੀ ਭਾਲ ਤੇ ਉਜਰਤ ਦੀ ਹੁੰਦੀ ਲੁੱਟ-ਖਸੁੱਟ, ਵਕੀ.ਲਾਂ ਦੇ ਖਰਚੇ ਆਦਿ ਵੀ ਉਨ੍ਹਾਂ ਦੇ ਮਨੋਬਲ ਨੂੰ ਤੋੜ ਨਹੀਂ ਸਕਦੇ। ਹਰ ਵੇਲੇ ਫੜੇ ਜਾਣ ਦਾ ਡਰ ਅਤੇ ਡਿਪੋਰਟ ਹੋਣ ਦਾ ਖਤਰਾ ਉਨ੍ਹਾਂ ਦੇ ਸਿਰੜੀ ਤੇ ਸਿਦਕੀ ਸੁਭਾਅ ਅੱਗੇ ਗੋਡੇ ਟੇਕ ਦਿੰਦੇ ਹਨ।

ਇਸ ਨਾਵਲ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਕੋਈ ਵੀ ਖ਼.ਲਨਾਇਕ ਪਾਤਰ ਨਹੀਂ ਹੈ। ਸਹਾਇਕ ਔਰਤ ਪਾਤਰ ਦੀ ਲੋੜ ਨਹੀਂ ਪਈ ਹੈ। ਉਂਜ ਨਾਵਲ ਦੀ ਪੜ੍ਹਤ ਇਤਨੀ ਸਹਿਜ ਤੇ ਸਰਲ ਹੈ ਕਿ ਤੁਸੀਂ ਇੱਕ ਜਾਂ ਦੋ ਬੈਠਕਾਂ ਵਿਚ ਸਾਰਾ ਨਾਵਲ ਪੜ੍ਹ ਜਾਵੋਂਗੇ। 176 ਪੰਨਿਆਂ ਦੇ ਨਾਵਲ ਵਿਚ ਸਿਰਫ ਇਕ ਜਾਂ ਦੋ ਚੈਪਟਰ ਰੁਮਾਂਟਿਕ ਹਨ ਜਿਵੇਂ ਰੇਸ਼ਮ ਅਤੇ ਰੂਪ ਦੇ ਪਿਆਰ ਵਿਆਹ ਦਾ ਚੈਪਟਰ। ਬਾਕੀ ਗਰੀਨ ਕਾਰਡ ਦੀ ਪ੍ਰਾਪਤੀ ਤੋਂ ਬਾਅਦ ਹੀ ਵਿਆਹ ਆਦਿ ਬਾਰੇ ਸੋਚਦੇ ਹਨ।

ਨਾਵਲ ਦੇ ਦਿਲਚਸਪ ਹੋਣ ਵਿਚ ਇਸਦੀ ਬੋਲੀ ਦਾ ਵੀ ਮੀਰੀ ਗੁਣ ਹੈ। ਠੇਠ ਮਲਵਈ ਬੋਲੀ ਬਹੁਤ ਸਹਿਜ ਹੈ। ਇਹ ਮੁਹਾਵਰੇਦਾਰ ਹੈ। ਸਰਲ ਤੇ ਸਹਿਜ ਬੋਲੀ ਪਾਠਕ ਦੇ ਦਿਲ ਵਿਚ ਡੂੰਘੀ ਧਸ ਜਾਂਦੀ ਹੈ। ਵਾਰਤਾਲਾਪ ਤੇ ਵਰਣਨ ਬਹੁਤ ਨਾਟਕੀ ਹੈ। ਨਮੂਨੇ ਵਜੋਂ ਕਈ ਵਾਕ ਕਟਾਖ਼ਸ਼, ਮੁਹਾਵਰੇ ਤੇ ਅਖਾਣ ਜ਼ਬਾਨ 'ਤੇ ਚੜ੍ਹ ਜਾਂਦੇ ਹਨ। ਜਿਵੇਂ...

-38 ਸਾਲ ਦੇ ਗੁਰਨਾਮ ਦਾ 26 ਸਾਲ ਦੀ ਕੋਮਲ ਨਾਲ ਵਿਆਹ ਤੇ ਰੇਸ਼ਮ ਨੇ ਚੋਟ ਕੀਤੀ: ਬੋਲਿਆ "ਬਾਈ ਗੁਰਨਾਮ ਨੇ ਪੁਰਾਣੇ ਸਾਈਕਲ ਨੂੰ ਨਵੀਂ ਘੰਟੀ ਲਵਾ ਹੀ ਲਈ।"

-ਭੇਡ ਦੇ ਕਤਲ ਵਿਚ ਕਿਹੜਾ ਫਾਂਸੀ ਹੋਣੀ ਸੀ?

-ਤੈਂ ਜਗਮੀਤ ਤੋਂ ਕੀ ਟੀਂਡੇ ਲੈਣੇ ਐ, ਜੋ ਵੱਟਿਆ, ਸੋ ਖੱਟਿਆ

-ਨੈਣਾਂ ਦੇ ਨੈਣਾਂ ਵਿਚੋਂ ਨੀਰ ਦੀ ਨਦੀ ਵਹਿ ਤੁਰੀ।

-ਤੂੰ ਆਪਣੇ ਬੱਚਿਆਂ ਬਾਰੇ ਸੋਚ, ਮਾਸੀ ਦਾ ਕੀ ਐ? ਦੋ ਦਿਨ ਰੁੱਸ ਕੇ ਆਪੇ ਬੋਲਣ ਲੱਗ ਜੂਗੀ।




-ਨਾਈਆਂ ਦੀ ਵਾਰੀ ਪਾਰਸਾ ਖੂਹ ਵਿਚ।

ਕੈਨੇਡਾ, ਅਮਰੀਕਾ ਤੇ ਹੋਰ ਬਾਹਰਲੇ ਦੇਸ਼ਾਂ ਦੇ ਗੁਰਦੁਆਰੇ ਨਿਰਾ ਧਾਰਮਿਕ ਸਥਾਨ ਨਹੀਂ ਸਗੋਂ ਰਾਜਸੀ, ਧਾਰਮਿਕ, ਆਰਥਿਕ ਤੇ ਸਮਾਜਿਕ ਜੀਵਨ ਦੇ ਕੇਂਦਰ ਹਨ। ਪਰਵਾਸੀਆਂ ਲਈ ਕੁਝ ਸਮਾਂ ਠਹਿਰਨ ਤੇ ਆਪਸ ਵਿਚ ਮੇਲ ਮਿਲਾਪ ਦਾ ਸਥਾਨ ਬਣਦੇ ਹਨ। ਉਹ ਇੱਥੇ ਕੁਝ ਦਿਨ ਜਾਂ ਮਹੀਨਾ ਕੁ ਭਰ ਰਹਿ ਕੇ ਅੱਗੇ ਰਹਿਣ ਲਈ ਰੈਣ ਵਸੇਰਾ ਲੱਭ ਲੈਂਦੇ ਹਨ।

ਨਾਇਕ ਜਗਮੇਲ ਸੂਝਵਾਨ, ਦੂਰ ਅੰਦੇਸ਼ੀ, ਦਰਿਆ ਦਿਲ, ਦੂਸਰਿਆਂ ਦੇ ਕੰਮ ਆਉਣ ਵਾਲਾ ਹੈ। ਉਹ ਹਰੇਕ ਦੀ ਸਹਾਇਤਾ ਕਰਦਾ ਹੈ। ਉਹ ਨਵੇਂ ਆਇਆਂ ਦੀ ਸਾਂਭ ਸੰਭਾਲ, ਰਿਹਾਇਸ਼ ਤੇ ਆਰਥਿਕ ਮੱਦਦ ਕਰਦਾ ਹੈ। ਉਸਦੇ ਘਰ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਰਹਿੰਦੇ ਸਨ। ਉਹ ਚੰਗਾ ਤੇ ਇਮਾਨਦਾਰ ਕਾਮਾ ਹੈ। ਸਭ ਸਾਥੀਆਂ ਦੇ ਦਿਲ 'ਤੇ ਰਾਜ ਕਰਦਾ ਹੈ। ਉਸਦੀ ਤਿਰਸ਼ੀ ਨਜ਼ਰ ਹਰ ਗੱਲ ਦਾ ਐਕਸ-ਰੇਅ ਕਰਨ ਦੇ ਯੋਗ ਹੈ। ਉਹ ਭਲੀ ਭਾਂਤ ਜਾਣਦਾ ਹੈ ਕਿ ਉਹ ਗਰੀਨ ਕਾਰਡ ਹੋਲਡਰ ਦੇ ਰਹਿਮ 'ਤੇ ਹਨ। ਉਹ ਆਪਣੇ ਸਾਥੀਆਂ ਨੂੰ ਦਸਦਾ ਹੈ ਕਿ ਗਰੀਨ ਕਾਰਡ ਹੋਲਡਰ ਗੁਰਨਾਮ ਦੇ ਘਰ ਉਨ੍ਹਾਂ ਦੇ ਕਾਗਜ਼ ਪੱਤਰ ਆਉਂਦੇ ਹਨ ਜੇ ਸਰਕਾਰ ਨੂੰ ਪਤਾ ਲੱਗ ਜਾਵੇ ਤਾਂ ਉਸਨੂੰ ਭਾਰੀ ਜੁਰਮਾਨਾ ਦੇਣਾ ਪੈ ਸਕਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਗੁਰਨਾਮ ਦੇ ਅਪਾਰਟਮੈਂਟ ਵਿਚ ਆਉਣ ਦਾ ਕਾਰਨ ਇਹ ਵੀ ਹੈ ਕਿ ਉਹ ਇਕੱਲਾ ਰਹਿ ਰਿਹਾ ਹੈ ਤੇ ਉਨ੍ਹਾਂ ਕੋਲ ਆ ਕੇ ਹੱਸ ਖੇਡ ਜਾਂਦਾ ਹੈ।

ਸਾਧੂ ਸਿੰਘ ਦਾ ਇਹ ਕਹਿਣਾ ਬਿਲਕੁਲ ਉਚਿਤ ਕਿ ਇਹ ਸਾਰੇ ਕਾਮੇ ਧਰਮ, ਜਾਤ, ਨਸਲ ਆਦਿ ਤੋਂ ਉਪਰ ਸਨ। ਉਹ ਇੱਕ ਸਾਂਝਾ ਪਰਵਾਰ ਸੀ। ਉਨ੍ਹਾਂ ਦਾ ਖਾਣ-ਪੀਣ ਸਾਂਝਾ ਸੀ। ਉਨ੍ਹਾਂ ਦਾ ਉਦੇਸ਼ ਸਾਂਝਾ ਸੀ, ਗਰੀਨ ਕਾਰਡ ਲੈਣਾ, ਯੋਗਤਾ ਅਨੁਸਾਰ ਨੌਕਰੀ ਪ੍ਰਾਪਤ ਕਰਨੀ, ਕੰਮ ਦੇ ਇਵਜ਼ਾਨੇ ਵਿਚ ਸਭ ਦੀ ਬਰਾਬਰੀ ਅਤੇ ਪਿੱਛੇ ਜਾ ਕੇ ਵਿਆਹ ਆਦਿ ਕਰਵਾ ਕੇ ਅਮਰੀਕਾ ਪੱਕੇ ਤੌਰ 'ਤੇ ਵਸੇਵਾ ਕਰਨ ਦਾ। ਇਹ ਸਾਰੇ ਪੰਜਾਬੀ ਸਨ ਜਿਨ੍ਹਾਂ ਦੀ ਬੋਲੀ ਪੰਜਾਬੀ ਸੀ। ਇਹ ਮੌਤ ਨੂੰ ਮਾਸੀ ਕਹਿਣ ਵਾਲੇ ਹਨ।

ਇਕ ਬਾਈ ਸਾਲ ਦਾ ਕਲੀਨ ਸ਼ੇਵਨ ਮੁੰਡਾ ਕਹਿਣ ਲਗਿਆ "ਮੈਂ ਮਲੇਰ ਕੋਟਲੇ ਤੋਂ ਹਾਂ ਮੇਰਾ ਮੁਸਲਮਾਨਾਂ ਦੇ ਘਰ ਦਾ ਜਨਮ ਹੈ...ਇਨ੍ਹਾਂ ਨੇ ਕਦੇ ਜਾਤ ਪਾਤ ਦੀ ਗੱਲ ਨਹੀਂ ਕੀਤੀ। ਪਰ ਭਾਰਤ ਵਿਚ ਦਾ ਵਰਤਾਰਾ ਤਾਂ ਮੈਨੂੰ ਇਹ ਲੱਗ ਰਿਹਾ ਸੀ ਕਿ ਮੁਸਲਮਾਨ ਹੋਣਾ ਇੱਕ ਗੁਨਾਹ ਹੈ।" ਇਹ ਕਹਿੰਦਿਆਂ ਉਸ ਦੀਆਂ ਅੱਖਾਂ ਨਮ ਹੋ ਗਈਆਂ।

ਰੇਸ਼ਮ ਨੇ ਉਸਦਾ ਮੋਢਾ ਪਲੋਸਦਿਆਂ ਕਿਹਾ "ਨਹੀਂ ਵੀਰ, ਤੂੰ ਦਿਲ ਹੌਲਾ ਨਾ ਕਰ। ਤੂੰ ਸਾਡੇ ਵਰਗਾ ਹੈਂ ਤੇ ਸਾਡਾ ਭਰਾ ਹੈਂ। ਇਹ ਜਾਤਾਂ, ਪਾਤਾਂ, ਧਰਮਾਂ ਦੇ ਝਗੜੇ ਸਭ ਸਿਆਸਤਦਾਨਾਂ ਦੇ ਬਣਾਏ ਹੋਏ ਐ, ਆਪਾਂ ਸਭ ਇਨਸਾਨ ਹਾਂ, ਕਦੇ ਵੀ ਆਪਣੇ ਆਪ ਨੂੰ ਕਿਸੇ ਤੋਂ ਨੀਵਾਂ ਨਾ ਸਮਝੀਂ।"

ਇਸ ਨਾਵਲ ਦੀ ਇੱਕ ਪਰਤ ਇਹ ਵੀ ਹੈ ਕਿ ਬਾਹਰ ਆਇਆਂ ਕਾਮਿਆਂ ਦਾ ਦੇਸ ਵਾਸੀਆਂ ਤੇ ਦੇਸ ਵਸਦੇ ਆਪਣੇ ਪਰਿਵਾਰਾਂ ਲਈ ਬਹੁਤ ਪਿਆਰ ਹੈ। ਉਹ ਸਦਾ ਉਨ੍ਹਾਂ ਦੇ ਸੁਪਨਿਆਂ ਵਿਚ ਵਸਦੇ ਰਹਿੰਦੇ ਹਨ। ਉਹ ਜਾਇਜ਼ ਤੇ ਨਾਜਾਇਜ਼ ਢੰਗ ਨਾਲ ਉਨ੍ਹਾਂ ਨੂੰ ਬਾਹਰ ਲਿਜਾਣਾ ਲੋਚਦੇ ਹਨ। ਪਿੰਡ ਦੀ ਭਲਾਈ ਲਈ ਦਾਨ ਦਿੰਦੇ ਹਨ। ਜਗਮੇਲ ਆਪਣੇ ਭਰਾ ਦੇ ਦੋ ਬੱਚੇ ਆਪਣੇ ਲਿਖਾ ਕੇ ਨਾਲ ਲੈ ਆਇਆ ਸੀ।

ਇਹ ਗੱਲ ਵੀ ਮਹੱਤਵਪੂਰਨ ਕਿ ਬਾਹਰੋਂ ਆਏ ਭੈਣ ਭਰਾ, ਰਿਸ਼ਤੇਦਾਰ ਤੇ ਦੋਸਤ ਇੱਥੇ ਆ ਕੇ ਸ਼ਰੀਕ ਬਣ ਜਾਂਦੇ ਹਨ। ਉਨ੍ਹਾਂ ਵਿਚ ਈਰਖਾ ਆ ਜਾਂਦੀ ਹੈ। ਉਹ ਆਪਣਿਆਂ ਦੀ ਤਰੱਕੀ, ਘਰ, ਕਾਰ ਆਦਿ ਵੇਖ ਕੇ ਜਲਦੇ/ਸੜਦੇ ਹਨ।

1986 ਦਾ ਸਾਲ ਪਰਵਾਸੀ ਵਰਕਰਾਂ ਲਈ ਬਹੁਤ ਅਹਿਮ ਹੈ। ਇਸ ਸਾਲ ਰੀਗਨ ਦੀ ਸਰਕਾਰ ਨੇ ਇੱਕ ਬਿਲ ਪਾਸ ਕਰ ਦਿੱਤਾ ਜਿਸ ਅਨੁਸਾਰ 1982 ਈਸਵੀ ਤੋਂ ਪਹਿਲਾਂ ਦੇ ਆਏ ਲੋਕ ਜਿਨ੍ਹਾਂ ਨੇ ਘੱਟੋ ਘੱਟ ਤਿੰਨ ਮਹੀਨੇ ਖੇਤਾਂ ਵਿਚ ਕੰਮ ਕੀਤਾ ਹੈ' ਉਹ ਪੱਕੇ ਹੋਣ ਲਈ ਦਰਖਾਸਤਾਂ ਦੇ ਸਕਦੇ ਹਨ। ਇਹ ਸੁਣ ਕੇ ਬਾਹਰੋਂ ਬਹੁਤ ਸਾਰੇ ਲੋਕ ਆਪਣਾ ਪਹਿਲਾ ਨਾਮ ਬਦਲ ਕੇ ਅਮਰੀਕਾ ਆਉਣ ਲੱਗੇ। ਜਗਮੇਲ ਦੇ ਦੁਬਾਰਾ ਆਉਣ ਕਰਕੇ ਉਸ ਦਾ ਪਹਿਲਾਂ ਨਾਉਂ ਰਿਕਾਰਡ ਵਿਚ ਦਰਜ ਸੀ। ਉਸਨੇ ਵੀ ਆਪਣਾ ਪਾਸਪੋਰਟ ਸੁਖਪਾਲ ਸਿੰਘ ਦੇ ਨਾਉਂ 'ਤੇ ਬਣਾ ਲਿਆ। ਜਗਮੇਲ, ਭੂਰਾ, ਰੇਸ਼ਮ, ਕੁਲਬੀਰ ਤੇ ਹੋਰ ਅਨੇਕਾਂ ਨੇ ਇਸ ਐਕਟ ਦੀਆਂ ਸ਼ਰਤਾਂ ਪੂਰੀਆਂ ਕਰ ਕੇ ਦਰਖਾਸਤਾਂ ਦੇ ਦਿੱਤੀਆਂ। ਤਿੰਨ ਮਹੀਨਿਆਂ ਦੇ ਅੰਦਰ ਜਗਮੇਲ ਤੇ ਇਸਦੇ ਸਾਥੀਆਂ ਨੂੰ ਵਰਕ ਪਰਮਟ ਮਿਲ ਗਏ। ਚਾਰੇ ਪਾਸੇ ਖ਼ੁਸ਼ੀ ਦੀ ਲਹਿਰ ਫੈ.ਲ ਗਈ। ਇਸ ਪਿੱਛੋਂ ਬਿਨਾਂ ਡਰ ਭੈਅ ਤੋਂ ਚੰਗੇ ਤੇ ਆਪਣੀ ਯੋਗਤਾ ਅਨੁਸਾਰ ਕੰਮ ਲੱਭਣ ਲੱਗ ਪਏ। ਹੋਰ ਦੋ ਮਹੀਨਿਆਂ ਤੱਕ ਇਨ੍ਹਾਂ ਦੇ ਗਰੀਨ ਕਾਰਡ ਆ ਗਏ। ਪਾਰਟੀਆਂ ਦੇ ਜਸ਼ਨ ਮਨਾਏ ਗਏ।

ਨਾਵਲ ਦੀ ਵੱਡੀ ਪ੍ਰਾਪਤੀ ਹੈ ਕਿ ਨਾਵਲਕਾਰ ਨੇ ਨਸਲਵਾਦ ਨੂੰ ਕੋਈ ਥਾਂ ਨਹੀਂ ਦਿੱਤੀ। ਉਸਨੇ ਦੋਵਾਂ ਪਾਸਿਆਂ ਦੇ ਚੰਗੇ ਗੁਣਾਂ ਨੂੰ ਹੀ ਸਲਾਹਿਆ ਹੈ। ਕਿਸੇ ਵਰਗ ਨੂੰ ਉੱਚਾ ਨੀਵਾਂ ਨਹੀਂ ਦਿਖਾਇਆ।

ਰੌਬਰਟ ਜਾਹਨਸਨ ਤੇ ਜੈਨੀ ਦੇ ਪਾਤਰਾਂ ਦੀ ਸਿਰਜਣਾ ਸਾਧੂ ਸਿੰਘ ਦੀ ਅਹਿਮ ਤੇ ਵਧੀਆ ਪ੍ਰਾਪਤੀ ਹੈ। ਗਰੀਨ ਕਾਰਡ ਮਿਲਣ ਪਿੱਛੋਂ ਗੈਸ ਸਟੇਸ਼ਨ ਤੇ ਕਾਰ-ਵਾਸ਼ ਦੇ ਮਾਲਕ ਰੌਬਰਟਸ ਜੋਹਨਸਨ ਨੇ ਇਨ੍ਹਾਂ ਦੀ ਤਨਖਾਹ ਵਧਾ ਦਿੱਤੀ।

ਜਦ ਜਗਮੇਲ ਤੇ ਰੇਸ਼ਮ ਪੰਜਾਬ ਗਏ ਹੋਏ ਸਨ। ਪਿੱਛੋਂ ਰੌਬਰਟਸਨ ਨੂੰ ਅਧਰੰਗ ਦਾ ਦੌਰਾ ਪੈ ਗਿਆ। ਉਸਦੇ ਬੱਚਿਆਂ ਨੇ ਸੇਵਾ ਸੰਭਾਲ ਤਾਂ ਇੱਕ ਪਾਸੇ ਰਹੀ, ਇੱਕ ਵਾਰ ਪਤਾ ਕਰਨ ਆਏ ਮੁੜ ਨਹੀਂ ਆਏ। ਉਸ ਦੀ ਬੀਮਾਰੀ ਵਿਚ ਉਨ੍ਹਾਂ ਉਸਦਾ ਪਤਾ ਲੈਣਾ ਜ਼ਰੂਰੀ ਨਾ ਸਮਝਿਆ।

ਰੌਬਰਟ ਜੋਹਨਸਨ ਦੀ ਚਿੱਠੀ ਮਿਲਣ 'ਤੇ ਉਹ ਛੁੱਟੀ ਵਿਚੇ ਛੱਡ ਕੇ ਭਾਰਤ ਤੋਂ ਵਾਪਸ ਆ ਗਏ। ਉਸਨੇ ਜਗਮੇਲ ਦੀ ਇਮਾਨਦਾਰੀ, ਤਾਮੀਰਦਾਰੀ ਤੇ ਸੇਵਾ ਸੰਭਾਲ ਦੇ ਇਵਜ਼ ਵਿਚ ਗੈਸ ਸਟੇਸ਼ਨ ਤੇ ਕਾਰ ਵਾਸ਼ ਉਸ ਦੇ ਨਾਉਂ ਕਰ ਦਿੱਤਾ। ਜਗਮੇਲ ਦੇ ਇਸ ਨੂੰ ਲੈਣ ਤੋਂ ਇਨਕਾਰ ਕਰਨ 'ਤੇ ਮਾਲਕਣ ਜੈਨੀ ਦੇ ਸ਼ਬਦ ਹਨ:

"ਨਹੀਂ ਜਗਮੇਲ, ਇਸ ਤਰ੍ਹਾਂ ਨਾ ਸੋਚ। ਤੁਸੀਂ ਸਾਰਾ ਕਾਰੋਬਾਰ ਚਲਾਉਣ ਵਿਚ ਸਾਡੀ ਬਹੁਤ ਮਦਦ ਕੀਤੀ ਹੈ, ਉਹ ਵੀ ਬਹੁਤ ਹੀ ਇਮਾਨਦਾਰੀ, ਤਹਿਦਿਲੀ ਪੂਰੀ ਸਮਝ ਨਾਲ।...ਕਾਸ਼ ਸਾਡੇ ਬੱਚੇ ਵੀ ਤੁਹਾਡੇ ਵਰਗੇ ਹੁੰਦੇ। ਇਹ ਸਮਝ ਲਵੋ ਅਸੀਂ ਦੋਵਾਂ ਨੇ ਸਲਾਹ ਕੀਤੀ ਹੈ ਤੁਸੀਂ ਹੀ ਸਾਡੇ ਬੱਚੇ ਹੋ। ...ਅਸੀਂ ਤਾਂ ਰਾਤ ਦੋਵਾਂ ਨੇ ਸਲਾਹ ਕੀਤੀ ਹੈ ਕਿ ਢਾਈ ਏਕੜ ਵਿਚ ਪਸਰਿਆ ਮਿਲੀਅਨਾਂ ਦਾ ਇਹ ਕਾਰੋਬਾਰ ਤੁਹਾਡੇ ਨਾਉਂ ਕਰ ਦਿੱਤਾ ਜਾਵੇ। ਹੁਣ ਤੱਕ ਜਿਵੇਂ ਇਹ ਬਿਜ਼ਨਸ ਚੱਲ ਰਿਹਾ ਹੈ। ਮੈਨੂੰ ਪੈਸੇ ਦੇ ਕੇ ਤੈਨੂੰ ਵੀਹ ਪੱਚੀ ਹਜਾਰ ਡਾਲਰ ਮਹੀਨੇ ਦੇ ਬਚ ਜਿਆ ਕਰਨਗੇ।"

ਉਨ੍ਹਾਂ ਸਾਰਾ ਬਿਜ਼ਨਸ ਜਗਮੇਲ ਦੇ ਨਾਉਂ ਭੌਂ ਦੇ ਭਾਅ ਕਰ ਦਿੱਤਾ। ਜੈਨੀ ਦੇ ਖਰਚ ਵਾਸਤੇ ਸੱਤ ਹਜ਼ਾਰ ਡਾਲਰ ਪਰਵਾਨ ਕੀਤਾ।

ਸੰਖੇਪ ਵਿਚ ਇਸ ਨਾਵਲ ਦੇ ਸਾਰੇ ਪਾਤਰਾਂ ਨੂੰ ਗਰੀਨ ਕਾਰਡ ਮਿਲ ਗਏ। ਰੇਸ਼ਮ ਦਾ ਰੂਪ ਨਾਲ ਵਿਆਹ ਹੋ ਗਿਆ। ਸਾਰੇ ਪੱਕੇ ਹੋ ਗਏ। ਸਾਰੇ ਖ਼ੁਸ਼ੀ ਨਾਲ ਜਸ਼ਨ ਮਨਾਉਣ ਲੱਗੇ ਤੇ ਭੂਰੇ ਵਲੋਂ ਪਾਈ ਬੋਲੀ ਨਾਲ ਜਸ਼ਨ ਦੀ ਸਮਾਪਤੀ ਹੋਈ।

'ਬਾਰ੍ਹੀਂ ਬਰਸੀਂ ਖੱਟਣ ਗਿਆ ਸੀ,
ਓਹ ਖੱਟ ਕੇ ਲਿਆਂਦਾ ਅਮਰੀਕਾ
ਬਦਲਿਆ ਗਰੀਨ ਕਾਰਡ ਨੇ,
ਸਾਡੀ ਜ਼ਿੰਦਗੀ ਦਾ ਤੌਰ ਤਰੀਕਾ
ਬਈ ਬਦਲਿਆ ਗਰੀਨ ਕਾਡ ਨੇ।

# ਹਾਇ ਬੀਬੀ ਮੈਂ ਮਰ ਗਿਆ!

ਇਹ ਸੰਨ 81 ਦੀ ਗੱਲ ਹੈ ਜਦੋਂ ਮੈਂ ਪ੍ਰੈੱਪ 'ਚ ਪੜ੍ਹਦੀ ਸੀ ਤਾਂ ਕਾਲਜ ਵਾਲ਼ਿਆਂ ਨੇ ਨੇੜੇ ਤੇੜੇ ਦੇ ਪਿੰਡਾਂ ਤੋਂ ਵਿਦਿਆਰਥਣਾਂ ਲਿਆਉਣ ਲਈ ਬੱਸ ਲਗਾਈ ਹੋਈ ਸੀ। ਉਸੇ ਬੱਸ ਵਿਚ

**ਅਮਨਜੀਤ ਕੌਰ**
**ਫੋਨ: +1-818-213-0222**

ਕਾਲਜ ਲਾਗੇ ਦੇ ਇੱਕ ਛੋਟੇ ਜਿਹੇ ਸਕੂਲ ਦੇ ਬੱਚੇ ਵੀ ਜਾਂਦੇ ਸਨ। ਕਾਲਜ ਨੂੰ ਜਾਂਦੇ ਰਾਹ ਵਿਚ ਇੱਟਾਂ ਵਾ.ਲਾ ਭੱਠਾ ਹੋਣ ਕਰਕੇ ਸੜਕ ਦੇ ਨਾਲ ਲੱਗਦੇ ਖੇਤ ਸੜਕ ਤੋਂ ਤਿੰਨ ਚਾਰ ਫੁੱਟ ਨੀਵੇਂ ਹੋ ਗਏ ਸਨ। ਉਥੇ ਹੀ ਇੱਕ ਖ਼ਤਰਨਾਕ ਜਿਹਾ ਕੂਹਣੀ ਮੋੜ ਵੀ ਪੈਂਦਾ ਸੀ।

ਇੱਕ ਦਿਨ ਸਾਡੀ ਬੱਸ ਦੇ ਡਰਾਈਵਰ ਨੇ ਕੂਹਣੀ ਮੋੜ 'ਤੇ ਅੱਗਿਉਂ ਆ ਰਹੇ ਘੋੜੇ ਵਾ.ਲੇ ਰੇੜ੍ਹੇ ਨੂੰ ਬਚਾਉਂਦਿਆਂ ਬੱਸ ਏਨੀ ਮੋੜ ਦਿੱਤੀ ਕਿ ਰੁੜ੍ਹਦੀ ਬੱਸ ਨੀਵੇਂ ਖੇਤਾਂ 'ਚ ਜਾ ਡਿੱਗੀ। ਚੀਕ-ਚਿਹਾੜਾ ਪੈ ਗਿਆ! ਥੋੜ੍ਹੀ ਦੂਰ ਖੇਤਾਂ 'ਚ ਬਣੇ ਘਰਾਂ 'ਚੋਂ ਲੋਕ ਮੱਦਦ ਲਈ ਭੱਜੇ ਆਏ। ਡਿੱਗੀ ਬੱਸ ਦੀ ਡਰਾਈਵਰ ਵਾ.ਲੀ ਖਿੜਕੀ ਅਸਮਾਨ ਵੱਲ ਨੂੰ ਖੁੱਲ੍ਹ ਗਈ। ਫੁਰਤੀ ਨਾਲ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਅਸੀਂ ਦਸ-ਬਾਰਾਂ ਕੁੜੀਆਂ ਤੇ ਏਨੇ ਕੁ ਹੀ ਬੱਚੇ ਸਨ ਬੱਸ ਵਿਚ! ਹੁਣ ਲੋਕ ਸੋਚਣ ਕਿ ਕੁੜੀਆਂ ਤੇ ਬੱਚਿਆਂ ਨੂੰ ਬੱਸ 'ਚੋਂ ਬਾਹਰ ਕਿਵੇਂ ਕੱਢਿਆ ਜਾਵੇ? ਇਕ ਜਣੇ ਨੇ ਡਰਾਈਵਰ ਵਾਲੀ ਖਿੜਕੀ ਰਾਹੀਂ ਉੱਤਰ ਕੇ ਬੱਚਿਆਂ ਨੂੰ ਬੱਸ 'ਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਰੱਬ ਦਾ ਸ਼ੁਕਰ ਕਿ ਕਿਸੇ ਦੇ ਗੰਭੀਰ ਸੱਟਾਂ ਨਹੀਂ ਸਨ ਲੱਗੀਆਂ।

ਹੁਣ ਆਈ ਵਾਰੀ ਸਾਡੀ ਕੁੜੀਆਂ ਦੀ। ਬੱਸ ਵਿਚ ਵੜੇ ਉਸ ਵੀਰ ਨੇ ਆਵਾਜ਼ ਮਾਰੀ ਕਿ ਬਾਹਰੋਂ ਇਕ ਜਣਾ ਹੋਰ ਬੱਸ 'ਚ ਉਤਰੇ ਤਾਂ ਕਿ ਵਿਚਾਰੀਆਂ ਕੁੜੀਆਂ ਨੂੰ ਵੀ ਬਾਹਰ ਕੱਢਿਆ ਜਾਵੇ। ਇਕ ਹੋਰ ਮੁੰਡਾ ਬੱਸ 'ਚ ਉੱਤਰ ਆਇਆ ਤੇ ਕਹਿਣ ਲੱਗਾ ਕਿ ਲਓ ਭਾਈ ਕੁੜੀਓ ਮੇਰੀ ਪਿੱਠ 'ਤੇ ਪੈਰ ਰੱਖ ਰੱਖ ਕੇ ਇੰਜਣ ਕੋਲੋਂ ਦੀ ਸਟੇਅਰਿੰਗ ਫੜ ਕੇ ਬਾਹਰ ਨੂੰ ਨਿਕਲੋ। ਬਾਹਰ ਖੜ੍ਹੇ ਲੋਕਾਂ ਨੇ ਸਾਨੂੰ ਸਾਰੀਆਂ ਜਣੀਆਂ ਨੂੰ ਬਾਹੋਂ ਫੜ-ਫੜ ਬਾਹਰ ਕੱਢ ਲਿਆ। ਅਸੀਂ ਸਾਰੀਆਂ ਜਣੀਆਂ ਨੇ ਮੱਦਦ ਕਰਨ ਵਾ.ਲੇ ਉਨ੍ਹਾਂ ਭਰਾਵਾਂ ਨੂੰ ਰੱਜ ਕੇ ਅਸੀਸਾਂ ਦਿੱਤੀਆਂ ਅਤੇ ਸ਼ੁਕਰਾਨਾ ਕਰਿਆ!

ਹੁਣ ਸੁਣੋ ਇਸ ਕਾਂਡ ਦੀ ਅਗਲੀ ਦਿਲਚਸਪ ਗੱਲ-ਉਸ ਘਟਨਾ ਤੋਂ ਤਿੰਨ-ਚਾਰ ਕੁ ਦਿਨਾਂ ਬਾਅਦ ਅਸੀਂ ਕਾਲਜ ਬੈਠੀਆਂ ਤਿੰਨ-ਚਾਰ ਕੁੜੀਆਂ ਬੱਸ ਉਲਟਣ ਬਾਰੇ ਗੱਲਾਂ ਕਰ ਰਹੀਆਂ ਸਾਂ ਕਿ ਅਚਾਨਕ ਨਿੱਕੀ ਨੇ ਉੱਚੀ ਉੱਚੀ ਹੱਸਣਾ ਸ਼ੁਰੂ ਕਰ ਦਿੱਤਾ। ਅਸੀਂ ਹੈਰਾਨ ਕਿ ਇਹਨੂੰ ਕੀ ਹੋ ਗਿਆ? ਉਸ ਨੇ ਆਪਣਾ ਹਾਸਾ ਮਸਾਂ ਰੋਕਦਿਆਂ ਗੱਲ ਸੁਣਾਈ "ਕੁੜੇ ਓਦਣ ਬੱਸ ਵਿਚੋਂ ਕੋਡੇ ਹੋਏ ਜਿਸ ਭਾਈ ਦੀ ਪਿੱਠ 'ਤੇ ਪੈਰ ਰੱਖ ਰੱਖ ਕੇ ਅਸੀਂ ਸਾਰੀਆਂ ਜਣੀਆਂ ਬਾਹਰ ਨਿੱਕ.ਲੀਆਂ ਸੀਗੀਆਂ, ਸਭ ਤੋਂ ਅਖੀਰ ਵਿਚ ਮੇਰੀ ਵਾਰੀ ਆਈ ਤੋਂ ਜਦ ਮੈਂ ਉਹਦੀ ਪਿੱਠ 'ਤੇ ਪੈਰ ਰੱਖਿਆ ਤਾਂ ਉਹ ਵਿਚਾਰਾ ਇੱਕ ਦਮ 'ਕੱਠਾ ਜਿਹਾ ਹੁੰਦਾ ਚੀਕਿਆ-'ਹਾਇ ਉਏ ਬੀਬੀ ਮੈਂ ਮਰ ਗਿਆ!' ਕਿਉਂਕਿ ਮੈਂ ਓਦਣ 'ਪੈਂਸਲ ਹੀਲ' ਵਾਲੇ ਸੈਂਡਲ ਪਾਏ ਹੋਏ ਸੀ...!!"

ਅਸੀਂ ਤਾਂ ਐਕਸੀਡੈਂਟ ਵਾ.ਲਾ ਉਹ ਡਰਾਉਣਾ ਸੀਨ ਚੇਤੇ ਕਰ ਕੇ ਸਹਿਮੀਆਂ ਹੋਈਆਂ ਨਿੱਕੀ ਨੂੰ ਵਰਜੀਏ ਪਰ ਉਹਦਾ ਹਾਸਾ ਈ ਨਾ ਬੰਦ ਹੋਵੇ!!!

# ਜ਼ਬਾਨ ਦੀ ਕੀਮਤ

"ਅਸਲ ਕੀਮਤ ਜ਼ਬਾਨ ਦੀ ਹੁੰਦੀ ਹੈ। ਤੂੰ ਮੇਰੀ ਕੀਮਤ ਥੋੜ੍ਹੀ ਪਾਈ ਸੀ।"

'ਸਿੱਖ ਰਾਜ ਕਵੇਂ ਗਿਆ?' ਸੋਹਣ ਸਿੰਘ ਸੀਤਲ ਦੀ ਬਹੁਤ ਮਹੱਤਵਪੂਰਨ ਤੇ ਹਰਮਨਪਿਆਰੀ ਕਿਤਾਬ ਹੈ। ਕਿਤਾਬ ਛਪਣ ਤੋਂ ਵੀ ਪਹਿਲਾਂ ਉਹ ਸਟੇਜਾਂ ਉੱਤੇ ਇਹ ਪ੍ਰਸੰਗ ਸੁਣਾਉਂਦੇ ਰਹੇ ਸਨ। ਜਦੋਂ ਸਟੇਜਾਂ 'ਤੇ ਜਾਂਦੇ ਤਾਂ ਲੋਕ ਕਹਿੰਦੇ ਕਿ ਜਿਹੜੇ ਪੁਰਬ 'ਤੇ ਬੁਲਾਇਆ ਏ, ਉਹਦੀ ਇੱਕ ਅੱਧੀ ਪੌੜੀ ਕਹਿ ਦਿਉ। ਸੁਣਨਾ ਅਸੀਂ ਸਿੱਖ ਰਾਜ ਹੀ ਹੈ।

ਲੋਕ ਸੁਣਦੇ ਤਾਂ ਉਨ੍ਹਾਂ ਦੇ ਅੱਥਰੂ ਠੱਲ੍ਹੇ ਨਾ ਜਾਂਦੇ। ਇਹ ਕਿਤਾਬ 1944 ਵਿਚ ਛਪ ਗਈ। ਇਸ ਪੁਸਤਕ 'ਤੇ ਉਹਨੇ ਬਹੁਤ ਹੀ ਮਿਹਨਤ ਕੀਤੀ। ਇਹ ਕਿਤਾਬ ਉਸ ਦੇ ਅਧਿਐਨ ਅਤੇ ਖੋਜ ਦੀ ਵਧੀਆ ਗਵਾਹੀ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਹੈ।

ਸੀਤਲ ਦਾ ਮੰਨਣਾ ਸੀ ਕਿ 'ਸਿਖ ਰਾਜ ਕਿਵੇਂ ਗਿਆ?' ਨੇ ਮੈਨੂੰ ਬਹੁਤ ਕੁੱਝ ਦਿੱਤਾ ਹੈ। ਮਾਣ ਤੇ ਵਡਿਆਈ ਵੀ ਅਤੇ ਪੈਸਾ ਵੀ। ਸੱਤਰ ਹਜ਼ਾਰ ਤੋਂ ਉਪਰ ਇਹ ਵਿਕ ਚੁੱਕੀ ਹੈ। ਉਦੋਂ ਕੀਮਤ ਚਾਰ ਰੁਪਏ ਸੀ, ਹੁਣ ਪੰਜਾਹ ਰੁਪਏ ਹੈ ਪਰ ਚਾਰ 'ਚੋਂ ਪੰਜਾਹ ਨਾਲੋਂ ਜ਼ਿਆਦਾ ਬਚਦਾ ਸੀ। (ਇਹ 1986 ਸੰਨ ਦੀ ਗੱਲ ਹੈ। ਉਸਤੋਂ ਬਾਅਦ ਪਤਾ ਨਹੀਂ ਇਸ ਦੀਆਂ ਕਿੰਨੀਆਂ ਐਡੀਸ਼ਨਾਂ ਛਪੀਆਂ, ਇਸਦਾ ਲੇਖਾ ਨਹੀਂ।)

ਉਹ ਜਿੱਥੇ ਵੀ ਦੀਵਾਨ 'ਤੇ ਜਾਂਦੇ, ਆਪਣੀਆਂ ਕਿਤਾਬਾਂ ਨਾਲ ਲੈ ਕੇ ਜਾਂਦੇ ਸਨ। ਦੀਵਾਨ ਤੋਂ ਬਾਅਦ ਲੋਕ ਉਨ੍ਹਾਂ ਕੋਲੋਂ ਕਿਤਾਬਾਂ ਖ਼ਰੀਦ ਲੈਂਦੇ ਸਨ। ਇਸ ਕਰ ਕੇ ਇਸ ਕਿਤਾਬ ਦੀ ਇੱਕ ਸਾਲ ਵਿਚ ਹੀ ਸਾਰੀ ਐਡੀਸ਼ਨ ਵਿਕ ਗਈ। ਦੂਜੀ ਐਡੀਸ਼ਨ ਛਪੀ ਤਾਂ ਇੱਕ ਦਿਨ 'ਲਾਹੌਰ ਬੁੱਕ ਸ਼ਾਪ' ਵਾਲਾ ਜੀਵਨ ਸਿੰਘ ਬਾਜ਼ਾਰ ਵਿਚ ਮਿਲ ਪਿਆ, ਕਹਿੰਦਾ, "ਤੂੰ ਸਾਰਾ ਐਡੀਸ਼ਨ ਮੈਨੂੰ ਦੇ ਦੇ। ਪੈਸੇ ਨਕਦ ਲੈ ਲੈ। ਤੇ ਕਿਤਾਬ ਵੇਚਣ ਦੇ ਫ਼ਿਕਰ ਤੋਂ ਮੁਕਤ ਹੋ ਕੇ ਅੱਗੇ ਹੋਰ ਕੰਮ ਕਰ॥"

ਕਿਤਾਬ ਦੀ ਪੂਰੀ ਐਡੀਸ਼ਨ ਵਿਕ ਰਹੀ ਸੀ। ਹੋਰ ਕੀ ਚਾਹੀਦਾ ਸੀ! ਸੀਤਲ ਮੰਨ ਗਿਆ। ਬਾਈ ਸੌ ਰੁਪਏ ਵਿਚ ਸੌਦਾ ਹੋ ਗਿਆ। ਜੀਵਨ ਸਿੰਘ ਨੇ ਕਿਹਾ ਕਿ ਉਹ ਇਕਰਾਰ ਤੋਂ ਪੰਜਵੇਂ ਦਿਨ ਅੰਮ੍ਰਿਤਸਰ ਦੇ ਬਜ਼ਾਰ ਮਾਈ ਸੇਵਾ ਵਿਚ ਬਾਰਾਂ ਵਜੇ ਨੂੰ ਆਵੇਗਾ ਤੇ ਮੈਂ ਓਥੇ ਉਹਨੂੰ ਮਿਲ ਕੇ ਪੈਸੇ ਲੈ ਲਵਾਂ। ਇਕਰਾਰ ਵਾਲੇ ਦਿਨ ਮੈਂ ਅੰਮ੍ਰਿਤਸਰ ਪੁੱਜ ਗਿਆ। ਉਹਨੇ ਸਭ ਨੂੰ ਦੱਸ ਦਿੱਤਾ ਸੀ ਕਿ ਕਿਤਾਬ ਲੈ ਲਈ ਹੈ।

ਸ੍ਰ. ਬਿਸ਼ਨ ਸਿੰਘ ਨੇ ਸੀਤਲ ਨੂੰ ਆਵਾਜ਼ ਮਾਰੀ। ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਕਿਤਾਬ ਜੀਵਨ ਸਿੰਘ ਨੂੰ ਵੇਚ ਦਿੱਤੀ ਹੈ।

"ਜੀਵਨ ਸਿੰਘ ਨਾਲ ਸੌਦਾ ਹੋ ਗਿਐ?"

"ਹਾਂ ਹੋ ਗਿਐ"

"ਬਾਈ ਸੌ ਦਾ?"

"ਹਾਂ, ਬਾਈ ਸੌ ਦਾ।"


"ਕੋਈ ਲਿਖਤ ਪੜ੍ਹਤ?"

"ਨਾ, ਕੋਈ ਨਾ।"

"ਜੇ ਲਿਖਤ-ਪੜ੍ਹਤ ਨਹੀਂ ਹੋਈ ਤਾਂ ਮੇਰੇ ਤੋਂ ਹੁਣੇ ਸਤਾਈ ਸੌ ਨਕਦ ਲੈ ਤੇ ਕਿਤਾਬ ਮੈਨੂੰ ਦੇ ਦੇ, ਕਿਉਂਕਿ ਅਜੇ ਕੋਈ ਲਿਖਤੀ ਇਕਰਾਰ ਤਾਂ ਹੋਇਆ ਨਹੀਂ।"

ਸੀਤਲ ਨੇ ਹੱਸ ਕੇ ਆਖਿਆ, "ਮੇਰੀ ਕੀਮਤ ਬਹੁਤ ਘੱਟ ਪਾਈ ਊ। ਮੈਂ ਵਾਅਦਾ ਕਰ ਕੇ ਮੁਕਰਨਾ ਨਹੀਂ ਜਾਣਦਾ। ਅੱਜ ਸਾਰਾ ਦਿਨ ਸ. ਜੀਵਨ ਸਿੰਘ ਨੂੰ ਉਡੀਕਾਂਗਾ। ਨਾ ਆਏ ਤਾਂ ਭਲਕੇ ਮੈਂ ਆਜ਼ਾਦ ਹਾਂ। ਜੇ ਨਾ ਆਵੇਗਾ ਤਾਂ ਤੇਰੇ ਨਾਲ ਪੁੱਜਦਾ ਸੌਦਾ ਕਰ ਲਵਾਂਗਾ।"

ਬਾਰਾਂ ਵਜੇ ਦੇ ਕਰੀਬ ਜੀਵਨ ਸਿੰਘ ਆ ਗਿਆ। ਉਹਨੇ ਸੀਤਲ ਨੂੰ ਬਾਈ ਸੌ ਦਿੱਤੇ। ਉਹਨੇ




ਦਫ਼ਤਰੀ ਨੂੰ ਚਿੱਟ ਲਿਖ ਕੇ ਦੇ ਦਿੱਤੀ ਕਿ ਇਹਨੂੰ ਮਾਲ ਚੁਕਾ ਦਿਉ।

ਫੇਰ ਸੀਤਲ ਨੇ ਜੀਵਨ ਸਿੰਘ ਨੂੰ ਕਿਹਾ, "ਇਹ ਤੇਰਾ ਗਾਹਕ ਬੈਠਾ ਈ ਏਸੇ ਕਿਤਾਬ ਦਾ।"

ਕਹਿੰਦਾ, "ਕੀ ਦਿੰਦਾ?"

ਮੈਂ ਕਿਹਾ, "ਆਪਸ ਵਿਚ ਗੱਲ ਕਰ ਲਉ।"

ਤਿੰਨ ਸੌ ਵੱਧ ਦੇ ਕੇ ਮੇਰੇ ਬੈਠਿਆਂ ਹੀ ਉਹਨੇ ਕਿਤਾਬ ਜੀਵਨ ਸਿੰਘ ਤੋਂ ਖ਼ਰੀਦ ਲਈ।

ਜੀਵਨ ਸਿੰਘ ਚਲਾ ਗਿਆ ਤਾਂ ਬਿਸ਼ਨ ਸਿੰਘ ਕਹਿੰਦਾ, "ਐਵੇਂ ਤਿੰਨ ਸੌ ਗਵਾ ਲਿਆ ਮੁਫ਼ਤ ਵਿਚ।"

ਸੀਤਲ ਨੇ ਕਿਹਾ, "ਅਸਲ ਕੀਮਤ ਜ਼ਬਾਨ ਦੀ ਹੁੰਦੀ ਹੈ। ਤੂੰ ਮੇਰੀ ਕੀਮਤ ਥੋੜ੍ਹੀ ਪਾਈ ਸੀ।"

ਵਿਧਾਤਾ ਸਿੰਘ ਤੀਰ ਮਾਈ ਸੇਵਾ ਦੇ ਕਿਤਾਬਾਂ ਵਾਲਿਆਂ ਬਾਰੇ ਕਿਹਾ ਕਰਦਾ ਸੀ। ਖੱਬੀ ਛਾਤੀ 'ਤੇ ਪਹਿਲਾਂ ਇੱਕ ਹੱਥ ਰੱਖੋ ਕਿ ਜਿਹੜੇ ਬਟੂਏ ਵਿਚ ਨੇ, ਕੱਢ ਨਾ ਲੈਣ। ਦੂਜਾ ਹੱਥ ਇਸ ਕਰ ਕੇ ਰੱਖੋ ਕਿ ਕਿਤੇ ਦਸਖ਼ਤ ਨਾ ਕਰ ਦਿਉ।

ਉਦੋਂ ਤੱਕ ਸੀਤਲ ਦੀਆਂ ਪੰਜ-ਸੱਤ ਕਿਤਾਬਾਂ ਛਪ ਚੁੱਕੀਆਂ ਸਨ, ਜਿਨ੍ਹਾਂ ਦੀ ਚੰਗੀ ਚਰਚਾ ਸੀ। ਕਿਤਾਬਾਂ ਵਿਕਦੀਆਂ ਸਨ। ਮਾਈ ਸੇਵਾ ਦੇ ਬਾਜ਼ਾਰ ਵਾਲੇ ਸਾਰੇ ਪ੍ਰਕਾਸ਼ਕ ਸਲਾਹ ਕਰ ਕੇ ਇੱਕ ਦੁਕਾਨ 'ਤੇ ਇਕੱਠੇ ਹੋਏ। ਸਾਰੇ ਆਪਣੀ ਆਪਣੀ ਥਾਂ ਕਿਤਾਬਾਂ ਛਾਪਣ ਦੇ ਹੱਕ ਮੰਗਣ। ਸੀਤਲ ਉਨ੍ਹਾਂ ਨੂੰ ਪੂਰੇ ਹੱਕ ਦੇਣੇ ਮੰਨੇ ਨਾ। ਉਹ ਕਹਿੰਦੇ, "ਤੇਰਾ ਬਾਈਕਾਟ ਕਰ ਦਿਆਂਗੇ।"

ਸੀਤਲ ਦੁਕਾਨ ਤੋਂ ਉੱਤਰ ਆਇਆ ਤੇ ਕਿਹਾ, "ਤੁਸੀਂ ਵੀ ਸਿੱਖ ਤੇ ਮੈਂ ਵੀ ਸਿੱਖ ਤੇ ਜੱਟ ਵਾਧੂ ਦਾ। ਤੁਸੀਂ ਬਾਈਕਾਟ ਕਰੋਗੇ ਤਾਂ ਮੈਂ ਤੇਈਕਾਟ ਕਰ ਦਿਆਂਗਾ। ਅੱਗੇ ਤੁਹਾਨੂੰ ਮਹੀਨੇ ਲਈ ਕਿਤਾਬਾਂ ਉਧਾਰ ਦੇ ਦੇਂਦਾ ਸਾਂ। ਹੁਣ ਉਧਾਰ ਵੀ ਨਹੀਂ ਦਿਆਂਗਾ।"

ਕੁੱਝ ਛੋਟੇ ਦੁਕਾਨਦਾਰ ਵੀ ਸਨ। ਰਾਤ ਨੂੰ ਗੱਡੀ ਲੇਟ ਮਿਲਣ ਕਾਰਨ ਰਾਤ ਸਰਾਂ ਵਿਚ ਰਹਿਣਾ ਪੈਂਦਾ ਸੀ। ਉਹ ਰਾਤ ਨੂੰ ਸੀਤਲ ਕੋਲ ਆਏ। ਕਹਿੰਦੇ, "ਸਰਦਾਰ ਜੀ, ਸਾਡਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ। ਸਾਨੂੰ ਮਹੀਨੇ ਦਾ ਉਧਾਰ ਦੇਣਾ ਬੰਦ ਨਾ ਕਰੋ। ਜਦੋਂ ਆਉਣਾ ਹੋਵੇ ਕਿਸੇ ਇੱਕ ਨੂੰ ਖ਼ਤ ਲਿਖ ਦਿਉ। ਸਭ ਦੇ ਪੈਸੇ ਉਸੇ ਕੋਲੋਂ ਮਿਲ ਜਾਣਗੇ।"

ਸੰਤਾਲੀ ਵਿਚ ਉੱਜੜ ਕੇ ਆਏ ਤਾਂ ਪੈਸੇ ਦੀ ਤੰਗੀ ਸੀ। ਸੀਤਲ ਅੰਮ੍ਰਿਤਸਰ ਗਿਆ ਤੇ ਉਥੇ ਬਿਸ਼ਨ ਸਿੰਘ ਨੂੰ ਕਿਹਾ, "ਪੰਜ ਹਜ਼ਾਰ ਰੁਪੈਆ ਚਾਹੀਦਾ। ਆਪਣੀ ਪ੍ਰੈੱਸ ਲਾਉਣੀ ਹੈ। ਕੁੱਝ ਸਰਕਾਰ ਤੋਂ ਉਧਾਰ ਲੈਣਾ। ਕਿਤਾਬਾਂ ਛਾਪ ਕੇ ਪੰਜ ਹਜ਼ਾਰ ਮੋੜਾਂਗਾ।"

ਸ੍ਰ. ਬਿਸ਼ਨ ਸਿੰਘ ਨੇ ਉਸਨੂੰ ਪੰਜ ਹਜ਼ਾਰ ਰੁਪਏ ਫੜਾਏ ਤਾਂ ਸੀਤਲ ਨੇ ਕਿਹਾ, "ਰਸੀਦ ਲੈ ਲਵੋ"

ਉਹ ਕਹਿਣ ਲੱਗਾ, "ਰਸੀਦ! ਤੇ ਤੁਹਾਡੇ ਕੋਲੋਂ?"

ਸੀਤਲ ਨੇ ਮੁਸਕਰਾ ਕੇ ਕਿਹਾ, "ਸ. ਬਿਸ਼ਨ ਸਿੰਘ! ਇਹ ਜੇ ਉਸ ਤਿੰਨ ਸੌ ਰੁਪਏ ਦਾ ਮੁੱਲ...ਜਿਸ ਕਰਕੇ ਅੱਜ ਤੁਸੀਂ ਮੈਨੂੰ ਬਿਨਾਂ ਰਸੀਦ ਤੋਂ ਪੰਜ ਹਜ਼ਾਰ ਦੇ ਰਹੇ ਹੋ। ਜਿਸ ਆਦਮੀ ਦੀ ਜ਼ੁਬਾਨ ਨਹੀਂ ਉਸ ਦਾ ਕੁੱਝ ਵੀ ਨਹੀਂ...।"

** **'ਵੇਖਿਆ, ਜਾਣਿਆ-ਸੋਹਣ ਸਿੰਘ ਸੀਤਲ' ਵਿਚੋਂ**

# ਸਾਵਣੁ ਆਇਆ ਹੇ ਸਖੀ

ਸਾਵਣ ਮਹੀਨੇ ਦੀ ਝੜੀ, ਮਾਂ ਧਰਤ ਦੀ ਕੁੱਖ ਹਰੀ!

ਵੈਸੇ ਤਾਂ ਹਾੜ੍ਹ ਵਿਚ ਹੀ ਮੌਨਸੂਨ ਜਾਂ ਅਗਾਊਂ ਮੌਨਸੂਨ ਨਾਲ ਜੇਠ-ਹਾੜ੍ਹ ਦੀ ਅੱਗ ਨਾਲ ਝੁਲਸੀ ਧਰਤੀ ਥੋੜ੍ਹੀ ਬਹੁਤੀ ਸਾਹ ਲੈਣ ਲੱਗ ਪੈਂਦੀ ਹੈ ਪਰ ਸਬਜ਼ੇ ਤੇ ਬਰਸਾਤ ਦਾ ਸਹੀ ਸਿਰਨਾਵਾਂ ਤਾਂ ਸਾਉਣ ਮਹੀਨਾ ਹੀ ਹੁੰਦੈ। ਕਹਿੰਦੇ ਹਨ ਕਿ ਸਾਉਣ ਵਿਚ ਤਾਂ ਸੁੱਕੇ ਵੀ ਹਰੇ ਹੋ ਜਾਂਦੇ ਹਨ! ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ, ਜਿਵੇਂ ਹਰਾ ਸੂਟ ਪਾਈ ਕੁਦਰਤ ਰਾਣੀ ਕਿਸੇ ਮੇਲੇ ਆਈ ਹੋਵੇ!

ਸਾਡੇ ਸਾਹਿਤ, ਸੱਭਿਆਚਾਰ, ਸੰਗੀਤ, ਧਰਮ, ਰਹਿਤਲ ਵਿਚ ਸਾਵਣ/ਸਾਉਣ ਦਾ ਬੜਾ ਮਹੱਤਵ ਹੈ।

ਗੁਰਬਾਣੀ ਵਿਚ ਸਾਵਣ ਦਾ ਬਹੁਤ ਵਰਣਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਬਾਰਹ ਮਾਹਾ ਅੰਕਿਤ ਹਨ-ਇੱਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿਚ ਅਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ:

-ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ (ਅੰਗ 134)

-ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ (1108)

ਬਾਣੀ ਵਿਚ ਹੋਰ ਅਨੇਕਾਂ ਪ੍ਰਮਾਣ ਹਨ ਜਿਨ੍ਹਾਂ ਦਾ ਜ਼ਿਕਰ ਜ਼ਰਾ ਠਹਿਰ ਕੇ ਕਰਾਂਗੇ।

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸਾਵਣ ਮਹੀਨੇ ਦਾ ਵਰਣਨ ਕੀਤਾ ਹੈ। ਵੰਨਗੀ ਮਾਤਰ ਕੁਝ ਟੂਕਾਂ ਪੇਸ਼ ਹਨ:

-ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ॥

-ਸਾਵਣ ਲਹਿਰ ਤਰੰਗ ਨੀਰੁ ਨੀਵਾਣਿਆ॥

-ਸਾਵਣ ਵਣ ਹਰੀਆਵਲੇ ਅਕੁ ਜੰਮੇ ਅਉੜੀ॥

ਸਾਵਣ ਦਾ ਮਹੱਤਵ ਸਮਾਜਿਕ ਪਰਿਪੇਖ ਵਿਚ ਵੀ ਅਹਿਮ ਹੈ ਪਰ ਗੁਰਬਾਣੀ ਵਿਚ ਮਾਘ ਮਹੀਨੇ ਵਾਲੀ ਬਸੰਤ ਰੁੱਤ ਅਤੇ ਸਾਵਣ ਮਹੀਨੇ ਦੀ ਬਰਖਾ ਰੁੱਤ ਦਾ ਵਿਸ਼ੇਸ਼ ਜ਼ਿਕਰ ਮਿਲਦੈ।

ਇਨ੍ਹਾਂ ਦੋਵਾਂ ਰੁੱਤਾਂ/ਮਹੀਨਿਆਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹੁੰਦੇ ਰਸਭਿੰਨੇ ਕੀਰਤਨ ਦੌਰਾਨ ਬਸੰਤ, ਸਾਵਣ, ਮੀਂਹ, ਬੱਦਲ, ਝੜੀ, ਬਰਖਾ ਆਦਿ ਨਾਲ ਸਬੰਧਤ ਸ਼ਬਦਾਂ ਦਾ ਵਾਰ-ਵਾਰ ਗਾਇਨ ਕੀਤਾ ਜਾਂਦੈ। ਬਸੰਤ ਰੁੱਤ ਵੇਲੇ 'ਬਸੰਤ ਕੀ ਵਾਰ' (ਮਹਲਾ ਪੰਜਵਾਂ) ਤੋਂ ਇਲਾਵਾ 'ਬਸੰਤੁ ਚੜਿਆ ਫੂਲੀ ਬਨਰਾਇ'॥ 'ਬਨਸਪਤਿ ਮਉਲੀ ਚੜਿਆ ਬਸੰਤੁ','ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ'॥'ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ'॥ ਆਦਿ ਸ਼ਬਦਾਂ ਦਾ ਗਾਇਨ ਅਕਸਰ ਸੁਣਨ ਨੂੰ ਮਿਲਦੈ।

ਸਾਵਣ ਮਹੀਨੇ ਦੌਰਾਨ ਹੇਠ ਲਿਖੇ ਸ਼ਬਦਾਂ 'ਚੋਂ ਕਿਸੇ ਨਾ ਕਿਸੇ ਦਾ ਗਾਇਨ ਆਮ ਹੀ ਹੁੰਦੈ-

-'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ'॥'ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ'॥'ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ'॥'ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮ ਉਰਿ ਹਾਰਿ'॥'ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ'॥'ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ'॥'ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ'॥'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ'॥ ਆਦਿ।

ਹੋਰਨਾਂ ਗੁਰਦਵਾਰਿਆਂ, ਖਾਸ ਕਰਕੇ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਅਜਿਹੇ ਸ਼ਬਦਾਂ ਦਾ ਕੀਰਤਨ ਹੁੰਦੈ।

ਇਨ੍ਹਾਂ ਸਾਰੇ ਅਤੇ ਗੁਰਬਾਣੀ ਦੇ ਇਨ੍ਹਾਂ ਵਰਗੇ ਹੋਰ ਅਨੇਕਾਂ ਸ਼ਬਦਾਂ ਵਿਚ ਸਾਵਣ ਮਹੀਨੇ ਦੌਰਾਨ ਹੋਣ ਵਾਲੀ ਰਜਵੀਂ ਬਰਸਾਤ, ਝੜੀ, ਜਲਥਲ, ਹਰਿਆਵਲ, ਮੋਰਾਂ ਅਤੇ ਪਪੀਹਿਆਂ ਦੇ ਪ੍ਰਸੰਨ ਹੋਣ, ਪ੍ਰੇਮਿਕਾ ਤੇ ਪ੍ਰੇਮੀ ਦੇ ਮਿਲਾਪ ਦੀ ਤੜਪ, ਜੀਵ-ਇਸਤਰੀ ਦੇ ਪ੍ਰਮਾਤਮਾ ਨਾਲ ਮੇਲ ਦੀ ਤਾਂਘ, ਸਖੀਆਂ-ਸਹੇਲੀਆਂ-ਭੈਣਾਂ ਦਾ ਆਪਸੀ ਸੰਵਾਦ, ਦੁਖ-ਸੁਖ ਤੇ ਜੀਵਨ ਦੀਆਂ ਖੱਟੀਆਂ-ਮਿੱਠੀਆਂ ਗੱਲਾਂ ਦੀ ਸਾਂਝ, ਪ੍ਰਾਣੀਆਂ, ਜੀਵ-ਜੰਤੂਆਂ, ਪੰਖੇਰੂਆਂ, ਪੌਦਿਆਂ, ਵਣਤ੍ਰਿਣ,



ਕੁੱਲ ਬਨਸਪਤੀ ਅਤੇ ਕੁਦਰਤ ਦੀ ਕਾਇਨਾਤ ਦੇ ਮੌਲਣ, ਵਿਗਸਣ, ਖਿੜਨ, ਪ੍ਰਸੰਨ ਹੋਣ ਅਤੇ ਅਨੰਦਮਈ ਆਲਮ ਦਾ ਸੁਖਾਵਾਂ ਚਿੱਤਰ ਖਿਚਿਆ ਗਿਆ ਹੈ।

ਆਪਣੀ ਪਿਆਸ ਬੁਝਾਉਣ ਲਈ ਸੁਆਂਤੀ ਬੂੰਦ ਲਈ ਤੜਪਦੇ ਪਪੀਹੇ/ਬਾਬੀਹੇ ਦੀ ਪੀਊ ਪੀਊ ਦੀ ਪੁਕਾਰ ਵੀ ਸੁਣੀ ਜਾਂਦੀ ਹੈ।

ਸਾਉਣ ਮਹੀਨੇ ਪੰਜਾਬ ਵਿਚ ਸਾਂਵਿਆਂ/ਤੀਆਂ/ਤੀਜ ਦਾ ਤਿਉਹਾਰ ਮਨਾਇਆ ਜਾਂਦੈ (ਬੇਸ਼ੱਕ ਹੁਣ ਇਹ ਟੀਵੀ ਚੈਨਲਾਂ/ਸਾਸ-ਬਹੂ ਸੋਪ ਓਪੇਰਿਆਂ ਜੋਗਾ ਹੀ ਰਹਿ ਗਿਐ)। ਸਮੁੱਚੇ ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ ਪ੍ਰਾਂਤਾਂ ਦੇ ਕਈ ਹਿੱਸਿਆਂ ਵਿਚ ਸਾਵਣ ਮਹੀਨੇ 'ਚ ਵਿਸ਼ਾਲ ਸ਼੍ਰਾਵਣੀ ਮੇਲਾ ਲੱਗਦਾ ਹੈ।

ਸਾਡੇ ਤਾਂ ਕਿਸੇ ਵੇਲੇ ਤੀਆਂ/ਤੀਜ ਦੇ ਤਿਉਹਾਰ ਦੀ ਐਨੀ ਮਹੱਤਤਾ ਹੁੰਦੀ ਸੀ ਕਿ ਜੇ ਕਿਸੇ ਵਿਆਹੀ ਕੁੜੀ ਨੂੰ ਉਸ ਦੇ ਪੇਕਿਆਂ ਤੋਂ ਸਾਵਣ ਮਹੀਨੇ ਕੋਈ ਲੈਣ ਨਾ ਆਉਂਦਾ ਤਾਂ ਮਿਹਣਾ ਵਜਦਾ ਸੀ-'ਨੀ ਤੈਨੂੰ ਤੀਆਂ 'ਚ ਲੈਣ ਨਾ ਆਏ, ਬਹੁਤਿਆਂ ਭਰਾਵਾਂ ਵਾਲੀਏ'! ਆਉਂਦੇ ਵੀਰ ਨੂੰ ਦੇਖ ਕੇ ਭੈਣ ਦਾ ਮਾਣ ਦੂਣ ਸਵਾਇਆ ਹੋ ਜਾਂਦੈ ਤੇ ਉਹ ਹੰਮੇ ਨਾਲ ਕਹਿੰਦੀ ਹੈ-'ਵੀਰ ਮੇਰਾ ਆਇਆ ਕੁੜੀਓ, ਹੱਥ ਛਤਰੀ ਪੀਪੇ 'ਚ ਸੇਵੀਆਂ', ਜਾਂ 'ਮੇਰਾ ਵੀਰ ਸੰਧਾਰਾ ਲਿਆਇਆ/ਘਰ ਘਰ ਵੰਡਦੀ ਫਿਰਾਂ'।

ਵਿਆਹੀਆਂ ਧੀਆਂ-ਧਿਆਣੀਆਂ ਦਾ ਅਤੇ ਹੋਰ ਕੁੜੀਆਂ-ਚਿੜੀਆਂ ਤਾਂ ਸਾਵਣ ਮਹੀਨੇ ਨਾਲ ਮਾਂ-ਜਾਏ ਭਰਾ ਦਾ ਰਿਸ਼ਤਾ ਗੰਢ ਲੈਂਦੀਆਂ ਹਨ-'ਸਉਣ ਵੀਰ ਕੱਠੀਆਂ ਕਰੇ, ਭਾਂਦੋਂ ਚੰਦਰੀ ਵਿਛੋੜੇ ਪਾਵੇ'!

ਉਲਾਹਮਾ ਤਾਂ ਖੈਰ ਮਾਹੀਏ ਨੂੰ ਵੀ ਦੇਣਾ ਬਣਦੈ-'ਹੋਰਨਾਂ ਦੇ ਮਾਹੀਏ ਤੀਆਂ ਤੇ ਆਉਂਦੇ, ਮੇਰਾ ਗੁੱਡੇ ਕਪਾਹ,/ਵੇ ਕੀ ਰਾਹ ਨਹੀਂ ਜਾਣਦਾ, ਬਗਲਾ ਬਣ ਕੇ ਆ', ਜਾਂ ਫਿਰ 'ਸੌਣ ਦਾ ਮਹੀਨਾ ਦਿਨ ਤੀਆਂ ਦੇ ਗੋਡੇ ਗੋਡੇ ਘਾਹ ਵੇ,/ਕੀ ਰਾਹ ਨਹੀਂ ਜਾਣਦਾ, ਤੀਆਂ ਦੇਖਣ ਆ ਵੇ'।

ਜੇ ਸੱਜ-ਵਿਆਹੀਆਂ ਮੁਟਿਆਰਾਂ ਕੱਠੀਆਂ ਹੋਣ ਤਾਂ ਭਲਾ ਫਿਰ ਪੀਘਾਂ ਨਾ ਝੂਟਣ? ਮਾਹਲ-ਪੂੜੇ-ਖੀਰ ਦੇ ਪਕਵਾਨ ਨਾ ਬਣਨ? ਪੀਂਘ ਪਵੇ ਤਾਂ ਫਿਰ ਅੰਬਰੀਂ ਹੁਲਾਰੇ ਨਾ ਪੈਣ-'ਨੀ ਆ ਜਾ ਭਾਬੀ ਝੂਟ ਲੈ, ਪੀਂਘ ਹੁਲਾਰੇ ਲੈਂਦੀ'।

ਖੀਰ ਬਾਰੇ ਤਾਂ ਇੱਥੋਂ ਤਕ ਕਿਹਾ ਜਾਂਦੈ-'ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਆਂ ਅਪਰਾਧੀਆ'। ਇਕ ਤਰ੍ਹਾਂ ਹੋਰ ਵੀ ਕਿਹਾ ਜਾਂਦੈ-'ਆਇਆ ਸੌਣ ਦਾ ਮਹੀਨਾ ਮੈਨੂੰ ਗੋਡੇ ਗੋਡੇ ਚਾਅ/ ਮੈਂ ਤੇ ਰਿੰਨ੍ਹ ਲਈ ਆ ਖੀਰ ਨਾਲੇ ਪੂੜੇ ਲਏ ਪਕਾ/ਆ ਕੇ ਖਾਹ ਸੋਹਣਿਆਂ ਤੈਨੂੰ ਲਾਡੋ ਰਹੀ ਬੁਲਾ'।

ਉਂਝ ਤਾਂ ਹੁਣ ਅੰਬ/ਜਮੋਏ ਸਾਵਣ ਮਹੀਨੇ ਤੋਂ ਪਹਿਲਾਂ ਹੀ ਮਾਰਕਿਟ ਵਿਚ ਆ ਜਾਂਦੇ ਹਨ ਪਰ ਪਹਿਲਾਂ ਖੂਹਾਂ, ਖੇਤਾਂ, ਬਾਗਾਂ ਵਿਚ ਲਗਾਏ ਦੇਸੀ ਅੰਬ, ਟਪਕਾ ਇਸੇ ਮਹੀਨੇ ਹੀ ਪੱਕਦਾ ਸੀ ਅਤੇ ਰੱਜਵਾਂ ਚੂਪਣ ਨੂੰ ਮਿਲਦਾ ਸੀ-'ਸਾਵਣ ਬੱਦਲ ਵਸਦੇ ਨੇ/ਅੰਬ ਜਮੋਏ ਰਸਦੇ ਨੇ'।

ਐਸੇ ਮੌਜ-ਮੇਲੇ ਵਿਚ ਪੇਕੇ ਘਰ ਆਈ ਮੁਟਿਆਰ ਦਾ ਭਲਾ ਕਿੱਥੋਂ ਦਿਲ ਕਰਦੇ ਸਹੁਰੇ ਪਰਤਣ ਲਈ। ਉਸ ਨੂੰ ਜਦ ਪਤਾ ਲਗਦੈ ਕਿ 'ਸੌਣ ਦਾ ਮਹੀਨਾ ਗਿੱਧੇ ਤੀਆਂ ਵਿਚ ਪੈਣ ਨੀ,/ਖਿੱਚ ਲੈ ਤਿਆਰੀ ਮਾਹੀਆ ਆਇਆ ਤੈਨੂੰ ਲੈਣ ਨੀ' ਤਾਂ ਉਹ ਅੱਗੋਂ ਦੋ ਟੂਕ ਜਵਾਬ ਦਿੰਦੀ ਐ' ਸਾਵਣ ਦਾ ਮਹੀਨਾ ਵੇ ਤੂੰ ਆਇਉਂ ਗੱਡੀ ਜੋੜ ਕੇ,/ਜਾ ਮੈਂ ਨਹੀਂ ਸਹੁਰੇ ਜਾਣਾ, ਲੈ ਜਾ ਖਾਲੀ ਗੱਡੀ ਮੋੜ ਕੇ'।

ਆਖਿਰਕਾਰ 'ਤੀਆਂ ਤੀਜ ਦੀਆਂ ਵਰੇ ਦਿਨਾਂ ਨੂੰ ਆਈਆਂ'!

ਸੌਣ ਮਹੀਨੇ ਪਿਆਰੇ ਦੀ ਗ਼ੈਰਹਾਜ਼ਰੀ ਬੜੀ ਰੜਕਦੀ ਹੈ-"ਸਾਵਨ ਆਇਆ ਬਾਦਲ ਛਾਏ/ਬੁਲਬੁਲ ਚਹਿਕੀ ਫੂਲ ਖਿਲੇ/ਆਨੇ ਵਾਲੇ ਸਭ ਆ ਪਹੁੰਚੇ/ਜਾਨੇ ਤੁਮ ਕਭ ਆਉਗੇ'।

ਪੰਜਾਬਣ ਨੱਢੀ ਤਾਂ ਠਾਹ ਸੋਟਾ ਮਾਰਦੀ ਐ-'ਤੇਰੀ ਦੋ ਟਕਿਆਂ ਦੀ ਨੌਕਰੀ, ਵੇ ਮੇਰਾ ਲੱਖਾਂ ਦਾ ਸਾਵਣ ਜਾਂਦਾ'! ਇਹ ਵੀ ਨਹੋਰਾ ਮਾਰਿਆ ਜਾਂਦੈ-'ਹਾੜ ਵੀ ਲੰਘਿਆ ਸੌਣ ਵੀ ਲੰਘਿਆ ਲੰਘ ਗਈਆਂ ਬਰਸਾਤਾਂ,/ ਵੇ ਤੂੰ ਨਾ ਆਇਆ, ਸਾੜਨ ਠੰਡੀਆਂ ਰਾਤਾਂ'।

ਸਾਵਣ ਮਹੀਨੇ ਸਬੰਧੀ ਕਈ ਮੁਹਾਵਰੇ/ਅਖਾਣ ਹਨ-ਸਾਵਣ ਦੀ ਝੜੀ ਨਾ ਕੋਠਾ ਨਾ ਕੜੀ, ਬੱਦਲ ਚੜ੍ਹਿਆ ਟਿੱਲਿਉਂ, ਗਾਂ ਮੱਝ ਨਾ ਖੁਲ੍ਹੀ ਕਿੱਲਿਉਂ, ਸਾਵਣ ਵਿਚ ਨਿਆਣੇ ਕੁੱਟ ਮੀਂਹ ਪੈਣਾ, ਅਸੂ ਮੰਗੇ ਮੇਘਲਾ ਤੇ ਭੁਲੀ ਫਿਰੇ ਗਵਾਰ, ਸਾਵਣ ਵਸੇ ਨਿਤ ਨਿਤ ਤੇ ਭਾਦਰੋਂ ਦੇ ਦਿਨ ਚਾਰ, ਸਾਵਣ ਸੁਤੀ ਸਦਾ ਵਿਗੁਤੀ, ਸਾਵਣ ਵਹਾਏ ਤੇ ਕੱਤਕ ਗਹਾਏ, ਅੜੀ ਵੇ ਅੜੀ ਲਗੀ ਸੌਣ ਦੀ ਝੜੀ/ਦੁੱਧ ਪੀ ਲੈ ਜ਼ਾਲਮਾ ਵੇ ਮੈਂ ਕਦੋਂ ਦੀ ਖੜੀ, ਜੇਠ ਤਪੇ, ਸੌਣ ਵਰ੍ਹੇ, ਸਾਉਣ ਦੇ ਅੰਧੇ ਨੂੰ ਸਭ ਕੁਝ ਹਰਾ ਹੀ ਦਿਸਦਾ ਹੈ, ਚੇਤ ਵਿਸਾਖ ਭਵੇ, ਜੇਠ ਹਾੜ ਸੌਂਵੇ, ਸਉਣ ਭਾਦੋਂ ਨ੍ਹਾਵੇ, ਜੇਠ ਹਾੜ ਤਪੇ, ਸਾਵਣ ਭਾਦੋਂ ਵਸੇ, ਚੜ੍ਹਿਆ ਮਹੀਨਾ ਸੌਣ, ਕਿਣਮਿਣ ਕਣੀਆਂ ਔਣ, ਵਗਦੀ ਠੰਡੀ ਠੰਡੀ ਪੌਣ ਆਦਿ।

ਸਾਵਣ ਮਹੀਨੇ ਸਬੰਧੀ ਕਈ ਫਿਲਮਾਂ ਅਤੇ ਗੀਤ ਵੀ ਹਨ। ਵੰਨਗੀ ਮਾਤਰ ਕੁਝ ਕੁ ਹਾਜ਼ਰ ਹਨ-ਘਟਾ ਘਨਘੋਰ ਘੋਰ ਮੋਰ ਮਚਾਵੇ ਸ਼ੋਰ ਮੋਰੇ ਸਜਣ ਆ ਜਾ (ਤਾਨਸੇਨ-1943)

-ਸਾਵਨ ਕਾ ਮਹੀਨਾ ਪਵਨ ਕਰੇ ਸ਼ੋਰ ਜੀਅਰਾ ਰੇ ਝੂਮੇ ਐਸੇ ਜੈਸੇ ਬਨਵਾ ਨਾਚੇ ਮੋਰ (ਮਿਲਨ-1967)

-ਬਦਰਾ ਛਾਏ ਕੇ ਝੂਲੇ ਪੜ ਗਏ ਹਾਏ ਕੇ ਮੇਲੇ ਲਗ

# ਚੁਲਬੁਲੀਆਂ, ਵਲਵਲੇ, ਸਾਹਿਤ ਅਤੇ ਸਾਇੰਸ

ਮੇਰੇ ਦੋਸਤਾਂ ਜਿਹੇ ਸਹਿਕਰਮੀ ਤੇ ਪ੍ਰਿੰਸੀਪਲ ਰਹੇ ਡਾ. ਪੁਰਸ਼ੋਤਮ ਸਿੰਘ ਬੌਂਸ ਬੜੇ ਮਿਹਨਤੀ ਅਧਿਆਪਕ ਹਨ। ਸਾਇੰਸ ਵਿਚ ਸਾਡੇ ਨੇੜੇ ਤੇੜੇ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ ਤੇ ਇਹ ਗੱਲ ਉਨ੍ਹਾਂ ਨੂੰ ਵੀ ਪਤਾ ਹੈ, ਜਿਸਦਾ ਉਨ੍ਹਾਂ ਨੇ ਕਦੇ ਵੀ ਮਾਣ ਨਹੀਂ ਕੀਤਾ। ਮੇਰੀ ਦਿਲਚਸਪੀ ਸਾਹਿਤ ਵਿਚ ਹੈ ਤੇ ਜਦ ਵੀ ਸਾਹਿਤ ਵਿਚ ਕੋਈ ਸਾਇੰਸ ਦੀ ਗੱਲ ਆਉਂਦੀ ਹੈ ਤਾਂ ਮੈਂ ਉਨ੍ਹਾਂ ਕੋਲ਼ੋਂ ਸਮਝਦਾ ਹਾਂ। ਅਜਿਹਾ ਕਦੇ ਨਹੀਂ ਹੋਇਆ ਕਿ ਮੈਂ ਸਾਇੰਸ ਬਾਰੇ ਉਨ੍ਹਾਂ ਨੂੰ ਕੁਝ ਪੁੱਛਿਆ ਹੋਵੇ ਤੇ ਉਨ੍ਹਾਂ ਨੇ ਇਹ ਕਿਹਾ ਹੋਵੇ ਕਿ 'ਪੜ੍ਹ ਕੇ ਦੱਸਾਂਗਾ' ਜਾਂ 'ਫਿਰ ਕਦੇ ਸਹੀ'।



ਸਾਇੰਸ ਬਾਰੇ ਕੁਝ ਵੀ ਦੱਸਣ ਲਈ ਉਹ ਹਮੇਸ਼ਾ ਤਿਆਰ ਰਹਿੰਦੇ ਹਨ ਤੇ ਉਡੀਕਦੇ ਰਹਿੰਦੇ ਹਨ ਕਿ ਉਨ੍ਹਾਂ ਤੋਂ ਕੋਈ ਸਵਾਲ ਪੁੱਛੇ। ਦੁੱਖ ਦੀ

**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਗੱਲ ਇਹ ਹੈ ਕਿ ਸਾਡੇ ਸਟਾਫ ਵਿਚ ਅਜਿਹਾ ਕੋਈ ਵੀ ਨਹੀਂ ਸੀ, ਜੋ ਉਨ੍ਹਾਂ ਨੂੰ ਕੁਝ ਪੁੱਛਦਾ। ਉਨ੍ਹਾਂ ਦੀ ਇਸ ਕਮਾਈ ਦਾ ਸਿਰਫ ਮੈਨੂੰ ਹੀ ਪਤਾ ਸੀ, ਜਿਸਦਾ ਮੈਂ ਅੱਜ ਤਕ ਭਰਪੂਰ ਲਾਹਾ ਲੈਂਦਾ ਆ ਰਿਹਾ ਹਾਂ। ਇਕ ਹੋਰ ਮਹਾਨ ਸੱਜਣ ਨੂੰ ਉਨ੍ਹਾਂ ਦੀ ਲਿਆਕਤ ਅਤੇ ਅਹਿਮੀਅਤ ਦਾ ਪਤਾ ਲੱਗਿਆ ਤਾਂ ਉਹ ਉਨ੍ਹਾਂ ਨੂੰ ਸੇਵਾਮੁਕਤ ਹੋਣ ਉਪਰੰਤ, ਆਪਣੀ ਯੂਨੀਵਰਸਿਟੀ ਵਿਚ ਕਿਸੇ ਨਾ ਕਿਸੇ ਤਰ੍ਹਾਂ ਮਨਾ ਕੇ ਲੈ ਗਿਆ ਤੇ ਅਜ-ਕਲ੍ਹ ਉਹ ਉੱਥੇ ਹੀ ਆਪਣੀਆਂ ਕੀਮਤੀ ਸੇਵਾਵਾਂ ਨਿਭਾ ਰਹੇ ਹਨ।


ਉਹ ਬੜੇ ਗੋਰੇ ਨਿਛੋਹ, ਸੁਡੌਲ ਅਤੇ ਸਮਾਰਟ ਹਨ। ਪਰ ਉਹ ਆਪਣੀਆਂ ਅੱਖਾਂ ਨੂੰ ਹਮੇਸ਼ਾਂ ਨਿਮਰਤਾ ਵਿਚ ਰਖਦੇ ਹਨ। ਉਨ੍ਹਾਂ ਕੋਲ ਅੱਖਾਂ ਬੰਦ ਕਰ ਕੇ ਬੈਠੀਏ ਤਾਂ ਭੁਲੇਖਾ ਪੈਂਦਾ ਹੈ, ਜਿਵੇਂ ਮਨਮੋਹਣ ਸਿੰਘ ਕੋਲ ਬੈਠੇ ਹੋਈਏ। ਉਹ ਬੜੀ ਧੀਮੀ ਸੁਰ ਵਿਚ ਬੋਲਦੇ ਹਨ ਤੇ ਉਨ੍ਹਾਂ ਨੂੰ ਕਦੇ ਵੀ ਕਿਸੇ ਨੇ ਲੜਦੇ-ਝਗੜਦੇ ਜਾਂ ਕਿਸੇ ਨੂੰ ਦਬਕੇ ਮਾਰਦੇ ਨਹੀਂ ਦੇਖਿਆ। ਉਨ੍ਹਾਂ ਕੋਲ ਜਾ ਕੇ ਬੈਠੀਏ ਤਾਂ ਉਹ ਕਦੇ ਵੀ 'ਹੋਰ ਫਿਰ', 'ਕਿੱਦਾਂ ਹਾਲ' ਜਾਂ 'ਕੋਈ ਗੱਲ ਸੁਣਾਉ' ਜਿਹੇ ਫਿਕਰੇ ਨਹੀਂ ਬੋਲਦੇ। ਉਨ੍ਹਾਂ ਕੋਲ ਜਾ ਕੇ ਸੱਚੀਂ-ਮੁੱਚੀਂ ਮਨ ਵਿਚ ਕੋਈ ਗੱਲ ਹੈ ਤਾਂ ਉਹੀ ਕਰਨੀ ਪੈਂਦੀ ਹੈ। ਉਹ ਆਪ ਵੀ ਸਾਇੰਸ ਤੋਂ ਬਿਨਾ ਕਦੇ ਕੋਈ ਗੱਲ ਘੱਟ ਹੀ ਕਰਦੇ ਹਨ। ਜੇ ਕਦੇ ਕਰਨ ਵੀ ਤਾਂ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੂੰ ਹੋਰ ਗੱਲਾਂ ਦਾ ਵੀ ਲਗਪਗ ਸਹੀ-ਸਹੀ ਪਤਾ ਹੁੰਦਾ ਹੈ। ਉਹ ਚੁਟਕਲੇਬਾਜ਼ ਤਾਂ ਬਿਲਕੁਲ ਹੀ ਨਹੀਂ ਹਨ। ਫਿਰ ਵੀ ਕਦੇ-ਕਦਾਈਂ ਉਨ੍ਹਾਂ ਨੂੰ ਕੋਈ ਚੁਟਕਲਾ ਸੁਣਾਉਣਾ ਪੈ ਹੀ ਜਾਵੇ ਤਾਂ ਉਨ੍ਹਾਂ ਕੋਲ਼ੋਂ ਚੁਟਕਲੇ ਦਾ ਹਾਸੇ ਵਾਲਾ ਹਿੱਸਾ ਪਹਿਲਾਂ ਹੀ ਸੁਣਾ ਹੋ ਜਾਂਦਾ ਹੈ।

ਉਹ ਬਚਪਨ ਵਿਚ ਬੜੇ ਸ਼ਾਂਤ ਚਿੱਤ ਸਨ। ਦੱਸਦੇ ਹਨ ਕਿ ਨਿੱਕੇ ਹੁੰਦੇ ਉਹ ਆਪਣੀ ਮਾਤਾ ਜੀ ਨਾਲ ਗੁਰਦੁਆਰੇ ਗਏ ਤੇ ਉੱਥੇ ਉਨ੍ਹਾਂ ਨੂੰ ਨੀਂਦ ਆ ਗਈ ਤੇ ਮਾਤਾ ਜੀ ਨੇ ਉਨ੍ਹਾਂ ਨੂੰ ਦਰੀ 'ਤੇ ਲਿਟਾ ਦਿਤਾ। ਭੋਗ ਪੈਣ ਤੇ ਪ੍ਰਸ਼ਾਦ ਮਿਲਣ 'ਤੇ ਮਾਤਾ ਜੀ ਨੂੰ ਚੇਤਾ ਭੁੱਲ ਗਿਆ ਕਿ ਉਨ੍ਹਾਂ ਦਾ ਲਾਲ ਉਨ੍ਹਾਂ ਦੇ ਨਾਲ ਆਇਆ ਸੀ। ਬਾਅਦ ਵਿਚ ਭਾਈ ਜੀ ਨੇ ਉਨ੍ਹਾਂ ਨੂੰ ਉਠਾਇਆ ਤੇ ਪੁੱਛ-ਪੁਛਾ ਕੇ ਉਨ੍ਹਾਂ ਦੇ ਘਰ ਛੱਡ ਕੇ ਆਏ। ਉਨ੍ਹਾਂ ਦਾ ਪਿੰਡ ਮਾਝੇ ਵਿਚ ਹੈ, ਪਰ ਉਹ ਕਿਸੇ ਪਾਸਿਓਂ ਵੀ ਮਝੈਲ ਨਹੀਂ ਹਨ। ਆਪਣੇ ਆਪ ਨੂੰ ਮਝੈਲੀ ਤੋਂ ਬਚਾ ਕੇ ਰੱਖਣ ਵਿਚ ਉਹ ਕਾਮਯਾਬ ਹੋ ਗਏ। ਜੇ ਉਹ ਮਝੈਲਪੁਣੇ ਤੋਂ ਨਾ ਬਚਦੇ ਤਾਂ ਹੁਣ ਤਕ ਉਨ੍ਹਾਂ ਨੇ ਮਝੈਲ ਹੀ ਹੋਣਾ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਤੇ ਆਪਣੀ ਪਛਾਣ ਨੂੰ ਖ਼ਾਨਿਆਂ ਵਿਚ ਨਹੀਂ ਵੰਡਿਆ, ਬਲਕਿ ਸਾਬਤ ਰੱਖਿਆ ਹੈ। ਉਹ ਦੇਸ਼ ਦੇ ਸਾਬਤ ਨਾਗਰਿਕ ਹਨ ਤੇ ਉਨ੍ਹਾਂ ਦੀ ਖੁਸ਼ੀ ਸੁਹਿਰਦ ਇਨਸਾਨ ਹੋਣ ਵਿਚ ਹੈ।

ਉਹ ਕਦੇ ਤਿਲਮਲਾਉਂਦੇ ਨਹੀਂ ਤੇ ਨਾ ਹੀ ਕਦੀ ਸ਼ਾਲੀਨਤਾ ਤੇ ਸਬਰ-ਸੰਤੋਖ ਦਾ ਪੱਲਾ ਛੱਡਦੇ ਹਨ। ਉਹ ਕਿਸੇ ਵੀ ਪਲ ਦੀ ਉਡੀਕ ਕਰ ਸਕਦੇ ਹਨ, ਹਰ ਕਸ਼ਟ ਵਿਚ ਸੋਚ ਸਕਦੇ ਹਨ ਤੇ ਦੁਬਿਧਾ ਦੇ ਸਮੇਂ ਸਹੀ ਫੈਸਲਾ ਲੈ ਸਕਦੇ ਹਨ। ਪਰ, ਉਹ ਕਦੇ-ਕਦੇ ਧੋਖਾ ਵੀ ਖਾ ਜਾਂਦੇ ਹਨ, ਜਿਸਦਾ ਕਾਰਨ ਏਨਾ ਹੀ ਹੁੰਦਾ ਹੈ ਕਿ ਉਹ ਹਰ ਕਿਸੇ ਨੂੰ ਆਪਣੇ ਜਿਹਾ ਸਮਝ ਲੈਂਦੇ ਹਨ। ਫਿਰ ਉਹ ਆਪਣੇ-ਆਪ ਨੂੰ ਕਦੇ ਵੀ ਦੋਸ਼ੀ ਨਹੀਂ ਸਮਝਦੇ ਤੇ ਨਾ ਹੀ ਕਦੇ ਭਰੋਸੇ ਤੋਂ ਕੰਨੀ ਕਤਰਦਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਜੀਵਨ ਸ਼ੈਲੀ ਵਿਚੋਂ ਬਾਹਰ ਨਹੀਂ ਆ ਸਕਦੇ।

ਇਕ ਵਾਰੀ ਕਾਲਜ ਵਿਚ ਮੇਰੀ ਡਿਊਟੀ ਦਾਖਲਿਆਂ ਦੇ ਸਲਾਹ ਮਸ਼ਵਰੇ ਲਈ ਲੱਗੀ ਹੋਈ ਸੀ। ਕਿਸੇ ਪਿੰਡ ਦਾ ਇੱਕ ਬਜ਼ੁਰਗ ਆਪਣੇ ਪੋਤੇ ਨੂੰ ਦਾਖਲ ਕਰਾਉਣ ਆਇਆ। ਉਨ੍ਹਾਂ ਨੂੰ ਕਾਲਜ ਦੀ ਪੜ੍ਹਾਈ-ਲਿਖਾਈ ਦਾ ਕੁਝ ਵੀ ਪਤਾ ਨਹੀਂ ਸੀ। ਮੈਂ ਪੁੱਛਿਆ ਕਿ ਲੜਕੇ ਨੇ ਕਿਹੜੀ ਸਟ੍ਰੀਮ ਵਿਚ ਦਾਖਲ ਹੋਣਾ ਹੈ। ਉਨ੍ਹਾਂ ਨੂੰ ਸਟ੍ਰੀਮ ਬਾਰੇ ਵੀ ਕੁਝ ਪਤਾ ਨਹੀਂ ਸੀ। ਮੈਂ ਪੁੱਛਿਆ ਕਿ ਸਾਇੰਸ ਰੱਖਣੀ ਹੈ ਕਿ ਆਰਟਸ। ਉਨ੍ਹਾਂ ਨੂੰ ਇਸਦਾ ਵੀ ਕੁਝ ਪਤਾ ਨਹੀਂ ਸੀ। ਬਜ਼ੁਰਗ ਪੁੱਛਣ ਲੱਗਿਆ ਕਿ ਆਰਟਸ ਤੇ ਸਾਇੰਸ ਵਿਚ ਕੀ ਫਰਕ ਹੁੰਦਾ ਹੈ। ਮੈਂ ਸੋਚੀਂ ਪੈ ਗਿਆ ਕਿ ਇਨ੍ਹਾਂ ਨੂੰ ਕਿੱਦਾਂ ਸਮਝਾਵਾਂ। ਫਿਰ ਮੈਂ ਦੇਸੀ ਤਰੀਕੇ ਨਾਲ ਦੱਸਿਆ ਕਿ ਆਰਟਸ ਇਸ ਤਰ੍ਹਾਂ ਹੈ, ਜਿਵੇਂ ਕੋਈ ਕਾਰ ਵਿਚ ਬਹਿ ਜਾਵੇ ਤੇ ਸਾਇੰਸ ਇਸ ਤਰ੍ਹਾਂ ਹੈ, ਜਿਵੇਂ ਕੋਈ ਠੇਲ੍ਹੇ 'ਤੇ ਚੜ੍ਹ ਜਾਵੇ। ਉਨ੍ਹਾਂ ਨੂੰ ਇਸ ਗੱਲ ਦੀ ਵੀ ਸਮਝ ਨਾ ਲੱਗੀ ਤੇ ਕਹਿਣ ਲੱਗੇ ਉਹ ਕਿਵੇਂ। ਮੈਂ ਦੱਸਿਆ ਕਿ ਕਾਰ ਵਿਚ ਬਹਿ ਕੇ ਤਾਂ ਲੜਕਾ ਤੇਜ਼ੀ ਨਾਲ ਬੀ ਏ ਕਰ ਜਾਵੇਗਾ ਤੇ ਠੇਲ੍ਹੇ 'ਤੇ ਚੜ੍ਹ ਕੇ ਲੜਕਾ ਉੱਥੇ ਹੀ ਮੁੜ-ਮੁੜ ਫਿਰੀ ਜਾਵੇਗਾ। ਮੈਂ ਕਿਹਾ ਸਾਇੰਸ ਵਿਚ ਠੇਲ੍ਹੇ ਦੀ ਤਰ੍ਹਾਂ ਮਜ਼ਬੂਤੀ ਹੋ ਜਾਵੇਗੀ, ਪਰ ਇਹਦਾ ਪਾਰ ਲੱਗਣਾ ਮੁਸ਼ਕਲ ਹੋਵੇਗਾ। ਉਨ੍ਹਾਂ ਨੂੰ ਗੱਲ ਸਮਝ ਆ ਗਈ ਤੇ ਕਹਿਣ ਲੱਗੇ ਆਰਟਸ ਹੀ ਠੀਕ ਹੈ।

ਦਾਖਲਾ ਫਾਰਮ ਭਰ ਕੇ ਜਦ ਉਹ ਪ੍ਰੋ. ਸਾਹਿਬ ਦੇ ਦਸਤਖ਼ਤ ਕਰਾਉਣ ਗਏ ਤਾਂ ਉਨ੍ਹਾਂ ਨੇ ਪੁੱਛ ਲਿਆ ਕਿ ਲੜਕੇ ਨੇ ਸਾਇੰਸ ਕਿਉਂ ਨਹੀਂ ਰੱਖੀ। ਬਜ਼ੁਰਗ ਨੇ ਸਾਰੀ ਗੱਲ ਦੱਸ ਦਿਤੀ, ਜੋ ਮੈਂ ਦੱਸੀ ਸੀ। ਪ੍ਰੋ. ਸਾਹਿਬ ਨੇ ਮੈਨੂੰ ਬੁਲਾ ਕੇ ਪੁੱਛਿਆ ਕਿ ਮੈਂ ਇਸ ਤਰ੍ਹਾਂ ਕਿਉਂ ਕਿਹਾ। ਮੈਂ ਦੱਸਿਆ ਕਿ ਸਾਡੇ ਕਾਲਜ ਵਿਚ ਆਰਟਸ ਵਾਲੇ ਬੱਚੇ ਬਿਨਾਂ ਪੜ੍ਹੇ ਵੀ ਪਾਸ ਹੋ ਜਾਂਦੇ ਹਨ ਤੇ ਸਾਇੰਸ ਵਾਲੇ ਵਿਦਿਆਰਥੀ ਪੜ੍ਹ ਕੇ ਵੀ ਫੇਲ੍ਹ ਹੋ ਜਾਂਦੇ ਹਨ। ਪ੍ਰੋ. ਸਾਹਿਬ ਨੂੰ ਮੇਰੀ ਗੱਲ ਦੀ ਸਮਝ ਤਾਂ ਆ ਗਈ, ਪਰ ਉਹ ਸਾਇੰਸ ਨੂੰ ਠੇਲ੍ਹਾ ਕਹਿਣਾ ਬਰਦਾਸ਼ਤ ਨਾ ਕਰ ਸਕੇ। ਮੈਂ ਕਿਹਾ ਜੀ ਸਾਡੇ ਮੁਲਕ ਵਿਚ ਸਾਇੰਸ ਦੀ ਰਫ਼ਤਾਰ ਠੇਲ੍ਹੇ ਜਿੰਨੀ ਹੀ ਹੈ ਤੇ ਇਹ ਸੱਚ ਸਾਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਮੇਰੀ ਇਸ ਅਵੱਗਿਆ



ਦਾ ਬਹੁਤਾ ਬੁਰਾ ਨਹੀਂ ਸੀ ਮਨਾਇਆ ਤੇ ਹੱਸ ਕੇ ਟਾਲ ਦਿਤਾ। ਕਾਲਜ ਵਿਚ ਮੇਰੀ ਗੱਲ ਮਸ਼ਹੂਰ ਹੋ ਗਈ ਤੇ ਸਾਇੰਸ ਵਾਲਿਆਂ ਨੂੰ ਸਾਰੇ ਠੇਲ੍ਹੇ ਵਾਲੇ ਕਹਿਣ ਲੱਗ ਪਏ।

ਸਾਹਿਤ ਨੂੰ ਉਹ ਸਮਝਦੇ ਹਨ ਕਿ ਐਵੇਂ ਫਜ਼ੂਲ ਜਿਹਾ ਵਿਸ਼ਾ ਹੈ। ਉਨ੍ਹਾਂ ਦਾ ਵੱਸ ਚੱਲੇ ਤਾਂ ਕਵਿਤਾ, ਕਹਾਣੀਆਂ, ਨਾਵਲ ਅਤੇ ਨਾਟਕ ਆਦਿ ਤਾਂ ਉਹ ਲਿਖਣੇ, ਛਪਣੇ ਤੇ ਪੜ੍ਹਨੇ ਤਾਂ ਬੰਦ ਹੀ ਕਰਵਾ ਦੇਣ ਤੇ ਕਮ ਸੇ ਕਮ ਕਦੇ ਕਿਸੇ ਸਿਲੇਬਸ ਵਿਚ ਵੀ ਨਾ ਲੱਗਣ ਦੇਣ। ਬੇਸ਼ੱਕ ਇਹ ਉਨ੍ਹਾਂ ਦਾ ਬਹੁਤ ਵੱਡਾ ਬਾਇਸ ਹੈ। ਪਰ ਜਿਹੜਾ ਸਾਹਿਤ ਉਨ੍ਹਾਂ ਨੂੰ ਧੱਕੇ ਨਾਲ ਸਿਲੇਬਸਾਂ ਵਿਚ ਪੜ੍ਹਨਾ ਪਿਆ ਜਾਂ ਪੜ੍ਹਾਇਆ ਗਿਆ, ਉਹਦੇ ਹਿਸਾਬ ਨਾਲ ਉਨ੍ਹਾਂ ਦਾ ਬਾਇਸ ਠੀਕ ਹੀ ਲਗਦਾ ਹੈ।

ਉਨ੍ਹਾਂ ਦੀ ਤੀਖਣ ਬੁੱਧ, ਧੀਮੀ ਸੁਰ ਅਤੇ ਨਿਮਰਤਾ ਏਨੀ ਬਲਵਾਨ ਹੈ ਕਿ ਜੇ ਉਹ ਏਨੇ ਸੁਡੌਲ ਨਾ ਹੁੰਦੇ ਤੇ ਪੱਗ ਰਤਾ ਛੋਟੀ ਬੰਨ੍ਹਦੇ ਹੁੰਦੇ ਤਾਂ ਉਨ੍ਹਾਂ ਨੇ ਨਿਰੇ ਮਨਮੋਹਣ ਸਿੰਘ ਲੱਗਣਾ ਸੀ; ਲੱਗਣਾ ਕੀ ਹੋਣਾ ਹੀ ਸੀ।

ਉਨ੍ਹਾਂ ਦਾ ਨਾਂ ਤਾਂ ਪਰਸ਼ੋਤਮ ਸਿੰਘ ਹੈ ਤੇ ਬੌਂਸ ਉਨ੍ਹਾਂ ਦਾ ਗੋਤਰ ਹੈ। ਪਰ ਉਹ ਪੀ. ਐੱਸ. ਤਿਆਗੀ ਕਰਕੇ ਜਾਣੇ ਜਾਂਦੇ ਹਨ। ਤਿਆਗੀ ਤਖ਼ੱਲਸ ਉਨ੍ਹਾਂ ਨੇ ਆਪ ਨਹੀਂ ਚੁਣਿਆ ਬਲਕਿ ਉਨ੍ਹਾਂ ਦੇ ਹਮਜਮਾਤੀਆਂ ਵੱਲੋਂ ਮਿਲੀ ਸੌਗਾਤ ਹੈ। ਜਦ ਉਹ ਬਨਾਰਸ ਦੀ ਹਿੰਦੂ ਯੂਨੀਵਟਸਿਟੀ ਵਿਖੇ ਪੀ ਐੱਚ ਡੀ ਕਰਨ ਗਏ ਤਾਂ ਉਹ ਹਮੇਸ਼ਾ ਖੋਜ ਕਾਰਜਾਂ ਵਿਚ ਹੀ ਲੀਨ ਰਹਿੰਦੇ ਸਨ ਤੇ ਕਦੇ ਵੀ ਕਾਸੇ ਨੂੰ ਹਾਬੜ ਹਾਬੜ ਕੇ ਨਹੀਂ ਸਨ ਪੈਂਦੇ। ਉਹ ਹਮੇਸ਼ਾ ਹਰ ਅਵਸਰ ਦਾ ਤਿਆਗ ਕਰ ਦਿੰਦੇ ਤੇ ਪੜ੍ਹਨ ਵਿਚ ਮਸਤ ਰਹਿੰਦੇ। ਉਨ੍ਹਾਂ ਦੇ ਹਮਜਮਾਤੀਆਂ ਨੇ ਉਨ੍ਹਾਂ ਨੂੰ ਤਿਆਗੀ ਕਹਿਣਾ ਸ਼ੁਰੂ ਕਰ ਦਿਤਾ ਤੇ ਉਨ੍ਹਾਂ ਨੇ ਇਸ ਅੱਲ ਨੂੰ ਗਹਿਣੇ ਦੀ ਤਰ੍ਹਾਂ ਸੰਭਾਲ ਕੇ ਆਪਣਾ ਤਖ਼ੱਲਸ ਹੀ ਬਣਾ ਲਿਆ। ਅਸਲ ਵਿਚ ਤਿਆਗੀ ਉਨ੍ਹਾਂ ਦਾ ਤਖ਼ੱਲਸ ਨਹੀਂ, ਪ੍ਰਕਿਰਤੀ ਹੈ।

ਲੋਕ ਅਕਸਰ ਆਪਣੀਆਂ ਹਮਜਮਾਤਣ ਕੁੜੀਆਂ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਪਰ ਉਨ੍ਹਾਂ ਦੇ ਮੂੰਹੋਂ ਕਿਸੇ ਨੇ ਇਹ ਵਾਕ ਕਦੀ ਨਹੀਂ ਸੁਣਿਆ ਕਿ 'ਉੱਥੇ ਮੇਰੇ ਨਾਲ ਇਕ ਕੁੜੀ ਪੜ੍ਹਦੀ ਸੀ'। ਕੁੜੀ ਤਾਂ ਕਿਤੇ ਰਹੀ ਉਨ੍ਹਾਂ ਨੇ ਤਾਂ ਕਦੇ ਕਿਸੇ ਮੁੰਡੇ ਦਾ ਵੀ ਨਾਂ ਨਹੀਂ ਲਿਆ। ਉਨ੍ਹਾਂ ਨੂੰ ਮਿਲ ਕੇ ਏਦਾਂ ਲਗਦਾ ਹੈ ਜਿਵੇਂ ਉਹ ਹਮੇਸ਼ਾ ਇਕੱਲੇ ਹੀ ਰਹੇ ਹੋਣ ਤੇ ਉਨ੍ਹਾਂ ਦਾ ਕਦੇ ਵੀ ਕੋਈ ਸੰਗੀ ਸਾਥੀ ਨਾ ਰਿਹਾ ਹੋਵੇ। ਏਨੇ ਆਤਮ-ਵਿਸ਼ਵਾਸੀ ਲੋਕ ਬਹੁਤ ਘੱਟ ਹੁੰਦੇ ਹਨ; ਬਲਕਿ ਹੁੰਦੇ ਹੀ ਨਹੀਂ। ਮੇਰਾ ਵੱਸ ਚੱਲੇ ਤਾਂ ਮੈਂ ਉਨ੍ਹਾਂ ਨੂੰ ਆਤਮ-ਵਿਸ਼ਵਾਸ ਦਾ ਨੋਬੇਲ ਪਰਾਈਜ਼ ਦੇ ਦੇਵਾਂ।

ਮੇਰੀ ਤਮੰਨਾ ਸੀ ਕਿ ਉਹ ਅਖਬਾਰਾਂ ਲਈ ਲਿਖਣਾ ਸ਼ੁਰੂ ਕਰਨ ਤੇ ਮੈਂ ਇਸ ਲਈ ਉਨ੍ਹਾਂ ਨੂੰ ਕਈ ਵਾਰੀ ਸਲਾਹ ਦਿਤੀ। ਪਰ ਉਨ੍ਹਾਂ ਨੇ ਹਰ ਵਾਰੀ ਮੇਰੀ ਸਲਾਹ ਹਵਾ 'ਚ ਉੜਾ ਦਿਤੀ ਕਿ ਇਕ ਤਾਂ ਉਨ੍ਹਾਂ ਨੂੰ ਪੰਜਾਬੀ ਵਿਚ ਲਿਖਣਾ ਨਹੀਂ ਆਉਂਦਾ ਤੇ ਦੂਜਾ ਉਹ ਸਮਝਦੇ ਹਨ ਕਿ ਅਜ-ਕੱਲ ਕੌਣ ਪੜ੍ਹਦਾ ਹੈ। ਪਰ ਮੈਂ ਫਿਰ ਵੀ ਜ਼ੋਰ ਦਿੰਦਾ ਰਿਹਾ ਕਿ ਉਹ ਲਿਖਣ ਤੇ ਜ਼ਰੂਰ ਲਿਖਣ।

ਪਿੱਛੇ ਜਿਹੇ ਉਨ੍ਹਾਂ ਨੇ ਇਕ ਲੇਖ ਲਿਖ ਹੀ ਲਿਆ ਤੇ ਮੈਨੂੰ ਭਾਸ਼ਾ ਠੀਕ ਕਰਨ ਲਈ ਭੇਜ ਦਿਤਾ। ਬੇਸ਼ਕ ਮੈਂ ਆਪਣੇ ਕੰਮ ਵਿਚ ਮਸਰੂਫ ਰਹਿੰਦਾ ਹਾਂ, ਫਿਰ ਵੀ ਮੈਂ ਰਾਤ ਲਗਾ ਕੇ ਉਨ੍ਹਾਂ ਦੇ ਲੇਖ ਦੀ ਭਾਸ਼ਾ ਦਰੁਸਤ ਕਰ ਦਿਤੀ। ਜਦ ਉਹ ਲੇਖ ਅਖਬਾਰ ਵਿਚ ਛਪਿਆ ਤਾਂ ਮੈਨੂੰ ਏਨਾ ਚਾਅ ਚੜ੍ਹਿਆ ਕਿ ਓਨਾ ਉਨ੍ਹਾਂ ਨੂੰ ਵੀ ਨਹੀਂ ਸੀ। ਮੈਂ ਉਹ ਲੇਖ ਆਪਣੀ ਫੇਸਬੁੱਕ 'ਤੇ ਸਾਂਝਾ ਕੀਤਾ। ਬੜੇ ਦੋਸਤਾਂ ਨੇ ਉਹ ਪਸੰਦ ਕੀਤਾ ਤੇ ਕਿਹਾ ਕਿ ਉਹ ਹੋਰ ਲਿਖਿਆ ਕਰਨ। ਪਰ ਮੈਂ ਇਸ ਗੱਲੋਂ ਵੀ ਘਬਰਾਉਂਦਾ ਸੀ ਕਿ ਉਨ੍ਹਾਂ ਦੇ ਹਰ ਲੇਖ ਦੀ ਭਾਸ਼ਾ ਠੀਕ ਕਰਨ ਲਈ ਮੇਰੇ ਕੋਲ਼ੋਂ ਸਮਾਂ ਨਹੀਂ ਦੇ ਹੋਣਾ। ਪਰ ਮੈਂ ਫਿਰ ਹੈਰਾਨ ਹੋਇਆ ਕਿ ਉਹ ਜਲਦੀ ਹੀ ਹੋਰ ਲੇਖ ਲਿਖਣ ਲੱਗ ਪਏ ਤੇ ਉਨ੍ਹਾਂ ਦੀ ਭਾਸ਼ਾ ਵੀ ਆਪਣੇ ਆਪ ਦਰੁਸਤ ਹੋਣ ਲੱਗ ਪਈ। ਏਥੇ ਹੀ ਬੱਸ ਨਹੀਂ ਉਨ੍ਹਾਂ ਦੀ ਭਾਸ਼ਾ ਆਪਣੇ-ਆਪ ਸਿਰਫ਼ ਦਰੁਸਤ ਹੀ ਨਹੀਂ ਹੋਈ, ਬਲਕਿ ਚੁਸਤ ਵੀ ਹੋ ਗਈ। ਉਹ ਹੁਣ ਬਹੁਤੀ ਗੱਲ ਥੋੜ੍ਹੇ ਸ਼ਬਦਾਂ ਵਿਚ ਕਹਿਣ ਦੀ ਮੁਹਾਰਤ ਵੀ ਸਿਖ ਗਏ ਹਨ।

ਸਿਆਣੇ ਲੋਕ ਪਰਿਵਾਰਕ ਸਿਹਤ ਦੇ ਖਿਆਲ ਵਜੋਂ, ਘਿਉ ਦੇ ਭਾਂਡੇ ਵਿਚ ਕੜਛੀ ਨਹੀਂ ਰਖਦੇ, ਬਲਕਿ ਚਮਚਾ ਰਖਦੇ ਹਨ। ਪ੍ਰੋ. ਸਾਹਿਬ ਵੀ ਆਪਣੇ ਵਿਚਾਰ ਨੂੰ ਚਮਚੇ ਨਾਲ ਹੀ ਸ਼ਬਦ ਵਰਤਾਉਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸ਼ਬਦ ਮਹਿੰਗੇ ਵੀ ਬੜੇ ਹਨ ਤੇ ਬਹੁਤੇ ਸ਼ਬਦ ਕਿਸੇ ਨੂੰ ਪਚਦੇ ਵੀ ਨਹੀਂ। ਹੁਣ ਉਹ ਸ਼ਬਦਾਂ ਦੇ ਜਾਦੂਗਰ ਹੋ ਗਏ ਲਗਦੇ ਹਨ।

ਹੁਣ ਉਹ ਆਪਣਾ ਹਰ ਲੇਖ ਛਪਣ ਬਾਅਦ ਮੈਨੂੰ ਭੇਜਦੇ ਹਨ ਤੇ ਮੈਂ ਉਸਨੂੰ ਪੜ੍ਹ ਕੇ ਬੜਾ ਖੁਸ਼ ਹੁੰਦਾ ਹਾਂ। ਬੇਸ਼ਕ ਉਨ੍ਹਾਂ ਦੇ ਵਿਚਾਰ ਅਤੇ ਭਾਸ਼ਾ ਵਿਚ ਮੇਰਾ ਕੋਈ ਯੋਗਦਾਨ ਨਹੀਂ ਹੈ, ਪਰ ਏਨਾ ਜ਼ਰੂਰ ਹੈ ਕਿ ਉਨ੍ਹਾਂ ਨੂੰ ਲਿਖਣ ਲਈ ਲਗਾਤਾਰ ਕਹਿੰਦੇ ਰਹਿਣ ਕਾਰਨ ਹੀ ਉਹ ਲਗਾਤਾਰ ਲਿਖਣ ਅਤੇ ਛਪਣ ਲੱਗੇ ਹਨ। ਹੁਣ ਉਨ੍ਹਾਂ ਨੂੰ ਮੇਰੀ ਅਗਲੀ ਸਲਾਹ ਇਹ ਹੈ ਕਿ ਉਹ ਆਪਣੇ ਪੰਦਰਾਂ ਸੋਲਾਂ ਲੇਖ ਇਕੱਠੇ ਕਰ ਕੇ ਕਿਤਾਬ ਛਪਵਾਉਣ ਤਾਂ ਜੋ ਪੰਜਾਬੀ ਦੇ ਪਾਠਕਾਂ ਵਿਚ ਸਾਇੰਸ ਦੀ ਮੱਸ ਪਣਪ ਸਕੇ। ਮੇਰਾ ਮੰਨਣਾ ਹੈ ਕਿ ਸਾਡੇ ਸਾਹਿਤਕਾਰਾਂ ਅੰਦਰ ਸਾਇੰਸ ਦੀ ਮੱਸ ਪਣਪੇ ਬਿਨਾਂ ਪ੍ਰੋ. ਸਾਹਿਬ ਦੇ ਅੰਦਰ ਸਾਹਿਤ ਪ੍ਰਤੀ ਬਣੇ ਬਾਇਸ ਦਾ ਮਨੂਰ ਟੁੱਟ ਨਹੀਂ ਸਕਦਾ। ਇਹ ਇਸ ਕਰਕੇ ਵੀ ਜ਼ਰੂਰੀ ਹੈ ਕਿ ਮੇਰਾ ਮੰਨਣਾ ਹੈ ਕਿ ਜੇ ਕਿਤੇ ਪ੍ਰੋ. ਸਾਹਿਬ ਨੇ ਚੰਗਾ ਸਾਹਿਤ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੇ ਬਹੁਤ ਵੱਡੇ ਆਲੋਚਕ ਹੋਣਾ ਸੀ। ਕਹਿੰਦੇ ਹਨ ਮਾੜਾ ਸਾਹਿਤ ਏਨਾ ਨੁਕਸਾਨ ਨਹੀਂ ਕਰਦਾ, ਜਿੰਨਾ ਮਾੜੀ ਆਲੋਚਨਾ ਕਰਦੀ ਹੈ। ਜੇ ਪ੍ਰੋ. ਸਾਹਿਬ ਆਲੋਚਕ ਹੁੰਦੇ ਤਾਂ ਸਾਡੇ ਸਮਾਜ ਅੰਦਰ ਵੀ ਚੰਗੇ ਸਾਹਿਤ ਦੀ ਸੂਝ-ਬੂਝ ਕਾਇਮ ਹੋਣੀ ਸੀ। ਉਂਞ ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ।

ਅੱਜ ਤੜਕਸਾਰ ਮੇਰੇ ਫੋਨ 'ਤੇ ਮੈਸੇਜ ਆਇਆ ਤਾਂ ਦੇਖਿਆ ਕਿ ਪ੍ਰੋ. ਸਾਹਿਬ ਨੇ ਮੈਨੂੰ ਆਪਣਾ ਤਾਜ਼ਾ ਛਪਿਆ ਲੇਖ ਭੇਜਿਆ ਹੈ, ਜਿਸਨੂੰ ਪੜ੍ਹ ਕੇ ਮਨ ਏਨਾ ਨਿਹਾਲ ਹੋ ਗਿਆ, ਜਿਵੇਂ ਕਿਤੇ ਮੈਂ ਘਿਉ ਪੀ ਲਿਆ ਹੋਵੇ। ਮੈਨੂੰ ਲਗਦਾ ਹੁਣ ਉਨ੍ਹਾਂ ਨੇ ਵੀ ਘਿਉ ਦੇ ਭਾਂਡੇ ਵਿਚ ਕੜਛੀ ਰੱਖ ਲਈ ਹੈ ਤੇ ਹੁਣ ਉਹ ਕੜਛੀਆਂ ਭਰ ਭਰ ਘਿਉ ਵਰਤਾਉਣ ਲੱਗ ਪਏ ਹਨ। ਸ਼ਾਇਦ ਸਾਨੂੰ ਹੁਣ ਸਾਇੰਸ ਦੇ ਗਿਆਨ ਦੀਆਂ ਕੜਛੀਆਂ ਦੀ ਹੀ ਲੋੜ ਹੈ। ਕਿਉਂਕਿ ਸਾਇੰਸ ਦੇ ਗਿਆਨ ਬਿਨਾ ਅਸੀਂ ਸਾਹਿਤ ਨੂੰ ਮਜ਼ਾਕ ਹੀ ਬਣਾ ਦਿਤਾ ਹੈ। ਆਪਣੀਆਂ ਊਟਪਟਾਂਗ ਚੁਲਬੁਲੀਆਂ ਨੂੰ ਲੋਕ ਸਾਹਿਤ ਸਮਝਣ ਲੱਗ ਪਏ ਹਨ। ਕਈ ਤਾਂ ਚੁਲਬੁਲੀਆਂ ਤੋਂ ਅਗੇ ਅਲਵੱਲੀਆਂ ਨੂੰ ਹੀ ਸਾਹਿਤ ਸਮਝਣ ਲੱਗ ਪਏ ਹਨ। ਭਾਈ ਵੀਰ ਸਿੰਘ ਨੇ ਤਾਂ ਵਲਵਲਿਆਂ ਦੀ ਗੱਲ ਕੀਤੀ ਸੀ, ਪਰ ਅਸੀਂ ਆਪਣੀਆਂ ਚੁਲਬੁਲੀਆਂ ਤੇ ਅਲਵੱਲੀਆਂ ਨੂੰ ਹੀ ਵਲਵਲੇ ਕਹਿ-ਕਹਿ ਸਾਹਿਤ ਵਜੋਂ ਪਰੋਸ ਰਹੇ ਹਾਂ ਤੇ ਉਸਨੂੰ ਛਪਵਾ ਕੇ ਸਾਹਿਤ ਸਮਝੇ ਜਾਣ ਦੀ ਅੜੀ ਕਰਦੇ ਹਾਂ।

ਪ੍ਰੋ. ਕਿਸੇ ਦੀਆਂ ਚੁਲਬੁਲੀਆਂ ਨੂੰ ਕਦੇ ਵੀ ਆਪਣੇ ਨੇੜੇ ਨਹੀਂ ਫਟਕਣ ਦਿੰਦੇ ਤੇ ਆਪਣੇ ਵਲਵਲਿਆਂ ਨੂੰ ਅੰਬ ਦੇ ਅਚਾਰ ਵਾਲੇ ਭਾਂਡੇ ਦੀ ਤਰ੍ਹਾਂ ਏਅਰਟਾਈਟ ਕਰਕੇ ਰਖਦੇ ਹਨ ਤੇ ਕਦੇ-ਕਦਾਈਂ ਲੋੜ ਅਨੁਸਾਰ ਹੀ ਖੋਲ੍ਹਦੇ ਹਨ। ਪਰ ਉਹ ਏਨਾ ਖਿਆਲ ਰਖਦੇ ਹਨ ਕਿ ਵਲਵਲਿਆਂ ਨੂੰ ਕਦੇ ਵੀ ਹਵਾ ਨਹੀਂ ਲੱਗਣ ਦਿੰਦੇ। ਕਿਉਂਕਿ ਹਵਾ ਨਾਲ ਹੀ ਅਚਾਰ ਨੂੰ ਉੱਲੀ ਲਗਦੀ ਹੈ ਤੇ ਉਹ ਖਾਣ ਜੋਗਾ ਨਹੀਂ ਰਹਿੰਦਾ। ਏਸੇ ਤਰ੍ਹਾਂ ਹਵਾ ਲੱਗਣ 'ਤੇ ਵਲਵਲਿਆਂ ਦੀ ਖਿੱਲੀ ਉੜ ਜਾਂਦੀ ਹੈ। ਉਂਞ ਮੇਰੀ ਤਮੰਨਾ ਹੈ ਕਿ ਪ੍ਰੋ ਸਾਹਿਬ ਸਾਨੂੰ ਕਦੇ ਆਪਣੇ ਵਲਵਲਿਆਂ ਦਾ ਪ੍ਰਸ਼ਾਦਿ ਵੀ ਵਰਤਾਉਣ।

ਮੈਂ ਉਮੀਦ ਕਰਦਾ ਹਾਂ ਕਿ ਪ੍ਰੋ ਸਾਹਿਬ ਨੂੰ ਹੋਰ ਲਿਖਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਵਿਚ ਸੁਚੱਜੇ ਗਿਆਨ ਦੀ ਭੁੱਖ ਪਣਪ ਸਕੇ ਤੇ ਅਸੀਂ ਵੀ ਚੰਗੇ ਲੋਕਾਂ ਵਿਚ ਗਿਣੇ ਜਾ ਸਕੀਏ। ਇਸਦੇ ਨਾਲ ਹੀ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੂੰ ਸਲਾਮ ਭੇਜਦਾ ਹਾਂ, ਜਿਸਨੇ ਪ੍ਰੋ. ਸਾਹਿਬ ਦੀਆਂ ਸੇਵਾਵਾਂ ਦੀ ਅਹਿਮੀਅਤ ਨੂੰ ਜਾਣਿਆ ਤੇ ਉਨ੍ਹਾਂ ਨੂੰ ਮਾਣ ਸਨਮਾਨ ਨਾਲ ਸੰਭਾਲ਼ਿਆ ਹੈ। ਅਖੀਰ ਵਿਚ ਪ੍ਰੋ.' ਪੀ ਐੱਸ ਤਿਆਗੀ ਸਾਹਿਬ ਨੂੰ ਲਿਖਣ ਅਤੇ ਛਪਦੇ ਰਹਿਣ ਲਈ ਸ਼ੁੱਭ ਕਾਮਨਾਵਾਂ!

# ਤੁਰ ਗਿਆ ਸਭ ਨੂੰ ਹਾਸੇ ਵੰਡਣ ਵਾਲਾ ਸਰੀ ਦਾ ਵਿਅੰਗਕਾਰ ਗੁਰਮੇਲ ਬਦੇਸ਼ਾ

***ਸਾਹਿਤਕ ਹਲਕਿਆਂ ਵਿਚ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਕੈਨੇਡਾ ਦਾ ਵਿਅੰਗਕਾਰ ਅਤੇ ਹਸੂੰ ਹਸੂੰ ਕਰਦਾ ਰਹਿਣ ਵਾਲਾ ਨੌਜਵਾਨ ਗੁਰਮੇਲ ਸਿੰਘ ਬਦੇਸ਼ਾ ਚੜ੍ਹਾਈ ਕਰ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਹਸਪਤਾਲ ਵਿਚ ਜ਼ੇਰੇ-ਇਲਾਜ ਸੀ, ਪਰ ਅਥਾਹ ਕੋਸ਼ਿਸ਼ਾਂ ਦੇ ਬਾਵਜੂਦ ਤੰਦਰੁਸਤ ਨਹੀਂ ਹੋ ਸਕਿਆ। ਸ਼ੁੱਕਰਵਾਰ, 12 ਜੁਲਾਈ ਨੂੰ ਉਸ ਨੇ ਅੰਤਿਮ ਸਾਹ ਲਏ। ਇਸ ਦੁਖਦਾਈ ਘੜੀ 'ਚ ਗੁਰਮੇਲ ਸਿੰਘ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਹੈ। ਗੁਰਮੇਲ ਦਾ ਵਿਛੜਾ ਵੱਡਾ ਘਾਟਾ ਹੈ, ਨਾ ਸਿਰਫ ਉਸ ਦੇ ਪਰਿਵਾਰ ਲਈ, ਬਲਕਿ ਦੋਸਤਾਂ-ਮਿੱਤਰਾਂ ਅਤੇ ਸਨੇਹੀਆਂ ਲਈ ਵੀ। ਪਿਛਲੇ ਕੁਝ ਦਿਨਾਂ ਤੋਂ ਉਹ ਵਿਅੰਗ ਵਿਚ ਲਗਾਤਾਰ ਆਪਣੇ ਹਸਪਤਾਲ ਦੇ ਸਫਰ ਬਾਰੇ ਲਿਖ ਰਿਹਾ ਸੀ, ਪਰ ਚੜ੍ਹਦੀ ਕਲਾ ਵਿਚ ਸੀ।***

ਚਲਾਣੇ ਤੋਂ ਪਹਿਲਾਂ ਗੁਰਮੇਲ ਸਿੰਘ ਬਦੇਸ਼ਾ ਦੀਆਂ ਲਿਖੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ:

ਮੋਰ ਰੋਂਦਿਆਂ ਵੀ ਨੱਚਦਾ ,
ਹੰਝੂ ਕੇਰਦਿਆਂ ਵੀ ਹੱਸਦਾ ..!
ਇੱਕ ਗੁਰਮੇਲ ਹੀ ਹੈ ਤੇਰਾ ,
ਜੋ ਨਿਰਭਓ ਹੋਕੇ ਵੱਸਦਾ ...!!
*****ੴ*****
ਸਰੀਰ ਹੀ ਬਿਮਾਰ ਹੈ ਜੀ ...!
ਬਾਕੀ ਸੱਭ ਖੈਰ ਹੈ..........!!!

ਤਿੰਨ ਹਫਤੇ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ- ਹਸਪਤਾਲ 'ਚ ਦਾਖਿਲ ਹੋਏ ਨੂੰ, ਹਾਲੇ ਵੀ ਛੁੱਟੀ ਦੀ ਕੋਈ ਵਾਈ- ਧਾਈ ਨਹੀਂ ਦਿਸ ਰਹੀ।

ਬੇਸ਼ਕ ਇਸ ਹਸਪਤਾਲ ਵਿਚ ਸਿਰੇ ਦਾ ਇਲਾਜ ਹੈ, ਪਰ, ਆਪਣਾ ਘਰ, ਘਰ ਹੀ ਹੁੰਦਾ ਹੈ।

ਮੈਨੂੰ ਬੇਸ਼ੱਕ ਇਥੇ ਸਾਰੀਆਂ ਸਹੂਲਤਾਂ ਮਿਲ ਰਹੀਆਂ ਨੇ, ਪਰ ਪਿੱਛੇ ਪਰਿਵਾਰ, ਰਿਸ਼ਤੇਦਾਰ, ਦੋਸਤ ਬਹੁਤ ਫਿਕਰਮੰਦ ਹਨ।

*********************

ਪਹਿਲਾਂ ਪਾਣੀ ਕਿਨਾਰਿਓਂ-ਕਨਿਆਰੀ ਹੋ ਗਿਆ ਤਾਂ ਡਾਕਟਰਾਂ/ਨਰਸਾਂ ਨੇ ਪੇਟ 'ਚ ਵੱਡਾ ਬੋਰ ਕਰ ਕੇ ਕੁਝ ਰਾਹਤ ਦਿਵਾਉਣ ਲਈ ਜੱਦੋ-ਜਹਿਦ ਕੀਤੀ, ਆਠਾਰਾਂ ਕੁ ਲਿਟਰ ਪਾਣੀ ਕੱਢ ਦਿੱਤਾ, ਪਰ ਕਹਿੰਦੇ ਅਜੇ ਗੱਲ ਨਹੀਂ ਬਣੀ, ਕੋਲ ਇੱਕ ਕੁਦਰਤੀ ਲੱਗੇ ਛੋਟੇ ਬੋਰ-ਬੈਲ ਵਿਚ ਛੋਟਾ ਪਾਈਪ ਪਾ ਕੇ ਹੀ ਹਟੇ।



ਹੁਣ ਕਹਿੰਦੇ ਨੇ ਕਿ ਜਿੰਨਾ ਚਿਰ ਢਿੱਡ-ਸਰੋਵਰ ਸੰਪੂਰਨ ਸਾਫ ਨਹੀਂ ਹੁੰਦਾ, ਅਸੀਂ ਜੁਗਾੜ ਪੁੱਟ ਨਹੀਂ ਸਕਦੇ।

ਹੁਣ ਮੈਂ ਕੁਝ ਵੀ ਨਹੀਂ ਕਰ ਸਕਦਾ, ਰੱਬ ਜਾਂ ਡਾਕਟਰ ਪੂਰੀ ਵਾਹ ਲਗਾਅ ਰਹੇ ਨੇ-ਇਨ੍ਹਾਂ 'ਤੇ ਪੂਰਾ ਯਕੀਨ ਹੈ।...ਮੈਂ ਤਾਂ ਬੱਸ, ਹੁਣ ਰਾਮੂਵਾਲੀਏ ਵਾਂਗੂੰ ਬੈਠ ਕੇ ਇੱਕ ਕਿਨਾਰੇ "ਟੈਂਅ-ਟੈਂਅ ਕਰਨ ਜੋਗਾ ਹਾਂ, (ਜਾਂ) ਦੂਜੇ ਪਾਸੇ ਬੈਠ ਕੇ ਸੁਖਬੀਰ ਬਾਦਲ ਵਾਂਗੂੰ 'ਜੈਕਾਰੇ' ਛੱਡਣ ਹੀ ਜੋਗਾ ਹਾਂ।... ਭਲਾ ਏਹਦੇ ਵਿਚ ਜੈਕਾਰੇ ਛੱਡਣ ਵਾਲੀ ਕਿਹੜੀ ਗੱਲ ਹੈ ਭਾਈ...!?!

****ਹਮੇਸ਼ਾਂ ਚੜ੍ਹਦੀ ਕਲਾ 'ਚ ਰਹੋ****

ਸਫਾਈ ਕਰਕੇ ਜਾਪਦੈ, ਨਵਾਂ ਪਾਣੀ ਛੱਡਣਗੇ! ਤਾਂਹੀ ਨਵੀਂ ਹਰਿਆਲੀ ਆਵੇਗੀ॥

ਇਹ ਸੱਭ ਕੁਝ ਰੱਬ ਦੀ ਮਿਹਰ ਸਦਕਾ ਅਤੇ ਤੁਹਾਡੀਆਂ ਦੁਆਵਾਂ ਸਦਕਾ ਹੋ ਸਕਿਆ ਹੈ॥

ਰੱਬ ਸੱਭ ਨੂ ਹਮੇਸ਼ਾਂ ਰਾਜ਼ੀ-ਬਾਜ਼ੀ ਰੱਖੇ, ਐਸਾ ਦੁਖ-ਦਰਦ ਕਿਸੇ ਨੂੰ ਨਾ ਦਿਖਾਵੇ!!

********************

ਕਈ ਵਾਰ ਇਹ ਚਿੰਤਾ, ਚਿਖਾ ਬਰਾਬਰ ਹੋ ਨਿਬੜਦੀ ਹੈ..!

ਸਨੁਹਿਰੀ ਭਵਿੱਖ, ਕਲਹੈਣਾ ਭਵਿੱਖ ਹੋ ਨਿਬੜਦਾ..॥

"ਇੱਥੇ ਚਿੜੀ ਵਿਚਾਰੀ ਕੀ ਕਰੇ...?
ਚਿੱੜਾ ਵਿਚਾਰਾ ਪਾਣੀ ਪੀ ਮਰੇ....॥"

ਕੁਲ ਮਿਲਾ ਕੇ ਜੇ ਦੇਖਿਆ ਜਾਵੇ ਤਾਂ ਕੈਨੇਡਾ ਦੀ ਜ਼ਿੰਦਗੀ ਬਹੁਤੀ ਵਧੀਆ ਨਹੀਂ ਰਹੀ...।

ਅਸੀਂ ਅਠਾਈ-ਤੀਹ ਸਾਲ ਪਹਿਲਾਂ ਏਥੇ ਆਏ ਸਾਂ ਤਾਂ ਓਦੋਂ ਗੱਲ ਕੁਝ ਹੋਰ ਹੀ ਹੁੰਦੀ ਸੀ! ਅਗਲੇ ਪਿਛਲੇ ਚਾਵਾਂ ਨਾਲ ਉਡੀਕਦੇ ਹੁੰਦੇ ਸਨ, ਪਰ ਹੁਣ ਕਿੱਥੇ..!?!

ਜੀਣ-ਮਰਨ ਦਾ ਬਹੁਤ ਫਰਕ ਪੈ ਗਿਆ। ਇਥੇ ਸਿਵੇ ਤਾਂ ਦਿਲ ਖਿਚਾਊ ਬਣਾ ਲਏ, ਫਿਊਨਰਲ-ਹੋਮ ਇੱਕ ਨਾਲੋ ਇੱਕ ਸੁੰਦਰ!!!! ਮਾਤ/ ਭੂਮੀ 'ਚ ਪਰ ਅਜੇ ਵੀ ਪਿੰਡ ਦੇ ਸਿਵਿਆਂ ' ਚ ਸਮਾ ਜਾਣ ਨੂੰ ਜੀਅ ਕਰਦਾ ਹੈ॥

ਏਥੇ ਤਾਂ 'ਬੰਦਾ-ਫੂਕੂ' ਮੁਕਾਬਲਿਆਂ 'ਚ ਪੰਜਾਹ ਪਰਸੈਂਟ (50% off) ਦੇ ਰਹੇ ਨੇ,...॥

ਹੁਣ ਤੁਸੀਂ ਦੱਸੋ ..!., ਬੰਦਾ ਮਰੇ ਤੇ ਮਰੇ ਕਿੱਥੇ.!?!

***-ਡਾ. ਗੁਰਵਿੰਦਰ ਸਿੰਘ***

# ਇਨਕਲਾਬੀ ਲਹਿਰ ਦਾ ਯੋਧਾ-ਰਵਿੰਦਰ ਸਹਿਰਾਅ

ਸ਼ਿਕਾਗੋ ਤੋਂ ਛਪਦੇ ਹਫ਼ਤਾਵਾਰੀ ਪੰਜਾਬੀ ਅਖ਼ਬਾਰ 'ਪੰਜਾਬ ਟਾਈਮਜ਼' ਦੇ ਸਿਲਵਰ ਜੁਬਲੀ ਸਮਾਗਮ ਵਿਚ ਸ਼ਿਰਕਤ ਕਰਨ ਲਈ ਨਿਊਯਾਰਕ ਤੋਂ ਮੈਂ ਤੇ ਸੁਰਿੰਦਰ ਸੋਹਲ ਜੇ ਐਫ਼ ਕੇ ਏਅਰ-ਪੋਰਟ ਤੋਂ ਸ਼ਿਕਾਗੋ ਏਅਰਪੋਰਟ ਜਾ ਉਤਰੇ। ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲਾ ਅਤੇ ਇਨਕਲਾਬੀ ਯੋਧਾ ਤੇ ਲਿਖਾਰੀ ਰਵਿੰਦਰ ਸਹਿਰਾਅ ਤੇ ਉਹਦੀ ਜੀਵਨ ਸਾਥਣ ਨੀਰੂ ਸਹਿਰਾਅ ਸਾਨੂੰ ਲੈਣ ਇੰਡੀਆਨਾ ਤੋਂ ਸ਼ਿਕਾਗੋ ਆ ਪਹੁੰਚੇ। ਸ਼ਿਕਾਗੋ ਤੋਂ ਇੰਡੀਆਨਾ ਡੇਢ ਕੁ ਘੰਟੇ ਦਾ ਪੈਂਡਾ ਸੀ। 'ਪੰਜਾਬ ਟਾਈਮਜ਼' ਦੀ ਸਿਲਵਰ ਜੁਬਲੀ 'ਤੇ ਸਾਡਾ ਸਾਰਿਆਂ ਦਾ ਇਕੱਠਿਆਂ ਜਾਣ ਦਾ ਪ੍ਰੋਗਰਾਮ ਸੀ। ਰਿਹਾਇਸ਼ ਵੀ ਸਾਡੀ ਰਵਿੰਦਰ ਦੇ ਘਰ ਹੀ ਸੀ।

ਗੱਡੀ ਸ਼ਿਕਾਗੋ ਏਅਰ-ਪੋਰਟ ਤੋਂ ਧੂੜਾਂ ਪੱਟਦੀ ਇੰਡੀਆਨਾ ਜਾ ਰਹੀ ਸੀ। ਨੀਰੂ ਸਹਿਰਾਅ ਗੱਡੀ ਚਲਾ ਰਹੇ ਸਨ। ਨੱਬੇ ਦੀ ਸਪੀਡ 'ਤੇ ਜਾਂਦੀ ਗੱਡੀ ਚਾਲੀ-ਪੰਜਾਹ 'ਤੇ ਲੱਗ ਰਹੀ ਸੀ। ਅਸੀਂ ਗੱਲੀਂ-ਬਾਤੀਂ ਰੁੱਝੇ ਹੋਏ ਸਾਂ ਤੇ ਨਾਲ ਦੀ ਨਾਲ ਆਲੇ-ਦੁਆਲੇ ਦਾ ਨਜ਼ਾਰਾ ਮਾਣ ਰਹੇ ਸਾਂ। ਟਰੱਕਾਂ ਦੀ ਕਾਫ਼ੀ ਭਰਮਾਰ ਸੀ। ਟਰੱਕਾਂ ਦੀ ਟਰੈਫ਼ਿਕ ਕਰਕੇ ਹਾਈ-ਵੇਅ ਹੋਰ ਵੱਡਾ ਬਣਾਇਆ ਜਾ ਰਿਹਾ ਸੀ। ਮੈਂ ਸੋਚ ਰਿਹਾ ਸਾਂ ਕਿ ਅਸੀਂ ਤਾਂ ਕਹਿੰਦੇ ਸਾਂ ਨਿਊਯਾਰਕ ਹੀ ਜ਼ਿਆਦਾ ਟਰੈਫ਼ਿਕ ਹੈ ਪਰ ਹੁਣ ਤਾਂ



**ਇਕਬਾਲ ਸਿੰਘ ਜੱਬੋਵਾਲੀਆ**

ਇੰਡਿਆਨਾ ਦੇ ਹਾਈ-ਵੇਅ ਵੀ ਟਰੱਕਾਂ ਨਾਲ ਭਰੇ ਜਾ ਰਹੇ ਸਨ, ਜਿਨ੍ਹਾਂ ਵਿਚ ਪੰਜਾਬੀ ਵੀ ਸਨ। ਕਈਆਂ ਨੇ ਤਾਂ ਟਰੱਕਾਂ 'ਤੇ ਪੰਜਾਬੀ ਵਿਚ ਲਿਖਾ ਕੇ 'ਗੱਭਰੂ ਪੁੱਤ ਪੰਜਾਬ ਦੇ, 'ਜਲੰਧਰ ਵਾਲੇ ਮਾਨ', 'ਸਿੱਧੂ ਮੂਸੇਵਾਲੇ ਨੂੰ ਪਿਆਰ ਕਰਨ ਵਾਲੇ' ਤੇ ਕਈ ਕੁਝ ਹੋਰ ਲਾਇਆ ਹੋਇਆ ਸੀ।

ਗੱਲਾਂ ਵਿਚ ਰੁੱਝੇ ਕਰਦੇ ਕਰਾਂਦੇ ਰਵਿੰਦਰ ਹੁਣਾਂ ਦੇ ਆਲੀਸ਼ਾਨ ਘਰ ਜਾ ਪਹੁੰਚੇ। ਵਧੀਆ ਢੰਗ ਨਾਲ ਘਾਹ ਬੂਟੇ ਲਾਏ ਹੋਏ ਨੇ। ਘਰ ਪਹੁੰਚ ਕੇ ਕਾਫ਼ੀ ਸਕੂਨ ਮਿਲਿਆ। ਮੂੰਹ ਹੱਥ ਧੋ ਕੇ ਪ੍ਰਸ਼ਾਦਾ-ਪਾਣੀ ਛਕਿਆ। ਸਫ਼ਰ ਨਾਲ ਥੱਕਿਆ ਹੋਣ ਕਰਕੇ ਮੈਂ ਤਾਂ ਥੋੜ੍ਹਾ ਆਰਾਮ ਕਰਨ ਚਲਾ ਗਿਆ। ਰਵਿੰਦਰ ਤੇ ਸੁਰਿੰਦਰ ਸੋਹਲ ਗੱਲੀਂ ਜੁਟ ਗਏ। ਸੌਂ ਕੇ ਉਠਿਆ ਤਾਂ ਰਵਿੰਦਰ ਭਾਜੀ ਸੁਰਿੰਦਰ ਸੋਹਲ ਨੂੰ ਕਹਿਣ ਲੱਗਾ- "ਆਹ ਫੜੋ ਗੱਡੀ ਦੀ ਚਾਬੀ ਜਿਧਰ ਮਰਜ਼ੀ ਘੁੰਮੋ ਫਿਰੋ।" ਸੋਹਲ ਨਿਊਯਾਰਕ ਦਾ ਘੈਂਟ ਡਰੈਵਰ ਸੀ। ਕਈ ਸਾਲ ਓਹਨੇ ਨਿਊਯਾਰਕ ਟੈਕਸੀ ਚਲਾਈ ਸੀ। ਜੀਹਨੇ ਨਿਊਯਾਰਕ ਟੈਕਸੀ ਚਲਾ ਲਈ, ਉਹਦੇ ਲਈ ਹਰ ਰਾਹ ਸੌਖਾ ਹੈ। ਸੋਹਲ ਗੱਡੀ ਭਜਾਈ ਗਿਆ ਤੇ ਮੈਂ ਨਾਲ ਬੈਠਾ ਥਾਪੜਾ ਦੇਈ ਗਿਆ। ਰਾਤ ਅਸਾਂ ਸੋਹਲ ਦੇ ਰਿਸ਼ਤੇਦਾਰਾਂ ਦੇ ਘਰ ਰਹੇ। ਉਹ ਵੀ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ ਸਨ।

ਦੂਜੇ ਦਿਨ ਤਿਆਰ ਹੋ ਕੇ ਇੰਡੀਅਨ ਐਪੋਲਿਸ ਇਕ ਦੋ ਜਗ੍ਹਾ ਕਿਸੇ ਨੂੰ ਮਿਲ ਕੇ ਸ਼ਿਕਾਗੋ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਪ੍ਰੋਗਰਾਮ ਵੱਲ ਹੋ ਤੁਰੇ। ਇੰਡੀਅਨਐਪੋਲਿਸ ਤੋਂ ਸ਼ਿਕਾਗੋ ਢਾਈ ਕੁ ਘੰਟੇ ਦਾ ਸਫ਼ਰ ਸੀ।

ਰਵਿੰਦਰ ਹੁਰਾਂ ਨੂੰ ਅਸਾਂ ਸ਼ਿਕਾਗੋ 'ਪੰਜਾਬ ਟਾਈਮਜ਼ ਨਾਈਟ' ਪ੍ਰੋਗਰਾਮ 'ਤੇ ਮਿਲਣਾ ਸੀ। ਧੂੜਾਂ ਪੱਟਦੀ ਗੱਡੀ ਭਜਾਉਂਦੇ ਸੋਹਲ ਨੇ ਢਾਈ ਕੁ ਘੰਟਿਆਂ 'ਚ ਗੱਡੀ 'ਪੰਜਾਬ ਟਾਈਮਜ਼' ਦੇ ਵਿਹੜੇ ਅਮੋਲਕ ਸਿੰਘ ਜੰਮੂ ਦੇ ਘਰ ਲਾ ਦਿਤੀ। ਭੈਣ ਜਸਪ੍ਰੀਤ ਬੜੇ ਤਪਾਕ ਨਾਲ ਮਿਲੇ। ਘਰ 'ਚ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਸੀ। ਇਕ ਆ ਰਿਹਾ ਸੀ ਇਕ ਜਾ ਰਿਹਾ ਸੀ। ਅਮੋਲਕ ਸਿੰਘ ਜੰਮੂ ਦੇ ਪੁਰਾਣੇ ਸਾਥੀ ਵਰਜੀਨੀਆਂ ਤੋਂ ਗੁਰਮੇਲ ਸਿੰਘ ਬੜੇ ਗਰਮ ਜੋਸ਼ੀ ਨਾਲ ਮਿਲੇ। ਉਥੋਂ ਤਿਆਰ ਹੋ ਕੇ ਅਸਾਂ ਗੱਡੀ ਚੁੱਕੀ ਤੇ ਪ੍ਰੋਗਰਾਮ ਵਾਲੀ ਥਾਂ 'ਤੇ ਜਾ ਪਹੁੰਚੇ। ਉਦੋਂ ਨੂੰ ਰਵਿੰਦਰ ਤੇ ਨੀਰੂ ਸਹਿਰਾਅ ਵੀ ਪਹੁੰਚ ਗਏ।

'ਪੰਜਾਬ ਟਾਈਮਜ਼' ਨੂੰ ਪਿਆਰ ਕਰਨ ਵਾਲੇ ਸਨੇਹੀ ਸੱਜਣ ਪਹੁੰਚ ਰਹੇ ਸਨ। ਇਕ ਦੂਜੇ ਨੂੰ ਮਿਲ ਕੇ ਰੂਹਾਂ ਖਿੜ ਰਹੀਆਂ ਸਨ। ਹਰਜਿੰਦਰ ਕੰਗ ਜੀ ਨੂੰ ਪਹਿਲੀ ਵਾਰ ਮਿਲ ਰਿਹਾ ਸਾਂ। ਗੁਰਬਖ਼ਸ਼ ਸਿੰਘ ਰੰਧਾਵਾ (ਰਾਹੀ), ਅਵਤਾਰ ਸਿੰਘ ਸਪਰਿੰਗਫ਼ੀਲਡ ਪਰਿਵਾਰਾਂ ਤੇ ਸਤਿੰਦਰ ਸਿੰਘ ਸੁਸਾਣਾਂ ਨੂੰ ਬੜੇ ਸਾਲਾਂ ਬਾਅਦ ਮਿਲਿਆ ਸਾਂ। ਅਮੋਲਕ ਸਿੰਘ ਜੰਮੂ ਦੇ ਤੁਰ ਜਾਣ ਤੋਂ ਬਾਅਦ ਭੈਣ ਜਸਪ੍ਰੀਤ ਨੇ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਪ੍ਰੋਗਰਾਮ ਸ਼ੁਰੂ ਹੋਇਆ ਤਾਂ ਗੀਤਾਂ, ਗ਼ਜ਼ਲਾਂ, ਸ਼ੇਅਰਾਂ, ਹਾਸਰਸ ਕਵਿਤਾਵਾਂ ਤੇ ਬੁਲਾਰਿਆਂ ਨੇ 'ਪੰਜਾਬ ਟਾਈਮਜ਼' ਅਖ਼ਬਾਰ ਦੀ ਵਧੀਆ ਕਾਰਗੁਜ਼ਾਰੀ ਦੀ ਤਾਰੀਫ਼ ਕੀਤੀ। ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਸਟੇਜ 'ਤੇ ਚੰਗਾ ਸਮਾਂ ਬੰਨ੍ਹਿਆ। ਸਰੋਤਿਆਂ ਵਲੋਂ ਭਰਵਾਂ ਪਿਆਰ ਮਿਲਿਆ। ਰਵਿੰਦਰ ਸਹਿਰਾਅ ਦੀ ਨਜ਼ਮ "ਨੌਂ ਵਰ੍ਹਿਆਂ ਦੀ ਫ਼ਲਸਤੀਨੀ ਕੁੜੀ ਬਜ਼ਾਰ ਜਾਣ ਲੱਗੀ" ਸੁਣ ਕੇ ਜਿਥੇ ਸਾਰਾ ਹਾਲ ਭਾਵੁਕ ਹੋ ਗਿਆ ਉਥੇ ਰਵਿੰਦਰ ਖ਼ੁਦ ਭਾਵੁਕ ਹੋਣੋਂ ਨਾ ਰਹਿ ਸਕਿਆ। ਗੁਰਮੁਖ ਸਿੰਘ ਭੁੱਲਰ ਅਤੇ ਹਰਜਿੰਦਰ ਖਹਿਰਾ ਵਧੀਆ ਸਟੇਜ ਸੰਚਾਲਨ ਕੀਤਾ।

ਭੈਣ ਜਸਪ੍ਰੀਤ ਨੇ ਰੋਟੀ-ਪਾਣੀ ਦਾ ਅਤੇ ਹੋਰ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਇਕ ਦੂਜੇ ਨੂੰ ਘੁੱਟ ਘੁੱਟ ਮਿਲ ਰਹੇ ਸਨ ਤੇ ਅਮੋਲਕ ਸਿੰਘ ਜੰਮੂ ਦੀ ਦਲੇਰੀ ਨੂੰ ਯਾਦ ਕਰ ਰਹੇ ਸਨ। ਪ੍ਰੋਗਰਾਮ ਤੋਂ ਵੇਹਲੇ ਹੋ ਕੇ ਅਸੀਂ ਹੋਟਲ ਆ ਗਏ। ਸਵੇਰੇ ਉਠਦੇ ਹੀ ਦੋ ਕਾਰਾਂ 'ਚ ਅਸਾਂ ਇੰਡੀਆਨਾ ਨੂੰ ਚਾਲੇ ਪਾ ਦਿੱਤੇ। ਇਕ ਕਾਰ 'ਚ ਰਵਿੰਦਰ ਤੇ ਮੈਡਮ ਨੀਰੂ ਤੇ ਨਾਲ ਵਰਿਆਮ ਸਿੰਘ ਸੰਧੂ ਤੇ ਜੀਵਨ ਸਾਥਣ ਰਾਜਵੰਤ ਕੌਰ ਚਾਰ ਜਣੇ। ਦੂਜੀ ਕਾਰ ਵਿਚ ਮੈਂ ਤੇ ਸੁਰਿੰਦਰ ਸੋਹਲ, ਜੋ ਰਵਿੰਦਰ ਹੁਣਾਂ ਕੋਲ ਇੰਡਿਆਨਾ ਰਾਤ ਠਹਿਰਨ ਦਾ ਸਾਡਾ ਪਹਿਲੋਂ ਹੀ ਪ੍ਰੋਗਰਾਮ ਬਣਿਆ ਹੋਇਆ ਸੀ।

ਘਰ ਪਹੁੰਚਦੇ ਹੀ ਫਿਰ ਮਹਿਫ਼ਲ ਜੁੜ ਗਈ। ਰਵਿੰਦਰ ਦੇ ਪੁਰਾਣੇ ਸਾਥੀ ਕਮਲਜੀਤ ਵਿਰਕ ਤੇ ਰਾਣਾ ਵਿਰਕ ਭਰਾ ਵੀ ਉਥੇ ਆ ਪਹੁੰਚੇ। ਵਰਿਆਮ ਸੰਧੂ ਦੀ ਯਾਦਦਾਸ਼ਤ ਦੀ ਦਾਦ ਦੇਣੀ ਬਣਦੀ ਐ। ਪੰਜਾਹ-ਸੱਠ ਸਾਲ ਪੁਰਾਣੀਆਂ ਯਾਦਾਂ ਸੁਣਦੇ ਰਹੇ। ਕਦੇ ਰਵਿੰਦਰ, ਕਦੇ ਸੰਧੂ ਸਾਹਿਬ ਤੇ ਕਦੇ ਸੋਹਲ ਸਾਹਿਬ। ਦਿਲ ਨਾ ਕਰੇ ਉਠਣ ਨੂੰ। ਦਿਲ ਕਹੇ ਰਾਤ ਹੋਰ ਲੰਬੀ ਹੋ ਜਾਵੇ, ਕਦੇ ਮੁੱਕੇ ਨਾ। ਮਹਿਫ਼ਲਾਂ 'ਚ ਇਹ ਤਾਂ ਅਕਸਰ 'ਕੱਠੇ ਹੁੰਦੇ ਰਹਿੰਦੇ ਹਨ। ਪਰ ਮੈਂ ਪਹਿਲੀ ਵਾਰ ਇਨ੍ਹਾਂ ਦੀ ਸੰਗਤ ਮਾਣ ਰਿਹਾ ਸਾਂ।



ਨੀਰੂ ਸਹਿਰਾਅ ਨੂੰ ਪੰਜਾਬੀ ਸਾਹਿਤ ਨਾਲ ਬੇਹੱਦ ਲਗਾਓ ਹੈ ਤੇ ਹਰ ਲੇਖਕ ਦਾ ਪੂਰਾ ਬਾਇਓਡਾਟਾ ਯਾਦ ਹੈ। ਉਨ੍ਹਾਂ ਦੇ ਘਰ ਲੇਖਕਾਂ ਤੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦਾ ਅਕਸਰ ਆਉਣਾ-ਜਾਣਾ ਬਣਿਆ ਰਹਿੰਦੈ। ਹਰ ਇਕ ਨੂੰ ਖਿੜੇ ਮੱਥੇ ਜੀ ਆਇਆਂ ਆਖਦੇ ਨੇ। ਮਹਿਮਾਨ ਨਿਵਾਜ਼ੀ ਦੀ ਇਕ ਮਿਸਾਲ ਹੈ। ਮਹਿਮਾਨ ਨਿਵਾਜ਼ੀ ਦਾ ਤਾਂ ਹਮੇਸ਼ਾਂ ਸਰੂਰ ਚੜ੍ਹਿਆ ਰਹਿੰਦੈ। ਘਿਓ ਨਾਲ ਨੁੱਚੜਦੇ ਦਹੀਂ ਨਾਲ ਆਲੂਆਂ ਵਾਲੇ ਪਰੌਂਠੇ ਕੌਣ ਭੁੱਲ ਸਕਦੈ।

ਰਵਿੰਦਰ ਆਪਣੇ ਸਮੇਂ ਦਾ ਇਨਕਲਾਬੀ ਯੋਧਾ ਤੇ ਲਹਿਰ ਦਾ ਸਰਗਰਮ ਸਾਥੀ ਰਿਹੈ। ਰਾਮਗੜ੍ਹੀਆ ਕਾਲਜ ਫ਼ਗਵਾੜੇ ਪੜ੍ਹਦੇ ਹੀ ਲਹਿਰ ਦਾ ਧੱਕਣ ਸਾਥੀ ਸੀ। ਲਾਇਲਪੁਰ ਖਾਲਸਾ ਕਾਲਜ ਜਲੰਧਰ ਪੜ੍ਹਦੇ ਇਨਕਲਾਬੀ ਕਲਮ ਚਲਦੀ ਰਹੀ। ਇਨਕਲਾਬੀ ਗਤੀਵਿਧੀਆਂ ਕਰਕੇ ਕਈ ਵਾਰ ਗੁਪਤਵਾਸ ਵੀ ਹੋਣਾ ਪਿਆ। ਬੰਗਾ ਲਾਗੇ ਮੰਗੂਵਾਲ ਸਾਰਿਆਂ ਦਾ ਟਿਕਾਣਾ ਹੁੰਦਾ ਜਿਥੇ ਦਰਸ਼ਨ ਖਟਕੜ, ਜਸਵੰਤ ਖਟਕੜ, ਪਾਸ਼, ਜੈਮਲ ਪੱਡਾ, ਮਾਸਟਰ ਗਿਆਨ ਸੰਘਾ, ਨਿਰੰਜਣ ਦਾਸ, ਕਸ਼ਮੀਰੀ ਲਾਲ, ਪਰਮਜੀਤ ਪੰਮਾ ਕਾਮਰੇਡ ਸਨ। ਜੁਆਨੀ ਦੇ ਦਿਨ ਰਾਤ ਲਹਿਰ ਦੇ ਲੇਖੇ ਲਾ ਦਿੱਤੇ। ਦਿਨ ਦੇਖਿਆ ਨਾ ਰਾਤ, ਮੀਂਹ ਦੇਖਿਆ ਨਾ ਝੱਖੜ। ਸਰਦੀ ਗਰਮੀ ਦੀ ਕਦੇ ਪ੍ਰਵਾਹ ਨਾ ਕੀਤੀ। ਬੇਇਨਸਾਫ਼ੀ 'ਤੇ ਹਮੇਸ਼ਾਂ ਆਵਾਜ਼ ਬੁਲੰਦ ਕੀਤੀ। ਹਿੱਕ ਡਾਹ ਕੇ ਖੜ੍ਹਦੇ ਰਹੇ। ਤਸ਼ੱਦਦ ਝੱਲਣਾ ਪਿਆ। ਜੇਲ੍ਹਾਂ ਦੀ ਹਵਾ ਖਾਣੀ ਪਈ। ਕਲਮ ਨਿਰੰਤਰ ਚਲਦੀ ਰਹੀ।

ਆਪਣੇ ਪਿੰਡ ਹਰਦੋ ਫ਼ਰਵਾਲੇ ਨਾਲ ਹਮੇਸ਼ਾਂ ਮੋਹ ਰੱਖਿਆ। ਹਰ ਇਕ ਦਾ ਦੁਖ ਦਰਦ ਮੰਨਿਆ ਤੇ ਪਿੰਡ ਭਲਾਈ ਕਾਰਜਾਂ ਲਈ ਹਮੇਸ਼ਾਂ ਮੂਹਰੇ ਰਿਹੈ। ਇਸੇ ਕਰਕੇ ਹੀ ਖਾਲਸਾ ਕਾਲਜ ਪੜ੍ਹਦੇ ਨੂੰ ਹੀ ਪਿੰਡ ਦੇ ਲੋਕਾਂ ਸਰਪੰਚ ਦੀ ਜ਼ਿਮੇਵਾਰੀ ਸੌਂਪ ਦਿਤੀ ਸੀ। ਪਿੰਡ 'ਚ ਜਦੋਂ ਵੀ ਕਿਸੇ ਨੂੰ ਕੰਮਕਾਰ ਦੀ ਲੋੜ ਪੈਂਦੀ ਤਾਂ ਲੋਕ ਕਾਲਜ ਜਾ ਕੇ ਮਿਲ ਲੈਂਦੇ।

ਸੰਨ ਚੁਰਾਸੀ ਤੋਂ ਹੁਣ ਉਹ ਅਮਰੀਕਾ ਰਹਿ ਰਿਹਾ ਹੈ। ਪੁਰਾਣੇ ਸੱਜਣਾਂ ਨਾਲ ਹਾਲੇ ਵੀ ਰਾਬਤਾ ਹੈ। ਬਹੁਤੇ ਲਹਿਰ ਦੀ ਭੇਟ ਚੜ੍ਹ ਗਏ ਹਨ। ਪੰਜਾਬ ਵਸਦੀ ਮਾਂ ਦੀ ਮੌਤ 'ਤੇ ਕਿਸੇ ਕਾਰਨ ਕਰਕੇ ਪਹੁੰਚ ਨਾ ਸਕਿਆ ਪਰ ਮਾਂ ਦਾ ਦਰਦ ਹਮੇਸ਼ਾਂ ਛਲਕਦਾ ਰਿਹਾ:

"ਅਸੀਂ ਤਾਂ ਉਹ ਬਦਨਸੀਬ ਹਾਂ
ਜਿਨ੍ਹਾਂ 'ਚੋਂ ਬਹੁਤਿਆਂ ਨੂੰ
ਮਾਂ ਦੀ ਅਰਥੀ ਨੂੰ
ਮੋਢਾ ਦੇਣਾ ਵੀ ਨਸੀਬ ਨਹੀਂ ਹੋਇਆ।"

ਪਿਤਾ ਜੀ ਦੀ ਮੌਤ 'ਤੇ ਵੀ ਕਲਮ ਨੇ ਇਸੇ ਤਰ੍ਹਾਂ ਹੀ ਹੰਝੂ ਕੇਰੇ ਸਨ:-

"......ਫਿਰ ਅਚਾਨਕ ਮੈਂ ਭੁੱਬੀ ਰੋਇਆ
ਇਹ ਤਾਂ ਮੇਰਾ ਬਾਪ ਸੀ ਮੋਇਆ।"

ਦੋ ਵਾਰ ਉਹ ਤੇ ਨੀਰੂ ਪਾਕਿਸਤਾਨ ਜਾ ਚੁੱਕੇ ਹਨ। 2023 'ਚ ਤੇ ਇਕ ਵਾਰ ਪਹਿਲੋਂ ਵੀ। ਪਾਕਿਸਤਾਨ ਨਨਕਾਣਾ ਸਾਹਿਬ ਜੀ ਤੇ ਹੋਰ ਗੁਰਧਾਮਾਂ ਦੇ ਦਰਸ਼ਨ-ਦੀਦਾਰੇ ਕੀਤੇ। ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਨੇ ਉਥੇ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ। ਲਿਖਣ ਦਾ ਸ਼ੌਕ ਹਾਲੇ ਵੀ ਬਰਕਰਾਰ ਹੈ। 'ਕੁਝ ਨਾ ਕਹੋ', 'ਕਾਗਦ ਕਲਮ ਕਿਤਾਬ' ਤੇ 'ਸੁਰਖ਼ ਰਾਹਾਂ ਦੇ ਹਮਸਫ਼ਰ' ਇਨਕਲਾਬੀ ਕਿਤਾਬਾਂ ਲਿਖੀਆਂ ਹਨ। ਅਮੋਲਕ ਸਿੰਘ ਜੰਮੂ ਦੇ ਗ੍ਰਹਿ ਵਿਖੇ 'ਸੁਰਖ਼ ਰਾਹਾਂ ਦੇ ਹਮਸਫ਼ਰ' ਕਿਤਾਬ ਮੈਨੂੰ ਭੇਟ ਕੀਤੀ। ਲੇਖਣੀ ਦਾ ਮਕਸਦ ਸਮਾਜਿਕ ਗਿਰਾਵਟ ਨੂੰ ਹਮੇਸ਼ਾਂ ਉਚਾ ਚੁੱਕਣਾ, ਮੇਹਨਤਕਸ਼ ਮਜ਼ਦੂਰਾਂ ਦੀ ਆਵਾਜ਼ ਦੇ ਪਾਂਧੀ ਬਣਨਾ ਤੇ ਅਮੀਰ ਗਰੀਬ ਦੇ ਪਾੜੇ ਨੂੰ ਖਤਮ ਕਰਨ ਦਾ ਹੋਕਾ ਅਤੇ ਮਾੜੇ ਸਿਸਟਮ ਦਾ ਦੱਬ ਕੇ ਵਿਰੋਧ ਕੀਤਾ। ਬਾਗ਼ੀ ਸੁਰਾਂ ਹਮੇਸ਼ਾਂ ਉਚੀਆਂ ਹੁੰਦੀਆਂ ਰਹੀਆਂ।

"ਮਹਿਲਾਂ 'ਚੋਂ ਨਹੀਂ, ਝੁੱਗੀਆਂ 'ਚੋਂ,
ਹਮੇਸ਼ਾਂ ਇਨਕਲਾਬ ਉਠਦਾ ਏ।
ਇਨਸਾਫ਼ ਨਹੀਂ ਮਿਲਦਾ ਲਾਚਾਰਾਂ ਨੂੰ ਕਿਓਂ?
ਹਰ ਸਵਾਲ ਦਾ ਜਵਾਬ ਉਠਦਾ ਏ।
ਬੇਰੁਜ਼ਗਾਰਾਂ ਲਈ ਰੁਜ਼ਗਾਰੀ ਦੇ ਮਸਲੇ ਦਾ ਹੱਲ,
ਹਰ ਗੱਭਰੂ ਦੇ ਮਨ 'ਚ ਖ਼ਾਬ ਉਠਦਾ ਏ।"

## ਕਾਵਿ-ਕਿਆਰੀ

### ਅਤੀਤ ਦਾ ਪ੍ਰਛਾਵਾਂ

ਵਕਤ ਜਵਾਰਭਾਟੇ ਦੀਆਂ ਲਹਿਰਾਂ
ਅਤੀਤ ਦੇ ਪ੍ਰਛਾਂਵੇਂ ਦੀਆਂ ਗਹਿਰਾਂ
ਜ਼ਿੰਦਗੀ ਦੇ ਸਰਕਦੇ ਰੇਤੇ,
ਜੰਮਦੀਆਂ ਬੋਲੀਆਂ,
ਮਰਦੇ ਸ਼ਬਦ, ਮੈਂ ਕੀ ਕੀ ਲਿਖਾਂ।

ਇਤਿਹਾਸ ਦੇ ਧਾਗਿਆਂ ਨੂੰ ਪਕੜੀਂ
ਬੀਤੇ ਦਿਨਾਂ ਨੂੰ ਜਕੜੀਂ,
ਨਵੀਂ ਸਵੇਰ ਰਚਦੀਆਂ ਸਾਡੀਆਂ ਉਂਗਲਾਂ,
ਕਸੀਆਂ ਨੇ ਕਿਤੇ, ਅਤੀਤ ਦਿਆਂ ਸੰਗਲਾਂ।

ਸਾਨੂੰ ਨਵੇਂ ਦਿਨਾਂ ਦੀ ਭੁੱਖ ਹੈ,
ਪਰ ਕਿਓਂ ਬੀਤੇ ਦਾ ਦੁੱਖ ਹੈ।
ਨਵੇਂ ਭਵਿੱਖ ਪਿੱਛੇ ਦੌੜਦੇ,
ਕਿਓਂ ਅਤੀਤ ਨੂੰ ਪਿੱਛੇ ਬੰਨ੍ਹਦੇ ਨਹੀਂ
ਵਗਦੀ ਨਦੀ 'ਚ ਪੈਰ ਗੱਡੇ,
ਹੁਕਮ ਰਜਾਈ ਨੂੰ ਮੰਨਦੇ ਨਹੀਂ।

ਇਹ ਤਬਦੀਲੀ ਦਾ ਤਾਂਡਵ ਨਾਚ,
ਸਾਡੀ ਦੁਬਿਧਾ ਦਾ ਕੌੜਾ ਸਾਚ।
ਵਕਤ 'ਚ ਲਿਪਟੀ ਇੱਕ ਬੁਝਾਰਤ,
ਕਿੱਥੇ ਸਾਡੀ ਹੋਂਦ ਦੀ ਪੈੜ,
ਗੁਜ਼ਰੀ ਕੱਲ੍ਹ ਕਿ ਆਉਂਦੀ ਸਵੇਰ,
ਲੱਭਦੇ ਮਰ ਜਾਈਏ, ਇਹੋ ਭੈੜ।

ਬਗੀਚੇ ਵਿੱਚ ਪੁਰਾਣੇ ਪੱਤੇ, ਨਵੇਂ ਬੀਜ,
ਬੀਤਿਆ ਕਿ ਆਉਂਦਾ ਕੱਲ੍ਹ, ਸਾਡੀ ਕਿੱਥੇ ਨੀਝ।
ਨਵਿਆਂ ਦੇ ਆਉਣ ਲਈ, ਹੈ ਪੁਰਾਣਿਆਂ ਨੇ ਝੜਨਾ,
ਪੁਰਾਣੇ ਦੀ ਸਵਾਰੀ ਛੱਡ, ਹੈ ਨਵਿਆਂ ਨੂੰ ਫੜਨਾ।

ਉਹ ਕਦਰਾਂ ਕੀਮਤਾਂ ਪਿਆਰੀਆਂ ਸਨ,
ਉਹ ਰਿਵਾਜ ਰੀਤਾਂ ਨਿਆਰੀਆਂ ਸਨ।
ਨਵੀਂ ਪਨੀਰੀ ਦੀ ਵਾਰੀ ਪਰ,
ਨਵੀਆਂ ਰਿਵਾਇਤਾਂ ਘੜ੍ਹਨ ਦੀ,
ਨਵੀਂ ਫੁਲਕਾਰੀ ਕਸੀਦਣ ਦੀ,
ਨਵੀਆਂ ਬੋਲੀਆਂ ਪੜ੍ਹਨ ਦੀ।

ਜੰਮਣਗੇ ਬੀਜ ਨਵੇਂ,
ਪਾਣੀ ਦੀ ਨੀਵਾਣ ਵੱਲ,
ਭਵਿੱਖ ਹੁੰਦਾ ਏ,
ਸਮੇਂ ਦੀ ਸਿਆਣ ਵੱਲ।
ਆ ਨਿਹਾਰੀਏ ਕੋਮਲ ਪੱਤੀਆਂ,
ਤਾਜ਼ੀਆਂ ਨਿਗਾਹਾਂ ਨਾਲ,
ਤੇ ਪੁੱਟੀਏ ਪੁਲਾਂਘਾਂ ਲੰਮੀਆਂ,
ਨਵਿਆਂ ਵੇ ਰਾਹਾਂ ਨਾਲ।

*-ਡਾ. ਰਛਪਾਲ ਸਹੋਤਾ*

---

### ਚੜ੍ਹ ਗਿਆ ਸਾਉਣ

ਚੜ੍ਹ ਗਿਆ ਸਾਉਣ,
ਲੱਗਾ ਮੀਂਹ ਵਰਸਾਉਣ,
ਆਣ ਕਮਲੀ ਨੂੰ ਦਰਸ ਦਿਖਾ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀ ਛੇਤੀ ਚੰਨਾਂ ਘਰ ਆ।

ਵਾਂਗ ਪਪੀਹੇ ਜੀਅ ਪੀਹੂ ਪੀਹੂ ਕਰੇ ਵੇ,
ਲਿਸ਼ਕਦਾ ਏ ਮੇਘਾ ਚਿੱਤ ਦਰਦਾ ਡਰੇ ਵੇ,
ਠੰਢੀ ਪੱਛੋਂ ਦੀ ਵਗਦੀ ਏ 'ਵਾ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀ ਛੇਤੀ ਚੰਨਾਂ...।

ਚੜ੍ਹ ਚੜ੍ਹ ਆਉਂਦੀ ਦੇਖਾਂ ਘਟਾ ਘਨਘੋਰ ਵੇ,
ਮਚਦਾ ਏ ਸੀਨਾ ਦੇਖਾਂ ਨੱਚਦੇ ਜੇ ਮੋਰ ਵੇ,
ਢੋਲਾ ਬਣ ਕੇ ਫ਼ਰਾਟਾ ਵਰ੍ਹ ਜਾ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀ-ਛੇਤੀ ਚੰਨਾਂ...।

ਉਡੀਕਦੀਆਂ ਸਖੀਆਂ ਤੀਆਂ ਦਾ ਤਿਉਹਾਰ ਵੇ,
ਦੇਵੇ ਨ ਵਿਛੋੜਾ ਕਿਤੇ ਤੱਤੜੀ ਨੂੰ ਮਾਰ ਵੇ,
ਦਿਲ ਧੜਕਦੈ ਮਾਹੀ ਠਾਹ ਠਾਹ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀ-ਛੇਤੀ ਚੰਨਾਂ...।

ਛੇੜਦੀਆਂ ਸਹੇਲੀਆਂ ਜਦੋਂ ਲੈ ਕੇ ਤੇਰਾ ਨਾਂ ਵੇ,
ਤੀਰ ਸਿੱਧਾ ਛਾਤੀ ਵੱਜੇ ਮਰ ਜਾਵਾਂ ਥਾਂ ਵੇ,
ਘਟਾ ਕਾਲ਼ੀ ਬਣ ਚੰਦਰਿਆ ਛਾ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀ-ਛੇਤੀ ਚੰਨਾਂ ਘਰ ਆ।

*-ਸੇਵਾ ਸਿੰਘ 'ਨੂਰਪੁਰੀ'*

---

### ਧੀ ਪਰਦੇਸਣ

ਦਾਦੇ ਦਾਦੀ ਖੁਸ਼ੀ ਮਨਾਈ
ਸਾਡੇ ਪੁੱਤ ਘਰ ਲੱਛਮੀ ਆਈ।
ਖੁਸ਼ੀਆਂ ਨਾਲ ਹੋਏ ਦੂਹਰੇ ਤੀਹਰੇ
ਖਿੜਗੇ ਸਭ ਦੇ ਸੁੱਕੇ ਚਿਹਰੇ।

ਵੱਡੀ ਹੋਈ, ਸਕੂਲ ਪੜ੍ਹਨੇ ਪਾਈ,
ਇਨਾਮਾਂ ਦੇ ਜਾਵੇ ਢੇਰ ਲਗਾਈ।
ਬਾਰ੍ਹਵੀਂ ਦੇ ਨਤੀਜੇ ਆਏ
ਆਈਲੈਟਸ ਦੇ ਦਰਵਾਜ਼ੇ ਖੜਕਾਏ।

ਬਣ ਗਏ ਬੈਂਡ ਕਨੇਡਾ ਤੋਰੀ,
ਖੁਸ਼ੀ ਗ਼ਮੀ ਸੀ ਹੋਈ ਥੋੜ੍ਹੀ।
ਫੇਰ ਹਕੀਕਤ ਰੰਗ ਦਿਖਾਇਆ,
ਨੌਕਰੀ ਲਈ ਦਰਵਾਜ਼ਾ ਖੜਕਾਇਆ।

ਆਪਣਾ ਪਰਾਇਆ ਭੁੱਲ ਗਏ,
ਸੁਡੌਲ ਜਿਸਮ 'ਤੇ ਡੁੱਲ੍ਹ ਗਏ।
ਨੌਕਰੀ ਕਹਿੰਦੇ ਤੇਰੀ ਪੱਕੀ,
ਨਸ਼ੇ ਦੇ ਕੁਝ ਪੈਕੇਟ ਧੱਕੀਂ।

ਨਾਂਹ ਕਰੀ ਤਾਂ ਪੁਲਿਸ ਨੂੰ ਦੱਸਦੂੰ
ਵਾਪਸ ਭੇਜੂੰ ਜੇਲ੍ਹ 'ਚ ਫਸਜੂ।
ਇਕ ਦੋ ਰਾਤਾਂ ਮੇਰੇ ਨਾਲ ਕੱਟ ਲੈ
ਪੈਸਿਆਂ ਨਾਲ ਪਰਸ ਭਰ ਲੈ।

ਛੱਡ ਸ਼ਰਾਫਤ, ਛੱਡ ਸ਼ਰਮਾਣਾ
ਚੱਲ ਚੱਲੀਏ ਖੁਆਊਂ ਖਾਣਾ।
ਦੋ ਚਾਰ ਦੋਸਤ ਹੋਰ ਵੀ ਹੈਗੇ
ਨੌਕਰੀ ਦੇ ਦਿਨ ਪਿੱਛੇ ਰਹਿ ਗੇ।

ਹੁਣ ਤਾਂ ਟੌਹਰ ਜਮਾ ਲੈ ਪੂਰੀ
ਛੇਤੀ ਹੋ ਜੂ ਤੇਰੀ ਮਸ਼ਹੂਰੀ।
ਹਾਏ ਓ ਰੱਬਾ ਪੇਟ ਦੀ ਖਾਤਰ
ਕਿਉਂ ਬਣਦੇ ਹਾਂ ਪਰਦੇਸੀ ਪਾਤਰ।

ਕਿਉਂ ਕੁੜੀਆਂ ਦਾ ਜਿਸਮ ਹੀ ਦਿਸਦਾ
ਕਿਉਂ ਕੁੜੀਆਂ ਦਾ ਜਿਸਮ ਹੀ ਵਿਕਦਾ।
ਕਿਉਂ ਨੀ ਰਿਜ਼ਕ ਇੱਜ਼ਤ ਦਾ ਦੇਂਦਾ
ਰੋਟੀ ਬਦਲੇ ਦੇਖ ਕੀ ਹੁੰਦਾ।

*-ਠਾਕਰ ਸਿੰਘ ਬਸਾਤੀ*

ਪੰਜਾਬੀ ਕਹਾਣੀ

# ਗੁਲਬਾਨੋ!

-ਵੀਨਾ ਵਰਮਾ



ਪਾਕਿਸਤਾਨ ਦੀ ਸਰਜ਼ਮੀਨ, ਜੇਹਲਮ ਦਰਿਆ ਦੇ ਕਿਨਾਰੇ ਵਸਿਆ ਸ਼ਹਿਰ 'ਸਰਾਏ ਆਲਮਗੀਰ'। ਸ਼ਹਿਰ ਦੇ ਇੱਕ ਕੋਨੇ ਵਿਚ ਜੇਹਲਮ ਦੀ ਵੱਖੀ ਨਾਲ ਬਣੀ ਤਿੰਨ ਮੰਜ਼ਿਲਾਂ ਸੁਰਮਈ ਹਵੇਲੀ, ਇੰਨੀ ਸੁਰਮਈ ਕਿ ਦੂਰੋਂ ਕਿਸੇ ਪਹਾੜ ਦਾ ਭੁਲੇਖਾ ਪਵੇ। ਛੱਤ 'ਤੇ ਖੜ੍ਹਾ ਇਨਸਾਨ ਜੇਹਲਮ ਦਰਿਆ ਦੇ ਹੁਸਨ ਨੂੰ ਨੰਗਿਆਂ ਦੇਖ ਸਕਦਾ ਸੀ। ਇਸ ਛੱਤ 'ਤੇ ਖੜ੍ਹੋ ਕੇ ਹਵੇਲੀ ਦੀ ਮਾਲਕਣ ਨੇ ਬੇਸ਼ੁਮਾਰ ਵਾਰੀ ਜੇਹਲਮ ਦੇ ਹੁਸਨ ਦਾ ਜਲਵਾ ਦੇਖਿਆ ਸੀ। ਪਰ ਉਸਦੇ ਆਪਣੇ ਹੁਸਨ ਨੂੰ ਸਿਰਫ ਹਵਾ ਤੇ ਸੂਰਜ ਤੋਂ ਇਲਾਵਾ ਸ਼ਾਇਦ ਇਸ ਸ਼ਹਿਰ, 'ਚ ਕਿਸੇ ਨਹੀਂ ਸੀ ਦੇਖਿਆ ਜਾਂ ਫੇਰ ਦਰਿਆ ਜੇਹਲਮ ਉਸਦਾ ਹਮਰਾਜ਼ ਸੀ।

ਇਸ ਛੱਤ 'ਤੇ ਉਸਦੀ ਜ਼ਿੰਦਗੀ ਦਾ ਬਹੁਤਾ ਹਿਸਾ ਇਸੇ ਤਰ੍ਹਾਂ ਘੁੰਮਦਿਆਂ ਗੁਜ਼ਰਿਆ ਸੀ।

**ਵੀਨਾ ਵਰਮਾ**

ਕਦੇ ਉਦਾਸ ਤੇ ਕਦੇ ਪੁਰਸਕੂਨ। ਜੇਹਲਮ ਅਤੇ ਉਹ ਦੋਵੇਂ ਆਪਣੇ ਅੰਦਰ ਉਠਦੇ ਤੂਫਾਨਾਂ ਨੂੰ ਸਾਂਝਿਆਂ ਕਰਦੇ। ਕਦੇ ਸ਼ਾਂਤ ਹੋ ਕੇ ਹੇਠਾਂ ਉਤਰਦੀ ਤੇ ਕਦੇ ਦੋਵੇਂ ਮਿਲ ਕੇ ਦੁੱਗਣੇ ਭੜਕਦੇ। ਪਿਛਲੇ ਚਾਲ੍ਹੀ ਸਾਲਾਂ ਤੋਂ ਇਹੀ ਹੋ ਰਿਹਾ ਸੀ। ਪਿਛਲੀ ਜੁੰਮੇਰਾਤ ਨੂੰ ਉਸਦੇ ਬੇਟੇ ਸ਼ਮੀਰ ਦਾ ਇੰਗਲੈਂਡ ਤੋਂ ਖ਼ਤ ਆਇਆ ਕਿ 'ਅੰਮੀ ਤੁਸੀਂ ਸਾਡੇ ਕੋਲ ਆ ਜਾਉ। ਬੱਚੇ ਤੁਸਾਂ ਨੂੰ ਯਾਦ ਕਰਦੇ ਨੇ। ਫਿਰਦੋਸ ਸਲਾਮ ਭੇਜਦੀ ਹੈ, ਤੇ ਹੋਰ ਪਤਾ ਨਹੀਂ ਕੀ ਕੁਛ ਲਿਖਿਆ। ਖ਼ਤ ਪੜ੍ਹ ਕੇ ਬਨੇਰੇ 'ਤੇ ਰੱਖ ਦਿਤਾ ਤੇ ਤੇਜ਼ ਹਵਾ ਨਾਲ ਖ਼ਤ ਉਡਦਾ ਹੋਇਆ ਜੇਹਲਮ ਦੇ ਪਾਣੀ, 'ਚ ਜਾ ਸਮਾਇਆ।

ਅੱਜ ਫਿਰ ਸੁਬਹਾ ਜਦੋਂ ਸ਼ਮੀਰ ਦਾ ਫੋਨ ਆਇਆ, ਤਾਂ ਉਹ ਅੱਧ-ਸੁੱਤੀ ਸੀ। ਨੌਕਰ ਨੇ ਦਰਵਾਜ਼ੇ 'ਤੇ ਦਸਤਕ ਦਿਤੀ ਤਾਂ ਉਸਨੇ ਬਹਾਨਾ ਬਣਾ ਦਿਤਾ ਕਿ ਆਖ ਦੇਵੇ 'ਅੰਮੀ ਸੌਂ ਰਹੀ ਏ, ਤਬੀਅਤ ਠੀਕ ਨਹੀਂ ਏ। ਬਜ਼ੁਰਗ ਨੌਕਰ ਫਾਰੂਕ ਪਿਛਲੇ ਪੰਜਾਹ ਸਾਲਾਂ ਤੋਂ ਇਸ ਹਵੇਲੀ ਵਿਚ ਕੰਮ ਕਰ ਰਿਹਾ ਸੀ ਅਤੇ ਬੇਗਮ ਸਾਹਿਬਾ ਦੀ ਰਗ-ਰਗ ਦਾ ਵਾਕਿਫ਼ ਸੀ। ਉਹ ਮੁੜ ਸੌਂ ਨਾ ਸਕੀ। ਸੁੱਕੇ ਜ਼ਖ਼ਮ ਹਰੇ ਹੋ ਗਏ। ਉਸਦੇ ਜ਼ਖ਼ਮੀ ਦਿਲ ਦੀਆਂ ਤਾਰਾਂ ਕਿਸੇ ਨੇ ਝੰਜੋੜ ਦਿਤੀਆਂ ਸਨ। ਫੇਰ ਕੋਈ ਪੁਰਾਣਾ ਅਫ਼ਸਾਨਾ ਯਾਦ ਆ ਗਿਆ ਸੀ। ਅਫ਼ਸਾਨਾ, ਜੋ ਹਰ ਵਕਤ ਉਸ ਦੇ ਦਿਲੋ-ਦਿਮਾਗ ਵਿਚ ਘੁੰਮਦਾ ਸੀ। ਅਫ਼ਸਾਨਾ, ਜੋ ਉਸਦੇ ਨਾਲ ਗੁਜ਼ਰਿਆ ਸੀ। ਅਫ਼ਸਾਨਾ, ਜੋ ਉਸਦੀ ਹਕੀਕਤ ਸੀ, ਤੇ ਅਫ਼ਸਾਨਾ ਜੋ ਉਹ ਖੁਦ ਬਣ ਗਈ ਸੀ।

ਵੈਸੇ ਤੇ ਮਰਦ ਸਮਾਜ, 'ਚ ਔਰਤਾਂ ਦੇ ਅਫ਼ਸਾਨੇ ਬਣਨੇ ਬੜੇ ਆਸਾਨ ਹੁੰਦੇ ਨੇ। ਔਰਤ ਤਾਂ ਦੋ ਵਾਰੀ ਖਿੜਕੀ ਵਿਚ ਖੜ੍ਹੀ ਹੋ ਜਾਵੇ ਤਾਂ ਅਫ਼ਸਾਨਾ ਬਣ ਜਾਂਦਾ ਹੈ। ਰਾਹ ਜਾਂਦੀ ਦੇ ਕਿੱਸੇ ਘੜੇ ਜਾਂਦੇ ਹਨ। ਥਾਂ ਥਾਂ ਅਦਾਲਤ-ਨਿਗਾਹ ਬੈਠੇ ਹਨ ਉਸ ਦੇ ਲਈ।...ਪਰ ਉਸਨੇ ਤਾਂ ਅਸਲੋਂ ਜੱਗੋਂ ਤੇਰ੍ਹਵੀਂ ਕੀਤੀ ਸੀ। ਅਫ਼ਸਾਨਾ ਵੀ ਉਹ ਬਣਿਆ ਕਿ ਕੋਈ ਸੁਣੇ ਤਾਂ ਫੈਸਲਾ ਨਾ ਕਰ ਸਕੇ ਕਿ ਉਸਦੀ ਹਾਲਤ 'ਤੇ ਹੱਸਿਆ ਜਾਵੇ ਜਾਂ ਆਂਸੂ ਬਹਾਏ ਜਾਣ।

ਪਰ ਬੇਗਮ ਸਾਹਿਬਾ ਹੁਣ ਖ਼ੁੱਦਾਰ, ਮਗਰੂਰ ਤੇ ਬੁਲੰਦ, ਕਿਸੇ ਚੱਟਾਨ ਵਾਂਗ ਸੀ। ਜਿਸ ਦੇ ਆਸੇ ਪਾਸਿਓਂ ਤੂਫਾਨ ਲੰਘ ਜਾਂਦੇ ਪਰ ਉਸਦਾ ਸਿਰ ਨਹੀਂ ਸੀ ਝੁਕਦਾ। ਪਿਛਲੇ ਚਾਲ੍ਹੀ ਸਾਲ ਤੋਂ ਉਹ ਕਿਸੇ ਕੈਦੀ ਵਾਂਗ ਇਸ ਹਵੇਲੀ ਵਿਚ ਨਜ਼ਰਬੰਦ ਸੀ। ਕੈਦੀ ਜੋ ਜੇਲ੍ਹ ਦਾ ਮਾਲਿਕ ਹੋਵੇ। ਇਹ ਉਮਰ ਕੈਦ ਖੁਦ ਉਸਨੇ ਆਪਣੇ ਆਪ ਨੂੰ ਦਿੱਤੀ ਸੀ।

ਚਾਲ੍ਹੀ ਸਾਲ ਪਹਿਲਾਂ ਉਹ ਕਿਸੇ ਤੂਫਾਨ ਵਾਂਗ ਆਈ ਤੇ ਹਵੇਲੀ ਦੀਆਂ ਕਿਲ੍ਹੇ ਵਰਗੀਆਂ ਕੰਧਾਂ ਵਿਚ ਸਮਾਅ ਗਈ ਸੀ। ਉਸ ਤੂਫਾਨ ਨਾਲ ਜੋ ਗਰਦੋ-ਗੁਬਾਰ ਉਡੀ ਸੀ, ਉਹ ਵਕਤ ਨਾਲ ਉਤਰ ਗਈ।

ਬੱਸ ਕੋਈ ਕੋਈ ਸ਼ਖਸ ਸੀ, ਉਸਦੇ ਜ਼ਮਾਨੇ ਦਾ ਜੋ ਉਸਦੇ ਅਫ਼ਸਾਨੇ ਨੂੰ ਛੇੜ ਬਹਿੰਦਾ ਸੀ। ਵਰਨਾ ਉਹ ਹੁਣ ਬੀਤ ਚੁੱਕੀ ਬਾਤ ਸੀ। ਬੁੱਢੇ ਮਰ ਚੁੱਕੇ ਸਨ। ਨੌਜਵਾਨ ਬੁੱਢੇ ਹੋ ਗਏ ਸਨ ਤੇ ਬੱਚੇ ਜਵਾਨ ਹੋ ਗਏ ਸਨ। ਉਹਦਾ ਰਾਜ਼ ਹੁਣ ਇਸ ਹਵੇਲੀ ਦੀਆ ਕੰਧਾਂ ਵਿਚ ਮਹਿਫੂਜ਼ ਸੀ। ਪੂਰੀ ਆਦਮਜ਼ਾਤ ਨਾਲ ਜਿਵੇਂ ਉਸਨੂੰ ਨਫ਼ਰਤ ਸੀ। ਦੋ ਸ਼ਬਦਾਂ ਤੋਂ ਵੱਧ ਗੱਲ ਨਾ ਕਰਦੀ। ਮਾਇਕੇ ਉਹ, ਇਸ਼ਕ ਵਿਚ ਛੱਡ ਕੇ ਆ ਗਈ ਸੀ ਤੇ ਸਸੁਰਾਲ ਉਸਨੇ ਨਫ਼ਰਤ ਵਿਚ ਛੱਡ ਦਿਤਾ ਸੀ।

ਮੁਹੱਬਤ ਅਤੇ ਨਫ਼ਰਤ ਦੇ ਦੋ ਰੰਗਾਂ ਵਿਚ ਰੰਗੀ ਉਹ ਦੁਨੀਆ ਦੇ ਹਰ ਤੀਜੇ ਰੰਗ ਤੋਂ ਬੇਖ਼ਬਰ ਸੀ। ਨਫ਼ਰਤ ਦਾ ਰੰਗ ਉਸਦੀ ਮਮਤਾ ਦੇ ਰੰਗ ਨੂੰ ਵੀ ਖਾ ਗਿਆ ਸੀ। ਪੁੱਤਰ ਸ਼ਮੀਰ ਨੇ ਵੀ ਕੀ ਕੀਤਾ ਸੀ...? ਆਪਣੀ ਹੀ ਮਾਂ ਦੇ ਜਜ਼ਬਾਤ ਦੀ ਪ੍ਰਵਾਹ ਨਾ ਕਰਦਿਆਂ ਵਿਕ ਗਿਆ ਸੀ, ਉਨ੍ਹਾਂ ਲੋਕਾਂ ਕੋਲ, ਜਿਨ੍ਹਾਂ ਦਾ ਨਾਮ ਲੈਣਾ ਵੀ ਉਹ ਆਪਣੀ ਤੌਹੀਨ ਸਮਝਦੀ ਸੀ। ਉਹ ਲੋਕ ਜਿਨ੍ਹਾਂ ਨੇ ਫੁੱਲ ਵਰਗੀ 'ਗੁਲਬਾਨੋ' ਨੂੰ ਕੰਡਿਆਂ ਦੀ ਝਾੜ ਉਪਰ ਸੁੱਟ ਦਿਤਾ ਸੀ।

ਹਾਂ ਫੁੱਲ ਵਰਗੀ ਤਾਂ ਸੀ ਉਹ ਗੁਲਬਾਨੋ...ਤਾਜ਼ਾ ਖਿੜ੍ਹੇ ਗੁਲਾਬ ਵਰਗੀ। ਗੁਲਾਬੀ ਰੰਗ ਤੇ ਕਾਬੁਲ ਦੇ ਅਨਾਰ ਵਰਗੀਆ ਸੁਰਖ਼ ਗੱਲ੍ਹਾਂ। ਸ਼ਰਬਤੀ ਅੱਖਾਂ 'ਚ ਧਾਰੀਦਾਰ ਸੁਰਮਾ। ਨਾਜ਼ਕ ਪੱਤੀਆਂ ਵਰਗੇ ਹੋਠ। ਬੋਲਦੀ ਸੀ ਤਾਂ ਲਗਦਾ ਸੀ ਜਿਵੇਂ ਬੁਲਬੁਲ ਚਹਿਕ ਰਹੀ ਹੋਵੇ। ਪੌਣੇ ਛੇ ਫੁੱਟ ਦੀ ਲੰਮ-ਸਲੰਮੀ ਕੱਦ ਵਾਲੀ ਕਿ ਸਧਾਰਨ ਮਰਦ ਉਸਦੇ ਸਾਹਮਣੇ ਬੌਣਾ ਲੱਗਦਾ ਸੀ। ਸੁਰਾਹੀ ਵਰਗੀ ਗਰਦਨ, ਗੋਰੀਆਂ ਗੋਲ ਬਾਹਾਂ ਤੇ ਬਾਹਾਂ ਵਿਚ ਸੱਤ-ਰੰਗੀਆਂ ਵੰਗਾਂ।

ਜ਼ੁਲਫਾਂ ਦੇ ਸਿਆਹ ਛੱਲੇ ਤੇ ਛੱਲਿਆਂ, 'ਚ ਘਿਰਿਆ ਰੌਸ਼ਨ ਚਿਹਰਾ। ਗਿੱਠ ਉਚੀਆਂ ਸਖਤ ਛਾਤੀਆਂ ਤੇ ਸੰਗਮਰਮਰੀ ਬਦਨ। ਹੁਸਨ ਦਾ ਕੋਈ ਮੁਜੱਸਮਾ ਸੀ ਉਹ ਗੁਲਬਾਨੋ...ਹਨੇਰੀ ਵਾਂਗ ਜਵਾਨੀ ਚੜ੍ਹੀ ਸੀ ਉਸਨੂੰ ਜਿਵੇਂ ਅਟਕ ਦਰਿਆ ਵਿਚ ਹੜ੍ਹ ਆਇਆ ਹੋਵੇ। ਠਾਰਾਂ ਸਾਲਾਂ, 'ਚ ਛੱਬੀਆਂ ਦੀ ਲੱਗਦੀ ਸੀ ਉਹ।

ਉਸਦੀ ਅੰਮੀ ਉਸਨੂੰ ਛੁਪਾ-ਛੁਪਾ ਰੱਖਦੀ ਕਿ ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਅੱਬੂ ਉਸਨੂੰ ਪੁੱਤਰਾਂ ਨਾਲੋਂ ਵੱਧ ਪਿਆਰ ਦਿੰਦੇ ਅਤੇ ਚਾਰੇ ਭਰਾਵਾਂ ਦੀ ਜਾਨ ਤੋਂ ਪਿਆਰੀ ਸੀ। ਜਿੰਨੀ ਹਸੀਨ ਸੀ ਉਨੀਂ ਹੀ ਜ਼ਹੀਨ ਸੀ। ਜ਼ਮੀਂਦਾਰ ਨਾਸਿਰ ਹੁਸੈਨ ਦੀ ਚਾਰਾਂ ਪੁੱਤਰਾਂ ਤੋਂ ਬਾਅਦ ਇਕੱਲੀ ਛੋਟੀ ਧੀ ਸੀ ਉਹ। ਹਾਲੇ ਦਸ ਸਾਲਾਂ ਦੀ ਸੀ ਰਿਸ਼ਤੇ ਆਉਣੇ ਸ਼ੁਰੂ ਹੋ ਗਏ, ਪਰ ਅੰਮੀ ਉਸਦਾ ਵਿਆਹ ਟਾਲਦੀ ਆ ਰਹੀ ਸੀ। 'ਤੇਰੇ ਬਗੈਰ ਸਾਡਾ ਦਿਲ ਕਿੰਦਾਂ ਲੱਗੇਗਾ ਬੱਚੀਏ' ਵਿਆਹ ਦੀ ਗੱਲ ਛਿੜਦਿਆਂ ਹੀ ਅਕਸਰ ਅੱਖਾਂ ਭਰ ਲੈਂਦੀ।

ਗੁਲਬਾਨੋ, ਦੁਨੀਆਦਾਰੀ ਤੋਂ ਦੂਰ ਮਸਤ ਆਪਣੀਆਂ ਸਹੇਲੀਆਂ ਵਿਚ ਕਸੀਦੇ ਕੱਢਦੀ ਰਹਿੰਦੀ। ਅਮੀਰੀ ਤੇ ਹੁਸਨ, ਸੋਨੇ 'ਤੇ ਸੁਹਾਗਾ। ਅੱਲੜ੍ਹ ਉਮਰ, ਬੇਗਮ, ਬੇਪ੍ਰਵਾਹ ਅਤੇ ਬੇਖ਼ੌਫ਼।

ਉਮਰ, ਜੋ ਜਾਗਦਿਆਂ ਖ਼ਾਬ ਦੇਖੇ...ਉਮਰ, ਜੋ ਕਸਤੂਰੀ ਵਾਲੇ ਹਿਰਨ ਵਾਂਗ ਆਪਣੀ ਮਹਿਕ 'ਚ ਹੀ ਮਦਮਸਤ ਹੋਵੇ। ਇਹੀ ਉਮਰ ਸੀ ਜਦੋਂ ਉਹ ਆਪਣੀ ਸਹੇਲੀ ਦੇ ਘਰ ਸਿਖਰ ਦੁਪਹਿਰ ਕਸੀਦਾ ਕੱਢਣ ਗਈ ਡੰਗੀ ਗਈ ਸੀ। ਮਿੱਠਾ-ਮਿੱਠਾ ਜ਼ਹਿਰ ਚੜ੍ਹਿਆ ਸੀ ਉਸ 'ਤੇ ਹਲਕਾ-ਹਲਕਾ ਸਰੂਰ ਹੋ ਗਿਆ ਸੀ। ਰਾਤ ਨੂੰ ਬਿਸਤਰ 'ਤੇ ਪਈ ਉਹ ਕਰਵਟਾਂ ਬਦਲਦੀ ਰਹੀ। ਪਰ ਉਹ ਹੁਸੀਨ ਚਿਹਰਾ ਉਸਦੀ ਨੀਂਦ ਉੜਾ ਕੇ ਲੈ ਗਿਆ ਸੀ। ਚਿਹਰਾ ਜੋ ਆਫ਼ਤਾਬੀ ਸੀ। ਨਜ਼ਰ, ਜੋ ਜਾਦੂ ਸੀ ਤੇ ਹੁਸਨ, ਜਿਵੇਂ ਟੂਣਾਂ ਸੀ।

'ਫਿਰੋਜ਼'...ਉਸਦੇ ਬੰਦ ਹੋਠਾਂ ਨੇ ਕਈ ਵਾਰ ਉਸ ਜਾਦੂਗਰ ਦਾ ਨਾਂ ਲਿਆ, ਜਿਸ ਨੇ ਦਿਲ ਦਾ ਸਕੂਨ ਚੁਰਾ ਲਿਆ ਸੀ। ਫਿਰੋਜ਼ ਦਾਮਾਦ ਸੀ ਉਸਦੇ ਪੜੋਸੀਆਂ ਦਾ। ਉਸਦੀ ਪੱਕੀ ਸਹੇਲੀ ਸ਼ਕੀਲਾ ਦਾ ਸ਼ੌਹਰ। ਇੱਕ ਦੰਦ ਰੋਟੀ ਸੀ ਦੋਹਾਂ ਸਹੇਲੀਆਂ ਦੀ। ਸ਼ਕੀਲਾ ਦੀ ਸ਼ਾਦੀ ਸਮੇਂ ਗੁਲਬਾਨੋ ਆਪਣੀ ਖਾਲਾ ਦੀ ਬੇਟੀ ਦੀ ਸ਼ਾਦੀ 'ਤੇ ਗਈ ਹੋਈ ਸੀ, ਫਿਰੋਜ਼ ਨੂੰ ਨਹੀਂ ਮਿਲੀ ਸੀ। ਨਹੀਂ ਸੀ ਪਤਾ ਉਸਨੂੰ ਕਿ ਸ਼ਕੀਲਾ ਦੀ ਝੋਲੀ ਨੂੰ ਕੁਦਰਤ ਨੇ ਇੰਨਾ ਨਾਯਾਬ ਤੋਹਫਾ ਬਖਸ਼ਿਆ ਸੀ। ਸ਼ਕੀਲਾ ਨੇ ਜਦੋਂ ਗੁਲਬਾਨੋ ਦਾ ਫਿਰੋਜ਼ ਨਾਲ ਤੁਆਰਫ ਕਰਵਾਇਆ, ਤਾਂ ਦੋਹਾਂ ਨੂੰ ਜਿਵੇਂ ਕਾਠ ਮਾਰ ਗਿਆ। ਮੂੰਹਾਂ, 'ਚੋਂ ਆਵਾਜ਼ ਨਾ ਨਿੱਕਲੀ, ਅੱਖਾਂ ਵਿਚ ਅੱਖਾਂ ਫਸ ਗਈਆ ਦੋਹਾਂ ਦੀਆਂ। ਹੋਠ ਕੰਬੇ ਤੇ 'ਇਸਲਾਮਾ ਲੇਕਮ' ਜੀਭ 'ਤੇ ਆ ਕੇ ਰੁਕ ਗਿਆ ਦੋਨਾਂ ਦਿਆਂ ਬੋਲਾ ਵਿਚੋਂ। ਫਿਰੋਜ਼ ਦੇ ਹੋਸ਼ ਤਾਂ ਉਡਣੇ ਹੀ ਸੀ ਗੁਲਬਾਨੋ 'ਤੇ ਵੀ ਤੀਰ ਚੱਲ ਗਿਆ ਸੀ।

'ਏਹਾ ਖੂਬਸੂਰਤ ਨੌਜਵਾਨ..! ਜਿਵੇਂ ਕੋਈ ਤਸਵੀਰ ਹੋਵੇ। ਗੁਲਬਾਨੋ ਤੋਂ ਦੋ ਗਿੱਠ ਉਚਾ, ਗੋਰਾ ਨਿਛੋਹ ਰੰਗ, ਤੇ ਫ਼ੌਲਾਦੀ ਜਿਸਮ। ਕਾਲੇ ਸਿਆਹ ਜ਼ੁਲਫਾਂ ਦੇ ਪੇਚ ਚੌੜੇ ਮੱਥੇ ਨੂੰ ਚੁੰਮਣ ਦੀ ਹਸਰਤ ਵਿਚ ਝੁਕ ਝੁਕ ਜਾਂਦੇ। ਗੁਲਬਾਨੋ ਦੇ ਦਿਲ ਦੇ ਕੋਰੇ ਤੇ ਖਾਲੀ ਫਰੇਮ ਵਿਚ ਫਿਰੋਜ਼ ਦੀ ਤਸਵੀਰ ਵਸ ਗਈ ਸੀ। ਗੁਲਬਾਨੋ ਦੇ ਨੱਕ ਵਿਚ ਪਾਏ ਹੀਰੇ ਦੇ ਲੌਂਗ ਦੇ ਲਿਸ਼ਕਾਰੇ ਸੂਰਜ ਦੀਆਂ ਕਿਰਨਾਂ ਨਾਲ ਝਗੜ ਕੇ ਫਿਰੋਜ਼ ਦੀਆਂ ਅੱਖਾਂ ਵਿਚ ਪੈ ਰਹੇ ਸੀ। ਦੂਜੇ ਦਿਨ ਫਿਰੋਜ਼ ਵੀ ਦਿਲ ਨੂੰ ਸੰਭਾਲਦਾ ਆਪਣੇ ਸ਼ਹਿਰ ਵਾਪਸ ਚਲਾ ਗਿਆ।

ਥੋੜ੍ਹਾ ਅਰਸਾ ਬੀਤ ਗਿਆ, ਸ਼ਕੀਲਾ ਅਕਸਰ ਗੁਲਬਾਨੋ ਕੋਲ ਆਪਣੇ ਖਾਵੰਦ ਦੀਆਂ ਗੱਲਾਂ ਕਰਦੀ। ਜਦੋਂ ਵੀ ਫਿਰੋਜ਼ ਦਾ ਜ਼ਿਕਰ ਛਿੜਦਾ ਗੁਲਬਾਨੋ ਦਾ ਦਿਲ ਧੜਕਣ ਲੱਗ ਜਾਂਦਾ। ਫਿਰੋਜ਼ ਨਾਲ ਅਧੂਰੀ ਜਿਹੀ ਮੁਲਾਕਾਤ ਨੇ ਉਸ ਦੇ ਅਰਮਾਨ ਜਗਾਅ ਦਿਤੇ ਸੀ। ਨਾ ਉਹ ਉਸ ਨੂੰ ਮਿਲ ਸਕਦੀ ਸੀ ਤੇ ਨਾ ਭੁੱਲ ਸਕਦੀ ਸੀ। ਨਾ ਖ਼ਤ ਨਾ ਸੁਨੇਹਾ। ਨਾ ਹਾਂ, ਨਾ ਨਾਂਹ। ਕਾਸ਼! ਇਕ ਵਾਰ ਫਿਰ ਮਿਲੇ, ਉਹ ਨੂਰਾਨੀ ਚਿਹਰਾ ਦੂਹਰੀ ਵਾਰ ਦੇਖਣ ਲਈ ਉਹ ਖ਼ੁਦਾ ਅੱਗੇ ਦੁਆ ਕਰਦੀ।

ਤੇ ਖ਼ੁਦਾ ਨੇ ਉਹਦੀ ਛੇਤੀ ਸੁਣ ਲਈ। ਫਿਰੋਜ਼ ਇਕ ਦਿਨ ਅਚਾਨਕ ਘੋੜੇ 'ਤੇ ਆ ਗਿਆ। ਬਹਾਨਾ ਕੀਤਾ ਕਿ ਉਹ ਆਪਣੇ ਦੋਸਤ ਨਾਲ ਸ਼ਿਕਾਰ ਖੇਡਣ ਗਿਆ ਸੀ। ਵਾਪਸੀ 'ਤੇ ਸੋਚਿਆ ਸੁਸਰਾਲ ਵਾਲਿਆਂ ਨੂੰ ਵੀ ਮਿਲਦਾ ਜਾਵੇ। ਗੁਲਬਾਨੋ ਨੇ ਸੁਣਿਆ ਤਾਂ ਜਿਵੇਂ ਉਸਨੂੰ ਮਨ ਦੀ ਮੁਰਾਦ ਮਿਲ ਗਈ, ਉਹ ਬੁਲਬੁਲਟੀਨ ਦਾ ਨਵਾਂ ਗਰਾਰਾ ਸੂਟ ਪਾ ਕੇ ਸ਼ਕੀਲਾ ਦੇ ਘਰ ਪਹੁੰਚ ਗਈ। ਗੁਲਬਾਨੋ ਉਨ੍ਹਾਂ ਲਈ ਘਰ ਦੀ ਹੀ ਲੜਕੀ ਸੀ, ਇਸ ਲਈ ਕਿਸੇ ਨੂੰ ਸ਼ੱਕ ਨਹੀਂ ਪਈ। ਫਿਰੋਜ਼ ਤੇ ਗੁਲਬਾਨੋ ਨੇ ਰੱਜ ਕੇ ਅੱਖਾਂ ਦੀ ਪਿਆਸ ਬੁਝਾਈ, ਕੋਈ ਗੱਲ ਨਹੀਂ ਹੋਈ। ਦੋਵਾਂ ਨੇ ਖਾਮੋਸ਼ ਇਕਰਾਰ ਕੀਤੇ ਤੇ ਸ਼ਾਮ ਨੂੰ ਦੋਵੇਂ ਪਿੰਡ ਤੋਂ ਬਾਹਰ ਮਸਜਿਦ ਕੋਲ ਮਿਲੇ।

ਮੈਂ ਬੜੇ ਬਹਾਨੇ ਬਣਾ ਕੇ ਆਇਆ ਹਾਂ। ਬਹੁਤ ਉਦਾਸ ਹੋ ਗਿਆ ਸਾਂ, ਉਸਨੇ ਆਉਣ ਦਾ ਮਕਸਦ ਦੱਸਿਆ।

'ਮੈਨੂੰ ਇਲਮ ਏ...ਤੂੰ ਝੂਠ ਬੋਲ ਕੇ ਆਇਆ ਏਂ...ਤੇ ਮੈਂ ਵੀ...ਗੁਲਬਾਨੋ ਤੋਂ ਗੱਲ ਨਹੀਂ ਸੀ ਹੋ ਰਹੀ।

ਦੇਰ ਤੱਕ ਉਹ ਜ਼ਮੀਨ 'ਤੇ ਬੈਠੇ ਗੱਲਾਂ ਕਰਦੇ ਰਹੇ। ਇਕ-ਦੂਜੇ ਦਾ ਹੱਥ ਫੜੀ ਕਸਮਾਂ-ਵਾਅਦੇ ਹੁੰਦੇ ਰਹੇ। ਦੋਨਾਂ ਦਾ ਘਰ ਜਾਣ ਨੂੰ ਦਿਲ ਨਾ ਕਰੇ। ਆਖਰ ਦੋਵਾਂ ਨੇ ਫਿਰੋਜ਼ ਦੀ ਫੂਫੀ ਨਜ਼ੀਰਾਂ ਦੇ ਘਰ ਮਿਲਣ ਲਈ ਵਾਅਦਾ ਕੀਤਾ। ਫਿਰੋਜ਼ ਨੇ ਸੋਚਿਆ ਉਹ ਆਪਣੀ ਫੂਫੀ ਜਾਨ ਨੂੰ ਆਪਣੇ ਦਿਲ ਦੀ ਗੱਲ ਦੱਸੇਗਾ ਤੇ ਉਹ ਉਨ੍ਹਾਂ ਦਾ ਸਾਥ ਦੇਵੇਗੀ।

ਫੂਫੋ 'ਨਜ਼ੀਰਾਂ ਬੇਗ' ਨੂੰ ਜਦੋਂ ਫਿਰੋਜ਼ ਤੇ ਗੁਲਬਾਨੋ ਦੇ ਇਸ਼ਕ ਦੀ ਗੱਲ ਪਤਾ ਲੱਗੀ ਤਾਂ ਉਹ ਖਿੜ ਕੇ ਕੁੱਪਾ ਹੋ ਗਈ। ਉਹ ਫਿਰੋਜ਼ ਦੇ ਸਸੁਰਾਲ ਨੂੰ ਪਸੰਦ ਨਹੀਂ ਸੀ ਕਰਦੀ ਤੇ ਉਸਨੇ ਫਿਰੋਜ਼ ਤੇ ਗੁਲਬਾਨੋ ਦੇ ਇਸ਼ਕ ਦੀ ਅੱਗ ਨੂੰ ਦੋਵੇਂ ਹੱਥਾਂ ਨਾਲ ਪੱਖੀਆਂ ਝੱਲ ਕੇ ਹਵਾ ਦਿੱਤੀ।

ਗੁਲਬਾਨੋ ਤੇ ਫਿਰੋਜ਼ ਚੋਰੀਉਂ ਫੂਫੀ ਨਜ਼ੀਰਾਂ ਦੇ ਘਰ ਮਿਲਦੇ ਰਹਿੰਦੇ, ਪਰ ਇਸ਼ਕ-ਮੁਸ਼ਕ ਛੁਪਾਇਆ ਨਾ ਛੁਪੇ। ਹੌਲੀ ਹੌਲੀ ਲੋਕਾਂ, 'ਚ ਫੈਲਦੀ ਗੱਲ ਗੁਲਬਾਨੋ ਦੀ ਅੰਮੀ ਤੱਕ ਪੁੱਜੀ। ਅੰਮੀ ਨੇ ਅੰਦਰ ਵੜ ਕੇ ਗੁਲਬਾਨੋ ਨੂੰ ਸਮਝਾਇਆ ਜੇ ਤੇਰੇ ਭਰਾਵਾਂ ਤੱਕ ਗੱਲ ਚਲੀ ਗਈ ਤੈਨੂੰ ਤੇ ਫਿਰੋਜ਼ ਨੂੰ ਜਾਨੋਂ ਮਾਰ ਦੇਣਗੇ। ਸ਼ਾਦੀਸ਼ੁਦਾ ਨਾਲ ਤੇਰੇ ਤਅਲੁਕਾਤ ਨੂੰ ਬਰਦਾਸ਼ਤ ਨਹੀਂ ਕਰਨਗੇ, ਫਿਰੋਜ਼ ਕੁਆਰਾ ਹੁੰਦਾ ਗੱਲ ਹੋਰ ਸੀ।

ਗੁਲਬਾਨੋ, ਫਿਰੋਜ਼ ਦੀ ਫੂਫੀ ਨਜ਼ੀਰਾਂ ਕੋਲ ਜਾ ਕੇ ਰੋਈ। ਉਸ ਨੂੰ ਹੁਣ ਕੁੜੀ ਨਾਲ ਹਮਦਰਦੀ ਹੋਣ ਲੱਗੀ।

'ਕੁੜੀ ਨਾਲ ਵਫ਼ਾ ਕਰੀਂ ਵੇ ਮੁੰਡਿਆ, ਜੇ ਹੱਥ ਫੜਿਆ ਈ ਤਾਂ ਪਾਰ ਲੰਘਾ ਨਹੀਂ ਤਾਂ ਅਗਲੀ ਦਰਗਾਹ, 'ਚ ਮੂੰਹ ਕਾਲਾ ਹੋਸੀ'।

ਅਗਲੇ ਦਿਨ ਫਿਰੋਜ਼ ਤੇ ਗੁਲਬਾਨੋ ਮਿਲੇ ਤਾਂ ਕਾਫੀ ਦੇਰ ਗੁਫਤਗੂ ਹੋਈ...ਘਰੋਂ ਭੱਜਣ ਦਾ ਹੱਲ ਹੀ ਨਜ਼ਰ ਆਇਆ।

'ਬਦਨਾਮ ਹੋ ਜਾਵਾਂਗੇ'...ਜਵਾਨੀ ਦੀ ਬਦਨਾਮੀ ਸਾਰੀ ਉਮਰ ਪਿੱਛਾ ਨਹੀਂ ਛੱਡਦੀ, ਅੱਬੂ ਜਾਨ, ਅੰਮੀ ਤੇ ਭਰਾਵਾਂ ਦੀ ਇੱਜ਼ਤ ਬੂ'...ਤੌਬਾ ਮੇਰੀ। ਥਾਂ ਥਾਂ ਚਰਚੇ ਹੋਣਗੇ। ਉਹ ਇੰਨੀ ਵੱਡੀ ਉਡਾਰੀ ਲਗਾਉਣ ਤੋਂ ਪਹਿਲਾਂ ਆਪਣੇ ਪਰ ਤੋਲ ਰਹੀ ਸੀ...ਗੁਲਬਾਨੋ ਨੇ ਡਰ ਕੇ ਕਿਹਾ, 'ਉਹ ਜਵਾਨੀ ਹੀ ਕੀ ਜਿਸ ਨੇ ਇਸ਼ਕ ਨੀਂ ਕੀਤਾ ਤੇ ਉਹ ਇਸ਼ਕ ਹੀ ਕੀ...ਜਿਸ ਦਾ ਚਰਚਾ ਨਾ ਹੋਇਆ...ਫਿਰੋਜ਼ ਜਵਾਬ ਦਿੰਦਾ।

ਇਸ ਦਾ ਮਤਲਬ ਈ, ਤੂੰ ਮੈਨੂੰ ਕੱਢ ਕੇ ਲੈ ਜਾਣ ਦਾ ਇਰਾਦਾ ਕਰ ਲਿਆ ਏ..! ਗੁਲਬਾਨੋ ਉਸਦੇ ਮੱਥੇ 'ਤੇ ਪੈਂਦੀਆਂ ਜ਼ੁਲਫ਼ਾਂ ਨਾਲ ਖੇਡਦੀ ਬੋਲੀ...

'ਮੈਂ ਤੈਨੂੰ ਆਪਣੇ ਘਰ ਲੈ ਕੇ ਜਾਵਾਂਗਾ ਹੋਰ ਕਿਤੇ ਨੀਂ ਗੁਲਬਾਨੋ'...ਇੱਕ ਵਾਰ ਤੂੰ ਆਪਣਾ ਘਰ ਛੱਡ ਕੇ ਮੇਰੇ ਨਾਲ ਨਿਕਲ ਗਈ ਤਾਂ ਮੇਰੇ ਵਾਲਦਾਇਨ ਨੂੰ ਮਜਬੂਰਨ ਸਾਡੀ ਸ਼ਾਦੀ ਕਰਨੀ ਪਵੇਗੀ...ਫਿਰੋਜ਼ ਨੇ ਸਮਝਾਇਆ।

'ਕਿਉਂ ਨਹੀਂ ਮੰਨਣਗੇ..! ਮੇਰੇ ਚਾਚਾ ਜਾਨ ਨੇ ਚਾਰ ਸ਼ਾਦੀਆਂ ਕੀਤੀਆਂ ਸੂ। ਇਸਲਾਮ ਵਿਚ ਚਾਰ ਸ਼ਾਦੀਆਂ ਦੀ ਇਜਾਜ਼ਤ ਏ। ਤੈਨੂੰ ਵੀ ਉਹੀ ਹੱਕ ਮਿਲਣਗੇ ਜੋ ਸ਼ਕੀਲਾ ਕੋਲ ਹੈਨ...ਫਿਰੋਜ਼ ਨੇ ਤਸੱਲੀ ਦਿਤੀ।

ਤੇ ਦੂਸਰੇ ਦਿਨ ਆਪਣੀ ਕਿਸੇ ਸਹੇਲੀ ਦੇ ਘਰ ਕਸੀਦਾ ਕੱਢਣ ਗਈ ਗੁਲਬਾਨੋ ਘਰ ਨਹੀਂ ਆਈ। ਬੁਰਕੇ ਵਿਚ ਖੁਦ ਨੂੰ ਛੁਪਾ ਕੇ ਉਹ ਫਿਰੋਜ਼ ਦੇ ਘੋੜੇ 'ਤੇ ਬੈਠ ਆਪਣੇ ਪਿੰਡ ਨੂੰ ਅਲਵਿਦਾ ਕਹਿ ਗਈ। ਇਹ ਸੋਚ ਕੇ, ਛੇਤੀ ਹੀ ਉਹ ਫਿਰੋਜ਼ ਨਾਲ ਸ਼ਾਦੀ ਕਰ ਕੇ...ਸ਼ਾਨੋ-ਸ਼ੌਕਤ ਨਾਲ ਪੇਕੇ ਪਿੰਡ ਵਾਪਸ ਆਵੇਗੀ। ਉਹ ਪਿੰਡ, ਜੋ ਉਸਦੀ ਕੰਵਾਰੀ ਮੁਹੱਬਤ ਨੂੰ ਨਾਜਾਇਜ਼ ਦੱਸ ਰਿਹਾ ਏ, ਨਿਕਾਹ ਦੀ ਮੋਹਰ ਲੱਗ ਜਾਣ ਬਾਅਦ ਉਸ ਦਾ ਸੁਆਗਤ ਕਰੇਗਾ।

ਦੁਪਹਿਰ ਢਲ ਗਈ ਸੀ, ਫਿਰੋਜ਼ ਨਾਲ ਬੈਠੀ ਗੁਲਬਾਨੋ ਧੁੱਪ ਵਿਚ ਕੁਮਲਾ ਗਈ ਸੀ। ਪਿਆਸ ਨਾਲ ਗਲਾ ਸੁੱਕ ਰਿਹਾ ਸੀ। ਫਿਰੋਜ਼ ਦੀ ਪਿੱਠ ਨੂੰ ਚੰਬੜੀ, ਜਿਵੇਂ ਹਵਾ 'ਚ ਉਡ ਰਹੀ ਸੀ। ਜਿਵੇਂ ਕੋਈ ਮੈਦਾਨ ਸਰ ਕਰ ਲਿਆ ਹੋਵੇ। ਉਸਦਾ ਪਿਆਰ ਉਸਨੂੰ ਮਿਲ ਗਿਆ ਸੀ, ਹੋਰ ਕੀ ਚਾਹੀਦਾ ਸੀ। ਜਿਸ ਨੂੰ ਮਹਿਬੂਬ ਮਿਲ ਜਾਵੇ ਫਿਰ ਰੱਬ ਵੀ ਭੁੱਲ ਜਾਂਦੈ। ਭੁੱਖ-ਪਿਆਸ ਤਾਂ ਕੀ ਚੀਜ਼ ਸੀ, ਉਹ ਤਾਂ ਆਪਣੇ ਬਾਪ ਦੀ ਧਨ-ਦੌਲਤ, ਇੱਜ਼ਤ ਤੇ ਰਿਵਾਰ ਦੇ ਪਿਆਰ ਤੱਕ ਨੂੰ ਭੁਲਾ ਬੈਠੀ ਸੀ।

ਇੱਕ ਵਾਰ ਵੀ ਨਹੀਂ ਸੋਚਿਆ ਕਿ ਜਵਾਨ ਭੈਣ ਦੇ ਘਰੋਂ ਭੱਜਣ ਤੋਂ ਬਾਅਦ ਗੱਭਰੂ ਭਰਾ ਮੁਆਸ਼ਰੇ ਵਿਚ ਕੀ ਮੂੰਹ ਦਿਖਾਉਣਗੇ। ਉਸਨੂੰ ਤਾਂ ਫਿਰੋਜ਼ ਚਾਹੀਦਾ ਸੀ, ਹਰ ਕੀਮਤ, ਹਰ ਕੁਰਬਾਨੀ ਦੇ ਕੇ ਆਪਣਾ ਪਿਆਰ ਹਾਸਲ ਕਰਨਾ ਚਹੁੰਦੀ ਸੀ। ਅੱਜ ਦੁਨੀਆ ਜਹਾਨ ਨੂੰ ਠੁਕਰਾ ਕੇ ਸ਼ਰਮ-ਹਯਾ ਲਾਹ ਕੇ ਉਹ ਫਿਰੋਜ਼ ਨਾਲ ਆਪਣੀ ਨਵੀ ਮੰਜ਼ਿਲ ਵੱਲ ਵਧ ਰਹੀ ਸੀ, ਜੋ ਬਸ ਥੋੜ੍ਹੀ ਹੀ ਦੂਰ ਸੀ।

ਜੇਹਲਮ ਦਰਿਆ ਦੇ ਨਾਲ ਨਾਲ ਕਈ ਘੰਟੇ ਘੋੜਾ ਭਜਾਉਣ ਤੋਂ ਬਾਅਦ ਦਰੱਖਤ ਹੇਠਾਂ ਫਿਰੋਜ਼ ਰੁਕਿਆ। ਦੋਹਾਂ ਨੇ ਪਾਣੀ ਪੀਤਾ, ਮੂੰਹ 'ਤੇ ਠੰਡੇ ਪਾਣੀ ਦੇ ਛਿੱਟੇ ਮਾਰੇ। ਸ਼ਾਮ ਤੈਰ ਰਹੀ ਸੀ, ਗੁਲਬਾਨੋ ਨੇ ਜ਼ਮੀਨ 'ਤੇ ਬੈਠ ਕੇ ਫਿਰੋਜ਼ ਦਾ ਸਿਰ ਆਪਣੀ ਗੋਦੀ ਵਿਚ ਲੈ ਲਿਆ।

ਬਾਨੋ...ਜੇ ਇਸ ਵੇਲੇ ਤੇਰੇ ਭਰਾ ਆਪਣਾ ਪਿੱਛਾ ਕਰਦੇ ਆ ਜਾਣ ਤਾਂ ਮੇਰੀ ਰਫ਼ਲ ਦਰੱਖਤ 'ਤੇ ਤਾਂ ਨਹੀਂ ਟੰਗ ਦੇਵੇਗੀ...! ਫਿਰੋਜ਼ ਨੇ ਮਜ਼ਾਕ ਵਿਚ ਪੁੱਛਿਆ।

'ਤੂੰ ਕਿੱਧਰ ਦਾ ਵੇ ਮਿਰਜ਼ਾ ਆ ਗਿਆ..! ਬਾਨੋ ਨੇ ਮਜ਼ਾਕ ਦਾ ਜਵਾਬ ਮਜ਼ਾਕ ਵਿਚ ਦਿਤਾ।

ਹੋਰ ਤੂੰ ਐਵੇਂ ਨੀ ਟੁਰ ਪਈ ਮੇਰੇ ਨਾਲ..! ਜੇ ਦਸ ਆਦਮੀ ਵੀ ਆ ਜਾਣ, ਤਾਂ ਮੇਰੀ ਰਫ਼ਲ ਕਿਸੇ ਨੂੰ ਬਚ ਕੇ ਨਹੀਂ ਜਾਣ ਦਿੰਦੀ...ਪਠਾਣ ਹਾਂ ਪਠਾਣ...ਫਿਰੋਜ਼ ਨੇ ਆਪਣਾ ਫੌਲਾਦੀ ਸੀਨਾ ਉਸ ਦੇ ਸਾਹਮਣੇ ਨੰਗਾ ਕੀਤਾ।

'ਸੱਚ ਕਹਾਂ ਪਤਾ ਨਹੀਂ ਤੂੰ ਕੀ ਏਂ! ਪਰ ਮੈਂ ਉਹ ਸਾਹਿਬਾਂ ਨਹੀਂ, ਜਿਹਨੇ ਭਰਾਵਾਂ ਲਈ ਯਾਰ ਨਾਲ ਦਗਾ ਕੀਤਾ ਸੀ। ਪਹਿਲਾਂ ਖ਼ੁਦ ਜਾਨ ਦਿਆਂਗੀ, ਫੇਰ ਕੋਈ ਤੇਰੇ ਵੱਲ ਆਵੇਗਾ...ਗੁਲਬਾਨੋ ਵੀ ਸਿਰ 'ਤੇ ਕਫਨ ਬੰਨ੍ਹ ਕੇ ਤੁਰੀ ਸੀ।

ਝੱਲੀਏ...ਮੇਰੇ ਹੁੰਦੇ ਤੂੰ ਜਾਨ ਦੇਵੇਂ...! ਫਿਰੋਜ਼ ਇੰਨਾਂ ਕੱਚਾ ਨਹੀਂ...ਵਕਤ ਆਏ 'ਤੇ ਜਾਣ ਜਾਵੇਂਗੀ...ਫਿਰੋਜ਼ ਉਠ ਬੈਠਾ।

'ਇਸੇ ਯਕੀਨ 'ਤੇ ਤਾਂ ਸਭ ਕੁਛ ਛੱਡ-ਛਡਾ ਕੇ ਆ ਗਈ ਤੇਰੇ ਨਾਲ। ਵਰਨਾ ਕੱਚਿਆਂ 'ਤੇ ਤਰਨ ਵਾਲੀਆਂ ਤਾਂ ਕਈ ਡੁੱਬ ਗਈਆਂ ਇਨ੍ਹਾਂ ਦਰਿਆਵਾਂ ਵਿਚ...ਬਾਨੋ ਨੇ ਜੇਹਲਮ ਦੇ ਪਾਣੀ ਵੱਲ ਲੰਮੀ ਝਾਤ ਮਾਰੀ।

ਦੋਵੇਂ ਦੇਰ ਤੱਕ ਬੈਠੇ ਆਉਣ ਵਾਲੀ ਜ਼ਿੰਦਗੀ ਦੇ ਸੁਨਹਿਰੀ ਖ਼ਾਬ ਦੇਖਦੇ ਰਹੇ। ਰਾਤ ਉਤਰ ਆਈ, ਦੂਰ 'ਸਰਾਏ ਆਲਮਗੀਰ' ਵਿਚ ਰੌਸ਼ਨੀਆਂ ਜਗਮਗਾ ਉਠੀਆਂ ਸੀ। ਫਿਰੋਜ਼ ਤੇ ਗੁਲਬਾਨੋ ਘੋੜੇ 'ਤੇ ਸਵਾਰ ਹੋ ਕੇ ਮੁਕਾਮ ਵੱਲ ਵਧੇ।

'ਹਾਕਮ ਖਾਨ ਦੀ ਹਵੇਲੀ ਵਿਚ ਭੁਚਾਲ ਆ ਗਿਆ। ਫਿਰੋਜ਼ ਜਿਵੇਂ ਘੋੜੇ ਉਤੇ ਗੁਲਬਾਨੋ ਨੂੰ ਨਹੀਂ ਬਲਕਿ ਕੋਈ ਅੱਗ ਬਿਠਾ ਲਿਆਇਆ ਸੀ। ਹਾਕਮ ਖਾਨ 'ਹਾਜੀ-ਨਮਾਜ਼ੀ' ਇਨਸਾਨ ਸਨ। ਭਾਈਚਾਰੇ ਵਿਚ ਲੋਕ ਉਨ੍ਹਾਂ ਦਾ ਨਾਮ ਇਜ਼ਤ ਨਾਲ ਲੈਂਦੇ। ਪੁੱਤਰ ਫਿਰੋਜ਼ ਦੀ ਹਰਕਤ ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿਤਾ। ਡਿਓਢੀ, 'ਚ ਵੜਦਿਆਂ ਹੀ ਫਿਰੋਜ਼ ਦਾ ਸਾਹਮਣਾ ਅੱਬਾਜਾਨ ਨਾਲ ਹੀ ਹੋ ਗਿਆ। ਗੁਲਬਾਨੋ ਨਕਾਬ ਵਿਚ ਮੂੰਹ ਛੁਪਾਈ ਕਿਸੇ ਚੋਰ ਵਾਂਗ ਪੈਰ ਦੱਬੀ ਉਸਦੇ ਪਿੱਛੇ ਆ ਗਈ। ਹਾਕਮ ਖਾਨ ਨੇ ਹੈਰਾਨ ਪਰੇਸ਼ਾਨ ਨਜ਼ਰਾਂ ਨਾਲ ਉਸ ਨਕਾਬ ਵਾਲੀ ਔਰਤ ਵੱਲ ਦੇਖਿਆ। ਫਿਰੋਜ਼ ਨੇ ਹਿੰਮਤ ਕੀਤੀ ਤੇ ਗੁਲਬਾਨੋ ਨੂੰ ਫੜ ਕੇ ਦੀਵਾਨ ਉਤੇ ਬਿਠਾ ਦਿਤਾ।

'ਅੱਬਾ ਹਜ਼ੂਰ...ਇਹ ਗੁਲਬਾਨੋ ਹੈ, ਮੇਰੇ ਸਹੁਰਿਆਂ ਦੇ ਪਿੰਡ ਦੀ ਏ, ਉਨ੍ਹਾਂ ਦੇ ਪੜੋਸੀ ਜ਼ਮੀਂਦਾਰ ਨਾਸਿਰ ਹੁਸੈਨ ਦੀ ਧੀ'...ਫਿਰੋਜ਼ ਨੇ ਜਿਵੇਂ ਕਿਸੇ ਅਦਾਲਤ ਵਿਚ ਅਰਜ਼ੀ ਦਿਤੀ।

'ਇਥੇ ਕੀ ਕਰਨ ਆਈ ਊ...! ਹਾਕਮ ਖਾਨ ਦੀ ਹੈਰਾਨੀ ਹੋਰ ਵਧ ਗਈ...

'ਮੇਰੇ ਨਾਲ ਆਈ ਏ ਅੱਬਾ ਜਾਨ, ਸ਼ਾਦੀ ਕਰਨਾ ਚਾਹੁੰਦੇ ਹਾਂ। ਮੈਂ ਸਹਿਮਤੀ ਨਾਲ ਇਸ ਨੂੰ ਘਰੋਂ ਭਜਾ ਕੇ ਲਿਆਇਆ ਹਾਂ...ਫਿਰੋਜ਼ ਨੂੰ ਡਰਦਿਆਂ ਆਖਿਰ ਸੱਚ ਦੱਸਣਾ ਪਿਆ....

'ਸ਼ਾਦੀ'...! ਘਰੋਂ ਉਧਾਲ ਕੇ ਲਿਆਇਆ ਆਪਣੇ ਨਾਲ ਉ...! ਯਾਹ ਅੱਲਾਹ ਹਾਕਮ ਖਾਨ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਹਾਕਮ ਖਾਨ ਨੂੰ ਹੁਣ ਹੋਰ ਪੁੱਛਣ ਦੀ ਲੋੜ ਨਹੀਂ ਸੀ। ਬੁਰਕੇ, 'ਚ ਲਿਪਟੀ ਲੜਕੀ, ਫਿਰੋਜ਼ ਦਾ ਉਡਿਆ ਚਿਹਰਾ, ਗਲ ਪਾਈ ਰਫਲ ਅਤੇ ਬਾਹਰ ਖੜ੍ਹਾ ਘੋੜਾ। ਥੋੜ੍ਹਾ ਚਿਰ ਖਾਮੋਸ਼ੀ ਰਹੀ, ਜਿਵੇਂ ਅਦਾਲਤ ਵਿਚ ਫੈਸਲਾ ਸੁਣਨ ਵੇਲੇ ਵਰਗੀ ਖਾਮੋਸ਼ੀ।

'ਅੱਬਾ ਹਜ਼ੂਰ' ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ। ਚਾਚਾ ਜਾਨ ਨਦੀਮ ਨੇ ਵੀ ਚਾਰ ਸ਼ਾਦੀਆਂ ਕੀਤੀਆਂ ਸੂ।

ਮੈਨੂੰ ਵੀ ਦੋ ਦੀ ਇਜਾਜ਼ਤ ਦੇ ਦਿਉ ਖ਼ੁਦਾ ਦੇ ਵਾਸਤੇ..! ਇਸਲਾਮ ਵਿਚ ਇਜਾਜ਼ਤ ਏ। ਫਿਰੋਜ਼ ਨੂੰ ਉਮੀਦ ਸੀ ਕਿ ਅੱਬਾ ਜਾਨ, ਉਸਦੀਆਂ ਬਾਕੀ ਜ਼ਿੱਦਾਂ ਵਾਂਗ ਇਹ ਵੀ ਮੰਨ ਜਾਣਗੇ...!

'ਖਾਮੋਸ਼...ਬੇਗੈਰਤ ਅਤੇ ਗੁਸਤਾਖ ਲੜਕੇ...ਹਾਲੇ ਪਿਛਲੇ ਸਾਲ ਤੇਰੀ ਸ਼ਾਦੀ ਹੋਈ ਸੂ। ਅੱਜ ਨਵੀਂ ਲੜਕੀ ਲੈ ਆਇਆ। ਉਹ ਪੁਰਾਣੀ ਹੋ ਗਈ ਸੂ...! ਤੂੰ ਕਿੱਧਰ ਦਾ ਆਲਮ ਬਣ ਗਿਆ ਏਂ...! ਨਦੀਮ ਨੇ ਤੇਰੀ ਔਕਾਤ ਦੀ ਤਰ੍ਹਾਂ ਔਰਤਾਂ ਉਧਾਲ ਕੇ ਨਹੀਂ ਲਿਆਂਦੀਆਂ ਸੂ। ਉਸ ਦੀ ਹੈਸੀਅਤ ਨੂੰ ਰਿਸ਼ਤੇ ਹੋਏ ਸੂ। ਬੇਸਹਾਰਾ ਔਰਤਾਂ ਨੂੰ ਸਹਾਰਾ ਅਤੇ ਬਰਾਬਰ ਦੇ ਹਕੂਕ ਦੇਣ ਲਈ ਇਸਲਾਮ ਵਿਚ ਚਾਰ ਸ਼ਾਦੀਆਂ ਦੀ ਇਜਾਜ਼ਤ ਏ।

*(ਬਾਕੀ ਅਗਲੇ ਸਫ਼ੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਔਰਤਾਂ ਨੂੰ ਖਿਡੌਣਾ ਬਣਾ ਕੇ ਖੇਡਣ ਲਈ ਹਰਗਿਜ਼ ਨਹੀਂ। ਤੇਰੀ ਪਹਿਲੀ ਬੀਵੀ ਵਿਚ ਕੀ ਕਮੀ ਊ..! ਉਸਦੇ ਹੱਕਾਂ 'ਤੇ ਡਾਕਾ ਨਹੀਂ ਪੈਣ ਦਿਆਂਗਾ ਮੈਂ। ਹਾਕਮ ਖਾਨ ਨੇ ਅੱਜ ਤੱਕ ਕਦੇ ਪੁੱਤਰ ਦਾ ਮੂੰਹ ਨਹੀਂ ਸੀ ਮੋੜਿਆ, ਪਰ ਇੰਨੇ ਖਤਰਨਾਕ ਅਤੇ ਬੇਗੈਰਤੇ ਹਾਲਤ ਦੀ ਫਿਰੋਜ਼ ਤੋਂ ਉਮੀਦ ਨਹੀਂ ਸੀ।

'ਮੈਂ ਪਿਆਰ ਦੇ ਹੱਥੋਂ ਮਜਬੂਰ ਹਾਂ ਅੱਬਾ ਜਾਨ। ਫਿਰੋਜ਼ ਨੇ ਪਿਆਰ ਦੀ ਭੀਖ ਮੰਗੀ।

'ਆਪਣੇ ਹੱਥੀਂ ਗੋਲੀ ਮਾਰਦੇ ਇਹੋ ਜਿਹੇ ਅਵਾਰਾ ਦਿਲ ਨੂੰ, ਜੋ ਖਾਨਦਾਨ ਦੀ ਇੱਜ਼ਤ 'ਤੇ ਧੱਬਾ ਏ, ਅਤੇ ਵਾਪਸ ਛੱਡ ਕੇ ਆ ਇਸ ਅਵਾਰਾ ਲੜਕੀ ਨੂੰ ਇਸ ਦੇ ਮਾਪਿਆਂ ਕੋਲ,...ਹਾਕਮ ਖਾਨ ਨੇ ਫੈਸਲਾ ਸੁਣਾਇਆ। ਗੁਲਬਾਨੋ ਇਹ ਸਭ ਸੁਣਦਿਆਂ ਡਰ ਅਤੇ ਸਹਿਮ ਨਾਲ ਖੜ੍ਹੀ ਹੋ ਗਈ।

ਅੱਬਾ ਹਜ਼ੂਰ...ਇਹ ਲੜਕੀ ਅਵਾਰਾ ਨਹੀਂ, ਜ਼ਮੀਂਦਾਰ ਨਾਸਿਰ ਹੁਸੈਨ ਦੀ ਧੀ ਏ ਜੋ ਪੰਜ ਪਿੰਡਾਂ ਦਾ ਮਾਲਕ ਏ, ਬਹੁਤ ਸ਼ਰੀਫ ਖ਼ਾਨਦਾਨ ਏ...ਫਿਰੋਜ਼ ਨੂੰ ਗੁਲਬਾਨੋ ਬਾਰੇ ਵਰਤੇ ਸ਼ਬਦ ਅਵਾਰਾ ਅਲਫ਼ਾਜ਼ 'ਤੇ ਦੁੱਖ ਲੱਗਿਆ।

'ਸ਼ਰੀਫ਼ ਖਾਨਦਾਨਾਂ ਦੀਆਂ ਕੁੜੀਆਂ ਇਸ ਤਰ੍ਹਾਂ ਮਾਪਿਆਂ ਦੀ ਇਜ਼ਤ ਦਾਅ 'ਤੇ ਲਾ ਕੇ ਘਰੋਂ ਨਹੀਂ ਭਜਦੀਆਂ। ਮੇਰੇ ਘਰ ਵਿਚ ਇਸ ਲਈ ਕੋਈ ਥਾਂ ਨਹੀਂ। ਬੇਗੈਰਤ, ਬੇਹਯਾ...ਤੇਰੀਆਂ ਭੈਣਾਂ 'ਤੇ ਕੀ ਅਸਰ ਪਵੇਗਾ ਤੇਰੀ ਕਰਤੂਤ ਦਾ..! ਕੱਲ੍ਹ ਨੂੰ ਉਹ ਵੀ ਇਹਦੇ ਵਾਂਗ ਮੇਰੀ ਪੱਗ ਨੂੰ ਮਿਟੀ, 'ਚ ਰੋਲ ਕੇ ਗੈਰ ਮਰਦਾਂ ਨਾਲ ਨੱਠ ਜਾਣਗੀਆਂ..! ਛੋੜ ਕੇ ਆ ਇਸ ਨੂੰ ਇਹਦੇ ਘਰ। ਤਿੰਨ ਖਾਨਦਾਨਾਂ ਦੀ ਦੁਸ਼ਮਣੀ ਪੁਆਉਣ ਲੱਗਿਆ ਏਂ ਤੂੰ, ਆਪਣੇ ਇਸ਼ਕ ਦੀ ਖ਼ਾਤਿਰ। ਹਾਕਮ ਖ਼ਾਨ ਨੂੰ ਆਪਣੇ ਖ਼ਾਨਦਾਨ ਦੀ ਇੱਜ਼ਤ ਜਾਨ ਨਾਲੋਂ ਵੀ ਵੱਧ ਪਿਆਰੀ ਸੀ।

'ਇਹ ਵਾਪਸ ਨਹੀਂ ਜਾ ਸਕਦੀ ਅੱਬਾ ਜਾਨ...ਇਹਦੇ ਭਰਾ ਮਾਰ ਦੇਣਗੇ ਇਸ ਨੂੰ, ਰਹਿਮ ਕਰੋ ਇਸ 'ਤੇ ਅੱਬਾ ਜਾਨ...ਫਿਰੋਜ਼ ਅੱਬੂ ਦੇ ਪੈਰ ਛੂੰਹਦਾਂ ਗਿੜਗੜਾਇਆ।

'ਜੇ ਤੂੰ ਇਸ ਨੂੰ ਵਾਪਸ ਨਾ ਛੱਡਣ ਗਿਆ ਤਾਂ ਮੈਂ ਤੈਨੂੰ ਗੋਲੀ ਮਾਰ ਦਿਆਂਗਾ...ਹਾਕਮ ਖਾਨ ਨੇ ਗੁੱਸੇ 'ਚ ਆਉਂਦਿਆਂ ਸਾਹਮਣੇ ਦੀਵਾਰ 'ਤੇ ਟੰਗੀ ਦੋਨਾਲੀ ਰਫਲ ਉਤਾਰੀ।

ਫਿਰੋਜ਼ ਦੀ ਮਾਂ ਪਰਦੇ ਪਿੱਛੇ ਖੜ੍ਹੀ ਸਭ ਸੁਣ ਰਹੀ ਸੀ, ਪਰ ਸ਼ੌਹਰ ਦੇ ਡਰ ਕਾਰਨ ਸਾਹਮਣੇ ਨਹੀਂ ਸੀ ਆ ਰਹੀ। ਪਰ ਹਾਕਮ ਖਾਨ ਦੇ ਹੱਥ, 'ਚ ਰਫਲ ਦੇਖ ਕੇ ਉਹ ਚੀਕ ਮਾਰ ਕੇ ਪੁੱਤਰ ਸਾਹਮਣੇ ਆ ਗਈ।

'ਰਹਿਮ ਕਰੋ ਮੇਰੇ ਬੱਚੇ ਉਤੇ'...ਜਵਾਨੀ, 'ਚ ਗਲਤੀ ਹੋ ਈ ਜਾਂਦੀ ਊ। ਘਰ ਵਿਚ ਸਿਆਣੇ ਬੈਠੇ ਸੂ, ਉਨ੍ਹਾਂ ਦੀ ਸਲਾਹ ਲੈ ਲਵੋ, ਆਪਣੇ ਭਰਾਵਾਂ ਨੂੰ ਸੱਦ ਲਉ ਪੁੱਤਰ ਨੂੰ ਜਾਨੋਂ ਕਿਉਂ ਮਾਰਦੇ ਓ। ਫਿਰੋਜ਼ ਦੀ ਮਾਂ ਨੇ ਰੋਂਦਿਆਂ ਪੁੱਤ ਦੀ ਜ਼ਿੰਦਗੀ ਮੰਗੀ।

ਹਾਕਮ ਖਾਨ ਦਾ ਗੁੱਸਾ ਕੁਝ ਢਲਿਆ। ਮਾਂ ਫਿਰੋਜ਼ ਨੂੰ ਲੈ ਕੇ ਅੰਦਰ ਚਲੀ ਗਈ। ਗੁਲਬਾਨੋ ਡਿਉਢੀ ਦੇ ਵਿਚਕਾਰ ਖੜ੍ਹੀ ਡਰ ਨਾਲ ਕੰਬ ਰਹੀ ਸੀ। ਉਸ ਨੂੰ ਅਜਿਹੇ ਹਾਲਾਤ ਦੀ ਉਮੀਦ ਨਹੀਂ ਸੀ। ਕੀ ਕਰ ਬੈਠੀ ਸੀ ਉਹ...!!! ਜਵਾਨੀ ਤੇ ਇਸ਼ਕ ਦੇ ਨਸ਼ੇ ਵਿਚ ਫ਼ਿਰੋਜ਼ ਦੇ ਪਿੱਛੇ ਲੱਗ ਤੁਰੀ ਅਤੇ ਆਪਣਾ ਅੰਜ਼ਾਮ ਨਹੀਂ ਸੀ ਸੋਚਿਆ। ਹਾਕਮ ਖ਼ਾਨ ਨੇ ਨੌਕਰ ਭੇਜ ਕੇ ਉਸੇ ਵਕਤ ਕਬੀਲੇ ਦੇ ਅਜ਼ੀਮ ਬੰਦੇ ਸੱਦ ਲਏ ਤੇ ਪੰਚਾਇਤ ਜੁੜ ਗਈ।

'ਮੇਰਾ ਪੁੱਤਰ ਫ਼ਿਰੋਜ਼ ਖ਼ਾਨ ਜ਼ਮੀਂਦਾਰ ਨਾਸਿਰ ਹੁਸੈਨ ਦੀ ਧੀ ਨੂੰ ਕੱਢ ਲਿਆਇਆ ਸੂ। ਬੇਗੈਰਤ ਨੇ ਖ਼ਾਨਦਾਨ ਦੀ ਇਜ਼ਤ-ਆਬਰੂ ਮਿੱਟੀ ਵਿਚ ਰੋਲ ਕੇ ਰੱਖ ਦਿਤੀ ਸੂ। ਮੈਂ ਚਾਹੁੰਦਾਂ, ਇਸ ਲੜਕੀ ਨੂੰ ਵਾਪਸ ਇਸਦੇ ਪਿਉ ਦੇ ਘਰ ਭੇਜਿਆ ਜਾਵੇ।

'ਪਰ ਫਿਰੋਜ਼ ਕਹਿੰਦਾ...ਇਸ ਦੇ ਭਰਾ ਇਸ ਨੂੰ ਮਾਰ ਦੇਣਗੇ। ਤੁਸੀਂ ਫੈਸਲਾ ਕਰੋ ਇਸ ਲੜਕੀ ਨੂੰ ਵਾਪਸ ਕਿਵੇਂ ਭੇਜਿਆ ਜਾਵੇ'...ਹਾਕਮ ਖ਼ਾਨ, ਜੋ ਲੋਕਾਂ ਦੇ ਫ਼ੈਸਲੇ ਆਪ ਕਰਦਾ ਸੀ, ਅੱਜ ਖੁਦ ਮੁਜਰਮ ਬਣ ਕੇ ਕਟਹਿਰੇ, 'ਚ ਖੜ੍ਹਾ ਸੀ।

ਕਾਫੀ ਦੇਰ ਸੋਚ ਵਿਚਾਰ ਹੁੰਦੀ ਰਹੀ। ਫਿਰੋਜ਼ ਖਾਨ ਠੀਕ ਆਖਦਾ ਏ। ਲੜਕੀ ਦੇ ਭਰਾ ਇਸ ਨੂੰ ਮਾਰ ਦੇਣਗੇ। ਘਰੋਂ ਭੱਜੀ ਨੂੰ ਮਰਦ ਸਮਾਜ ਮਾਫ਼ ਨਹੀਂ ਕਰਦਾ। ਕਿਹੜਾ ਮਰਦ ਇਸ ਦਾ ਹੱਥ ਫੜੇਗਾ..! ਕਿਸ ਨਾਲ ਇਹ ਸ਼ਾਦੀ ਕਰੇਗੀ..! ਉਧਲ ਗਈਆਂ ਬੇਮੌਤ ਮਾਰੀਆਂ ਜਾਂਦੀਆਂ ਹਨ। ਫਿਰੋਜ਼ ਨਾਲ ਘਰੋਂ ਨੱਠ ਕੇ ਜੇ ਇਹ ਸਾਡੇ ਕਬੀਲੇ ਆ ਗਈ ਏ, ਤਾਂ ਇਸ ਨੂੰ ਪਨਾਹ ਦੇਣਾ ਸਾਡਾ ਇਖ਼ਲਾਕੀ ਫਰਜ਼ ਏ, ਪੰਚਾਂ ਨੇ ਸਲਾਹ ਕੀਤੀ।

ਲੰਮੀ ਗੁਫਤਗੂ ਤੋਂ ਬਾਅਦ ਹਾਕਮ ਖਾਨ ਦੇ ਮਰਹੂਮ ਭਰਾ ਨਵਾਜ਼ ਖਾਨ ਦੇ ਪੁੱਤਰ ਅਮੀਰ ਖਾਨ ਨੂੰ ਬੁਲਾਇਆ ਗਿਆ। ਅਮੀਰ ਖਾਨ ਦੀ ਬੀਵੀ ਪਿਛਲੇ ਸਾਲ ਬੱਚੇ ਨੂੰ ਜਨਮ ਦਿੰਦਿਆਂ ਫੌਤ ਹੋ ਗਈ ਸੀ। ਪੰਚਾਇਤ ਵਿਚ ਅਮੀਰ ਖਾਨ ਨੂੰ ਫਿਰੋਜ਼ ਤੇ ਗੁਲਬਾਨੋ ਦੀ ਕਹਾਣੀ ਸੁਣਾਈ ਗਈ। ਉਸ ਸਾਹਮਣੇ, ਗੁਲਬਾਨੋ ਨਾਲ ਨਿਕਾਹ ਕਰ ਲੈਣ ਦੀ ਤਜਵੀਜ਼ ਰੱਖੀ ਗਈ।

ਅਮੀਰ ਖਾਨ ਜੋ ਸੰਜੀਦਾ ਕਿਸਮ ਅਤੇ ਠਹਿਰੀ ਹੋਈ ਤਬੀਅਤ ਦਾ ਮਾਲਕ ਸੀ, ਆਪਣੀ ਬੀਵੀ ਦੇ ਗਮ ਨੂੰ ਭੁੱਲਿਆ ਨਹੀਂ ਸੀ। ਪਰ ਜ਼ਿੰਦਗੀ ਇਕੱਲਿਆਂ ਵੀ ਪਹਾੜ ਵਾਂਗ ਲੱਗਦੀ ਸੀ।

'ਪਰ ਇਹ ਲੜਕੀ ਫਿਰੋਜ਼ ਦੇ ਇਸ਼ਕ ਵਿਚ ਆਪਣੇ ਮਾਪਿਆਂ ਭੈਣ-ਭਰਾਵਾਂ ਨੂੰ ਛੱਡ ਕੇ ਆਈ ਏ। ਪਿਆਰ ਇਹ ਫਿਰੋਜ਼ ਨੂੰ ਕਰਦੀ ਏ ਤੇ ਉਮਰ ਭਰ ਕਰਦੀ ਰਹੇਗੀ। ਮੇਰੇ ਨਾਲ ਸ਼ਾਦੀ ਤੋਂ ਬਾਅਦ ਵੀ ਇਨ੍ਹਾਂ ਦੀ ਆਸ਼ਨਾਈ ਜਾਰੀ ਰਹੇਗੀ, ਇਸ ਲਈ ਮੈਂ ਇਹ ਖਤਰਾ ਨਹੀਂ ਸਹੇੜ ਸਕਦਾ, ਬੀਵੀ ਮੇਰੀ ਹੋਵੇ ਤੇ ਇਸ਼ਕ ਮੇਰੇ ਭਰਾ ਨੂੰ ਕਰੇ, ਮੈਨੂੰ ਗਵਾਰਾ ਨਹੀਂ ਹੋਵੇਗਾ'..!

ਅਮੀਰ ਖਾਨ ਨੇ ਬਿਨਾਂ ਕਿਸੇ ਲਾਗ ਲਪੇਟ ਤੋਂ ਆਪਣੇ ਦਿਲ ਦੀ ਗੱਲ ਕਹੀ।

'ਇਹ ਤੂੰ ਸਾਡੇ 'ਤੇ ਛੱਡ ਦੇ ਅਮੀਰ ਖਾਨ'..ਤੇਰੀ ਬੀਵੀ ਤੇਰੀ ਹੋਵੇਗੀ। ਕਿਸੇ ਗ਼ੈਰ ਦੀ ਮਜ਼ਾਲ ਨਹੀਂ, ਜੋ ਤੇਰੀ ਬੀਵੀ 'ਤੇ ਅੱਖ ਚੁੱਕ ਵੀ ਦੇਖ ਲਵੇ। ਅਸੀਂ ਲੱਤਾਂ ਵੱਢ ਦਿਆਂਗੇ ਫਿਰੋਜ਼ ਦੀਆਂ, ਜੇ ਤੇਰੀ ਹਵੇਲੀ ਵੱਲ ਕਦੇ ਉਸਨੇ ਕਦਮ ਪਾਇਆ। ਸਾਡੇ ਖਾਨਦਾਨ ਦੀ ਇੱਜ਼ਤ ਦਾ ਸਵਾਲ ਏ, ਫਿਰੋਜ਼ ਨਾਦਾਨ, ਅਵਾਰਾਗਰਦ ਛੋਕਰੇ ਨੇ ਜਿਹੜੀ ਮੇਰੀ ਪੱਗ ਉਛਾਲੀ ਏ, ਤੂੰ ਉਸਨੂੰ ਮੇਰੇ ਸਿਰ 'ਤੇ ਵਾਪਸ ਰੱਖ ਸਕਦਾ ਏਂ ਪੁੱਤਰ। ਘਰ ਦੀ ਗੱਲ ਘਰ ਵਿਚ ਰਹਿ ਜਾਵੇ, ਇਸ ਵਿਚ ਹੀ ਆਪਣਾ ਸਭ ਦਾ ਭਲਾ ਏ...ਹਾਕਮ ਖਾਨ ਨੇ ਅਮੀਰ ਖ਼ਾਨ ਅੱਗੇ ਹੱਥ ਜੋੜ ਦਿਤੇ।

ਅਖੀਰ, 'ਚ ਫੈਸਲਾ ਹੋ ਗਿਆ, ਗੁਲਬਾਨੋ ਅਤੇ ਅਮੀਰ ਖਾਨ ਦੀ ਸ਼ਾਦੀ ਦਾ। ਦੂਜੇ ਦਿਨ ਦਰਜ਼ੀ ਬੁਲਾ ਲਿਆ ਗਿਆ, ਗੁਲਬਾਨੋ ਦੇ ਨਿਕਾਹ ਦਾ ਸੂਟ ਬਣਾਉਣ ਲਈ।

ਗੁਲਬਾਨੋ ਨੂੰ ਡਿਉਢੀ ਵਿਚੋਂ ਉਠਾ ਕੇ ਇੱਕ ਅਲੱਗ ਕਮਰੇ, 'ਚ ਬਿਠਾ ਦਿਤਾ। ਜਿਵੇਂ ਉਹ ਇਸ ਘਰ ਦੀ ਇਕ ਵਸਤੂ ਹੋਵੇ। ਘਰ ਦੀ ਕੋਈ ਔਰਤ ਉਸ ਕੋਲ ਨਹੀਂ ਆਈ ਸੀ। ਬੱਚੇ ਆਉਂਦੇ ਤੇ ਉਸ ਵੱਲ ਦੇਖ ਕੇ ਹੱਸ ਕੇ ਚਲੇ ਜਾਂਦੇ ਜਿਵੇਂ ਉਹ ਕੋਈ ਤਮਾਸ਼ਾ ਹੋਵੇ। ਨੌਕਰ ਆ ਕੇ ਖਾਣਾ ਦੇ ਗਿਆ, ਪਰ ਉਸਨੇ ਖਾਣੇ ਨੂੰ ਹੱਥ ਤੱਕ ਨਾ ਲਾਇਆ। ਕਿਸੇ ਬੁੱਤ ਵਾਂਗ ਸੁੰਨ ਬੈਠੀ ਸੀ ਉਹ। ਅਡੋਲ, ਬੇਹਰਕਤ ਤੇ ਬੇਜ਼ੁਬਾਨ। ਕਿਸੇ ਨੇ ਆ ਕੇ ਉਸ ਦਾ ਹਾਲ ਨਹੀਂ ਪੁੱਛਿਆ ਸੀ। ਇਕ ਫਤਵੇ ਵਾਂਗ ਉਸਦੇ ਨਿਕਾਹ ਦਾ ਐਲਾਨ ਸੁਣਾ ਦਿੱਤਾ ਗਿਆ ਤੇ ਉਹ ਸਜ਼ਾਏ-ਮੌਤ ਵਾਂਗ ਚੁੱਪ-ਚਾਪ ਸੁਣਦੀ ਰਹੀ।

ਡਿਉਢੀ ਦੇ ਨਾਲ ਲੱਗਦੇ ਕਮਰੇ ਵਿਚ ਪਰਦੇ ਪਿੱਛੇ ਬੈਠੀ ਉਹ ਪੰਚਾਇਤ ਦੀ ਸਾਰੀ ਕਾਰਵਾਈ ਸੁਣਦੀ ਰਹੀ। ਕਿਸੇ ਦਾ ਚਿਹਰਾ ਨਹੀਂ ਸੀ ਦੇਖਿਆ ਉਸਨੇ। ਮਹਿਸੂਸ ਕਰ ਰਹੀ ਸੀ ਜਿਵੇਂ ਸਭ ਦੇ ਚਿਹਰੇ ਇਕੋ ਜਿਹੇ ਹੀ ਸਨ। ਕਿਸੇ ਇਕ ਨੇ ਵੀ ਫਿਰੋਜ਼ ਨਾਲ ਉਸਦੇ ਨਿਕਾਹ ਦੀ ਗੱਲ ਨਹੀਂ ਸੀ ਕੀਤੀ। ਤੇ ਫਿਰੋਜ਼ ਜੋ ਖ਼ੁਦ ਨੂੰ ਵੱਡਾ 'ਸੁੱਚਾ ਸੂਰਮਾ' ਦੱਸਦਾ ਹੁੰਦਾ ਸੀ, ਕਿਸੇ ਛਾਏ ਵਾਂਗ ਅਲੋਪ ਹੋ ਗਿਆ ਸੀ। ਮੁੜ ਕੇ ਨਾ ਉਸਨੇ ਫ਼ਿਰੋਜ਼ ਦੀ ਅਵਾਜ਼ ਸੁਣੀ ਤੇ ਨਾ ਸ਼ਕਲ ਦੇਖੀ। ਉਸਨੂੰ ਇਸ ਕੈਦਖਾਨੇ, 'ਚ ਸੁੱਟ ਕੇ ਉਹ ਖ਼ੁਦ ਪਤਾ ਨਹੀਂ ਕਿਥੇ ਚਲੇ ਗਿਆ ਸੀ। ਬੁਲਬੁਲ ਨੂੰ ਪਿੰਜਰੇ ਵਿਚ ਪਾ ਸ਼ਿਕਾਰੀ ਖੁਦ ਗਾਇਬ ਹੋ ਗਿਆ ਸੀ...!

ਗੁਲਬਾਨੋ ਦਾ ਅਮੀਰ ਖਾਨ ਨਾਲ ਨਿਕਾਹ ਕਰ ਦਿਤਾ। ਫਿਰੋਜ਼ ਦੀ ਹਵੇਲੀ ਵਿਚੋਂ, ਉਹ ਕਿਸੇ ਸਮਾਨ ਵਾਂਗ ਅਮੀਰ ਖਾਨ ਦੀ ਹਵੇਲੀ ਆ ਗਈ। ਜਿਵੇਂ ਕਿਸੇ ਦੀ ਮਈਅਤ ਉਠੀ ਹੋਵੇ। ਨਾ ਸ਼ਗਨ ਨਾ ਸ਼ਹਿਨਾਈ। ਜ਼ਮੀਂਦਾਰ ਨਾਸਿਰ ਹੁਸੈਨ ਦੀ ਇਕਲੌਤੀ ਲਾਡਲੀ ਧੀ ਦਾ ਨਿਕਾਹ ਇੰਦਾਂ ਹੋਵੇਗਾ, ਕਿਸੇ ਨੇ ਤਸੱਵਰ ਵੀ ਨਹੀਂ ਸੀ ਕੀਤਾ। ਗੁਲਬਾਨੋ ਨੇ, ਨਾ ਤਾਂ ਫਿਰੋਜ਼ ਦੀ ਹਵੇਲੀ ਦੇਖੀ ਸੀ ਤੇ ਨਾ ਅੱਖ ਚੁੱਕ ਕੇ ਅਮੀਰ ਦੇ ਘਰ ਨੂੰ ਦੇਖਿਆ। ਘਰ ਵਿਚ ਨੌਕਰ ਸਨ, ਜੋ ਵਾਰ ਵਾਰ ਆਉਂਦੇ ਤੇ ਉਸਨੂੰ ਆਦਾਬ ਕਹਿੰਦੇ ਅਤੇ ਖਿਦਮਤ ਲਈ ਪੁੱਛਦੇ। ਪਰ ਉਹ ਕਿਸੇ ਮੁਰਦੇ ਵਾਂਗ ਬੇਜ਼ਾਨ ਬਿਸਤਰ 'ਤੇ ਪਈ ਸੀ। ਪਿਛਲੀਆਂ ਤਿੰਨ ਰਾਤਾਂ ਤੋਂ ਸੁੱਤੀ ਨਹੀਂ ਸੀ ਉਹ। ਅੱਖਾਂ ਪਥਰਾ ਗਈਆਂ ਸੀ ਉਸ ਦੀਆਂ। ਆਪਣੇ ਨਾਲ ਬੀਤੇ ਹਾਦਸੇ ਨੇ ਉਸ ਦਾ ਜਿਹਨ ਸੁੰਨ ਕਰ ਦਿਤਾ ਸੀ।

ਅਮੀਰ ਖਾਨ ਨੇ ਕਮਰੇ, 'ਚ ਕਦਮ ਰੱਖਿਆ ਤਾਂ ਵੀ ਗੁਲਬਾਨੋ ਉਠ ਕੇ ਨਹੀਂ ਬੈਠੀ। ਪੱਖੀ ਝੱਲ ਰਹੀ ਨੌਕਰਾਣੀ ਨੇ ਰੇਸ਼ਮੀ ਨਕਾਬ ਨਾਲ ਗੁਲਬਾਨੋ ਦਾ ਮੂੰਹ ਢੱਕ ਦਿਤਾ ਤੇ ਖ਼ੁਦ ਉਠ ਕੇ ਬਾਹਰ ਚਲੀ ਗਈ। ਅਮੀਰ ਕਦਮ ਰੱਖਦਾ ਪਲੰਘ ਵੱਲ ਵਧਿਆ। ਗੁਲਬਾਨੋ ਦੇ ਚਿਹਰੇ ਤੋਂ ਨਕਾਬ ਚੁੱਕਿਆ ਤੇ ਸਾਹ ਲੈਣਾ ਭੁੱਲ ਗਿਆ ਉਹ।

'ਸੁਭਾਨ ਅੱਲਾਹ'..'ਗੁਲਬਾਨੋ ਤੈਨੂੰ ਦੇਖ ਕੇ ਤਾਂ ਫਰਿਸ਼ਤਿਆਂ ਦਾ ਵੀ ਈਮਾਨ ਡੋਲ ਜਾਵੇ'...! ਅਮੀਰ ਨੂੰ ਉਮੀਦ ਨਹੀਂ ਸੀ ਕਿ ਵਿਆਹਿਆ ਵਰਿਆ ਫਿਰੋਜ਼..ਹੁਸਨ ਦੀ ਸਰਕਾਰ ਲੁੱਟ ਕੇ ਲਿਆਇਆ ਹੋਵੇਗਾ। ਅਮੀਰ ਖਾਨ ਨੇ ਉਸਦਾ ਮੂੰਹ-ਸਿਰ ਨੰਗਾ ਕਰ ਦਿਤਾ।

ਗੁਲਬਾਨੋ ਨੇ ਅੱਖਾਂ ਚੱਕ ਕੇ ਉਸ ਵੱਲ ਦੇਖਿਆ। ਭੱਦਾ ਚਿਹਰਾ, ਸਾਉਲਾ ਰੰਗ ਤੇ ਮੋਟੇ ਹੋਂਠ, ਕਨਪਟੀਆਂ ਕੋਲ ਸਫੇਦ ਵਾਲ। ਕਿਥੇ ਫਿਰੋਜ਼ ਤੇ ਕਿਥੇ ਅਮੀਰ। ਕਿਥੇ ਖ਼ੂਬਸੂਰਤ ਮਹਿਬੂਬ ਤੇ ਕਿਥੇ ਬਦਸ਼ਕਲ ਸ਼ੌਹਰ...ਯਾ ਮੌਲਾ, ! ਕਿਸ ਨੂੰ ਦਿਲ, 'ਚ ਵਸਾਇਆ, ਇਬਾਦਤ ਕੀਤੀ ਤੇ ਪੱਲੇ ਕੌਣ ਪੈ ਗਿਆ। ਪਿਆਰ ਕਿਸ ਨੂੰ ਕੀਤਾ ਤੇ ਨਿਕਾਹ ਇੱਕ ਰੰਡਵੇ ਨਾਲ...! ਕਿਸ ਸਦਕਾ ਦੁਨੀਆਂ ਨਾਲ ਬਗਾਵਤ ਕੀਤੀ ਤੇ ਹਾਸਲ ਕੀ ਕੀਤਾ। ਗੁਲਬਾਨੋ ਤੋਂ ਦਿਲ ਅੰਦਰ ਉਠਦੇ ਤੂਫਾਨ ਸੰਭਾਲੇ ਨਹੀਂ ਜਾ ਰਹੇ ਸਨ। ਅਮੀਰ ਖਾਨ ਕਾਫੀ ਦੇਰ ਤੱਕ ਗੁਲਬਾਨੋ ਨੂੰ ਸਾਹਮਣੇ ਦੇਖ ਕੇ ਇਕੱਲਾ ਹੀ ਗੱਲਾਂ ਕਰਦਾ ਰਿਹਾ ਤੇ ਗੁਲਬਾਨੋ ਨੇ ਕੋਈ ਜਵਾਬ ਨਾ ਦਿਤਾ।

'ਗੁਲਬਦਨ', ਅਮੀਰ ਨੇ ਉਸਨੂੰ ਆਪਣੀਆਂ ਬਾਹਾਂ, 'ਚ ਲੈ ਘੁੱਟਿਆ। ਹੌਲੀ ਹੌਲੀ ਜੇਵਰ ਉਤਾਰੇ, ਪਰ ਉਹ ਟਿਕਟਿਕੀ ਲਾਈ ਛੱਤ ਵੱਲ ਤੱਕਦੀ ਰਹੀ। ਕੋਈ ਹਰਕਤ ਨਾ ਕੀਤੀ, ਕਿਸੇ ਜਜ਼ਬਾਤ ਦਾ ਪ੍ਰਛਾਵਾਂ ਉਸਦੇ ਚਿਹਰੇ 'ਤੇ ਨਾ ਆਇਆ। ਉਹ ਹੁਣ ਉਸਦੇ ਖ਼ੂਬਸੂਰਤ ਅੰਗਾਂ ਨਾਲ ਖੇਡ ਰਿਹਾ ਸੀ, ਤੇ ਉਹ ਸਾਹ ਰੋਕੀ ਬੇਜਾਨ ਪਈ ਰਹੀ। ਅਮੀਰ ਨੇ ਜਦੋਂ ਉਸਦੇ ਰੇਸ਼ਮੀ ਗਰਾਰੇ ਦੇ ਨਾਲੇ ਨੂੰ ਹੱਥ ਪਾਇਆ ਤਾਂ ਜਿਵੇਂ ਅਚਾਨਕ ਗੁਲਬਾਨੋ ਦੇ ਕਰੰਟ ਲੱਗਿਆ।

'ਮੈਨੂੰ ਬਜ਼ਾਰ ਵਿਚ ਨਿਲਾਮ ਕਰਨ ਵਾਲੇ ਫਿਰੋਜ਼ ਤੇਰਾ ਕੱਖ ਨਾ ਰਹੇ, ਤੇਰਾ ਕੱਖ ਨਾ ਰਹੇ ਓ ਮੇਰੇ ਅੱਲਾ '...ਗੁਲਬਾਨੋ ਦੀ ਕੂਕ ਪੂਰੀ ਹਵੇਲੀ, 'ਚ ਗੂੰਜ ਗਈ।

'ਇਹ ਤੂੰ ਕੀ ਕਹਿ ਰਹੀ ਏਂ ਬੇਗਮ'! ਅਮੀਰ ਬਿਸਤਰ ਤੋਂ ਉਠਿਆ ਤੇ ਕਮਰੇ 'ਚ ਖੜ੍ਹਾ ਹੋ ਗਿਆ, ਜਿਵੇਂ ਉਸਨੂੰ ਆਪਣੇ ਕੰਨਾਂ 'ਤੇ ਯਕੀਨ ਨਾ ਆ ਰਿਹਾ ਹੋਵੇ। ਗੁਲਬਾਨੋ ਫੁੱਟ-ਫੁੱਟ ਕੇ ਰੋ ਪਈ। ਪਿਛਲੇ ਤਿੰਨ, ਦਿਨ-ਰਾਤਾਂ ਦਾ ਥੰਮਿਆਂ 'ਗਮ-ਦਰਦ', ਸੈਲਾਬ ਵਾਂਗ ਵਹਿ ਤੁਰਿਆ ਤੇ ਉਹ ਹੰਝੂਆਂ, 'ਚ ਡੁੱਬ ਗਈ। ਉਠ ਕੇ ਬੈਠ ਗਈ ਤੇ ਗੋਡਿਆਂ ਵਿਚ ਮੂੰਹ ਦੇ ਕੇ ਹੁਬਕੀਆਂ ਲੈਂਦੀ ਰੋਣ ਲੱਗੀ। ਅਮੀਰ ਥੋੜ੍ਹੀ ਦੇਰ ਖੜ੍ਹਾ ਹਾਲਤ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ।

'ਤੂੰ ਗਲਤ ਸਮਝ ਰਹੀ ਏਂ ਗੁਲਬਾਨੋ ਬੇਗਮ 'ਇਹ ਬਜ਼ਾਰ ਨਹੀਂ ਤੇਰਾ ਘਰ ਏ। ਇਸ ਹਵੇਲੀ ਦੀ ਆਬਰੂ ਹੈਂ ਤੂੰ...ਮੈਂ ਇਸਲਾਮੀ ਨੁੱਕਤਾ-ਏ-ਨਜ਼ਰ ਨਾਲ, ਤੇਰੇ ਨਾਲ ਹੱਕ-ਏ-ਨਿਕਾਹ ਕੀਤਾ ਏ। ਆਪਣੀ ਬੀਵੀ ਕਬੂਲ ਕੀਤਾ ਏ। ਪਰ ਜੇ ਫਿਰ ਵੀ ਵਾਪਿਸ ਜਾਣਾ ਚਾਹੇਂ ਤਾਂ ਮੈਂ ਤੈਨੂੰ ਰੋਕਾਂਗਾ ਨਹੀਂ...! ਇਸ ਸਭ ਦਾ ਅਮੀਰ ਖ਼ਾਨ ਨੂੰ ਪਹਿਲਾਂ ਹੀ ਡਰ ਖਾਈ ਜਾ ਰਿਹਾ ਸੀ।

'ਜੇ ਵਾਪਿਸ ਜਾ ਸਕਦੀ ਤਾਂ ਕੁਰਬਾਨੀ ਦਾ ਬਕਰਾ ਕਿਉਂ ਬਣਦੀ', ਗੁਲਬਾਨੋ ਨੇ ਰੋਂਦਿਆ ਪੁੱਛਿਆ...!

'ਕੁਰਬਾਨੀ ਦਾ ਬੱਕਰਾ ਨਹੀਂ ਹੈਂ ਤੂੰ..ਬੇਗਮ ਅਮੀਰ ਖਾਨ ਹੈਂ ਤੂੰ। ਮੈਨੂੰ ਪਤਾ ਏ ਤੇਰੇ ਅਰਮਾਨ ਟੁੱਟੇ ਨੇ, ਧੋਖਾ ਹੁੰਦਾ ਆਇਆ ਤੇਰੇ ਨਾਲ, ਪਰ ਹਰ ਮਰਦ ਫਿਰੋਜ਼ ਨਹੀਂ ਹੁੰਦਾ। ਤੈਨੂੰ ਆਪਣੀ ਜ਼ਿੰਦਗੀ 'ਤੇ ਪੂਰਾ ਅਖਤਿਆਰ ਏ। ਅਗਰ ਤੂੰ ਚਾਹੇ ਤਾਂ ਇਸ ਹਵੇਲੀ, 'ਚ ਇਕ ਮਹਿਮਾਨ ਦੇ ਤੌਰ 'ਤੇ ਜ਼ਿੰਦਗੀ ਬਸ਼ਰ ਕਰ ਸਕਦੀ ਏਂ..! ਘਰ ਦਾ ਹਰ ਸ਼ਖਸ ਤੇਰਾ ਅਹਿਤਰਾਮ ਕਰੇਗਾ। ਮੈਂ...ਮੈਂ...ਮੈਂ ਗੁਸਤਾਖੀ ਲਈ ਸ਼ਰਮਿੰਦਾ ਹਾਂ। ਆਖ ਕੇ, ਅਮੀਰ ਬਾਹਰ ਚਲਿਆ ਗਿਆ ਤੇ ਗੁਲਬਾਨੋ ਸਾਰੀ ਰਾਤ ਬੈਠੀ ਰੋਂਦੀ ਰਹੀ।

ਦਿਨ ਬੀਤਣੇ ਸ਼ੁਰੂ ਹੋਏ, ਗੁਲਬਾਨੋ ਦੀ ਉਦਾਸੀ ਨਾ ਟੁੱਟੀ। ਉਹ ਆਪਣੇ ਕਮਰੇ ਚੋਂ ਬਾਹਰ ਨਾ ਨਿੱਕਲਦੀ। ਹਾਰ ਸ਼ਿੰਗਾਰ ਸਭ ਛੱਡ ਗਈ, ਫੁੱਲ ਵਰਗਾ ਚਿਹਰਾ ਮੁਰਝਾ ਗਿਆ। ਜ਼ੁਲਫ਼ਾਂ ਦੇ ਪੇਚ ਢਿੱਲੇ ਪੈ ਗਏ। ਅੱਖਾਂ ਸੁਰਮੇ ਨੂੰ ਤਰਸ ਗਈਆਂ। ਪਰੀਆਂ ਵਰਗੀ ਸ਼ਕਲ 'ਤੇ ਮਾਯੂਸੀ ਛਾ ਗਈ। ਹੋਂਠ ਮੁਸਕ੍ਰਾਹਟ ਭੁੱਲ ਗਏ ਤੇ ਬੁਲਬਲ ਨੇ ਚਹਿਕਣਾ ਛੱਡ ਦਿਤਾ। ਸ਼ੋਖੀ ਗਾਇਬ ਹੋ ਗਈ ਤੇ ਸੰਜੀਦਗੀ ਆ ਗਈ। ਦੁਖ ਅਤੇ ਗਮ ਨੇ ਉਸਦੇ ਜਿਸਮ ਤੇ ਚਿਹਰੇ ਦਾ ਮਾਸ ਤਰਾਸ਼ ਦਿਤਾ...ਜਿਵੇਂ ਕੋਈ ਬੁੱਤਘਾੜਾ ਕਿਸੇ ਬੁੱਤ ਦੇ ਅੰਗ ਨਿਖਾਰਨ ਲਈ ਉਸਦਾ ਫਾਲਤੂ ਸੰਗਮਰਮਰ ਆਪਣੇ ਔਜ਼ਾਰਾਂ ਨਾਲ ਛਿੱਲ ਦੇਵੇ।

ਅਮੀਰ ਖ਼ਾਨ ਨੇ, ਮੁੜ ਉਸਨੂੰ ਬੁਲਾਉਣ ਦੀ ਕੋਸ਼ਿਸ਼ ਨਾ ਕੀਤੀ। ਉਹ ਨੌਕਰਾਂ ਤੋਂ ਆਪਣੇ ਕੰਮ ਕਰਵਾਉਂਦਾ। ਗੁਲਬਾਨੋ ਦਾ ਖ਼ਿਆਲ ਰੱਖਣ ਦੀਆਂ ਹਦਾਇਤਾਂ ਕਰਦਾ ਤੇ ਉਸ ਦੀ ਜ਼ਰੂਰਤ ਦੀ ਹਰ ਚੀਜ਼ ਵਕਤ ਤੋਂ ਪਹਿਲਾਂ ਹਾਜ਼ਰ ਕਰਵਾਉਂਦਾ। ਗੁਲਬਾਨੋ ਲਈ ਰੇਸ਼ਮੀ ਸੂਟ, ਜ਼ੇਵਰ, ਮੇਵੇ, ਇਤਰ ਤੇ ਮਹਿਕਾਂ ਦੇ ਢੇਰ ਲੱਗੇ ਰਹਿੰਦੇ, ਪਰ ਉਹ ਅੱਖ ਉਠਾ ਨਾ ਦੇਖਦੀ। ਨੌਕਰ ਸਭ ਸਮਝਦੇ ਸੀ, ਪਰ ਹਵੇਲੀ ਦੀ ਕੋਈ ਗੱਲ ਤੇ ਭੇਤ ਕਦੇ ਬਾਹਰ ਨਹੀਂ ਗਏ ਸੀ। ਕਿਸੇ ਨੂੰ ਕੋਈ ਨਹੀਂ ਸੀ ਪਤਾ ਕਿ ਇਸ ਹਵੇਲੀ ਦੀ ਚਾਰ ਦੀਵਾਰੀ ਅੰਦਰ ਕੀ ਕਹਾਣੀ ਚੱਲ ਰਹੀ ਹੈ।

ਅਮੀਰ ਖ਼ਾਨ ਦੇ ਮਰਹੂਮ ਬਾਪ ਦੀ ਸਾਲਾਨਾ ਬਰਸੀ ਸੀ। ਹਰ ਸਾਲ ਬਰਸੀ 'ਤੇ ਰਿਸ਼ਤੇਦਾਰ ਅਮੀਰ ਖ਼ਾਨ ਦੇ ਘਰ ਇਕੱਠੇ ਹੁੰਦੇ। ਇਸ ਸਾਲ ਵੀ ਤਿਆਰੀਆਂ ਹੋਣ ਲੱਗੀਆਂ, ਤਾਂ ਗੁਲਬਾਨੋ ਨੂੰ ਵੀ ਸ਼ਾਮਲ ਹੋਣ ਲਈ ਕਿਹਾ ਗਿਆ।

'ਮੈਂ ਨਹੀਂ ਕੁਝ ਕਰਨਾ ਤੇ ਨਾ ਸ਼ਾਮਲ ਹੋਣਾਂ ਏ। ਉਹ ਕੁੱਤਾ-ਕਮੀਨਾ ਫਿਰੋਜ਼ ਵੀ ਆਵੇਗਾ। ਮੱਥੇ ਨਹੀਂ ਲੱਗਣਾ ਚਾਹੁੰਦੀ ਮੈਂ ਉਸ ਜ਼ਲੀਲ ਦੇ' ਗੁਲਬਾਨੋ ਨੇ ਪਰਦੇ ਪਿੱਛੇ ਖੜ੍ਹੇ ਖੜ੍ਹੇ ਅਮੀਰ ਖ਼ਾਨ ਨੂੰ ਸੁਣਾ ਕੇ ਨੌਕਰਾਣੀ ਨੂੰ ਕਿਹਾ। ਤੇ ਅਮੀਰ ਖ਼ਾਨ ਨੇ ਬਾਪ ਦੀ ਬਰਸੀ ਨਾ ਮਨਾਉਣ ਦਾ ਫੈਸਲਾ ਕਰ ਲਿਆ।

ਰਿਸ਼ਤੇਦਾਰਾ ਮੇਹਣੇ ਮਾਰਨ ਲੱਗੇ...'ਔਰਤ ਦੇ ਹੇਠਾਂ ਲੱਗ ਗਿਆ'

'ਇਸ ਘਰ, 'ਚ ਉਹੀ ਹੋਵੇਗਾ ਜੋ ਮਾਲਕਣ ਚਾਹੇਗੀ', ਤੁਸੀਂ ਬਰਸੀ ਮਨਾਉਣੀ ਤਾਂ ਮੈਂ ਬਾਹਰ ਪ੍ਰਬੰਧ ਕਰ ਦਿਆਂਗਾ, ਅਮੀਰ ਨੇ ਘਰ ਆਏ ਤਾਏ-ਚਾਚੇ ਸਾਕ-ਸਬੰਧੀ ਵਾਪਸ ਮੋੜ ਦਿਤੇ। ਇਸ ਘਟਨਾ ਤੋਂ ਬਾਅਦ ਗੁਲਬਾਨੋ ਦੀ ਖ਼ਾਮੋਸ਼ੀ ਥੋੜ੍ਹੀ ਟੁੱਟੀ। ਹੁਣ ਉਹ ਨੌਕਰਾਣੀ ਨਾਲ ਥੋੜ੍ਹੀ ਗੱਲਬਾਤ ਕਰਨ ਲੱਗ ਪਈ। ਉਸ ਤੋਂ ਆਪਣੇ ਵਾਲਾਂ ਵਿਚ ਖ਼ੁਸ਼ਬੂਦਾਰ ਤੇਲ ਲਗਵਾਉਣ ਲੱਗ ਪਈ ਤੇ ਕਦੇ ਕਦੇ ਉਸ ਨਾਲ ਹਵੇਲੀ ਦੀ ਡਿਉਢੀ ਵਿਚ ਬੈਠ ਕੇ ਉਸਦੇ ਬੱਚਿਆਂ ਨਾਲ ਵਕਤ ਗੁਜ਼ਾਰਨ ਲੱਗ ਪਈ।

ਅਮੀਰ ਖ਼ਾਨ ਨਾਲ ਗੁਲਬਾਨੋ ਦੀ ਕੋਈ ਗੁਫਤਗੂ ਨਹੀਂ, ਨਾ ਜ਼ੁਬਾਨੀ ਨਾ ਕਲਾਮੀ ਸੀ। ਅਮੀਰ ਖਾਨ ਸ਼ਾਮ ਨੂੰ ਘਰ ਆਉਂਦਾ ਤਾਂ, ਉਹ ਆਪਣੇ ਕਮਰੇ ਵਿਚ ਚਲੀ ਜਾਂਦੀ। ਉਹ ਖਾਣਾ ਖਾਣ ਤੋਂ ਬਾਅਦ ਡਿਉਢੀ ਵਿਚ ਬੈਠ ਜਾਂਦਾ। ਜੇ ਬਾਹਰੋਂ ਕੋਈ ਮਿਲਣ ਆ ਜਾਂਦਾ ਤਾਂ ਗੱਲਾਂ-ਬਾਤਾਂ ਕਰਦਾ ਵਰਨਾ ਹਨੇਰੇ, 'ਚ ਖ਼ਾਮੋਸ਼ ਅੱਖਾਂ ਮੀਚ ਕੁਰਸੀ 'ਤੇ ਬੈਠਾ ਰਹਿੰਦਾ।

ਕਿਸੇ ਕੋਲ ਉਸਨੇ ਦਿਲ ਦੀ ਗੱਲ ਨਹੀਂ ਸੀ ਕੀਤੀ। ਕਦੇ ਜ਼ਾਹਰ ਨਹੀਂ ਹੋਣ ਦਿੱਤਾ ਸੀ ਕਿ ਦੂਸਰੀ ਵਾਰੀ ਵੀ ਉਸਦੇ ਮੁਕੱਦਰ ਨੇ ਉਸ ਨਾਲ ਦਗ਼ਾ ਕੀਤਾ ਸੀ। ਕਦੇ ਕਦੇ ਨੌਕਰਾਣੀ ਨਾਦਿਰਾ ਦੇ ਬੱਚੇ ਅਮੀਰ ਖ਼ਾਨ ਕੋਲ ਆ ਖੇਡਦੇ। ਉਹ ਬਿਠਾ ਲੈਂਦਾ, ਉਨ੍ਹਾਂ ਲਈ ਤੋਹਫੇ ਲੈ ਕੇ ਆਉਂਦਾ। ਜਿੰਨੀ ਦੇਰ ਬੱਚੇ ਉਸ ਕੋਲ ਰਹਿੰਦੇ, ਉਹ ਬੱਚਾ ਬਣਿਆ ਖੇਡਦਾ ਰਹਿੰਦਾ। ਉਨ੍ਹਾਂ ਦੇ ਜਾਂਦਿਆਂ ਹੀ ਉਦਾਸੀ ਦੀ ਚਾਦਰ ਓੜ ਕੇ ਲੰਮਾ ਪੈ ਜਾਂਦਾ।

ਆਪਣੇ ਸ਼ਰੀਕੇ ਨਾਲੋਂ ਤਾਂ ਪੂਰਾ ਟੁੱਟ ਚੁੱਕਾ ਸੀ। ਹੁਣ ਬੀਮਾਰ ਰਹਿਣ ਲੱਗ ਪਿਆ ਸੀ। ਡਿਉਢੀ ਵਿਚੋਂ ਉਹਦੇ ਖੰਘਣ ਦੀ ਆਵਾਜ਼ ਗੁਲਬਾਨੋ ਨੂੰ ਆਪਣੇ ਕਮਰੇ ਵਿਚ ਸੁਣਾਈ ਦਿੰਦੀ। ਉਹ ਕਈ ਵਾਰ ਪਰਦੇ ਵਿਚੋਂ ਅਮੀਰ ਖ਼ਾਨ ਨੂੰ ਡਿਉਢੀ ਵਿਚ ਬੈਠਿਆ ਦੇਖਦੀ। ਵਧੀ ਹੋਈ ਦਾੜ੍ਹੀ, ਵੀਰਾਨ ਅੱਖਾਂ ਦੇ ਆਸੇ ਪਾਸੇ ਵਧ ਰਹੇ ਸਿਆਹ ਘੇਰੇ ਤੇ ਮੋਟੇ ਹੋਂਠਾਂ 'ਤੇ ਜੰਮ ਰਹੀ ਖੁਸ਼ਕੀ ਤੇ ਪੀਲਾ ਚਿਹਰਾ।

ਇਕ ਵਾਰੀ ਅਮੀਰ ਕਈ ਦਿਨਾਂ ਤੋਂ ਆਪਣੇ ਬਿਜ਼ਨਸ 'ਤੇ ਨਾ ਗਿਆ, ਹਕੀਮ ਆਉਂਦਾ ਦਵਾਈ ਦੇ ਕੇ ਚਲਾ ਜਾਂਦਾ। ਇਹ ਪਹਿਲੀ ਵਾਰ ਹੋਇਆ, ਕਿ ਗੁਲਬਾਨੋ ਹੈਰਾਨ ਹੋਈ ਸੀ। ਨੌਕਰ ਨੇ ਦੱਸਿਆ ਕਿ ਖ਼ਾਨ ਸਾਹਬ ਦੀ ਤਬੀਅਤ ਠੀਕ ਨਹੀਂ ਏ। ਹਕੀਮ ਨੇ ਆਰਾਮ ਕਰਨ ਲਈ ਦੱਸਿਆ ਏ। ਗੁਲਬਾਨੋ ਦੇ ਅੰਦਰ ਕੋਈ ਹਲਚਲ ਜਿਹੀ ਹੋਈ, ਕਾਫ਼ੀ ਦੇਰ ਬੈਠੀ ਉਹ ਸੋਚਦੀ ਰਹੀ। ਉਸ ਰਾਤ ਅਮੀਰ ਖ਼ਾਨ ਰਾਤ ਨੂੰ ਗਰਮ ਚਾਦਰ ਲਪੇਟ ਕੇ ਛੱਤ 'ਤੇ ਘੁੰਮ ਰਿਹਾ ਸੀ। ਨੌਕਰ ਫਾਰੂਕ ਨੇ ਬਾਵਰਚੀ ਖਾਨੇ ਵਿਚੋਂ ਹਕੀਮ ਵੱਲੋਂ ਦਿਤੀ ਦਵਾਈ ਉਬਾਲੀ ਤੇ ਪਿਆਲੇ ਵਿਚ ਪਾ ਉਪਰ ਜਾਣ ਲੱਗਿਆ ਤਾਂ ਗੁਲਬਾਨੋ ਨੇ ਉਸਦੇ ਹੱਥੋਂ ਪਿਆਲਾ ਫੜ ਲਿਆ।

'ਮੈਂ ਲੈ ਕੇ ਜਾਂਦੀ ਹਾਂ '...ਉਸਨੇ ਬਿਨਾਂ ਨੌਕਰ ਵੱਲ ਦੇਖਦਿਆਂ ਕਿਹਾ। ਨੌਕਰ, ਜੋ ਇਸ ਘਰ ਦੇ ਸਾਰੇ ਭੇਤ ਜਾਣਦਾ ਸੀ, ਗੁਲਬਾਨੋ ਦੀ ਇਸ ਪੇਸ਼ਕਸ਼ 'ਤੇ ਹੈਰਾਨ ਹੋ ਗਿਆ।

'ਬਹੁਤ ਅੱਛਾ ਬੇਗਮ ਸਾਹਿਬਾਂ '..ਉਸਨੇ ਸਿਰ ਝੁਕਾ ਕੇ ਪਿਆਲਾ ਗੁਲਬਾਨੋ ਨੂੰ ਦੇ ਦਿਤਾ।

ਗੁਲਬਾਨੋ ਪਹਿਲੀ ਵਾਰ ਹਵੇਲੀ ਦੀ ਛੱਤ 'ਤੇ ਚੜ੍ਹੀ ਸੀ। ਜਿਸ ਦਿਨ ਦੀ ਘਰੋਂ ਨਿਕਲੀ ਸੀ, ਆਸਮਾਨ ਦਾ ਰੰਗ ਨਹੀਂ ਸੀ ਦੇਖਿਆ। ਤਿੰਨ ਮੰਜ਼ਲੀ ਹਵੇਲੀ ਚੜ੍ਹਦਿਆਂ ਸਾਹ ਫੁਲ ਗਿਆ ਉਸਦਾ। ਖੁੱਲ੍ਹੀ ਚੌੜੀ ਛੱਤ ...ਕਿਸੇ ਮੈਦਾਨ ਵਰਗੀ, ਚੌਹੀਂ ਪਾਸੀ ਜਾਲੀਦਾਰ ਬਨੇਰੇ ਤੇ ਉਤੇ ਖੁੱਲ੍ਹਾ ਆਕਾਸ਼। ਜਦੋਂ ਉਹ ਉਪਰ ਚੜ੍ਹੀ ਅਮੀਰ ਖਾਨ ਬਨੇਰੇ ਕੋਲ ਖੜ੍ਹਾ ਜਿਹਲਮ ਦੇ ਪਾਣੀ ਨੂੰ ਤੱਕ ਰਿਹਾ ਸੀ। ਗੁਲਬਾਨੋ ਵਲ ਪਿੱਠ ਸੀ ਉਸਦੀ। ਗੁਲਬਾਨੋ ਨੇ ਦਵਾਈ ਬਨੇਰੇ 'ਤੇ ਰੱਖੀ ਤੇ ਕੁਝ ਦੇਰ ਸੋਚਿਆ। ਅਮੀਰ ਹਾਲੇ ਵੀ ਉਸ ਤੋਂ ਬੇਖਬਰ ਸੀ।

'ਮੈਂ ਆ ਗਈ ਹਾਂ ਖ਼ਾਨ ਸਾਹਬ'...ਗੁਲਬਾਨੋ ਦੀ ਸੁਰੀਲੀ ਆਵਾਜ਼ ਕਿਸੇ ਜਲਤਰੰਗ ਵਾਂਗ ਫਿਜ਼ਾ ਵਿਚ ਫੈਲ ਗਈ।

ਅਮੀਰ ਖ਼ਾਨ ਨੇ ਹੈਰਾਨ ਹੁੰਦਿਆਂ ਪਿੱਛੇ ਦੇਖਿਆ, ਯਕੀਨ ਨਾ ਆਇਆ ਜਿਵੇਂ ਕੋਈ ਖ਼ਾਬ ਦੇਖ ਰਿਹਾ ਹੋਵੇ। ਗੁਲਬਾਨੋ ਸਫੇਦ ਲਿਬਾਸ, 'ਚ ਬੇਪਰਦਾ ਸਾਹਮਣੇ ਖੜ੍ਹੀ ਸੀ। ਜਿਵੇਂ ਚਿੱਟੇ ਬੱਦਲਾਂ ਵਿਚੋਂ ਕੋਈ ਪਰੀ ਛੱਤ 'ਤੇ ਉਤਰ ਆਈ ਹੋਵੇ ਜਾਂ ਜਿਹਲਮ ਦੇ ਠਾਠਾਂ ਮਾਰਦੇ ਪਾਣੀ ਦੀ ਕੋਈ ਛੱਲ ਔਰਤ ਦੀ ਸੂਰਤ ਵਿਚ ਉਸਨੂੰ ਮੁਖ਼ਾਤਿਬ ਹੋ ਰਹੀ ਹੋਵੇ। ਉਹ ਗੁਲਬਾਨੋ ਵੱਲ ਵੇਖਦਾ ਹੀ ਰਹਿ ਗਿਆ।

'ਮੈਂ...ਮੈਂ..ਤੁਸਾਂ ਦੀ ਦਵਾਈ ਲੈ ਕੇ ਆਈ ਹਾਂ...ਖਾਨ ਸਾਹਬ'...ਗੁਲਬਾਨੋ ਨੇ ਬਨੇਰੇ ਤੋਂ ਪਿਆਲਾ ਚੁੱਕ ਕੇ ਕਿਹਾ ਤੇ ਅਮੀਰ ਜਿਵੇਂ ਨੀਂਦ 'ਚੋਂ ਜਾਗਿਆ।

'ਉਹ..! ਤੁਹਾਨੂੰ ਤਕੱਲੁਫ ਕਰਨ ਦੀ ਕੀ ਲੋੜ ਸੀ, ਘਰ ਵਿਚ ਨੌਕਰ ਹੈਨ'...ਉਹਨੂੰ ਹਕੀਕਤ ਯਾਦ ਆਈ।

'ਮੈਨੂੰ ਇਲਮ ਏ...ਪਰ ਅੱਜ ਤੁਸਾਂ ਨੂੰ ਮੇਰੀ ਜ਼ਰੂਰਤ ਏ..! ਪਰ ਅੱਜ ਤੁਸਾਂ ਨੂੰ ਮੇਰੀ ਜ਼ਰੂਰਤ ਏ ਖ਼ਾਨ ਸਾਹਬ' ਗੁਲਬਾਨੋ ਨੇ ਜਵਾਬ ਦਿਤਾ ਤਾਂ, ਅਮੀਰ ਨੂੰ ਕੰਨਾਂ 'ਤੇ ਯਕੀਨ ਨਾ ਆਇਆ।

'ਮਿਹਰਬਾਨੀ '...ਆਖ ਉਸਨੇ ਦਵਾਈ ਗੁਲਬਾਨੋ ਕੋਲੋਂ ਫੜ ਲਈ।

'ਖ਼ੁਦਾ ਕਰੇ ਤੁਹਾਡੀ ਸਿਹਤ ਜਲਦੀ ਠੀਕ ਹੋ ਜਾਏ'...ਗੁਲਬਾਨੋ ਨੇ ਦੁਆ ਮੰਗੀ।

'ਇੰਸ਼ਾ ਅੱਲਾਹ! ਤੁਸਾਂ ਆਪਣੇ ਕੁਆਰੇ ਹੱਥਾਂ ਨਾਲ ਦਵਾ ਪਿਲਾਈ ਏ ਤਾਂ ਜ਼ਰੂਰ ਅਸਰ ਕਰੇਗੀ'...ਅਮੀਰ ਨੇ ਜਵਾਬ ਦਿਤਾ ਤੇ ਗੁਲਬਾਨੋ ਦੇ ਚਿਹਰੇ 'ਤੇ ਗੁਲਾਬੀ ਰੰਗ ਫਿਰ ਗਿਆ।

ਥੋੜ੍ਹੀ ਦੇਰ ਦੋਵੇਂ ਖਾਮੋਸ਼ ਖੜ੍ਹੇ ਰਹੇ। ਬੜਾ ਸ਼ਾਂਤ ਮਾਹੌਲ ਸੀ। ਜਿਹਲਮ ਦੇ ਪਾਣੀ ਦੀ ਅਵਾਜ਼ ਤੋਂ ਬਗੈਰ ਹੋਰ ਕੋਈ ਦੂਸਰੀ ਆਵਾਜ਼ ਨਹੀਂ ਆ ਰਹੀ ਸੀ।

'ਜੇਹਲਮ ਵਿਚ ਤੂਫਾਨ ਆਇਆ ਹੋਇਆ ਏ...' ਅਮੀਰ ਨੇ ਦਰਿਆ ਵੱਲ ਵੇਖ ਕੇ ਕਿਹਾ।

'ਤੂਫਾਨ ਤਾਂ ਇਸ ਹਵੇਲੀ ਵਿਚ ਵੀ ਆਇਆ ਹੋਇਆ ਏ'...ਮੈਨੂੰ ਡਰ ਲੱਗਦਾ ਏ ਕਿਤੇ ਇਹ ਮੈਨੂੰ ਦੂਹਰੀ ਵਾਰ ਰੋੜ੍ਹ ਕੇ ਨਾ ਜਾਵੇ'...ਗੁਲਬਾਨੋ ਨੇ ਪਹਿਲੀ ਵਾਰ ਅਮੀਰ ਦੀਆ ਅੱਖਾਂ ਨਾਲ ਅੱਖਾਂ ਮਿਲਾਈਆਂ।

'ਕੀ ਮਤਲਬ'...! ਅਮੀਰ ਘਬਰਾ ਗਿਆ'

'ਇਸ ਹਨੇਰੇ ਨੂੰ ਇਕ ਚਿਰਾਗ ਦੀ ਜ਼ਰੂਰਤ ਏ ਖਾਨ ਸਾਹਿਬ..! ਇਸ ਹਵੇਲੀ ਨੂੰ ਵਾਰਿਸ ਚਾਹੀਦਾ ਏ....! ਇਹੀ ਤੁਸਾਂ ਦੇ ਦੁੱਖ ਦੀ ਦਾਰੂ ਏ'...ਹਕੀਮ ਦੀਆਂ ਜੜ੍ਹੀ-ਬੂਟੀਆਂ ਕੁਛ ਨਹੀਂ ਕਰਨਗੀਆਂ...ਗੁਲਬਾਨੋ ਨੇ ਕੇਵਲ ਚਿਹਰੇ ਦਾ ਹੀ ਨਹੀਂ, ਦਿਲ ਦਾ ਪਰਦਾ ਵੀ ਲਾਹ ਸੁੱਟਿਆ..

'ਗੁਲਬਾਨੋ '...ਅਮੀਰ ਨੇ ਉਮਰ ਜਿੱਡਾ ਹਓਕਾ ਲਿਆ...'ਮੈਂ ਔਰਤ ਹਾਂ...ਸਮਝਦੀ ਹਾਂ ਸੱਭ ਕੁਛ...ਮੇਰਾ ਫਰਜ਼ ਏ ਕਿ ਜਿਸ ਘਰ ਨੇ ਮੈਨੂੰ ਪਨਾਹ ਦਿਤੀ ਏ ਉਸ ਨੂੰ ਰੌਸ਼ਨੀ ਦੇਵਾਂ...ਔਰਤ, ਮਰਦ ਨੂੰ ਸਿਰਫ ਜਿਸਮਾਨੀ ਸੁੱਖ ਨਹੀਂ ਦਿੰਦੀ, ਉਹਨੂੰ ਬਾਪ ਦਾ ਰੁਤਬਾ ਵੀ ਬਖ਼ਸ਼ਦੀ ਏ, ਵਰਨਾ ਜ਼ਮਾਨਾ ਮਰਦ ਨੂੰ 'ਨ-ਮਰਦ' ਦੱਸਦਾ ਏ'! ਗੁਲਬਾਨੋ ਤੋਂ ਇੰਨੀ ਸੰਜੀਦਗੀ ਦੀ ਅਮੀਰ ਨੂੰ ਆਸ ਨਹੀਂ ਸੀ।

'ਏਨੀ ਦਲੇਰੀ'!!! ਅਮੀਰ ਖ਼ਾਨ ਦੇ ਆਪ ਮੁਹਾਰੇ ਮੂੰਹੋਂ ਨਿਕਲਿਆ।

'ਖ਼ਾਨ ਸਾਹਬ ਦਲੇਰ ਔਰਤਾਂ, ਦਲੇਰ ਮਰਦਾਂ ਨੂੰ ਹੀ ਰੂਹ ਦਾ ਹਾਣੀ ਸਮਝਦੀਆਂ ਨੇ ਭਗੌੜਿਆਂ ਨੂੰ ਨਹੀਂ,' ਉਹਨੇ ਨਫਰਤ ਨਾਲ ਜਵਾਬ ਦਿਤਾ...ਅਮੀਰ ਨੂੰ ਜਵਾਬ ਨਾ ਸੁੱਝਿਆ।

'ਮੇਰੀਆਂ ਗੁਸਤਾਖ਼ੀਆਂ ਮਾਫ਼ ਕਰ ਦਿਉ ਖਾਨ ਸਾਹਬ...ਮੈਂ ਗੁੰਮਰਾਹ ਹੋ ਗਈ ਸਾਂ...ਤੁਸਾਂ ਨੂੰ ਬੜਾ ਦੁੱਖ ਦਿਤਾ ਏ ਮੈਂ। ਗੁਨਾਹਗਾਰ ਹਾਂ ਤੁਹਾਡੀ'...ਗੁਲਬਾਨੋ ਦਾ ਗਲਾ ਭਰ ਆਇਆ ਸੀ।

*(ਬਾਕੀ ਅਗਲੇ ਸਫੇ 'ਤੇ)*

# ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

## ਹਾਥਰਸ ਭਗਦੜ, ਧਰਮ ਗੁਰੂ ਤੇਂ ਪ੍ਰਸ਼ਾਸਕ

ਹਾਥਰਸ ਵਾਲੇ ਸਤਸੰਗ ਦੀ ਭਗਦੜ ਵਿਚ ਮਾਰੇ ਗਏ ਸਵਾ ਸੌ ਵਿਅਕਤੀਆਂ ਦਾ ਦੁੱਖ ਕਿਸੇ ਵੀ ਸਿਆਣੇ ਤੇ ਸਮਝਦਾਰ ਵਿਅਕਤੀ ਲਈ ਅਸਹਿ ਹੈ। ਇਸ ਵਿਚ ਨੰਨ੍ਹੇ ਮੁੰਨੇ ਬਾਲਕ ਹੀ ਨਹੀਂ ਅਜਿਹੇ ਗੱਭਰੂ ਤੇ ਮੁਟਿਆਰਾਂ ਵੀ ਸਨ ਜਿਨ੍ਹਾਂ ਨੇ ਇਸ ਅਦੁੱਤੀ ਜੀਵਨ ਨੂੰ ਉਮਰ ਭਰ ਮਾਨਣਾ ਸੀ। ਇਸ ਕੁਕਰਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣ ਦੀ ਹਰ ਦਾਨਿਸ਼ਮੰਦ ਮੰਗ ਕਰ ਰਿਹਾ ਹੈ ਪਰ ਉਨ੍ਹਾਂ ਭੋਲੇ ਭਾਲੇ ਲੋਕਾਂ ਦਾ ਕੀ ਕਰੀਏ ਜਿਹੜੇ ਹਾਲੀ ਵੀ ਭੋਲੇ ਬਾਬਾ ਦੇ ਪਖੰਡ ਦਾ ਗੁਣਗਾਇਨ ਕਰ ਰਹੇ ਹਨ ਤੇ ਉਸਦੀ ਚਰਨ ਧੂੜ ਨੂੰ ਕਰਾਮਾਤੀ ਦੱਸ ਰਹੇ ਹਨ। ਉਨ੍ਹਾਂ ਵਿਚ ਉਹ ਵੀ ਹਨ ਜਿਨ੍ਹਾਂ ਨੂੰ ਆਪਣੇ ਜਵਾਨ ਧੀ ਪੁੱਤਰਾਂ ਦੇ ਤੁਰ ਜਾਣ ਦਾ ਕੋਈ ਦੁੱਖ ਨਹੀਂ। ਹੋ ਸਕਦਾ ਹੈ ਤੁਰ ਗਿਆ ਜੀਵ ਮਾਪਿਆਂ ਨੂੰ ਪਰੇਸ਼ਾਨ ਕਰਦਾ ਹੋਵੇ। ਕੁੱਝ ਵੀ ਹੋਵੇ ਅਜਿਹੇ ਮੌਕੇ ਉਸਦੇ ਤੁਰ ਜਾਣ ਨੂੰ ਸਹਿਜ ਕਹਿਣਾ ਅਤਿਅੰਤ ਦੁਖਦਾਈ ਹੈ। ਏਸ ਲਈ ਕਿ ਅਜਿਹਾ ਬਿਆਨ ਭੋਲੇ ਬਾਬਾ ਨੂੰ ਹੀ ਨਹੀਂ ਉਨ੍ਹਾਂ ਰਾਜਨੀਤੀਵਾਨਾਂ ਨੂੰ ਵੀ ਬਰੀ ਕਰ ਦਿੰਦਾ ਹੈ ਜਿਨ੍ਹਾਂ ਲਈ ਇਨ੍ਹਾਂ ਪਖੰਡੀਆਂ ਦੇ ਸ਼ਰਧਾਲੂ ਵੋਟ-ਬੈਂਕ ਹਨ। ਸਿਆਸਤਦਾਨਾਂ ਦੇ ਇਸ ਰੁਝਾਨ ਦੀ ਆਸ ਲੈ ਕੇ ਪ੍ਰਸ਼ਾਸਕ ਵੀ ਮੂੰਹ ਫੇਰ ਲੈਂਦੇ ਹਨ। ਇਸਦਾ ਮਾਇਆਵਤੀ ਤੇ ਅਖਿਲੇਸ਼ ਯਾਦਵ ਨੇ ਹੀ ਨਹੀਂ ਅਯੋਧਿਆ ਰਾਮ ਮੰਦਰ ਦੇ ਮੁਖ ਪੁਜਾਰੀ ਨੇ ਵੀ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਦੀ ਦਾਦ ਦੇਣੀ ਬਣਦੀ ਹੈ।

**ਮੋਟਰ ਕਾਰਾਂ ਦੇ ਨਵੇਂ ਨੰਬਰਾਂ ਦਾ ਭਰਮ ਜਾਲ**

ਅੱਜ-ਕੱਲ੍ਹ ਚੰਡੀਗੜ੍ਹ ਵਿਚ ਹੋ ਰਹੀ ਮੋਟਰ ਕਾਰਾਂ ਦੇ ਨੰਬਰਾਂ ਦੀ ਨਿਲਾਮੀ ਨੇ ਮੈਨੂੰ ਆਪਣੀ ਪਹਿਲੀ ਕਾਰ ਦਾ ਨੰਬਰ ਚੇਤੇ ਕਰਵਾ ਦਿੱਤਾ ਹੈ। ਇਹ ਕਾਰ ਮੈਂ ਦਿੱਲੀ ਤੋਂ ਚੰਡੀਗੜ੍ਹ ਆ ਕੇ ਖਰੀਦੀ ਸੀ। ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਹੋਣ ਕਾਰਨ ਮੈਨੂੰ ਆਪਣੀ ਮਰਜ਼ੀ ਦਾ ਨੰਬਰ ਮਿਲ ਸਕਦਾ ਸੀ। ਮੈਂ ਦੋ ਅੰਕਾਂ ਵਾਲਾ ਕੋਈ ਵੀ ਨੰਬਰ ਮੰਗਿਆ; ਇਹ ਜਾਣਦਿਆਂ ਕਿ ਇੱਕ ਅੰਕ ਵਾਲੇ ਨੰਬਰ ਹੜੱਪਣ ਵਾਲੇ ਤਾਂ ਪਹਿਲਾਂ ਹੀ ਬਾਜ਼ੀ ਮਾਰ ਚੁੱਕੇ ਹੋਣਗੇ। ਨੰਬਰ ਦੇਣ ਦਿਲਵਾਣ ਵਾਲਾ ਸੋਚੀਂ ਪੈ ਗਿਆ। ਕੇਵਲ ਇੱਕ ਹੀ ਨੰਬਰ ਬਚਿਆ ਸੀ ਜਿਸ ਨੂੰ ਕੋਈ ਨਹੀਂ ਸੀ ਲੈ ਰਿਹਾ। ਉਹ ਸੀ 13 ਅਭਾਗਾ। ਮੇਰੇ ਚਿਹਰੇ ਉੱਤੇ ਬੇਪਰਵਾਹੀ ਵੇਖ ਕੇ ਉਸਨੇ ਚੰਡੀਗੜ੍ਹ ਦੇ ਉਸਰੱਈਏ ਲਾ ਕਾਰਬੂਜ਼ੇ ਦੀ ਮਿਸਾਲ ਦਿੱਤੀ ਜਿਸਨੇ ਇਸ ਨਵੇਂ ਸ਼ਹਿਰ ਦੀ ਵਿਉਂਤਬੰਦੀ ਕਰਦੇ ਸਮੇਂ ਏਸ ਨੰਬਰ ਦਾ ਕੋਈ ਵੀ ਸੈਕਟਰ ਨਹੀਂ ਸੀ ਵਿਉਂਤਿਆ।

ਮੈਂ ਉਸਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਇਹੀਓ, ਨੰਬਰ ਚਾਹੀਦਾ ਹੈ। ਨਵੀਂ ਕਾਰ ਮਾਰੂਤੀ 800 ਸੀ ਜਿਸਦੇ ਲਈ ਮੈਂ ਅਭਾਗਾ ਨੰਬਰ ਮੰਗਿਆ ਤੇ ਸਹਿਜੇ ਹੀ ਮਿਲ ਗਿਆ। ਇਹ ਨੰਬਰ ਪੀ ਏ ਵੀ 13 ਸੀ ਜਿਸਦੀ ਪੀ ਨੂੰ ਮੈਂ ਪੰਜਾਬ ਕਹਿੰਦਾ, ਏ ਨੂੰ ਅਕਾਲ ਤਖਤ ਤੇ ਵੀ ਨੂੰ ਵਿਕਟਰੀ; ਭਾਵ ਫਤਿਹ। ਇਹ ਵਾਲੀ ਕਾਰ ਮੇਰੇ ਕੋਲੋਂ ਮੇਰੇ ਭਾਣਜੇ ਅਮਰਪ੍ਰੀਤ ਮੰਟੂ ਲਾਲੀ ਨੇ ਲੈ ਲਈ; ਅਭਾਗੇ ਨੰਬਰ ਸਮੇਤ ਉਸ ਕਾਰ ਦੇ ਭਾਣਜੇ ਕੋਲ ਚਲੇ ਜਾਣ ਤੱਕ ਮੇਰੀ ਸੰਪਾਦਕੀ ਟੁੱਟ ਚੁੱਕੀ ਸੀ; ਪਰ ਮੈਂ ਆਪਣੀ ਜ਼ਿੱਦ ਪੁਗਾਂਦਿਆਂ ਉਸ ਤੋਂ ਪਿੱਛੋਂ ਵਾਲੀਆਂ ਕਾਰਾਂ ਦੇ ਨੰਬਰ ਵੀ ਉਹ ਲੈਂਦਾ ਰਿਹਾ ਹਾਂ ਜਿਨ੍ਹਾਂ ਦੀਆਂ ਜੜ੍ਹਾਂ ਵਿਚ 13 ਹੁੰਦਾ ਸੀ। ਮੇਰੀ ਅਜੋਕੀ ਕਾਰ ਦਾ ਮਾਡਲ ਟੋਇਓਟਾ ਹੈ ਪਰ ਨੰਬਰ 3801380643; ਭਾਵ 6+4+3= 13 (ਅਭਾਗਾ)।

ਕੁਝ ਦਿਨ ਪਹਿਲਾਂ ਮੇਰੀ ਦੁਬਈ ਵਿਖੇ ਇਮਾਰਤਸਾਜ਼ੀ ਦਾ ਕੰਮ ਕਰਨ ਵਾਲੇ ਕਰੋੜਪਤੀ ਠੇਕੇਦਾਰ ਸੁਰਿੰਦਰ ਪਾਲ



ਸਿੰਘ ਓਬਰਾਇ ਨਾਲ ਮੁਲਾਕਾਤ ਹੋਈ ਤਾਂ ਉਸਨੇ ਹੋਰ ਵੀ ਸਿਰੇ ਵਾਲੀ ਗੱਲ ਦੱਸੀ। ਉਹ ਪੰਜਾਬ ਤੇ ਅਰਬ ਦੇਸ਼ਾਂ ਵਿਚ ਕਈ ਕੰਪਨੀਆਂ ਦਾ ਮਾਲਕ ਹੈ ਜਿਨ੍ਹਾਂ ਦੇ ਕਾਰਿੰਦਿਆਂ ਨੂੰ ਮੋਟਰ ਕਾਰਾਂ ਦਿੱਤੀਆਂ ਹੋਈਆਂ ਹਨ। ਕੁੱਲ ਕਾਰਾਂ 40 ਤੋਂ ਉੱਤੇ ਹਨ ਪਰ ਸਾਰੀਆਂ ਦੇ ਨੰਬਰ 85 ਹਨ; 8+5=13। ਉਸਨੇ ਦੱਸਿਆ ਕਿ ਉਸਦਾ ਜਨਮ 13 ਅਪ੍ਰੈਲ 1956 ਦਾ ਹੈ ਇਸ ਲਈ ਉਸਨੂੰ ਇਸ ਨੰਬਰ ਨਾਲ ਮੋਹ ਹੈ। ਉਸਦੀ ਨਿੱਜੀ ਵਰਤੋਂ ਵਾਲੀ ਕਾਰ ਦਾ ਨੰਬਰ ਤਾਂ ਹੈ ਹੀ ਮੇਰੀ ਪਹਿਲੀ ਕਾਰ ਵਾਲਾ। ਏਨੀਆਂ ਕਾਰਾਂ ਦੇ ਮਾਲਕ ਖਾਲਸਾ ਪੰਥ ਦੀ ਵਿਸਾਖੀ ਨੂੰ ਜਨਮੇ ਓਬਰਾਏ ਕੋਲ ਮਾਇਆ ਦਾ ਕੋਈ ਅੰਤ ਨਹੀਂ। ਉਹ ਅਰਬ ਦੇਸ਼ਾਂ ਦੀ ਕਮਾਈ ਨਾਲ ਪੰਜਾਬ ਵਿਚ ਸਮਾਜ ਸੇਵਾ ਦਾ ਕੰਮ ਵੀ ਕਰਦਾ ਹੈ। ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਆਨੰਦਪੁਰ ਸਾਹਿਬ ਵਿਖੇ ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਸਥਾਪਤ ਕਰ ਕੇ ਤੇ ਆਪਣੀਆਂ ਪ੍ਰਾਪਤੀਆਂ ਨੂੰ ਦਾਤੇ ਦੀ ਮਿਹਰ ਕਹਿ ਕੇ। ਜੇ ਮੇਰੇ ਵਰਗੇ ਨਾਸਤਕ ਨੂੰ ਉਸਦੇ ਦਾਤੇ ਦਾ ਪੱਖ ਪੂਰਨਾ ਪੈ ਜਾਵੇ ਤਾਂ ਆਖਾਂਗਾ ਕਿ ਦਾਤਾ ਵੀ ਉਨ੍ਹਾਂ ਬੰਦਿਆਂ ਨੂੰ ਗੁਣਵਾਨ ਬਣਾਉਂਦਾ ਹੈ, ਜਿਨ੍ਹਾਂ ਵਿਚ ਕੋਈ ਕਣ ਹੋਵੇ।

ਪੈਸੇ ਤਾਂ ਅਡਾਨੀ, ਅੰਬਾਨੀ ਕੋਲ ਵੀ ਘੱਟ ਨਹੀਂ ਪਰ ਉਹਦੇ ਵਰਗੇ ਵਿਰਲੇ ਲੋਕ ਹੁੰਦੇ ਨੇ ਜਿਹੜੇ ਆਪਣੀ ਕਮਾਈ 'ਚੋਂ ਕਰੋੜਾਂ ਰੁਪਏ ਬਲੱਡ ਮਨੀ ਦੇ ਕੇ ਅਰਬੀ ਅਦਾਲਤਾਂ ਵਲੋਂ ਫਾਂਸੀ ਦੇ ਦੋਸ਼ੀ ਐਲਾਨੇ ਗਏ ਭਾਰਤੀਆਂ ਦੀ ਸਜ਼ਾ ਮੁਆਫ ਕਰਵਾਉਂਦੇ ਹੋਣ। ਅੱਜ ਤਕ ਉਹਦੇ ਵੱਲੋਂ ਛੁਡਵਾਏ ਗਏ ਵਿਅਕਤੀਆਂ ਦੀ ਗਿਣਤੀ 142 ਹੋ ਚੁੱਕੀ ਹੈ। ਉਸਦੇ ਏਸ ਮਾਰਗ ਤੁਰਨ ਵਾਲੀ ਕਹਾਣੀ ਕਾਰਾਂ ਦੇ ਨੰਬਰਾਂ ਨਾਲੋਂ ਨਿਰਾਲੀ ਹੈ।

ਇੱਕ ਪੜਾਅ ਉੱਤੇ ਉਸਨੂੰ ਪਤਾ ਲੱਗਿਆ ਕਿ ਅਰਬੀ ਅਦਾਲਤ ਨੇ 17 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੈ। ਜਦ ਉਸਨੂੰ ਇਹ ਪਤਾ ਲੱਗਿਆ ਕਿ ਉਨ੍ਹਾਂ 'ਚੋਂ ਕੇਵਲ ਤਿੰਨ ਹੀ ਕਾਤਲ ਸਨ ਤਾਂ ਉਹ ਸਾਰਿਆਂ ਨੂੰ ਜੇਲ੍ਹ ਵਿਚ ਜਾ ਕੇ ਮਿਲਿਆ। ਉਹ ਜਾਣਦਾ ਸੀ ਕਿ ਉਹ ਕੇਵਲ 14 ਦੋਸ਼ੀਆਂ ਨੂੰ ਨਹੀਂ ਸੀ ਛੁਡਵਾ ਸਕਦਾ। ਉਸਨੇ ਸਾਰਿਆਂ ਨੂੰ ਛੁਡਵਾਉਣ ਲਈ 8 ਕਰੋੜ ਪੰਜਾਹ ਲੱਖ ਦਿੱਤੇ ਤੇ ਛੁਡਵਾ ਲਏ। 142 ਕੇਸਾਂ ਲਈ ਕਿੰਨੀ ਬਲੱਡਮਨੀ ਦਿੱਤੀ ਹੋਵੇਗੀ ਸੋਚ ਕੇ ਹੈਰਾਨ ਹੋਏ ਬਿਨਾ ਨਹੀਂ ਰਿਹਾ ਜਾ ਸਕਦਾ।

ਇਹੀਓ ਕਾਰਨ ਹੈ ਕਿ ਹੁਣ ਉਸਦਾ ਸ਼ੁਮਾਰ ਕੁੱਲ ਦੁਨੀਆਂ ਦੇ ਉਨ੍ਹਾਂ ਚੋਣਵੇਂ ਪੁਰਸ਼ਾਂ ਵਿਚ ਹੁੰਦਾ ਹੈ ਜਿਨ੍ਹਾਂ ਨੂੰ ਇੰਟਰਨੈਸ਼ਨਲ ਚੈਰਿਟੀ ਫਾਊਂਡੇਸ਼ਨ, ਪੈਰਿਸ, ਵਲੋਂ ਐਂਬੈਸੇਡਰ ਆਫ ਪੀਸ (ਸ਼ਾਂਤੀ ਦੇ ਸਫੀਰ) ਦਾ ਸਨਮਾਨ ਮਿਲ ਚੁੱਕਿਆ ਹੈ। ਓਬਰਾਏ ਨੂੰ ਉਸ ਲਾਈਨ ਵਿਚ ਲੱਗਿਆਂ ਬਹੁਤੀ ਦੇਰ ਨਹੀਂ ਹੋਈ। 10 ਫਰਵਰੀ 2024 ਦੀ ਗੱਲ ਹੈ।

ਮੁਕਦੀ ਗੱਲ ਇਹ ਕਿ ਆਪਾਂ ਨੂੰ ਵੀ ਉਹਦੇ ਵਾਲੇ ਦਾਤੇ ਨਾਲ ਆੜੀ ਪਾਉਣੀ ਚਾਹੀਦੀ ਹੈ। ਮਿਲਿਆ ਤਾਂ ਪੁਛਾਂਗੇ ਉਹਦੇ ਕੋਲ ਕਿੰਨੀਆਂ ਕਾਰਾਂ ਬਚੀਆਂ ਹਨ।

**ਪਿਛਲੇ ਪੰਜ ਮਹੀਨਿਆਂ ਦਾ ਸਾਹਿਤਕ ਵਿਗੋਚਾ**

ਪਿਛਲੇ ਪੰਜ ਮਹੀਨਿਆਂ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਵਿਕਾਸ ਨੂੰ ਪਰਨਾਏ ਪੰਜ ਸਪੂਤ ਸੁਖਜੀਤ, ਕਰਨਜੀਤ ਸਿੰਘ, ਜਗੀਰ ਸਿੰਘ ਜਗਤਾਰ, ਮੋਹਨਜੀਤ ਤੇ ਸੁਰਜੀਤ ਪਾਤਰ ਸਦੀਵੀ ਅਲਵਿਦਾ ਕਹਿ ਗਏ ਹਨ। ਮੇਰੀ ਉਮਰ ਨੇ ਮੈਨੂੰ ਇਨ੍ਹਾਂ ਸਭਨਾ ਦੇ ਪਰਿਵਾਰਾਂ ਤੱਕ ਪਹੁੰਚ ਕਰਨ ਦੀ ਆਗਿਆ ਨਹੀਂ ਦਿੱਤੀ। ਇਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਵੀ ਘਾਟਾ ਪਿਆ ਹੈ ਤੇ ਇਨ੍ਹਾਂ ਸਤਰਾਂ ਦੇ ਲੇਖਕ ਦੀ ਦੋਸਤੀ ਦਾ ਦਾਇਰਾ ਵੀ ਘਟਿਆ ਹੈ, ਜਿਸਦਾ ਉਸਨੂੰ ਡਾਢਾ ਦੁੱਖ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਵਰਤਮਾਨ ਸੰਕਟ

1920 ਦੇ ਅੰਤਲੇ ਦਿਨਾਂ ਵਿਚ ਗੁਰਦਵਾਰਾ ਸੁਧਾਰ ਦੀਆਂ ਜਥੇਬੰਦੀਆਂ ਵਲੋਂ ਸਥਾਪਤ ਕੀਤਾ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਦੇ ਬਾਵਜੂਦ 2024 ਦੀਆਂ ਲੋਕ ਸਭਾ ਚੋਣਾਂ ਦੇ ਫਲਸਰੂਪ ਕੇਵਲ ਇਕ ਹਲਕੇ ਵਿਚ ਸਫਲ ਹੋਇਆ ਹੈ ਅਤੇ 10 ਹਲਕਿਆਂ ਵਿਚ ਇਸਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਕਿਸੇ ਸਮੇਂ ਜੈਤੋ ਦੇ ਮੋਰਚੇ ਵਿਚ ਹੁਮ ਹੁਮਾ ਕੇ ਭਾਗ ਲੈਣ ਵਾਲਾ ਤੇ ਇੰਦਰਾ ਗਾਂਧੀ ਵਲੋਂ ਲਾਈ ਐਮਰਜੈਂਸੀ ਦੇ ਵਿਰੋਧ ਵਿਚ 43,472 ਦੇਣ ਦਿਲਵਾਉਣ ਵਾਲੇ ਇਸ ਦਲ ਦੇ ਕਰਤੇ ਧਰਤੇ ਬਹੁ ਮੰਜ਼ਲੀ ਇਮਾਰਤਾਂ ਦੀ ਮਾਲਕੀ ਤੱਕ ਸੀਮਤ ਹੋ ਕੇ ਰਹਿ ਗਏ ਹਨ।

ਜੇ ਇਸਦੇ ਮੋਰਚਿਆਂ ਨੇ ਅੰਗਰੇਜ਼ੀ ਸਰਕਾਰ ਦੇ ਸਤਿਕਾਰ ਤੇ ਵੱਕਾਰ ਨੂੰ ਮਿੱਟੀ ਵਿਚ ਰੋਲਿਆ ਸੀ ਤਾਂ ਐਮਰਜੈਂਸੀ ਵਿਰੁਧ ਵੀ ਮੋਹਰੀ ਭੂਮਿਕਾ ਨਿਭਾਈ ਸੀ।

ਅਕਾਲੀ ਦਲ ਵਿਚ ਥੋੜ੍ਹੀ ਬਹੁਤ ਫੁੱਟ ਪਹਿਲਾਂ ਵੀ ਪੈਂਦੀ ਰਹੀ ਹੈ ਜਿਹੜੀ ਆਗੂਆਂ ਦੀ ਆਪਸੀ ਲੜਾਈ ਤੱਕ ਸੀਮਤ ਹੁੰਦੀ ਸੀ, ਹੁਣ ਵਾਲਾ ਸੰਕਟ ਇਸਦੀ ਲੋਕਾਂ ਤੋਂ ਵਧ ਰਹੀ ਦੂਰੀ ਦਾ ਲਖਾਇਕ ਹੈ ਜਿਸਦੇ ਬਹਾਲ ਹੋਣ ਦੀ ਕੋਈ ਸੂਰਤ ਦਿਖਾਈ ਨਹੀਂ ਦੇ ਰਹੀ। ਆਮ ਜਨਤਾ ਦੀਆਂ ਨਜ਼ਰਾਂ ਅਕਾਲ ਤਖਤ ਉੱਤੇ ਲੱਗੀਆਂ ਹੋਈਆਂ ਹਨ। ਨਤੀਜਾ ਸਮੇਂ ਦੇ ਹੱਥ ਹੈ। ਦੇਖੋ ਕੀ ਬਣਦਾ ਹੈ।

**ਅੰਤਿਕਾ**

ਸੁਲੱਖਣ ਸਰਹੱਦੀ॥
ਐ ਸੀਤੇ ਨੂੰ ਖੁਸ਼ ਨਾ ਹੋ ਕਿ ਰਾਮ ਦੀ ਜੈ-ਜੈਕਾਰ ਬਣੀ
ਏਸੇ ਰਾਮ ਨੇ ਕੱਲ੍ਹ ਨੂੰ ਤੈਥੋਂ ਅਗਨ ਪ੍ਰੀਖਿਆ ਲੈਣੀ ਹੈ।

## ਗੁਲਬਾਨੋ

*(ਪਿਛਲੇ ਸਫੇ ਦੀ ਬਾਕੀ)*

'ਪਗਲੀ'...ਗੁਨਾਹਗਾਰ ਤੂੰ ਨਹੀਂ ਮੈਂ ਹਾਂ। ਬਗੈਰ ਤੇਰੇ ਜਜ਼ਬਾਤ ਨੂੰ ਸਮਝਿਆਂ ਕਿਸੇ ਭੁੱਖੇ ਜਾਨਵਰ ਵਾਂਗ ਮੈਂ ਤੇਰੇ ਗੋਸ਼ਤ 'ਤੇ ਟੁੱਟ ਪਿਆ ਸੀ...ਤੈਨੂੰ ਕੀ ਪਤਾ ਏ ਕਿੰਨਾ ਸ਼ਰਮਿੰਦਾਂ ਹਾਂ। ਅਮੀਰ ਸੱਚਮੁੱਚ ਅੰਦਰੋਂ ਸ਼ਰਮਸਾਰ ਹੋ ਗਿਆ ਸੀ ਤੇ ਹਿੰਮਤ ਨਹੀਂ ਪੈ ਰਹੀ ਸੀ ਕਿ ਅੱਖਾਂ, 'ਚ ਅੱਖਾਂ ਪਾ ਝਾਕ ਸਕੇ।

'ਨਹੀਂ'..ਫਰਿਸ਼ਤੇ ਹੋ ਤੁਸੀਂ ਤਾਂ...ਮੈਂ ਦਰੜਿਆ, ਕੁਮਲਾਇਆ ਫੁੱਲ ਹਾਂ ਜੋ ਤੁਹਾਡੇ ਕਾਬਲ ਨਹੀਂ, ਘਰੋ ਭੱਜੀ' ਗੁਲਬਾਨੋ ਦੀਆਂ ਅੱਖਾਂ, 'ਚੋਂ 'ਅਾਂਸੂ ਵਹਿ ਤੁਰੇ...'ਪਗਲੀ ਕੋਈ ਫਰਿਸ਼ਤਾ ਜਾਂ ਫੁੱਲ ਦਰੜਿਆ ਨਹੀਂ ਹੁੰਦਾ, ਇਨਸਾਨ ਹਾਂ ਅਸੀ ਸਭ...ਜੇ ਮੇਰੀ ਭੈਣ-ਬੇਟੀ ਇਹ ਕਦਮ ਚੁੱਕ ਲੈਂਦੀ ਤਾਂ ਕੀ ਮੈਂ ਉਸਨੂੰ ਮਾਫ਼ ਨਾ ਕਰਦਾ! ਬੀਵੀ ਏਂ ਤੂੰ ਮੇਰੀ...ਮੇਰੀ ਸ਼ਰੀਕੇ ਹਯਾਤ ਹੈਂ ਤੂੰ...ਇਸ ਹਵੇਲੀ ਦੀ ਮਾਲਕਣ'

'ਸਿਰਫ ਹਵੇਲੀ ਦੀ'...! ਗੁਲਬਾਨੋ ਸੁਬਕੀ ਰੋਣ ਲੱਗੀ...

'ਨਹੀਂ..ਮੇਰੇ ਦਿਲੋਂ ਜਾਨ ਦੀ ਵੀ' ਅੱਜ ਅਮੀਰ ਦੇ ਉਦਾਸ, ਬੀਮਾਰ ਮੂੰਹ 'ਤੇ ਪਹਿਲੀ ਵਾਰ ਮੁਸਕ੍ਰਾਹਟ ਆਈ।

ਗੁਲਬਾਨੋ ਤੋਂ ਹੁਣ ਆਪਣਾ-ਆਪ ਸੰਭਾਲਿਆ ਨਹੀਂ ਜਾ ਰਿਹਾ ਸੀ। ਅਮੀਰ ਦੇ ਕਿਰਦਾਰ ਸਾਹਮਣੇ ਉਸਨੂੰ ਆਪਣਾ ਜਾਤੀ ਗਰੂਰ ਬਹੁਤ ਛੋਟਾ ਲੱਗਿਆ। ਇਕ ਬਦਸੂਰਤ ਮਰਦ ਦੇ ਪਿਆਰ ਦੀ ਗਰਮੀ ਸਾਹਮਣੇ ਉਸਦਾ ਵਜੂਦ ਪਿਘਲ ਗਿਆ ਤੇ ਉਹ ਲੜਖੜਾ ਕੇ ਅਮੀਰ ਦੀਆਂ ਬਾਹਾਂ ਵਿਚ ਚਲੀ ਗਈ। ਅਮੀਰ ਬਹੁਤ ਦੇਰ ਤੱਕ ਉਸਦੇ ਵਾਲਾਂ ਵਿਚ ਹੱਥ ਫੇਰਦਾ ਰਿਹਾ। ਹੌਲੀ ਹੌਲੀ ਉਸਦਾ ਸਿਰ ਸਹਿਲਾਉਂਦਾ ਰਿਹਾ ਤੇ ਗੁਲਬਾਨੋ ਨੂੰ ਲੱਗਿਆ ਜਿਵੇਂ ਬਹੁਤ ਅਰਸੇ ਬਾਅਦ ਅੱਜ ਉਹ ਆਪਣੇ ਅੱਬਾ ਦਾ ਹੱਥ ਆਪਣੇ ਸਿਰ 'ਤੇ ਮਹਿਸੂਸ ਕਰ ਰਹੀ ਸੀ ਜਾਂ ਆਪਣੇ ਵੱਡੇ ਭਰਾ ਦੇ ਮੋਢੇ 'ਤੇ ਸਿਰ ਰੱਖ ਰੋ ਰਹੀ ਸੀ। ਅਮੀਰ ਖਾਨ ਨੇ ਉਸ ਨੂੰ ਚੁੱਪ ਨਾ ਕਰਾਇਆ। ਉਹ ਚਾਹੁੰਦਾ ਸੀ ਗੁਲਬਾਨੋ ਦੇ ਦਿਲ-ਮਨ ਅੰਦਰ ਨਫਰਤ ਦਾ ਜੋ ਨਾਸੂਰ ਬਣ ਗਿਆ ਸੀ, ਉਹ ਹੰਝੂਆਂ ਰਾਹੀਂ ਨਿਕਲ ਜਾਵੇ। ਗੁਲਬਾਨੋ ਬਹੁਤ ਦੇਰ ਤੱਕ ਰੋਂਦੀ ਰਹੀ। ਥੱਕ ਗਈ ਤਾਂ ਚੁੰਨੀ ਦੇ ਪਲੜੇ ਨਾਲ ਮੂੰਹ ਪੂੰਝਣ ਲੱਗੀ...।

'ਗਮ ਨਾ ਕਰ'...ਮੇਰੇ ਹੁੰਦੇ ਕੋਈ ਤੂਫਾਨ ਤੈਨੂੰ ਉਡਾ ਕੇ ਨਹੀਂ ਲਿਜਾ ਸਕਦਾ।...'ਇਸ਼ਕ ਹਕੀਕੀ ਤੇ ਮਿਜਾਜ਼ੀ ਦਾ ਫਰਕ ਨਹੀਂ ਮਲੂਮ ਤੈਨੂੰ...ਅਣਜਾਣ ਏਂ ਤੂੰ'..! ਅਮੀਰ ਖਾਨ ਦੇ ਅਰਮਾਨਾਂ ਨੇ ਸਿਰ ਚੁਕਿਆ।

'ਕਿਹੜਾ ਇਸ਼ਕ'...! ਗਲ ਪਿਆ ਢੋਲ ਵਜਾ ਰਹੇ ਹੋਂ ਤੁਸੀਂ। ਇਕ ਮਰੇ ਹੋਏ ਰਿਸ਼ਤੇ ਨੂੰ ਨਿਭਾ ਰਹੇ ਹੋ...ਜਿਸ ਦਾ ਕੋਈ...!! ਗੁਲਬਾਨੋ ਨੇ ਗੱਲ ਪੂਰੀ ਨਹੀਂ ਕੀਤੀ ਸੀ ਕਿ ਅਮੀਰ ਨੇ ਆਪਣਾ ਹੱਥ ਉਸ ਦੇ ਮੂੰਹ 'ਤੇ ਰੱਖ ਦਿਤਾ.....।

'ਮਰਿਆਂ ਹੋਇਆਂ ਦੇ ਤਾਂ ਤਾਜ ਮਹਿਲ ਬਣਾਏ ਨੇ...ਬਣਾਉਣ ਵਾਲਿਆਂ ਨੇ...ਪਿਆਰ ਦੀ ਕੋਈ ਹੱਦ ਨਹੀਂ ਹੁੰਦੀ ਗੁਲਬਾਨੋ'...ਅਮੀਰ ਨੇ ਉਸਨੂੰ ਆਪਣੇ ਸੀਨੇ ਨਾਲ ਲਾ ਲਿਆ, ਉਹ ਕੁਝ ਨਾ ਬੋਲੀ।

'ਅੱਜ ਆਪਣਾ ਅਸਲ ਨਿਕਾਹ ਹੋਇਆ ਏ ਜਦੋਂ ਦੋ ਦਿਲਾਂ ਨੇ ਇੱਕ-ਦੂਜੇ ਨੂੰ ਕਬੂਲ ਕੀਤਾ ਏ। ਜੇ ਦਿਲ ਨਾ ਮੰਨੇ ਤਾਂ ਨਿਕਾਹ ਨਹੀਂ ਜਬਰ-ਜਨਾਹ ਹੁੰਦਾ ਏ। ਗੁਲਬਾਨੋ ਮੈਨੂੰ ਇਸ ਗੁਨਾਹ ਤੋਂ ਅੱਜ ਤੂੰ ਬਚਾ ਲਿਆ। ਅਮੀਰ ਨੇ ਆਪਣਾ ਮੂੰਹ ਉਸਦੇ ਮੂੰਹ ਨਾਲ ਜੋੜਿਆ।

'ਊਈ ਅੱਲਾਹ'...ਉਹ ਅਮੀਰ ਦੇ ਸੀਨੇ ਨਾਲ ਜੁੜੀ ਸ਼ਟਪਟਾਈ।

'ਕੀ ਹੋਇਆ'...!! ਅਮੀਰ ਵੀ ਘਬਰਾ ਗਿਆ।

'ਦਾੜ੍ਹੀ ਚੁੱਭਦੀ ਏ' ਗੁਲਬਾਨੋ ਨੇ ਆਪਣੀ ਕੋਮਲ ਗਲ 'ਤੇ ਹੱਥ ਫੇਰਿਆ।

'ਦਾੜ੍ਹੀ ਕਟਵਦ ਦਿੰਦਾਂ ਹਾਂ' ਅਮੀਰ ਅੱਖਾਂ 'ਚ ਅੱਖਾਂ ਪਾਈ ਮੁਸਕਰਾਇਆ।

'ਮੇਰੇ ਮੌਲ੍ਹਾ...ਇਸ ਨਾਚੀਜ਼ ਲਈ ਦਾੜ੍ਹੀ ਕਟਵਾਓਗੇ'...! ਗੁਲਬਾਨੋ ਨੇ ਅਦਾ ਨਾਲ ਪੁੱਛਿਆ।

'ਇਸ਼ਕ ਵਿਚ ਤਾਂ ਸਿਰ ਕੱਟ ਜਾਂਦੇ ਨੇ, ਦਾੜ੍ਹੀ ਤਾਂ ਮਾਮੂਲੀ ਚੀਜ਼ ਏ ਤੇਰੇ ਲਈ ਗੁਲਬਾਨੋ' ਅਮੀਰ ਦਾ ਹਾਸਾ ਰਾਤ ਦੇ ਹਨੇਰੇ ਵਿਚ ਦੂਰ ਦੂਰ ਤੱਕ ਉਡਿਆ ਅਤੇ ਇਸੇ ਹਾਸੇ ਵਿਚ ਉਡ ਗਿਆ ਦੋਹਾਂ ਦੇ ਜਿਸਮਾਂ ਵਿਚਕਾਰਲਾ ਫਾਸਲਾ। ਦੋਹੇਂ ਇੱਕ-ਦੂਜੇ ਨੂੰ ਲਿਪਟੇ, ਹਾਸਿਆਂ 'ਚ ਗੁਆਚੇ ਪੌੜੀਆਂ ਉਤਰਦੇ ਆਪਣੇ ਕਮਰੇ, 'ਚ ਚਲੇ ਗਏ।

ਅਮੀਰ ਖਾਨ ਦੀ ਹਵੇਲੀ ਵਿਚ ਮੁੜ ਤੋਂ ਬਹਾਰ ਆ ਗਈ। ਮਹਿਕਾਂ ਦੀਆਂ ਸੁਗੰਧੀਆਂ ਨਾਲ ਹਵੇਲੀ ਦੀਆਂ ਕੰਧਾਂ ਜਿਵੇਂ ਜਗ-ਮਗਾ ਰਹੀਆਂ ਹੋਣ। ਨੌਕਰਾਂ-ਚਾਕਰਾਂ ਦੇ ਵੀ ਚਿਹਰਿਆਂ 'ਤੇ ਰੌਣਕਾਂ ਪਰਤ ਆਈਆਂ। ਘਰ ਦੀ ਘੁਟਣ ਖਤਮ ਹੋ ਗਈ। ਮੀਆਂ-ਬੀਵੀ ਦੇ ਪਿਆਰ ਨੇ ਸੁੰਨੀ ਹਵੇਲੀ ਆਬਾਦ ਕਰ ਦਿਤੀ। ਵਕਤ ਗੁਜ਼ਰਦਾ ਰਿਹਾ। ਗੁਲਬਾਨੋ ਦੇ ਤਿੰਨ ਸਾਲਾਂ ਵਿਚ ਤਿੰਨ ਲੜਕੀਆਂ ਪੈਦਾ ਹੋਈਆਂ। ਨਹੀਂਦਾ, ਫਰੀਦਾ ਤੇ ਵਹੀਦਾ। ਦਸ ਸਾਲਾਂ ਬਾਅਦ ਜਾ ਕੇ ਪੈਦਾ ਹੋਇਆ ਸੀ ਸ਼ਮੀਰ। ਅਮੀਰ ਖਾਨ ਦਾ ਪੁੱਤਰ ਸ਼ਮੀਰ ਖਾਨ। ਹਵੇਲੀ ਦਾ ਵਾਰਿਸ, ਮਾਲਿਕ। ਭਾਵੇਂ ਬੇਟੀਆਂ ਦੇ ਪੈਦਾ ਹੋਣ 'ਤੇ ਵੀ ਅਮੀਰ ਖਾਨ ਨੇ ਦਾਅਵਤਾਂ ਦਿੱਤੀਆਂ ਸੀ, ਪਰ ਪੁੱਤਰ ਦੇ ਜਨਮ ਉਤੇ ਜਸ਼ਨ ਮਨਾਏ ਗਏ। ਕਿਉਂ ਜੋ ਹਵੇਲੀ ਦਾ ਵਾਰਿਸ ਪੈਦਾ ਹੋਇਆ ਸੀ। ਲੱਖਾਂ ਦੀ ਜਾਇਦਾਦ ਦਾ ਮਾਲਕ।

ਗੁਲਬਾਨੋ ਹੁਣ ਮੁਕੰਮਲ ਔਰਤ ਬਣ ਗਈ ਸੀ। ਬੱਚਿਆਂ ਦੀ ਪਰਵਰਿਸ਼ ਤੇ ਘਰ ਦੇ ਕੰਮਾਂਕਾਰਾਂ ਕਾਰਨ ਉਸਨੂੰ ਆਪਣੇ ਬਾਰੇ ਸੋਚਣ ਦੀ ਫੁਰਸਤ ਨਹੀਂ ਸੀ। ਵਕਤ ਦੇ ਨਾਲ ਬੇਟੀਆਂ ਜੁਆਨ ਹੋਈਆਂ, ਰਿਸ਼ਤੇ ਲੱਭ ਕੇ ਵਿਆਹ ਕਰ ਦਿਤੇ। ਉਹ ਆਪਣੇ ਘਰ ਚਲੀਆਂ ਗਈਆਂ।

ਸ਼ਮੀਰ ਹਾਲੇ ਕਾਲਜ ਵਿਚ ਹੀ ਪੜ੍ਹਦਾ ਸੀ ਕਿ ਅਮੀਰ ਖਾਨ ਲੰਮੀ ਬਿਮਾਰੀ ਤੋਂ ਬਾਅਦ ਅੱਲ੍ਹਾ ਨੂੰ ਪਿਆਰਾ ਹੋ ਗਿਆ। ਗੁਲਬਾਨੋ ਦਾ ਇੱਕੋ-ਇੱਕ ਸਾਥੀ ਉਸਦਾ 'ਮਿਜ਼ਾਜੀ ਖੁਦਾ' ਇਸ ਦੁਨੀਆ ਤੋਂ ਚਲਾ ਗਿਆ ਪਰ ਗੁਲਬਾਨੋ ਨੇ ਸ਼ਮੀਰ, ਹਵੇਲੀ ਤੇ ਜਾਇਦਾਦ ਦੀ ਜ਼ਿੰਮੇਵਾਰੀ ਖਾਤਿਰ ਆਪਣੇ ਆਪ ਨੂੰ ਫਿਰ ਤੋਂ ਸੰਭਾਲਿਆ। ਗੁਲਬਾਨੋ ਅਤੇ ਸ਼ਮੀਰ ਇਕੱਲੇ ਰਹਿ ਗਏ ਕਿਲ੍ਹੇ ਵਰਗੀ ਹਵੇਲੀ ਵਿਚ। ਬਾਹਰਲੀ ਦੁਨੀਆਂ ਨਾਲ ਉਸਦਾ ਕੋਈ ਰਾਬਤਾ ਨਹੀਂ ਸੀ। ਅਮੀਰ ਖਾਨ ਨੇ ਕਦੇ ਉਸਨੂੰ ਮਜਬੂਰ ਵੀ ਨਹੀਂ ਕੀਤਾ ਸੀ ਕਿ ਉਸਦੇ ਪਰਿਵਾਰ ਤੇ ਸ਼ਰੀਕੇ ਨੂੰ ਮਿਲੇ।

ਸ਼ਮੀਰ ਜਦੋਂ ਕਾਨੂੰਨ ਦੀ ਪੜ੍ਹਾਈ ਕਰਨ ਲਾਹੌਰ ਚਲਾ ਗਿਆ ਤਾਂ ਗੁਲਬਾਨੋ ਇਕ ਵਾਰ ਫਿਰ ਤਨਹਾ ਹੋ ਗਈ। ਉਦਾਸੀਆਂ ਨੇ ਫੇਰ ਘੇਰ ਲਿਆ ਸੀ ਗੁਲਬਾਨੋ ਨੂੰ। ਇਕੋ ਆਸ 'ਤੇ ਜੀਅ ਰਹੀ ਸੀ ਕਿ ਛੇਤੀ ਹੀ ਸ਼ਮੀਰ ਪੜ੍ਹਾਈ ਪੂਰੀ ਕਰ ਕੇ ਘਰ ਵਾਪਸ ਆ ਜਾਵੇਗਾ। ਉਸਦੀ ਸ਼ਾਦੀ ਕਰਾਂਗੀ ਤੇ ਸੁੰਨੀ ਹਵੇਲੀ ਮੁੜ ਆਬਾਦ ਹੋ ਜਾਵੇਗੀ।

ਸ਼ਮੀਰ ਪੜ੍ਹਾਈ ਕਰਨ ਗਿਆ, ਆਪਣੀ ਜ਼ਿੰਦਗੀ ਦਾ ਫੈਸਲਾ ਵੀ ਕਰ ਆਇਆ ਸੀ। 'ਫਿਰੋਜ਼ ਖਾਨ' ਦੀ ਧੀ ਫਿਰਦੋਸ ਨਾਲ ਇਸ਼ਕ ਹੋ ਗਿਆ ਸੀ, ਜੋ ਉਸਦੀ ਕਲਾਸ ਵਿਚ ਹੀ ਪੜ੍ਹਦੀ ਸੀ। ਗੁਲਬਾਨੋ ਨੂੰ ਪਤਾ ਲੱਗਿਆ ਤਾਂ ਜਿਵੇਂ ਉਸਦੇ ਸਿਰ 'ਤੇ ਬਿਜਲੀ ਗਿਰੀ। ਲੱਗਿਆ ਜਿਵੇਂ 35 ਸਾਲ ਪਹਿਲਾਂ ਗੁਜ਼ਰਿਆ ਹਾਦਸਾ ਮੁੜ ਸਾਹਮਣੇ ਆ ਗਿਆ ਹੋਵੇ। ਸ਼ਮੀਰ, ਫਿਰਦੌਸ ਨਾਲ ਨਿਕਾਹ ਕਰਨ ਦਾ ਫੈਸਲਾ ਕਰੀ ਬੈਠਾ ਸੀ। ਗੁਲਬਾਨੋ ਨੂੰ ਸਮਝ ਨਹੀਂ ਆ ਰਹੀ ਸੀ ਕਿ ਜਵਾਨ ਪੁੱਤਰ ਨੂੰ ਅਣਹੋਣੀ ਤੋਂ ਕਿਵੇ ਰੋਕੇ।

'ਸ਼ਮੀਰ ਪੁੱਤਰ...ਉਸ ਖਾਨਦਾਨ ਨਾਲ ਸਾਡੀ ਬੜੀ ਪੁਰਾਣੀ ਦੁਸ਼ਮਣੀ ਏ'...ਗੁਲਬਾਨੋ ਨੇ ਉਸ ਨੂੰ ਸਮਝਾਇਆ।

'ਦੁਸ਼ਮਣੀ ਨੂੰ ਦੋਸਤੀ ਵਿਚ ਬਦਲ ਦੇਣਾ ਚਾਹੀਦਾ ਏ ਅੰਮੀ-ਜਾਨ ਜੀ'...ਸ਼ਮੀਰ ਨੇ ਮਾਂ ਦੀ ਗੱਲ ਮੋੜੀ।

'ਮੇਰੇ ਪੁੱਤਰ, ਤੇਰੇ ਅੱਬਾ-ਜਾਨ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੋਣਾ ਸੀ ਕੇ ਤੂੰ ਕਿਸ ਕਾਰਨਾਮੇ ਨੂੰ ਅੰਜ਼ਾਮ ਦੇਣ ਜਾ ਰਿਹੈਂ! ਗੁਲਬਾਨੋ ਨੇ ਸਖਤ ਆਵਾਜ਼ 'ਚ ਸ਼ਮੀਰ ਨੂੰ ਤਾੜਿਆ।

'ਅੱਬਾਜਾਨ ਨੇ ਤਾਂ ਬਹੁਤ ਖੁਸ਼ ਹੋਣਾ ਸੀ ਅੰਮੀ'...ਉਹ ਤਾਂ ਇਨਕਲਾਬੀ ਇਨਸਾਨ ਸਨ। ਮੈਂ ਤਾਂ ਫਿਰੋਜ਼ ਅੰਕਲ ਦੀ ਪੜ੍ਹੀ ਲਿਖੀ ਬੇਟੀ ਨਾਲ ਨਿਕਾਹ ਕਰ ਰਿਹਾ ਹਾਂ। ਪਰ ਅੱਬਾਜਾਨ ਨੇ ਤਾਂ ਅੰਕਲ ਫਿਰੋਜ਼ ਦੀ ਠੁਕਰਾਈ ਹੋਈ ਮਾਸ਼ੂਕ ਗੁਲਬਾਨੋ ਦਾ ਹੱਥ ਫੜ ਲਿਆ ਸੀ। ਸ਼ਮੀਰ ਨੇ ਮਜ਼ਾਕ ਕੀਤਾ।

ਪਰ ਗੁਲਬਾਨੋ ਦੇ ਜਿਵੇਂ ਸੀਨੇ ਵਿਚ ਤੀਰ ਲੱਗਿਆ ਹੋਵੇ। 'ਸ਼ਮੀਰ'...ਗੁਲਬਾਨੋ ਦੇ ਹੋਂਠ ਕੰਬੇ ਅਤੇ ਥਰਥਰਾਏ।

ਮੁੜ, ਮਾਂ-ਪੁੱਤਰ ਵਿਚਕਾਰ ਗੱਲ ਨਾ ਹੋਈ। ਸ਼ਮੀਰ, ਅੰਮੀ ਦੀਆਂ ਭਾਵਨਾਵਾਂ ਨੂੰ ਕਤਲ ਕਰ ਕੇ ਫਿਰਦੌਸ ਨਾਲ ਨਿਕਾਹ ਕਰ ਕੇ ਵਲਾਇਤ ਚਲਾ ਗਿਆ। ਫਿਰੋਜ਼ ਦੀ ਹਵੇਲੀ ਨਿਕਾਹ ਹੋਇਆ। ਉਸ ਹਵੇਲੀ ਵਿਚ ਜਿਥੋਂ ਗਲਬਾਨੋ ਨੂੰ ਬੇਇੱਜ਼ਤ, ਬੇਆਬਰੂ ਕਰ ਕੇ ਕੱਢਿਆ ਸੀ। ਗੁਲਬਾਨੋ ਤੇ ਉਸ ਦੀਆਂ ਧੀਆਂ ਸ਼ਮੀਰ ਦੇ ਨਿਕਾਹ 'ਚ ਸ਼ਰੀਕ ਨਾ ਹੋਈਆਂ।

ਉਹ ਇੰਗਲੈਂਡ ਜਾਣ ਤੋਂ ਪਹਿਲਾਂ ਆਪਣੀ ਬੀਵੀ ਨਾਲ ਮਿਲਣ ਆਇਆ ਸੀ। ਪਰ ਗੁਲਬਾਨੋ ਨੇ ਨੌਕਰ ਤੋਂ ਕਹਿਲਵਾ ਦਿਤਾ ਕਿ ਬੇਗ਼ਮ ਸਾਹਿਬਾਂ ਦੀ ਤਬੀਅਤ ਠੀਕ ਨਹੀਂ ਏ। ਪੁੱਤਰ ਦੇ ਮੱਥੇ ਨਹੀਂ ਲੱਗੀ ਸੀ ਉਹ।

ਬਾਕੀ ਦੁਨੀਆਂ ਵਾਂਗ ਆਪਣੇ ਇਕਲੌਤੇ ਪੁੱਤਰ ਨਾਲੋਂ ਵੀ ਨਾਤਾ ਤੋੜ ਲਿਆ ਸੀ। ਹਨੇਰੀ ਹਵੇਲੀ ਦਾ ਚਿਰਾਗ ਤੇ ਇਕਲੌਤਾ ਵਾਰਿਸ ਹਵੇਲੀ ਦੇ ਦਰਵਾਜ਼ੇ ਤੋਂ ਵਾਪਿਸ ਮੋੜ ਦਿਤਾ ਗਿਆ।

ਉਮਰ ਬੀਤ ਰਹੀ ਸੀ। ਗੁਲਬਾਨੋ ਕੋਲ ਸ਼ਮੀਰ ਦੇ ਕਈ ਸੁਨੇਹੇ ਆਏ, ਮੁਆਫੀਆਂ ਮੰਗੀਆਂ ਗਈਆਂ। ਇੰਗਲੈਂਡ ਦੀ ਟਿਕਟ, ਪੌਂਡਾਂ ਦੇ ਮਨੀਆਰਡਰ ਤੇ ਬੱਚਿਆਂ ਦੇ ਪਿਆਰ ਦੇ ਵਾਸਤੇ ਦਿਤੇ ਗਏ। ਪਰ ਗੁਲਬਾਨੋ ਨੇ ਕਦੀ ਕੋਈ ਜੁਵਾਬ ਨਾ ਦਿਤਾ। ਦਰਿਆ ਜਿਹਲਮ ਵਾਂਗ ਹੋ ਗਈ ਸੀ ਉਹ...ਜਿਸਦੇ ਵਿਚੋਂ ਤੂਫਾਨ ਲੰਘਦੇ ਸੀ, ਪਰ ਕੰਢੇ ਨਹੀਂ ਹਿਲਦੇ ਸੀ। ਇਸ ਹਵੇਲੀ ਵਾਂਗ ਮਜ਼ਬੂਤ ਬਣ ਗਈ ਸੀ ਉਹ...ਜਿਸਦੀ ਛੱਤ 'ਤੇ ਖੜ੍ਹੋ ਕੇ ਉਹ ਆਕਾਸ਼ ਨਾਲ ਗੱਲਾਂ ਕਰਦੀ ਸੀ ਤੇ ਧਰਤੀ ਦੇ ਲੋਕਾਂ ਦੀ ਉਸ ਤੱਕ ਕੋਈ ਪਹੁੰਚ ਨਹੀਂ ਸੀ।

# ਅਰਜਨਟੀਨਾ ਦਾ 'ਗੋਲਡਨ ਬੁਆਏ' ਡੀਗੋ ਮਾਰਾਡੋਨਾ

## ਵਿਸ਼ਵ ਦੇ ਮਹਾਨ ਖਿਡਾਰੀ




ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਡੀਗੋ ਮਾਰਾਡੋਨਾ ਅਰਜਨਟੀਨਾ ਦਾ ਮਾਣ ਸੀ। ਗਰੀਬ ਘਰ ਦਾ ਅਮੀਰ ਖਿਡਾਰੀ। ਉਹ ਫੁੱਟਬਾਲ ਦੀ ਖੇਡ ਦਾ ਸਰਬੋਤਮ ਖਿਡਾਰੀ ਸਿੱਧ ਹੋਇਆ। ਜਦ ਉਹਦੇ ਕੋਲ ਬਾਲ ਆਉਂਦੀ ਤਾਂ ਡ੍ਰਿਬਲਿੰਗ ਕਰਦਾ ਉਹ ਦਰਸ਼ਕਾਂ ਨੂੰ ਦੰਗ ਕਰ ਦਿੰਦਾ। ਉਹਦਾ ਕੱਦ ਬੇਸ਼ਕ ਸਮੱਧਰ ਸੀ, ਸਿਰਫ਼ 5 ਫੁੱਟ 5 ਇੰਚ, ਪਰ ਫੁੱਟਬਾਲ ਦੀ ਦੁਨੀਆ ਦਾ ਧਨੰਤਰ ਖਿਡਾਰੀ ਸੀ। ਉਸ ਵੱਲੋਂ 1986 ਦੇ ਵਿਸ਼ਵ ਕੱਪ ਵਿਚ ਕੀਤੇ ਗੋਲ ਨੂੰ ਰੱਬੀ ਹੱਥ ਦਾ ਗੋਲ ਕਿਹਾ ਗਿਆ। ਫੁੱਟਬਾਲ ਦੀ ਖੇਡ ਵਿਚ ਉਹਤੋਂ ਪਹਿਲਾਂ ਵਧੇਰੇ ਮਸ਼ਹੂਰੀ ਬ੍ਰਾਜ਼ੀਲ ਦੇ ਪੇਲੇ ਦੀ ਹੋਈ ਸੀ। ਫਿਰ ਮਾਰਾਡੋਨਾ ਨੂੰ ਵੀ ਅਰਜਨਟੀਨਾ ਦਾ ਪੇਲੇ ਕਿਹਾ ਜਾਣ ਲੱਗ ਪਿਆ ਸੀ।

ਉਸ ਨੂੰ ਫੁੱਟਬਾਲ ਦਾ ਲੀਜੈਂਡਰੀ ਖਿਡਾਰੀ ਵੀ ਕਿਹਾ ਜਾਂਦੈ। ਉਸ ਨੂੰ ਸਰਬ ਸਮਿਆਂ ਦੇ ਸਰਬੋਤਮ ਫੁੱਟਬਾਲਰਾਂ ਵਿਚੋਂ ਮੀਰੀ ਮੰਨਿਆ ਗਿਆ। ਉਹ ਅਰਜਨਟੀਨਾ, ਇਟਲੀ ਤੇ ਸਪੇਨ ਦੇ ਕਲੱਬਾਂ ਵੱਲੋਂ ਕਰਵਾਈਆਂ ਲਗਭਗ ਸਾਰੀਆਂ ਚੈਂਪੀਅਨਸ਼ਿਪਾਂ ਜਿੱਤਿਆ। ਉਸ ਦੀ ਸਭ ਤੋਂ ਵੱਡੀ ਜਿੱਤ ਅਰਜਨਟੀਨਾ ਦੇ ਕਪਤਾਨ ਵਜੋਂ ਫੀਫਾ ਦੇ ਵਿਸ਼ਵ ਕੱਪ-1980 ਨੂੰ ਜਿੱਤਣ ਦੀ ਮੰਨੀ ਜਾਂਦੀ ਹੈ। ਜਿਥੇ ਉਹਦੀ ਉਸਤਤ ਦਾ ਕੋਈ ਅੰਤ ਨਹੀਂ ਸੀ ਉਥੇ ਉਸ ਦਾ ਕੋਕੀਨ ਦੇ ਨਸ਼ੇ 'ਤੇ ਲੱਗਣਾ ਉਹਦੇ ਲਈ ਸਰਾਪ ਬਣ ਗਿਆ। ਨਸ਼ਾਵਰ ਡਰੱਗਾਂ ਦਾ ਸੇਵਨ ਕਰਦਾ ਹੋਣ ਕਰਕੇ ਉਸ ਨੂੰ ਦੋ ਵਾਰ ਖੇਡ ਤੋਂ ਮੁਅੱਤਲ ਵੀ ਕਰਨਾ ਪਿਆ ਪਰ ਸਜ਼ਾ ਭੁਗਤਣ ਪਿੱਛੋਂ ਮੁੜ ਖਿਡਾਉਣਾ ਪਿਆ। ਕੋਕੀਨ ਨੇ ਉਸ ਦੇ ਖੇਡਣ ਵੇਲੇ ਤੇ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਵੀ ਉਹਦਾ ਖਹਿੜਾ ਨਾ ਛੱਡਿਆ। ਸਿੱਟੇ ਵਜੋਂ ਉਹ ਦਿਲ ਤੇ ਦਿਮਾਗ ਦਾ ਰੋਗੀ ਬਣ ਕੇ 60 ਸਾਲ ਦੀ ਉਮਰ 'ਚ ਹੀ ਗੁਜ਼ਰ ਗਿਆ।

1.65 ਮੀਟਰ ਯਾਨੀ 5 ਫੁੱਟ 5 ਇੰਚ ਦੇ ਇਸ ਖਿਡਾਰੀ ਦਾ ਪੂਰਾ ਨਾਂ ਡੀਗੋ ਅਰਮਾਂਡੋ ਮਾਰਾਡੋਨਾ ਸੀ। ਅਰਜਨਟੀਨਾ ਦਾ ਉਹ ਨਾਮੀ ਖਿਡਾਰੀ ਸੀ ਜੋ 10 ਨੰਬਰ ਦੀ ਜਰਸੀ ਪਾ ਕੇ ਖੇਡਦਾ ਸੀ। ਉਹ ਬਾਲ ਬਣਾ ਕੇ ਪਾਸ ਦੇਣ ਤੇ ਪਾਸ ਲੈ ਕੇ ਗੋਲ ਕਰਨ ਦੀ ਕਲਾ 'ਚ ਪੂਰਾ ਮਾਹਿਰ ਸੀ। ਉਹਦੀ ਫਰੀ ਕਿੱਕ ਸਿੱਧੀ ਗੋਲ 'ਚ ਜਾਂਦੀ ਸੀ ਜੋ ਗੋਲਚੀਆਂ ਤੋਂ ਘੱਟ ਹੀ ਰੁਕਦੀ। ਉਸ ਨੂੰ ਫਰੀ ਕਿੱਕ ਲਾਉਣ ਦਾ ਵੀ ਮਾਹਿਰ ਮੰਨਿਆ ਜਾਂਦਾ ਸੀ। ਉਹਦਾ ਬਾਲ ਕੰਟਰੋਲ ਕਮਾਲ ਦਾ ਅਤੇ ਪਾਸਿੰਗ ਤੇ ਡ੍ਰਿਬਲਿੰਗ ਨਪੀ-ਤੁਲੀ ਸੀ। ਉਹਦੇ ਗੋਲਾਂ ਦੀ ਬਦੌਲਤ ਅੱਧੀ ਦਰਜਨ ਕਲੱਬਾਂ ਅਤੇ ਅਰਜਨਟੀਨਾ ਮੁਲਕ ਦੀ ਗੁੱਡੀ ਫੁੱਟਬਾਲ ਦੇ ਅੰਬਰੀਂ ਚੜ੍ਹੀ ਰਹੀ। ਬੇਸ਼ਕ ਰੱਬ ਉਹਦੀ ਖੇਡ 'ਤੇ ਚੋਖਾ ਮਿਹਰਬਾਨ ਰਿਹਾ ਪਰ ਉਹ ਲੰਮੀ ਉਮਰ ਨਾ ਭੋਗ ਸਕਿਆ। ਉਹ 30 ਅਕਤੂਬਰ 1960 ਦੇ ਦਿਨ ਜੰਮਿਆ ਸੀ ਤੇ 60 ਸਾਲ ਜਿਉਂ ਕੇ 25 ਨਵੰਬਰ 2020 ਨੂੰ ਗੁਜ਼ਰ ਗਿਆ।

ਮਾਰਾਡੋਨਾ ਵਿਸ਼ਵ ਦਾ ਬਿਹਤਰੀਨ ਫੁੱਟਬਾਲ ਖਿਡਾਰੀ ਹੋਣ ਦੇ ਨਾਲ ਚੋਟੀ ਦਾ ਟੀਮ ਮੈਨੇਜਰ ਵੀ ਸੀ। ਜਿਨ੍ਹਾਂ ਦੋ ਫੁੱਟਬਾਲਰਾਂ ਨੂੰ 20ਵੀਂ ਸਦੀ ਦੇ ਫੀਫਾ ਪਲੇਅਰ ਆਫ ਦਾ ਸੈਂਚਰੀ ਅਵਾਰਡ ਨਾਲ ਸਨਮਾਨਿਆ ਗਿਆ ਮਾਰਾਡੋਨਾ ਉਨ੍ਹਾਂ 'ਚੋਂ ਇਕ ਸੀ। ਉਹ ਫੀਫਾ ਦੇ ਚਾਰ ਵਿਸ਼ਵ ਕੱਪਾਂ 'ਚ ਖੇਡਿਆ ਤੇ ਹਰੇਕ ਕੱਪ 'ਚ ਆਪਣੀ ਖੇਡ ਦੀ ਧੰਨ-ਧੰਨ ਕਰਾਉਂਦਾ ਰਿਹਾ। ਉਹ ਫੁੱਟਬਾਲ ਦਾ ਪਹਿਲਾ ਖਿਡਾਰੀ ਸੀ ਜਿਸ ਨੂੰ ਫੁੱਟਬਾਲ ਕਲੱਬਾਂ



ਵੱਲੋਂ ਦੋ ਵਾਰ ਕਲੱਬ ਬਦਲੀ ਦੀ ਸਭ ਤੋਂ ਵਧੇਰੇ ਫੀਸ ਦੇਣੀ ਪਈ। 1982 ਵਿਚ ਬਾਰਸੀਲੋਨਾ ਨੇ 50 ਲੱਖ ਪੌਂਡ ਦੇ ਕੇ ਉਸ ਨੂੰ ਆਪਣੇ ਕਲੱਬ ਵੱਲੋਂ ਖਿਡਾਇਆ। 1984 ਵਿਚ ਨਪੋਲੀ ਨੇ ਉਸ ਦਾ 69 ਲੱਖ ਪੌਂਡ ਭਾਅ ਵਧਾ ਕੇ ਆਪਣੇ ਕਲੱਬ ਵੱਲੋਂ ਖੇਡਣ ਲਈ ਰਾਜ਼ੀ ਕਰ ਲਿਆ। ਮਾਰਾਡੋਨਾ ਨੇ ਉਨ੍ਹਾਂ ਕਲੱਬਾਂ ਨੂੰ ਕੱਪ ਵੀ ਜਿਤਾਏ ਪਰ ਨਪੋਲੀ ਨੂੰ ਵਖ਼ਤ ਵੀ ਪਾਇਆ। ਉਸ ਉਤੇ ਕੋਕੀਨ ਲੈਣ ਦਾ ਦੋਸ਼ ਲੱਗਾ ਜਿਸ ਨਾਲ ਨਪੋਲੀ ਵੱਲੋਂ ਖੇਡਣ ਦੀ ਪਾਬੰਦੀ ਵੀ ਲੱਗੀ।

ਅੰਤਰਰਾਸ਼ਟਰੀ ਟੂਰਨਾਮੈਂਟ ਖੇਡਦਿਆਂ ਉਸ ਨੇ 91 ਵਾਰ ਅਰਜਨਟੀਨਾ ਦੀ ਵਰਦੀ ਪਾਈ ਤੇ 34 ਗੋਲ ਕੀਤੇ। ਫੀਫਾ ਦੇ ਚਾਰ ਵਿਸ਼ਵ ਕੱਪ ਖੇਡਦਿਆਂ ਉਹ ਦਰਸ਼ਕਾਂ ਦਾ ਚਹੇਤਾ ਖਿਡਾਰੀ ਬਣਿਆ ਰਿਹਾ। ਫੀਫਾ ਦੇ 1986 ਵਾਲੇ ਵਿਸ਼ਵ ਕੱਪ ਸਮੇਂ ਉਹ ਅਰਜਨਟੀਨਾ ਦੀ ਫੁੱਟਬਾਲ ਟੀਮ ਦਾ ਕਪਤਾਨ ਬਣਿਆ। ਮੈਕਸੀਕੋ ਦਾ ਉਹ ਵਿਸ਼ਵ ਕੱਪ ਅਰਜਨਟੀਨਾ ਨੇ ਹੀ ਜਿੱਤਿਆ। ਫਾਈਨਲ ਮੈਚ ਵਿਚ ਉਸ ਨੇ ਪੱਛਮੀ ਜਰਮਨੀ ਦੀ ਟੀਮ ਨੂੰ ਹਰਾਇਆ। ਉਦੋਂ ਉਸ ਨੂੰ ਟੂਰਨਾਮੈਂਟ ਦੇ ਬੈੱਸਟ ਪਲੇਅਰ ਵਜੋਂ 'ਗੋਲਡਨ ਬੂਟ' ਅਵਾਰਡ ਨਾਲ ਸਨਮਾਨਿਆ ਗਿਆ। ਕੁਆਰਟਰ ਫਾਈਨਲ ਜੋ ਅਰਜਨਟੀਨਾ ਤੇ ਇੰਗਲੈਂਡ ਦੀਆਂ ਟੀਮਾਂ ਵਿਚਾਲੇ ਹੋਇਆ ਉਹ 2-1 ਗੋਲਾਂ ਨਾਲ ਅਰਜਨਟੀਨਾ ਨੇ ਜਿੱਤਿਆ। ਦੋਵੇਂ ਗੋਲ ਮਾਰਾਡੋਨਾ ਨੇ ਕੀਤੇ। ਪਹਿਲਾ ਗੋਲ ਹੈਂਡਲਿੰਗ ਫਾਊਲ ਦੀ ਜੱਜਮੈਂਟ ਨਾ ਹੋਣ ਕਾਰਨ 'ਹੈਂਡ ਆਫ਼ ਗੌਡ' ਦਾ ਗੋਲ ਮੰਨ ਲਿਆ ਗਿਆ ਪਰ ਦੂਜਾ ਗੋਲ 60 ਮੀਟਰ ਪਿਛੇ ਤੋਂ ਡ੍ਰਿਬਲਿੰਗ ਕਰਦਿਆਂ ਇੰਗਲੈਂਡ ਦੇ ਪੰਜ ਖਿਡਾਰੀਆਂ ਨੂੰ ਕੱਟ ਕੇ ਕੀਤਾ ਸੀ। ਉਸ ਗੋਲ ਨੂੰ ਫੀਫਾ ਨੇ 'ਗੋਲ ਆਫ਼ ਦਾ ਸੈਂਚਰੀ' ਕਹਿ ਕੇ ਵਡਿਆਇਆ।

ਮਾਰਾਡੋਨਾ ਅਜੇ 16 ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਅਰਜਨਟੀਨਾ ਦੀ ਜੂਨੀਅਰ ਨੈਸ਼ਨਲ ਟੀਮ ਵਿਚ ਖੇਡਣ ਲੱਗਾ। ਉਹ 1977 ਤੋਂ 79 ਤਕ ਵੀਹ ਸਾਲ ਤੋਂ ਘੱਟ ਉਮਰ ਵਾਲਿਆਂ ਵੱਲੋਂ ਖੇਡਿਆ। 1979 ਤੋਂ 94 ਤਕ ਉਹ ਵਿਸ਼ਵ ਪ੍ਰਸਿੱਧ ਕਲੱਬਾਂ ਤੇ ਆਪਣੇ ਮੁਲਕ ਦੀਆਂ ਸੀਨੀਅਰ ਟੀਮਾਂ ਵਿਚ ਖੇਡਦਾ ਰਿਹਾ। ਜੇਕਰ ਬਾਲ ਅਵਸਥਾ ਵਿਚ ਫੁੱਟਬਾਲ ਖੇਡਣ ਦੇ ਸਾਲ ਵੀ ਵਿਚੇ ਗਿਣ ਲਈਏ ਤਾਂ ਉਸ ਦੇ ਕੁਲ ਖੇਡਣ ਦੇ ਸਾਲ 37 ਬਣ ਜਾਂਦੇ ਹਨ। ਫਿਰ ਸਰਗਰਮ ਖੇਡ ਤੋਂ ਰਿਟਾਇਰ ਹੋ ਕੇ ਉਹ ਫੁੱਟਬਾਲ ਦੀਆਂ ਟੀਮਾਂ ਦਾ ਕੋਚ/ਮੈਨੇਜਰ ਬਣਨ ਲੱਗ ਪਿਆ ਸੀ। ਪਹਿਲੀ ਵਾਰ ਉਹ 1994-95 ਵਿਚ ਮੈਨੇਜਰ ਬਣਿਆ ਤੇ ਫਿਰ 2008 ਤੋਂ 2020 ਤੱਕ ਕਲੱਬਾਂ ਤੇ ਅਰਜਨਟੀਨਾ ਦੀਆਂ ਫੁੱਟਬਾਲ ਟੀਮਾਂ ਦਾ ਮੈਨੇਜਰ ਬਣਦਾ ਰਿਹਾ। 2006 ਤੋਂ 2019 ਦੌਰਾਨ ਉਸ ਦੇ ਜੀਵਨ ਤੇ ਖੇਡ ਬਾਰੇ 6 ਫਿਲਮਾਂ ਬਣੀਆਂ ਜੋ ਖੇਡ ਜਗਤ ਵਿਚ ਸ਼ਾਨ ਨਾਲ ਚੱਲੀਆਂ।

ਉਹ 2008 'ਚ ਅਰਜਨਟੀਨਾ ਦੀ ਨੈਸ਼ਨਲ ਫੁੱਟਬਾਲ ਟੀਮ ਦਾ ਕੋਚ ਬਣਿਆ। 2011-12 ਦੇ ਸੀਜ਼ਨ ਵਿਚ ਉਸ ਨੇ ਡੁਬਈ ਦੇ ਅਲ ਵਾਸਲ ਕਲੱਬ ਦੀ ਟੀਮ ਨੂੰ ਕੋਚਿੰਗ ਦਿੱਤੀ। ਫਿਰ ਉਹ ਕਦੇ ਕਿਸੇ ਮੁਲਕ ਦੇ ਕਲੱਬ ਤੇ ਕਦੇ ਕਿਸੇ ਕਲੱਬ ਦੀਆਂ ਟੀਮਾਂ ਨੂੰ ਕੋਚਿੰਗ ਦਿੰਦਾ ਰਿਹਾ। ਸਤੰਬਰ 2018 ਤੋਂ ਜੂਨ 2019 ਤੱਕ ਉਹ ਮੈਕਸੀਕੋ ਦੀ ਕਲੱਬ ਡੋਰਾਡੋਸ ਦਾ ਕੋਚ ਰਿਹਾ। ਸਤੰਬਰ 2019 ਤੋਂ ਮ੍ਰਿਤੂ ਤੱਕ ਉਹ ਅਰਜਨਟੀਨਾ ਦੇ ਕਲੱਬ ਜਿਮਨਾਸ਼ੀਆ ਡੀ ਲਾ ਪਲਾਟਾ ਨਾਲ ਜੁੜਿਆ ਰਿਹਾ।

ਉਹ 16 ਸਾਲਾਂ ਦਾ ਵੀ ਨਹੀਂ ਹੋਇਆ ਸੀ ਕਿ ਫੁੱਟਬਾਲ ਦਾ ਪ੍ਰੋਫੈਸ਼ਨਲ ਖਿਡਾਰੀ ਬਣ ਗਿਆ। ਪਹਿਲੀ ਜਰਸੀ ਉਸ ਨੂੰ 16 ਨੰਬਰ ਦੀ ਮਿਲੀ। ਉਸ ਨੇ ਪਹਿਲੇ ਪੇਸ਼ਾਵਰ ਮੈਚ ਵਿਚ ਵਿਰੋਧੀ ਖਿਡਾਰੀ ਦੀਆਂ ਲੱਤਾਂ ਵਿਚ ਦੀ ਬਾਲ ਕੱਢਦਿਆਂ ਪਹਿਲਾ ਗੋਲ ਕੀਤਾ। ਉਸ ਨੂੰ ਲੱਗਾ ਜਿਵੇਂ ਫੁੱਟਬਾਲ ਦੇ ਅਸਮਾਨ ਨੂੰ ਛੋਹ ਲਿਆ ਹੋਵੇ। ਇਹ ਯਾਦਗਾਰੀ ਗੋਲ ਉਸ ਨੇ 16 ਸਾਲ ਦਾ ਹੋਣ ਤੋਂ ਦੋ ਹਫ਼ਤੇ ਪਹਿਲਾਂ 14 ਨਵੰਬਰ 1976 ਨੂੰ ਕੀਤਾ। ਫੇਰ ਤਾਂ ਚੱਲ ਸੋ ਚੱਲ ਤੇ ਮਾਰਾਡੋਨਾ-ਮਾਰਾਡੋਨਾ ਹੁੰਦੀ ਗਈ। ਉਦੋਂ ਹਾਲੇ ਉਹ ਛੀਟਕਾ ਜਿਹਾ ਛੋਕਰਾ ਸੀ। ਉਸ ਨੇ ਅਰਜਨਟੀਨੋਸ ਜੂਨੀਅਰ ਕਲੱਬ ਵਿਚ 5 ਸਾਲ ਬਿਤਾਏ ਜਿਥੇ 167 ਮੈਚਾਂ ਵਿਚ 115 ਗੋਲ ਕੀਤੇ। ਫਿਰ ਉਹ 40 ਲੱਖ ਅਮਰੀਕਨ ਡਾਲਰਾਂ ਦੀ ਫੀਸ ਲੈ ਕੇ ਬੋਕਾ ਜੂਨੀਅਰਜ਼ ਕਲੱਬ 'ਚ ਚਲਾ ਗਿਆ ਤੇ ਅੱਗੇ ਰਿਵਰ ਪਲੇਟ 'ਚ ਪਹੁੰਚ ਗਿਆ।

1982 ਦੇ ਫੀਫਾ ਵਿਸ਼ਵ ਕੱਪ ਪਿੱਛੋਂ ਉਸ ਦੀ ਏਨੀ ਕਦਰ ਪਈ ਕਿ ਬਾਰਸੀਲੋਨਾ ਕਲੱਬ ਨੇ ਉਸ ਨੂੰ 76 ਲੱਖ ਅਮਰੀਕਨ ਡਾਲਰ ਦੀ ਰਿਕਾਰਡ ਫੀਸ ਦਿੱਤੀ। 1983 'ਚ ਉਸ ਨੇ ਫੁੱਟਬਾਲ ਦੇ ਮੈਦਾਨਾਂ ਵਿਚ ਗੋਲ ਕਰਨ ਦੀਆਂ 'ਨ੍ਹੇਰੀਆਂ ਲਿਆ ਦਿੱਤੀਆਂ। ਬਾਰਸੀਲੋਨਾ ਨੇ ਉਸ ਨੂੰ ਸਲਾਹਿਆ ਵੀ ਬਹੁਤ, "ਮਾਰਾਡੋਨਾ ਨੂੰ ਬਾਲ 'ਤੇ ਪੂਰੀ ਮਾਸਟਰੀ ਹੈ, ਲੱਗਦੈ ਜਿਵੇਂ ਬਾਲ ਉਹਦੇ ਪੈਰਾਂ ਨਾਲ ਬੰਨ੍ਹੀ ਗਈ ਹੋਵੇ! ਦੇਖਣ ਵਾਲੇ ਦੰਗ ਰਹਿ ਜਾਂਦੇ ਹਨ ਕਿ ਉਹ ਬਾਲ ਨੂੰ ਕਿਵੇਂ ਐਨੇ ਪੈਰਾਂ ਵਿਚ ਦੀ ਕੱਢ ਲਿਜਾਂਦਾ ਤੇ ਗੋਲ ਦਾਗ ਦਿੰਦੈ।

ਸਾਧਾਰਨ ਸੱਟਾਂ-ਫੇਟਾਂ ਤੇ ਨਿੱਕੀਆਂ-ਮੋਟੀਆਂ ਕਸਰਾਂ ਖੇਡਾਂ ਦਾ ਅੰਗ ਮੰਨੀਆਂ ਜਾਂਦੀਆਂ ਹਨ। ਪਰ ਕਦੇ ਕਦਾਈਂ ਜਾਣ ਬੁੱਝ ਕੇ ਵੀ ਸੱਟ ਮਾਰ ਦਿੱਤੀ ਜਾਂਦੀ ਹੈ। ਮਾਰਾਡੋਨਾ ਨਾਲ ਵੀ ਇਹੋ ਜਿਹੇ ਭਾਣੇ ਵਰਤਦੇ ਰਹੇ। 24 ਸਤੰਬਰ 1983 ਨੂੰ ਵਿਰੋਧੀ ਕਲੱਬ ਐਟਲੈਟਿਕੋ ਡੀ ਬਿਲਬਾਓ ਦੇ ਡਿਫੈਂਡਰ ਨੇ ਮਾਰਾਡੋਨਾ ਨੂੰ ਸਖ਼ਤ ਜ਼ਖਮੀ ਕਰ ਦਿੱਤਾ ਸੀ। ਉਨ੍ਹੀਂ ਦਿਨੀਂ ਉਸ 'ਤੇ ਹੈਪੇਟਾਈਟਸ ਦਾ ਹਮਲਾ ਤੇ ਗਿੱਟਾ ਟੁੱਟਣ ਕਾਰਨ ਮੰਦੇ ਦਿਨ ਆ ਗਏ ਸਨ। ਲੱਗਦਾ ਸੀ ਉਹਦਾ ਫੁੱਟਬਾਲ ਕੈਰੀਅਰ ਖ਼ਤਮ ਹੋ ਜਾਵੇਗਾ। ਪਰ ਤਿੰਨ ਮਹੀਨਿਆਂ ਦੇ ਇਲਾਜ ਨਾਲ ਉਹ ਮੁੜ ਕਾਇਮ ਹੋ ਗਿਆ।

1984 ਵਿਚ ਕੋਪਾ ਡੈੱਲ ਰੇਅ ਦੇ ਫਾਈਨਲ ਮੈਚ ਵਿਚ ਮੈਡਰਿਡ ਵਿਖੇ ਸੈਂਟਿਆਗੋ ਦੇ ਬਰਨੇਬੋ ਅਤੇ ਮੈਡਰਿਡ ਦੇ ਬਿਬਾਓ ਵਿਚਕਾਰ ਜੰਮ ਕੇ ਟੱਕਰ ਹੋਈ। ਬੋਲ ਕਬੋਲ ਵੀ ਹੋਏ। ਗੱਲ ਵਧਦੀ-ਵਧਦੀ ਹੱਥੋਪਾਈ ਤੱਕ ਅੱਪੜ ਗਈ। ਮਾਰਾਡੋਨਾ ਵੀ ਧੌਲ-ਮੁੱਕੀ ਕਰ ਬੈਠਾ। ਵੇਖ ਕੇ ਦਰਸ਼ਕ ਵੀ ਉਤੇਜਿਤ ਹੋ ਗਏ। ਉਨ੍ਹਾਂ ਨੇ ਜੋ ਹੱਥ ਆਇਆ ਉਹ ਖਿਡਾਰੀਆਂ, ਕੋਚਾਂ ਤੇ ਫੋਟੋਗਰਾਫਰਾਂ ਵੱਲ ਸੁੱਟਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਸਪੇਨ ਦਾ ਬਾਦਸ਼ਾਹ ਕਿੰਗ ਜੁਆਂ ਕਾਰਲੋਸ ਅਤੇ ਇਕ ਲੱਖ ਦਰਸ਼ਕ ਸਟੇਡੀਅਮ ਵਿਚ ਮੌਜੂਦ ਸਨ। ਅੱਧੋਂ ਵੱਧ ਸਪੇਨੀ ਟੀਵੀਆਂ ਤੋਂ ਮੈਚ ਵੇਖ ਰਹੇ ਸਨ। ਖਿਡਾਰੀ, ਕੋਚਾਂ ਤੇ ਫੋਟੋਗਰਾਫਰਾਂ ਸਮੇਤ ਸੱਠ ਜਣੇ ਜ਼ਖ਼ਮੀ ਹੋਏ। ਪੁਣ-ਸ਼ਾਣ ਪਿੱਛੋਂ ਮਾਰਾਡੋਨਾ ਨੂੰ ਬਾਰਸੀਲੋਨਾ ਕਲੱਬ 'ਚੋਂ ਕੱਢਣਾ ਪਿਆ।

ਮਾਰਾਡੋਨਾ ਦਾ ਜਨਮ 30 ਅਕਤੂਬਰ 1960 ਨੂੰ ਅਰਜਨਟੀਨਾ ਦੇ ਰਾਜ ਬਿਊਨਸ ਏਅਰਜ਼ ਵਿਚ ਹੋਇਆ ਸੀ। ਉਹ ਅੱਠ ਭੈਣ ਭਾਈਆਂ 'ਚ ਪੰਜਵਾਂ ਬੱਚਾ ਸੀ। ਮਾਪਿਆਂ ਨੇ ਬੱਚਿਆਂ ਨੂੰ ਗਰੀਬੀ ਦੀਆਂ ਹਾਲਤਾਂ ਵਿਚ ਪਾਲਿਆ। ਮਾਰਾਡੋਨਾ ਤਿੰਨ ਸਾਲਾ ਦਾ ਸੀ ਜਦੋਂ ਇਕ ਬਾਲ ਉਸ ਨੂੰ ਤੋਹਫ਼ੇ ਵਜੋਂ ਮਿਲੀ। ਦਸ ਸਾਲ ਦੀ ਉਮਰ 'ਚ ਉਸ ਨੇ ਲਾਸ ਕੈਬੋਲਿੱਟਸ ਜੋ ਅਰਜਨਟੀਨੋਸ ਜੂਨੀਅਰਾਂ ਦਾ ਸਭ ਤੋਂ ਵੱਡਾ ਕਲੱਬ ਸੀ, ਦੀ ਮੈਂਬਰੀ ਲੈ ਲਈ। ਉਸ ਨੇ ਕਲੱਬ ਦੀ ਕਪਤਾਨੀ ਵੀ ਕੀਤੀ। ਉਸ ਕਲੱਬ ਵੱਲੋਂ ਉਹ ਲਗਾਤਾਰ 136 ਮੈਚ ਖੇਡਿਆ। ਜਿੱਤਾਂ ਉਹਦੇ ਕਦਮ ਚੁੰਮਦੀਆਂ ਰਹੀਆਂ। ਆਪਣੇ 16ਵੇਂ ਜਨਮ ਦਿਨ ਤੋਂ ਕੁਝ ਦਿਨ ਪਹਿਲਾਂ ਹੀ ਉਹ ਅਰਜਨਟੀਨਾ ਦਾ ਪੇਸ਼ਾਵਰ ਖਿਡਾਰੀ ਬਣ ਕੇ ਸੀਨੀਅਰ ਖਿਡਾਰੀਆਂ ਨਾਲ ਮੈਚ ਜਿੱਤਣ ਲੱਗਾ। ਆਪਣੇ ਪ੍ਰੋਫੈਸ਼ਨਲ ਕੈਰੀਅਰ ਦੌਰਾਨ ਉਸ ਨੇ ਅਰਜਨਟੀਨਾ, ਇਟਲੀ ਤੇ ਸਪੇਨ ਦੀਆਂ ਚੈਂਪੀਅਨਸ਼ਿਪਾਂ ਜਿੱਤਣ ਵਿਚ ਭਰਪੂਰ ਯੋਗਦਾਨ ਪਾਇਆ।

ਸਿਖਰਲੀ ਖੇਡ ਉਸ ਨੇ 1986 ਦੇ ਵਿਸ਼ਵ ਕੱਪ ਵਿਚ ਵਿਖਾਈ। ਉਹ ਅਰਜਨਟੀਨਾ ਦੀ ਟੀਮ ਦਾ ਕਪਤਾਨ ਬਣ ਕੇ ਮੈਕਸੀਕੋ ਗਿਆ। ਟੀਮ ਮੁਢਲੀਆਂ ਜਿੱਤਾਂ ਜਿੱਤ ਕੇ ਕੁਆਰਟਰ ਫਾਈਨਲ ਮੈਚ ਇੰਗਲੈਂਡ ਦੀ ਟੀਮ ਵਿਰੁੱਧ ਖੇਡੀ। ਉਸ ਮੈਚ ਵਿਚ ਕਹਿੰਦੇ ਹਨ ਕਿ ਮੈਰੀਡੋਨਾ ਨੇ ਖੱਬੇ ਹੱਥ ਨਾਲ ਗੋਲ ਕੀਤਾ ਪਰ ਰੈਫਰੀ ਜੱਜ ਨਾ ਕਰ ਸਕੇ। ਮਾਰਾਡੋਨਾ ਨੇ ਬਾਅਦ ਵਿਚ ਜਤਾਇਆ ਕਿ ਉਹ ਰੱਬੀ ਹੱਥ ਦਾ ਹੀ ਕ੍ਰਿਸ਼ਮਾ ਸੀ। ਦੂਜਾ ਗੋਲ ਉਸ ਨੇ ਕਈ ਡਿਫੈਂਡਰਾਂ ਨੂੰ ਡ੍ਰਿਬਲ ਕਰ ਕੇ ਕੀਤਾ ਸੀ। ਉਹ ਦੋਵੇਂ ਗੋਲ ਬੜੀ ਦੇਰ ਚਰਚਾ ਦਾ ਵਿਸ਼ਾ ਬਣੇ ਰਹੇ। ਉਸੇ ਚਰਚਾ ਨੇ ਉਸ ਨੂੰ ਅਰਜਨਟੀਨਾ ਦਾ ਲੀਜੈਂਡਰੀ ਖਿਡਾਰੀ ਹੋਣ ਦਾ ਮਾਣ ਦੁਆਇਆ। ਉਸ ਨੇ ਅਰਜਨਟੀਨਾ ਵੱਲੋਂ 91 ਇੰਟਰਨੈਸ਼ਨਲ ਮੈਚਾਂ ਵਿਚ 34 ਗੋਲ ਕੀਤੇ।

ਫੁੱਟਬਾਲ ਦਾ ਸਰਬੋਤਮ ਖਿਡਾਰੀ ਹੋਣ ਦੇ ਬਾਵਜੂਦ, ਉਹ ਜਜ਼ਬਾਤੀ ਤੌਰ 'ਤੇ ਵਾਦ-ਵਿਵਾਦੀ ਖਿਡਾਰੀ ਵੀ ਸੀ। 1980ਵਿਆਂ ਤੋਂ ਉਹ ਵਰਜਿਤ ਡਰੱਗ ਕੋਕੀਨ ਲੈਣ ਲੱਗ ਪਿਆ ਸੀ। 1991 'ਚ ਕੀਤੇ ਡੋਪ ਟੈੱਸਟ ਦੌਰਾਨ ਉਹ ਕੋਕੀਨ ਸੇਵਨ ਦਾ ਦੋਸ਼ੀ ਪਾਇਆ ਗਿਆ ਸੀ ਜਿਸ ਕਰਕੇ ਉਸ ਨੂੰ ਸਪੇਨ ਦੀ ਕਲੱਬ ਨੇ 15 ਮਹੀਨਿਆਂ ਲਈ ਖੇਡਣ ਤੋਂ ਬੈਨ ਕਰ ਦਿੱਤਾ ਸੀ। ਤਿੰਨ ਸਾਲਾਂ ਬਾਅਦ ਉਹ ਵਰਜਿਤ ਡਰੱਗ ਐਫੇਡਰੀਨ ਲੈਣ ਕਰਕੇ ਫਿਰ ਤਿੰਨ ਸਾਲਾਂ ਲਈ ਮੁਅੱਤਲ ਹੋਇਆ। ਡੋਪ ਟੈਸਟ ਵਿਸ਼ਵ ਕੱਪ ਦੌਰਾਨ ਕੀਤਾ ਗਿਆ ਸੀ। ਖੇਡਣ ਦੌਰਾਨ ਉਹ ਸੱਟਾਂ ਵੀ ਖਾਂਦਾ ਰਿਹਾ ਤੇ ਬਿਮਾਰ ਵੀ ਹੁੰਦਾ ਰਿਹਾ। ਆਪਣੇ 37ਵੇਂ ਜਨਮ ਦਿਨ 'ਤੇ 1997 ਵਿਚ ਉਹ ਸਰਗਰਮ ਖੇਡ ਤੋਂ ਰਿਟਾਇਰ ਹੋ ਗਿਆ। ਪਰ ਰਿਟਾਇਰਮੈਂਟ ਪਿੱਛੋਂ ਵੀ ਕੋਕੀਨ ਉਹਦੇ ਨਾਲ ਰਹੀ। 2000 ਵਿਚ ਉਹ ਦਿਲ ਦੀਆਂ ਬਿਮਾਰੀਆਂ ਵਿਚ ਘਿਰ ਗਿਆ ਜਿਸ ਕਰਕੇ ਵਾਰ ਵਾਰ ਹਸਪਤਾਲ ਜਾਣਾ ਪੈਂਦਾ ਰਿਹਾ। 2004 ਵਿਚ ਸਾਹ ਲੈਣ ਦੀ ਸਮੱਸਿਆ ਆ ਖੜ੍ਹੀ ਹੋਈ ਤੇ ਗੈਸਟ੍ਰਿਕ-ਬਾਈਪਾਸ ਸਰਜਰੀ ਕਰਾਉਣੀ ਪਈ।

ਵੀਹਵੀਂ ਸਦੀ ਦਾ ਸਰਬੋਤਮ ਫੁੱਟਬਾਲ ਖਿਡਾਰੀ ਐਲਾਨਣ ਵੇਲੇ ਮੈਰੀਡੋਨਾ ਨੂੰ ਪੇਲੇ ਤੋਂ ਉਪਰ ਰੱਖਿਆ ਤਾਂ ਵਾਦ-ਵਿਵਾਦ ਖੜ੍ਹਾ ਹੋ ਗਿਆ। ਸਪੈਸ਼ਲ ਪੈਨਲ ਬਣਾਇਆ ਗਿਆ ਜਿਸ ਨੇ ਦੋਹਾਂ ਨੂੰ ਵੀਹਵੀਂ ਸਦੀ ਦੇ ਸਰਬੋਤਮ ਖਿਡਾਰੀ ਐਲਾਨਿਆ। 2008 ਵਿਚ ਮੈਰਾਡੋਨਾ ਨੂੰ ਅਰਜਨਟੀਨਾ ਦੀ ਨੈਸ਼ਨਲ ਟੀਮ ਦਾ ਕੋਚ ਬਣਾਇਆ ਗਿਆ। ਅਰਜਨਟੀਨਾ ਦੀ ਟੀਮ ਵਿਚ ਵਿਸ਼ਵ ਦਾ ਸਰਬੋਤਮ ਫੁੱਟਬਾਲਰ ਲਿਉਨੈੱਲ ਮੈਸੀ ਵੀ ਖੇਡਦਾ ਹੋਣ ਦੇ ਬਾਵਜੂਦ 2010 'ਚ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿਚ ਜਰਮਨੀ ਨੇ ਮੈਰਾਡੋਨਾ ਦੀ ਟੀਮ ਨੂੰ 4-0 ਗੋਲਾਂ ਨਾਲ ਹਰਾ ਦਿੱਤਾ। ਮਾਰਾਡੋਨਾ ਦੀ ਫਿਰ ਛੁੱਟੀ ਕਰ ਦਿੱਤੀ ਗਈ।

ਫਿਰ ਉਸ ਨੂੰ ਬ੍ਰੇਨ ਸਟਰੋਕ ਹੋ ਗਿਆ ਜਿਸ ਦੀ ਸਰਜਰੀ ਕਰਾਉਣੀ ਪਈ। 25 ਨਵੰਬਰ 2020 ਨੂੰ ਆਪਣੇ ਅਰਜਨਟੀਨਾ ਵਾਲੇ ਘਰ 'ਚ ਦਿਲ ਦੇ ਦੌਰੇ ਕਾਰਨ ਸਰੀਰ ਛੱਡ ਗਿਆ। ਉਸ ਦਾ ਸਰੀਰ ਭਾਵੇਂ ਨਹੀਂ ਰਿਹਾ ਪਰ ਉਹਦੀ ਖੇਡ ਦੀ ਚਰਚਾ ਸਦਾ ਹੁੰਦੀ ਰਹੇਗੀ।

# ਸੋਸ਼ਲ ਮੀਡੀਆ ਕਾਰਨ ਤੇਜ਼ੀ ਨਾਲ ਫੈਲ ਰਿਹਾ - ਪੌਪਕੌਰਨ ਬਰੇਨ ਸਿੰਡਰੋਮ

ਕੀ ਤੁਸੀਂ ਵੀ ਪੂਰਾ ਦਿਨ ਮੋਬਾਈਲ 'ਤੇ ਕਦੇ ਕਾਲ, ਕਦੇ ਵ੍ਹਟਸਐਪ, ਕਦੇ ਫੇਸਬੁੱਕ ਤੇ ਕਦੇ ਇੰਸਟਾਗ੍ਰਾਮ 'ਤੇ ਸਕ੍ਰੋਲਿੰਗ ਕਰਦੇ ਹੋ ਅਤੇ ਜ਼ਿਆਦਾਤਰ ਕਿਸੇ ਇੱਕ ਕੰਮ 'ਤੇ ਧਿਆਨ ਨਹੀਂ ਲਗਾ ਸਕਦੇ? ਜੇ ਹਾਂ, ਤਾਂ ਤੁਹਾਡਾ ਦਿਮਾਗ਼ ਪੌਪਕੌਰਨ ਬਰੇਨ ਸਿੰਡਰੋਮ ਦਾ ਸ਼ਿਕਾਰ ਹੋ ਚੁੱਕਾ ਹੈ।

ਇੱਕ ਰਿਸਰਚ ਦੇ ਅਨੁਸਾਰ, ਜਦੋਂ ਕਿਸੇ ਵਿਅਕਤੀ ਦੀ ਕਿਸੇ ਵੀ ਚੀਜ਼ ਨੂੰ ਦੇਖਣ ਦੀ ਸਮਰੱਥਾ ਘੱਟ ਹੋ ਜਾਂਦੀ ਹੈ, ਤਾਂ ਉਹ ਪੌਪਕੌਰਨ ਸਿੰਡਰੋਮ ਦਾ ਸ਼ਿਕਾਰ ਮੰਨਿਆ ਜਾਂਦਾ ਹੈ।


ਜਿਥੇ 2004 ਵਿਚ ਟੀਵੀ ਦੇਖਦੇ ਸਮੇਂ ਚੈਨਲ ਬਦਲਣ ਲਈ ਕੋਈ ਵਿਅਕਤੀ ਢਾਈ ਮਿੰਟ ਲਗਾਉਂਦਾ ਸੀ, ਉੱਥੇ 2012 ਵਿਚ ਇਹ ਸਮਾਂ ਘਟ ਕੇ ਸਵਾ ਮਿੰਟ ਰਹਿ ਗਿਆ ਅਤੇ ਅੱਜ 2024 ਵਿਚ ਮੋਬਾਈਲ ਜਾਂ ਟੀਵੀ ਦੀ ਸਕਰੀਨ 'ਤੇ ਇਹ ਸਮਾਂ ਸਿਰਫ 47 ਸੈਕੰਡ ਰਹਿ ਗਿਆ ਹੈ, ਜਿਸਦਾ ਮਤਲਬ ਇਹ ਹੈ ਕਿ ਸਿਰਫ 47 ਸੈਕੰਡ ਬਾਅਦ ਉਸ ਦਾ ਦਿਮਾਗ਼ ਕਿਸੇ ਹੋਰ ਚੀਜ਼ ਨੂੰ ਦੇਖਣ ਜਾਂ ਸੁਣਨ ਦੀ ਮੰਗ ਕਰਦਾ ਹੈ।

**ਪੌਪਕੌਰਨ ਬਰੇਨ ਦੇ ਲੱਛਣ:**

ਐਕਸਪਰਟਸ ਦੇ ਅਨੁਸਾਰ, ਪੌਪਕੌਰਨ ਬਰੇਨ ਦੇ ਸ਼ਿਕਾਰ ਲੋਕ ਕਿਸੇ ਕੰਮ 'ਤੇ ਫੋਕਸ ਨਹੀਂ ਕਰ ਪਾਉਂਦੇ। ਜੇ ਇਸ ਦਾ ਸਹੀ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ, ਤਾਂ ਇਹ ਹੌਲੀ-ਹੌਲੀ ਲਰਨਿੰਗ ਅਤੇ ਮੈਮੋਰੀ 'ਤੇ ਵੀ ਨੈਗੇਟਿਵ ਅਸਰ ਪਾਉਂਦਾ ਹੈ। ਇਸ ਨਾਲ ਵਿਅਕਤੀ ਦੇ ਇਮੋਸ਼ਨ 'ਤੇ ਵੀ ਅਸਰ ਪੈਂਦਾ ਹੈ।

ਪੌਪਕੌਰਨ ਬਰੇਨ ਸਿੰਡਰੋਮ ਵਿਚ ਵਿਅਕਤੀ ਦਾ ਦਿਮਾਗ਼ ਅਸਥਿਰ ਰਹਿੰਦਾ ਹੈ, ਜਿਸ ਦੀ ਵਜ੍ਹਾ ਨਾਲ ਉਹ ਜ਼ਰੂਰੀ ਚੀਜ਼ਾਂ 'ਤੇ ਫੋਕਸ ਨਹੀਂ ਕਰ ਪਾਉਂਦਾ। ਕਈ ਲੋਕਾਂ ਵਿਚ ਐਂਜਾਇਟੀ ਟੈਨਸ਼ਨ ਦੀ ਵੀ ਸਮੱਸਿਆ ਦੇਖਣ ਨੂੰ ਮਿਲੀ ਹੈ। ਪੌਪਕੌਰਨ ਬਰੇਨ ਵਿਚ ਦਿਮਾਗ਼ ਡਿਜੀਟਲ ਦੁਨੀਆ ਵਾਂਗ ਮਲਟੀਟਾਸਕਿੰਗ ਅਤੇ ਸਕ੍ਰੋਲਿੰਗ ਦਾ ਆਦੀ ਹੋ ਜਾਂਦਾ ਹੈ। ਅਤੇ ਦਿਮਾਗ਼ ਕੰਮ ਕਰਦੇ ਸਮੇਂ ਵੀ ਓਵੇਂ ਹੀ ਰੀਐਕਟ ਕਰਦਾ ਹੈ, ਅਤੇ ਤੁਹਾਡੇ ਵਿਚਾਰ ਪੌਪਕੌਰਨ ਖਿੱਲਾਂ ਵਾਂਗ ਇੱਧਰ-ਉੱਧਰ ਭਟਕਦੇ ਹਨ। ਇਸ ਸਿੰਡਰੋਮ ਦਾ ਅਸਰ ਦਿਮਾਗ਼ ਦੀ ਕਰਗੁਜ਼ਾਰੀ 'ਤੇ ਪੈਂਦਾ ਹੈ, ਜਿਸ ਦੀ ਵਜ੍ਹਾ ਨਾਲ ਵਿਅਕਤੀ ਨੂੰ ਕਈ ਵਾਰ ਸਾਹਮਣੇ ਰੱਖੀਆਂ ਹੋਈਆਂ ਚੀਜ਼ਾਂ ਵੀ ਨਹੀਂ ਮਿਲਦੀਆਂ। ਇਸ ਦੇ ਨਾਲ ਨਾਲ ਵਿਅਕਤੀ ਯਾਦ ਕੀਤੀਆਂ ਚੀਜ਼ਾਂ ਨੂੰ ਵੀ ਤੁਰੰਤ ਭੁੱਲ ਜਾਂਦਾ ਹੈ।

**ਪੌਪਕੌਰਨ ਬਰੇਨ ਤੋਂ ਬਚਣ ਦੇ ਤਰੀਕੇ:**



- ਸਮਾਂ ਨਿਰਧਾਰਤ ਕਰੋ: ਐਕਸਪਰਟਸ ਦੇ ਅਨੁਸਾਰ ਇਸ ਸਿੰਡਰੋਮ ਤੋਂ ਬਚਣ ਲਈ ਵਿਅਕਤੀ ਨੂੰ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਕਿੰਨਾ ਸਮਾਂ ਬਿਤਾਉਣਾ ਹੈ, ਇਸ ਦਾ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ।
- ਅਫਿਸ ਵਿਚ ਬ੍ਰੇਕ: ਦਫਤਰ ਵਿਚ ਕੰਮ ਦੇ ਦੌਰਾਨ ਬ੍ਰੇਕ ਲੈਂਦੇ ਸਮੇਂ ਮੋਬਾਈਲ ਦੀ ਵਰਤੋਂ ਕਰਨ ਦੀ ਬਜਾਏ ਦੋਸਤਾਂ ਨਾਲ ਗੱਲਬਾਤ ਕਰੋ। ਇਸ ਸਿੰਡਰੋਮ ਤੋਂ ਬਚਣ ਲਈ ਖਾਣਾ ਖਾਂਦੇ ਸਮੇਂ ਮੋਬਾਈਲ ਦੀ ਵਰਤੋਂ ਨਾ ਕਰੋ।
- ਪੜ੍ਹਨ ਦੀ ਆਦਤ: ਅਖ਼ਬਾਰ, ਮੈਗਜ਼ੀਨ, ਰਸਾਲੇ ਪੜ੍ਹਨ ਦੀ ਆਦਤ ਬਣਾਓ। ਮੋਬਾਈਲ 'ਤੇ ਨਿਰਭਰਤਾ ਘਟਾਓ। ਆਪਣੇ ਸ਼ੌਕਾਂ 'ਤੇ ਧਿਆਨ ਦਿਓ ਅਤੇ ਉਨ੍ਹਾਂ ਲਈ ਸਮਾਂ ਕੱਢੋ।
- ਰੂਟੀਨ: ਪੂਰੇ ਦਿਨ ਦਾ ਇੱਕ ਰੂਟੀਨ ਬਣਾਓ ਅਤੇ ਕੁਦਰਤ ਨਾਲ ਸਮਾਂ ਬਿਤਾਓ।
- ਜ਼ਰੂਰੀ ਕੰਮ: ਜ਼ਰੂਰੀ ਕੰਮਾਂ ਨੂੰ ਪਹਿਲ ਦਿਓ, ਪਹਿਲਾਂ ਜ਼ਰੂਰੀ ਕੰਮ ਨਿਬੇੜੋ ਅਤੇ ਸਮੇਂ-ਸਮੇਂ 'ਤੇ ਨਿਯਮਿਤ ਬ੍ਰੇਕ ਲਵੋ।
- ਇੱਕ ਸਮੇਂ 'ਚ ਇੱਕ ਕੰਮ: ਪੌਪਕੌਰਨ ਬਰੇਨ ਤੋਂ ਬਚਣ ਲਈ ਇੱਕ ਸਮੇਂ 'ਚ ਇੱਕ ਹੀ ਕੰਮ ਕਰਨ 'ਤੇ ਧਿਆਨ ਦਿਓ।
- ਡਿਜੀਟਲ ਡਿਟੌਕਸ: ਪੌਪਕੌਰਨ ਬਰੇਨ ਤੋਂ ਬਚਣ ਲਈ ਸਮੇਂ-ਸਮੇਂ 'ਤੇ ਡਿਜੀਟਲ ਡਿਵਾਈਸ ਤੋਂ ਦੂਰੀ ਬਣਾਓ ਅਤੇ ਮਲਟੀਟਾਸਕਿੰਗ ਦੀ ਬਜਾਏ ਸਿੰਗਲਟਾਸਕਿੰਗ 'ਤੇ ਧਿਆਨ ਦਿਓ।
- ਕਸਰਤ: ਕਸਰਤ ਲਈ ਵੀ ਸਮਾਂ ਕੱਢੋ ਅਤੇ ਇਸ ਨਾਲ ਆਪਣੇ ਫੋਕਸ ਨੂੰ ਬਿਹਤਰ ਕਰੋ।

**ਸੰਖੇਪ ਵਿਚ:**


ਮੈਂਟਲ ਹੈਲਥ ਦੀ ਦੁਨੀਆਂ ਵਿਚ 'ਪੌਪਕੌਰਨ ਬਰੇਨ' ਇੱਕ ਨਵੀਂ ਚਿੰਤਾ ਦਾ ਵਿਸ਼ਾ ਹੈ। 30, 60 ਅਤੇ 90 ਸੈਕੰਡ ਦੀਆਂ ਰੀਲਾਂ ਅਤੇ ਸ਼ੌਰਟਸ ਤੁਹਾਨੂੰ ਕੁਝ ਸਮੇਂ ਦਾ ਮਜ਼ਾ ਦੇ ਰਹੇ ਹਨ, ਪਰ ਅੰਤ ਵਿਚ ਇਹ ਤੁਹਾਨੂੰ ਪੌਪਕੌਰਨ ਬਰੇਨ ਦਾ ਸ਼ਿਕਾਰ ਬਣਾ ਰਹੇ ਹਨ। ਸਿਰਫ਼ ਜਵਾਨ, ਬਜ਼ੁਰਗ ਹੀ ਨਹੀਂ, ਟੀਨੇਜਰ ਅਤੇ ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। 2017 ਵਿਚ ਫੇਸਬੁੱਕ ਨੇ ਇੱਕ ਡੇਟਾ ਸ਼ੇਅਰ ਕੀਤਾ ਸੀ ਜਿਸ ਵਿਚ ਕੰਪਨੀ ਨੇ ਦੱਸਿਆ ਸੀ ਕਿ ਰੋਜ਼ਾਨਾ ਇੱਕ ਆਮ ਯੂਜ਼ਰ 300 ਫੁਟ ਸਕ੍ਰੀਨ ਸਕ੍ਰੋਲ ਕਰਦਾ ਹੈ ਅਤੇ ਇਹ ਇੱਕ ਮਹੀਨੇ ਵਿਚ 2.7 ਕਿਲੋਮੀਟਰ ਬਣ ਜਾਂਦਾ ਹੈ।

ਤੁਹਾਨੂੰ ਦੱਸ ਦਿਆਂ, ਇਹ ਡੇਟਾ ਜਿਸ ਸਮੇਂ ਦਾ ਹੈ ਉਸ ਸਮੇਂ ਸੋਸ਼ਲ ਮੀਡੀਆ 'ਤੇ ਸ਼ੌਰਟਸ ਅਤੇ ਵੀਡੀਓਜ਼ ਦਾ ਚਲਣ ਨਹੀਂ ਸੀ, ਇਸ ਮੌਕੇ ਇਹ ਅੰਕੜਾ ਪਹਿਲਾਂ ਦੇ ਮੁਕਾਬਲੇ ਕਾਫ਼ੀ ਵਧ ਗਿਆ ਹੋਵੇਗਾ।

*-ਗੁਰਪਿੰਦਰ ਨਰਾਇਣਗੜ੍ਹ*

# ਰੁਜ਼ਗਾਰ ਤੋਂ ਬਗੈਰ ਵਿਕਾਸ ਕਾਹਦਾ ਵਿਕਾਸ?

ਵਿਕਾਸ ਸਬੰਧੀ ਦਿੱਤੇ ਤੱਥ ਅਤੇ ਦਿਨ-ਬਦਿਨ ਵਧ ਰਹੀ ਬੇਰੁਜ਼ਗਾਰੀ, ਦੋਵੇਂ ਆਪਾ-ਵਿਰੋਧੀ ਹਨ। ਕੌਮਾਂਤਰੀ ਮੁਦਰਾ ਫੰਡ ਦੀ ਰਿਪੋਰਟ ਅਨੁਸਾਰ 2024-25 ਵਿਚ ਭਾਰਤ ਦੀ 6.5 ਫ਼ੀਸਦੀ ਵਿਕਾਸ ਦਰ ਨਾਲ ਵਿਕਾਸ ਕਰੇਗਾ; ਸੰਯੁਕਤ ਰਾਸ਼ਟਰ ਦੀ ਰਿਪੋਰਟ ਇਸ ਤੋਂ ਵੀ ਜ਼ਿਆਦਾ, ਇਹ ਵਿਕਾਸ ਦਰ 6.9 ਫ਼ੀਸਦੀ ਕਹਿ ਰਹੀ ਹੈ। ਇਕ ਹੋਰ ਸੰਸਥਾ ਫਿਟਜ਼ ਰੇਟਿੰਗ ਅਨੁਸਾਰ ਵਿਕਾਸ ਦਰ 7 ਫ਼ੀਸਦੀ ਵੀ ਹੋ ਸਕਦੀ ਹੈ ਪਰ ਜਦੋਂ ਹੇਠਲੇ ਪੱਧਰ 'ਤੇ ਇਨ੍ਹਾਂ ਵਿਕਾਸ ਦਰਾਂ ਦੀਆਂ ਰਿਪੋਰਟਾਂ ਅਤੇ ਵਧਦੀ ਬੇਰੁਜ਼ਗਾਰੀ ਵੱਲ ਧਿਆਨ ਜਾਂਦਾ ਹੈ ਤਾਂ ਕਿਸ ਜਗ੍ਹਾ 'ਤੇ ਗਲਤੀ ਹੈ? ਦਾਅਵਾ



**ਡਾ. ਸ.ਸ. ਛੀਨਾ**

ਕੀਤਾ ਜਾ ਰਿਹਾ ਹੈ ਕਿ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੇ ਹਿਸਾਬ ਭਾਰਤ ਹੁਣ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਬਣ ਚੁੱਕਾ ਹੈ। ਪਿੱਛੇ ਜਿਹੇ ਇਸ ਦਾ ਕੁੱਲ ਘਰੇਲ ਉਤਪਾਦਨ ਇੰਗਲੈਂਡ ਤੋਂ ਵੱਧ ਹੋ ਗਿਆ ਸੀ ਅਤੇ ਇੰਗਲੈਂਡ ਹੁਣ ਭਾਰਤ ਤੋਂ ਪਛੜ ਗਿਆ ਹੈ। ਭਾਰਤ ਕੈਨੇਡਾ, ਆਸਟਰੇਲੀਆ ਵਰਗੇ ਬਹੁਤ ਖ਼ੁਸ਼ਹਾਲ ਦੇਸ਼ਾਂ ਨੂੰ ਪਹਿਲਾਂ ਹੀ ਪਛਾੜ ਚੁੱਕਾ ਹੈ।

ਇਨ੍ਹਾਂ ਤੱਥਾਂ 'ਤੇ ਧਿਆਨ ਦੇਣ ਤੋਂ ਬਾਅਦ ਇਹ ਗੱਲ ਤਾਂ ਦਰੁਸਤ ਹੈ ਕਿ ਭਾਰਤ ਦਾ ਕੁੱਲ ਘਰੇਲੂ ਉਤਪਾਦਨ ਇੰਗਲੈਂਡ, ਆਸਟਰੇਲੀਆ, ਕੈਨੇਡਾ ਆਦਿ ਦੇਸ਼ਾਂ ਤੋਂ ਜ਼ਿਆਦਾ ਹੋ ਗਿਆ ਹੈ; ਇਹ ਵੀ ਹੋ ਸਕਦਾ ਹੈ ਕਿ ਜਿਸ ਹਿਸਾਬ ਨਾਲ ਕੁੱਲ ਘਰੇਲੂ ਉਤਪਾਦਨ ਵਿਚ ਹੋਰ ਵਾਧਾ ਹੋ ਰਿਹਾ ਹੈ, ਇਹ ਠੀਕ ਹੀ ਤੀਜੇ ਨੰਬਰ ਦੀ ਆਰਥਿਕਤਾ ਵੀ ਬਣ ਜਾਵੇਗਾ ਪਰ ਸਚਾਈ ਇਹ ਹੈ ਕਿ ਇਸ ਘਰੇਲੂ ਉਤਪਾਦਨ ਦੇ ਵਾਧੇ ਦਾ ਲਾਭ ਕੁਝ ਕੁ ਲੋਕਾਂ ਨੂੰ ਹੀ ਹੋਇਆ ਹੈ। ਇਸ ਵਕਤ ਭਾਰਤ ਵਿਚ ਜਿੰਨੀ ਬੇਰੁਜ਼ਗਾਰੀ ਫੈਲੀ ਹੈ, ਉਹ ਦੁਨੀਆ ਭਰ ਵਿਚ ਸਭ ਤੋਂ ਵੱਧ ਹੈ ਜਿਸ ਵਿਚ ਸਿੱਧੇ ਤੌਰ 'ਤੇ 16 ਕਰੋੜ ਦੇ ਕਰੀਬ ਲੋਕ ਬੇਰੁਜ਼ਗਾਰ ਹਨ। ਇਹ ਵੀ ਪਹਿਲੀ ਵਾਰ ਹੀ ਇਸ ਪੱਧਰ 'ਤੇ ਪਹੁੰਚੀ ਹੈ। ਇਸ ਦਾ ਅਰਥ ਹੈ ਕਿ ਕੁੱਲ ਘਰੇਲੂ ਉਤਪਾਦਨ ਵਿਚ ਜਿਹੜਾ ਵਾਧਾ ਹੋ ਰਿਹਾ ਹੈ, ਉਸ ਨਾਲ ਰੁਜ਼ਗਾਰ ਵਿਚ ਵਾਧਾ ਨਹੀਂ ਹੋ ਰਿਹਾ ਸਗੋਂ ਕਈ ਉਦਯੋਗਾਂ ਵਿਚ ਰੁਜ਼ਗਾਰ ਵਧਣ ਦੀ ਥਾਂ ਘਟਿਆ ਹੈ। ਇਸ ਦੀ ਵਜ੍ਹਾ ਇਹ ਹੈ ਕਿ ਦਿਨ-ਬਦਿਨ ਤਕਨੀਕੀ ਵਿਕਾਸ ਨਾਲ ਮਸ਼ੀਨਾਂ ਵਿਚ ਆਟੋਮੇਸ਼ਨ ਅਤੇ ਰਿਮੋਟ ਕੰਟਰੋਲ ਨੂੰ ਲਿਆਉਣ ਨਾਲ ਕਿਰਤੀਆਂ ਦੀ ਜਗ੍ਹਾ ਪੂੰਜੀ ਜਾਂ ਮਸ਼ੀਨਾਂ ਦੀ ਵਰਤੋਂ ਵਧ ਗਈ ਹੈ। ਇਸ ਲਈ ਉਤਪਾਦਨ ਤਾਂ ਭਾਵੇਂ ਅੱਗੇ ਤੋਂ ਵੱਧ ਹੋ ਗਿਆ ਹੈ ਪਰ ਰੁਜ਼ਗਾਰ ਘਟ ਗਿਆ ਹੈ।

ਬੇਰੁਜ਼ਗਾਰੀ ਤੋਂ ਇਲਾਵਾ ਉਸ ਤੋਂ ਵੀ ਕਿਤੇ ਵੱਧ ਭਾਰਤ ਅਰਧ-ਬੇਰੁਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ ਕਿਉਂ ਜੋ ਦੁਨੀਆ ਵਿਚ ਸਭ ਤੋਂ ਜ਼ਿਆਦਾ ਵਸੋਂ ਖੇਤੀ ਵਿਚ ਸਿਰਫ਼ ਭਾਰਤ ਵਿਚ ਹੀ ਲੱਗੀ ਹੋਈ ਹੈ। ਵਿਕਾਸ ਖਾਸ ਕਰ ਕੇ ਉਦਯੋਗਿਕ ਵਿਕਾਸ ਨਾਲ ਹੋਣਾ ਇਹ ਚਾਹੀਦਾ ਸੀ ਕਿ ਖੇਤੀ ਵਿਚੋਂ ਵਸੋਂ ਘਟ ਕੇ ਉਦਯੋਗਾਂ ਵੱਲ ਬਦਲਦੀ ਜਾਵੇ ਪਰ ਇਸ ਤਰ੍ਹਾਂ ਨਾ ਹੋ ਸਕਿਆ। 1991 ਵਿਚ ਵੀ ਭਾਰਤ ਵਿਚ 60 ਫ਼ੀਸਦੀ ਵਸੋਂ ਖੇਤੀ ਵਿਚ ਸੀ ਜਿਹੜੀ 2023 ਵਿਚ ਵੀ 60 ਫ਼ੀਸਦੀ ਹੈ। ਉਦਯੋਗਿਕ ਖੇਤਰ ਦਾ ਹਿੱਸਾ ਘਰੇਲੂ ਉਤਪਾਦਨ ਵਿਚ ਭਾਵੇਂ ਵਧਿਆ ਹੈ ਪਰ ਖੇਤੀ ਉਤਪਾਦਨ ਦਾ ਘਟਿਆ ਹੈ। ਹੁਣ 60 ਫ਼ੀਸਦੀ ਖੇਤੀ ਵਾਲੀ ਵਸੋਂ ਸਿਰਫ਼ 14 ਫ਼ੀਸਦੀ ਹੀ ਕਮਾਉਂਦੀ ਹੈ; ਉਦਯੋਗਾਂ ਤੇ ਸੇਵਾਵਾਂ 'ਤੇ ਲੱਗੀ 40 ਫ਼ੀਸਦੀ ਵਸੋਂ 86 ਫ਼ੀਸਦੀ ਕਮਾ ਰਹੀ ਹੈ ਜਿਸ ਵਿਚ ਸੇਵਾਵਾਂ ਦਾ ਅਨੁਪਾਤਕ ਹਿੱਸਾ ਉਦਯੋਗਾਂ ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਦੋ ਗੱਲਾਂ ਸਾਬਤ ਕਰਦੀ ਹੈ: ਇਕ, ਖੇਤੀ ਅਤੇ ਗ਼ੈਰ-ਖੇਤੀ ਆਮਦਨ ਵਿਚ ਬਹੁਤ ਵੱਡਾ ਫ਼ਰਕ ਹੈ। ਦੂਜਾ, ਖੇਤੀ ਵਾਲੀ ਵਸੋਂ ਵਾਸਤੇ ਬਦਲ ਕੇ ਉਦਯੋਗ ਅਤੇ ਸੇਵਾਵਾਂ ਵਿਚ ਮੌਕੇ ਪੈਦਾ ਨਹੀਂ ਹੋਏ। ਇਸ ਲਈ ਖੇਤੀ 'ਤੇ ਜਿਹੜਾ ਵਸੋਂ ਭਾਰ ਪਹਿਲਾਂ ਹੀ ਬਹੁਤ ਜ਼ਿਆਦਾ ਹੈ, ਉਹ ਵਸੋਂ ਵਧਣ ਨਾਲ ਹੋਰ ਵਧ ਰਿਹਾ ਹੈ।

ਕਿਰਤ ਅਜਿਹੀ ਸੇਵਾ ਹੈ ਜਿਸ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ। ਜੇ ਅੱਜ ਕਿਰਤ ਨਹੀਂ ਕੀਤੀ ਗਈ ਤਾਂ ਉਸ ਨੂੰ ਕੱਲ੍ਹ ਵਾਸਤੇ ਬਚਾ ਕੇ ਨਹੀਂ ਰੱਖਿਆ ਜਾ ਸਕਦਾ, ਇਹ ਤਾਂ ਬੱਸ ਜਾਇਆ ਜਾਂਦੀ ਹੈ। ਇਹ ਉਤਪਾਦਨ ਵਿਚ ਰੁਜ਼ਗਾਰ ਦੀ ਵੱਡੀ ਮਹੱਤਤਾ ਦਰਸਾਉਂਦੀ ਹੈ। 1977 ਵਿਚ ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ, ਉਸ ਵਕਤ ਅੰਦਾਜ਼ਾ ਲਾਇਆ ਗਿਆ ਸੀ ਕਿ ਦੇਸ਼ ਵਿਚ 5 ਕਰੋੜ ਕਿਰਤੀ ਬੇਰੁਜ਼ਗਾਰ ਹਨ, ਇਨ੍ਹਾਂ ਕਿਰਤੀਆਂ ਲਈ ਲਗਾਤਾਰ ਰੁਜ਼ਗਾਰ ਬਣਾਈ ਰੱਖਣ ਲਈ ਕੋਈ ਯੋਜਨਾ ਬਣਨੀ ਚਾਹੀਦੀ ਹੈ। ਇਸ ਲਈ ਪੰਜ ਸਾਲਾ ਰੁਜ਼ਗਾਰ ਯੋਜਨਾ ਬਣਾਈ ਗਈ ਅਤੇ ਉਸ ਵਿਚ ਇਹ ਪ੍ਰੋਗਰਾਮ ਉਲੀਕਿਆ ਗਿਆ ਕਿ ਹਰ ਸਾਲ ਇਕ ਕਰੋੜ ਨਵੀਆਂ ਨੌਕਰੀਆਂ ਕੱਢੀਆਂ ਜਾਣ ਅਤੇ ਬੇਰੁਜ਼ਗਾਰੀ ਖ਼ਤਮ ਕੀਤੀ ਜਾਵੇ। ਉਸ ਰੁਜ਼ਗਾਰ ਯੋਜਨਾ ਨੇ ਬਹੁਤ ਤੇਜ਼ੀ ਨਾਲ ਰੁਜ਼ਗਾਰ ਪੈਦਾ ਕਰਨ ਦੀਆਂ ਯੋਜਨਾਵਾਂ ਬਣਾਈਆਂ ਵੀ ਪਰ 1979 ਵਿਚ ਸਿਰਫ਼ ਢਾਈ ਸਾਲਾਂ ਬਾਅਦ ਜਨਤਾ ਪਾਰਟੀ ਦੀ ਸਰਕਾਰ ਖ਼ਤਮ ਹੋ ਗਈ ਅਤੇ ਉਹ ਯੋਜਨਾ ਵੀ ਨਾਲ ਹੀ ਖ਼ਤਮ ਹੋ ਗਈ। ਉਸ ਤੋਂ ਬਾਅਦ ਭਾਵੇਂ ਰੁਜ਼ਗਾਰ ਯੋਜਨਾ ਤਾਂ ਨਾ ਬਣਾਈ ਗਈ ਪਰ ਯੋਜਨਾ ਕਮਿਸ਼ਨ ਨੇ ਰੁਜ਼ਗਾਰ ਮੌਕੇ ਪੈਦਾ ਕਰਨ ਲਈ ਬਹੁਤ ਸਾਰੀਆਂ ਸਕੀਮਾਂ ਚਲਾਈਆਂ ਜਿਨ੍ਹਾਂ ਵਿਚੋਂ ਜ਼ਿਆਦਾ ਦਾ ਆਧਾਰ ਪਿੰਡਾਂ ਵਿਚ ਸੀ ਕਿਉਂ ਜੋ ਬੇਰੁਜ਼ਗਾਰੀ ਜ਼ਿਆਦਾਤਰ ਪਿੰਡਾਂ ਨੂੰ ਪ੍ਰਭਾਵਿਤ ਕਰ ਰਹੀ ਸੀ।



1991 ਵਿਚ ਜਦੋਂ ਹੋਰ ਦੇਸ਼ਾਂ ਵਾਂਗ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ ਤਾਂ ਇਸ ਵਿਚ ਨਿੱਜੀ ਕਾਰਪੋਰੇਟਾਂ ਦੇ ਕਾਰੋਬਾਰਾਂ ਵਿਚ ਵੱਡਾ ਵਾਧਾ ਹੋਇਆ। ਉਨ੍ਹਾਂ ਕਾਰਪੋਰੇਟਾਂ ਨੂੰ ਮਿਲੀਆਂ ਖੁੱਲ੍ਹਾਂ ਕਾਰਨ ਉਨ੍ਹਾਂ ਠੇਕੇ 'ਤੇ ਅਤੇ ਦਿਹਾੜੀਦਾਰ ਕਿਰਤੀਆਂ ਨੂੰ ਪੱਕੇ ਕਿਰਤੀਆਂ ਦੀ ਜਗ੍ਹਾ 'ਤੇ ਰੱਖਣਾ ਸ਼ੁਰੂ ਕਰ ਦਿੱਤਾ। ਇਸ ਨਾਲ ਰੁਜ਼ਗਾਰ ਵੀ ਅਰਧ-ਰੁਜ਼ਗਾਰ ਵਿਚ ਬਦਲ ਗਿਆ ਅਤੇ ਕਿਰਤੀ ਵਰਗ ਵਿਚ ਅਨਿਸ਼ਚਿਤਤਾ ਆ ਗਈ। ਇਨ੍ਹਾਂ ਕਿਰਤੀਆਂ ਦੀ ਕਮਾਈ 'ਤੇ ਉਨ੍ਹਾਂ ਦੇ ਪਰਿਵਾਰ ਦੀ ਰੋਜ਼ੀ-ਰੋਟੀ ਨਿਰਭਰ ਕਰਦੀ ਹੈ। ਜਦੋਂ ਰੁਜ਼ਗਾਰ ਅਨਿਸ਼ਚਿਤਤਾ ਪੈਦਾ ਹੋਵੇ, ਉਦੋਂ ਸਮਾਜ ਵਿਚ ਅਸੰਤੁਸ਼ਟੀ ਅਤੇ ਬੇਵਿਸ਼ਵਾਸੀ ਪੈਦਾ ਹੁੰਦੀ ਹੈ। ਠੇਕੇ ਅਤੇ ਦਿਹਾੜੀਦਾਰ ਕਿਰਤੀ ਸਿੱਧੇ ਹੀ ਸਮਾਜਿਕ ਸੁਰੱਖਿਆ ਦੇ ਘੇਰੇ ਜਿਵੇਂ ਪੈਨਸ਼ਨ, ਪ੍ਰਾਵੀਡੈਂਟ ਫੰਡ, ਦੁਰਘਟਨਾ ਵੇਲੇ ਮੁਆਵਜ਼ਾ ਛੁੱਟੀਆਂ ਆਦਿ ਤੋਂ ਬਾਹਰ ਹੋ ਜਾਂਦੇ ਹਨ। ਇਸ ਨਾਲ ਸਮਾਜਿਕ ਅਤੇ ਹੋਰ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ।

ਰੁਜ਼ਗਾਰ ਨਾਲ ਹੀ ਕਿਸੇ ਦੇਸ਼ ਵਿਚ ਖ਼ੁਸ਼ਹਾਲੀ ਪੈਦਾ ਹੁੰਦੀ ਹੈ। ਜੇ ਰੁਜ਼ਗਾਰ ਨਹੀਂ ਤਾਂ ਗਰੀਬੀ ਵਧਦੀ ਹੈ। ਉਪਰ ਦੱਸੇ ਤੱਥਾਂ ਅਨੁਸਾਰ ਜੇ ਹਰ ਸਾਲ 6 ਫੀਸਦੀ ਦਾ ਵਿਕਾਸ ਹੋ ਰਿਹਾ ਹੈ ਤਾਂ ਜੇ 6 ਫੀਸਦੀ ਰੁਜ਼ਗਾਰ ਵੀ ਵਧਦਾ ਤਾਂ ਹੁਣ ਤੱਕ ਬੇਰੁਜ਼ਗਾਰੀ ਦੀ ਸਮੱਸਿਆ ਖ਼ਤਮ ਹੋ ਜਾਣੀ ਸੀ ਪਰ ਅਜਿਹਾ ਨਹੀਂ ਹੋ ਸਕਿਆ। ਭਾਰਤ ਦੀਆਂ ਸਮਾਜਿਕ ਸਮੱਸਿਆਵਾਂ ਵਿਚ ਬਾਲ ਮਜ਼ਦੂਰੀ (ਕਿਰਤ) ਦੀ ਸਮੱਸਿਆ ਬਹੁਤ ਗੰਭੀਰ ਹੈ; ਇਸ ਨੂੰ ਦੂਰ ਕਰਨ ਲਈ ਵੱਡੇ ਯਤਨਾਂ ਦੀ ਲੋੜ ਹੈ ਪਰ ਇਸ ਦੀ ਜੜ੍ਹ ਵੀ ਭਾਰਤ ਦੀ ਵਧਦੀ ਬੇਰੁਜ਼ਗਾਰੀ ਹੈ। ਭਾਰਤ ਦੀ ਸੁਤੰਤਰਤਾ ਸਮੇਂ ਭਾਰਤ ਵਿਚ ਇਕ ਕਰੋੜ ਬੱਚੇ ਬਾਲ ਮਜ਼ਦੂਰੀ ਲਈ ਮਜਬੂਰ ਸਨ। ਉਹ ਢਾਬਿਆਂ, ਫੈਕਟਰੀਆਂ, ਘਰਾਂ ਅਤੇ ਖੇਤੀ ਵਿਚ ਇਸ ਕਰ ਕੇ ਕੰਮ ਕਰਦੇ ਸਨ ਕਿਉਂ ਜੋ ਉਨ੍ਹਾਂ ਦੇ ਮਾਂ-ਬਾਪ ਕੋਲ ਕੰਮ ਨਹੀਂ ਸੀ, ਜੇ ਹੈ ਵੀ ਸੀ ਤਾਂ ਇੰਨੀ ਕਮਾਈ ਨਹੀਂ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਚਲ ਸਕਦਾ ਜਾਂ ਅਰਧ ਬੇਰੁਜ਼ਗਾਰ ਸਨ। ਅੱਜ ਕੱਲ੍ਹ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ। ਇਕ ਹੋਰ ਰਿਪੋਰਟ ਅਨੁਸਾਰ ਕੋਈ 4.5 ਕਰੋੜ ਉਹ ਬੱਚੇ ਹਨ ਜਿਨ੍ਹਾਂ ਨੇ 8ਵੀਂ ਜਮਾਤ ਤੋਂ ਪਹਿਲਾਂ ਹੀ ਆਪਣੀ ਪੜ੍ਹਾਈ ਛੱਡ ਦਿੱਤੀ ਹੈ; ਭਾਵੇਂ 8ਵੀਂ ਤੱਕ ਵਿੱਦਿਆ ਮੁਫ਼ਤ ਹੈ ਤੇ ਲਾਜ਼ਮੀ ਵੀ। ਇਨ੍ਹਾਂ ਬੱਚਿਆਂ ਨੇ ਵਿੱਦਿਆ ਮੌਜ ਮੇਲਾ ਕਰਨ ਲਈ ਨਹੀਂ ਛੱਡੀ, ਉਹ ਵੀ ਕਿਤੇ ਕਿਰਤ ਕਰ ਰਹੇ ਹੋਣਗੇ। ਜ਼ਾਹਿਰ ਹੈ ਕਿ ਵਿਕਾਸ ਦਰ ਭਾਵੇਂ ਬਹੁਤ ਉੱਚੀ ਹੈ ਪਰ ਇਹ ਵਿਕਾਸ ਨੌਕਰੀਆਂ ਤੋਂ ਬਗ਼ੈਰ ਵਾਲਾ ਵਿਕਾਸ ਹੈ।

ਰੁਜ਼ਗਾਰ ਦੇ ਪੂੰਜੀ ਨਾਲ ਰਿਸ਼ਤੇ ਸਬੰਧੀ ਇਕ ਹੋਰ ਰਿਪੋਰਟ ਆਈ ਸੀ ਜਿਹੜੀ ਦਿਲਚਸਪ ਸੀ। ਇਸ ਅਨੁਸਾਰ ਪਹਿਲਾਂ 1.70 ਲੱਖ ਰੁਪਏ ਦਾ ਨਿਵੇਸ਼ ਕਰ ਕੇ ਇਕ ਰੁਜ਼ਗਾਰ ਮੌਕਾ ਪੈਦਾ ਕੀਤਾ ਜਾ ਸਕਦਾ ਸੀ ਪਰ ਹੁਣ 1.05 ਲੱਖ ਰੁਪਏ ਦੀ ਪੂੰਜੀ ਨਾਲ ਹੀ ਰੁਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ। ਕਿਰਤੀ ਦੀ ਉਤਪਾਦਕਤਾ 34 ਫੀਸਦੀ ਵਧ ਗਈ ਹੈ ਜਿਸ ਦਾ ਇਹ ਅਰਥ ਵੀ ਹੈ ਕਿ ਹੁਣ ਰੁਜ਼ਗਾਰ ਪੈਦਾ ਕਰਨ ਲਈ ਘੱਟ ਪੂੰਜੀ ਦੀ ਲੋੜ ਹੈ ਜਾਂ ਕਿਰਤੀਆਂ ਦੀ ਜਗ੍ਹਾ 'ਤੇ ਪੂੰਜੀ ਲਾਉਣੀ ਲਾਭਦਾਇਕ ਹੈ ਜਾਂ ਕਿਰਤੀ ਦੀ ਉਤਪਾਦਿਕਤਾ ਭਾਵੇਂ ਵੱਧ ਹੈ ਪਰ ਕਿਰਤੀਆਂ ਦੀ ਲੋੜ ਵੀ ਘੱਟ ਹੈ। ਇਕ ਹੋਰ ਰਿਪੋਰਟ ਅਨੁਸਾਰ 1990 ਤੋਂ ਬਾਅਦ 1000 ਵਸੋਂ ਵਿਚੋਂ 420 ਜਣੇ ਰੁਜ਼ਗਾਰ 'ਤੇ ਲੱਗੇ ਹੋਏ ਸਨ ਪਰ 2000 ਤੱਕ 1000 ਵਿਚੋਂ 386 ਜਣੇ ਰੁਜ਼ਗਾਰ 'ਤੇ ਸਨ। ਵੱਡੀਆਂ ਅਤੇ ਆਟੋਮੈਟਿਕ ਮਸ਼ੀਨਾਂ ਨਾਲ ਰੁਜ਼ਗਾਰ ਪ੍ਰਾਪਤ ਲੋਕਾਂ ਦੀ ਗਿਣਤੀ ਹੋਰ ਘਟ ਰਹੀ ਹੈ।

ਵਿਕਸਤ ਦੇਸ਼ਾਂ ਵਿਚ ਬੇਰੁਜ਼ਗਾਰੀ ਘੱਟ ਹੈ। ਨੌਜਵਾਨ ਵਿਦੇਸ਼ਾਂ ਵਿਚੋਂ ਵੀ ਉਨ੍ਹਾਂ ਦੇਸ਼ਾਂ ਵਿਚ ਹੀ ਜਾ ਕੇ ਰੁਜ਼ਗਾਰ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੇਸ਼ਾਂ ਵਿਚ ਇਸ ਗੱਲ ਨੂੰ ਭਲੀਭਾਂਤ ਸਮਝਿਆ ਗਿਆ ਹੈ ਅਤੇ ਨੀਤੀ ਵਿਚ ਲਾਗੂ ਕੀਤਾ ਗਿਆ ਹੈ ਕਿ ਰੁਜ਼ਗਾਰ ਵਸੋਂ ਦੀ ਖ਼ਰੀਦ ਸ਼ਕਤੀ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਦੇਸ਼ਾਂ ਵਿਚ ਖ਼ਰੀਦ ਸ਼ਕਤੀ ਦਾ ਪੱਧਰ ਬਣਾ ਕੇ ਰੱਖਿਆ ਜਾਂਦਾ ਹੈ। ਜਦੋਂ ਕੋਈ ਬੇਰੁਜ਼ਗਾਰ ਹੁੰਦਾ ਹੈ ਤਾਂ ਉਸ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ ਤਾਂ ਕਿ ਉਸ ਦਾ ਖ਼ਰਚ ਨਾ ਘਟੇਗਾ ਕਿਉਂ ਜੋ ਦੇਸ਼ ਵਿਚ ਬਣਨ ਵਾਲੀਆਂ ਵਸਤੂਆਂ ਤੇ ਸੇਵਾਵਾਂ ਦੀ ਵਿਕਰੀ ਹੋਵੇਗੀ ਤਾਂ ਹੀ ਉਨ੍ਹਾਂ ਨੂੰ ਬਣਾਉਣ ਦੀ ਲੋੜ ਪੈਦਾ ਹੋਵੇਗੀ; ਤਾਂ ਹੀ ਉਨ੍ਹਾਂ ਲਈ ਕਿਰਤੀਆਂ ਦੀ ਲੋੜ ਹੋਵੇਗੀ ਪਰ ਇਸ ਤਰ੍ਹਾਂ ਦੀ ਨੀਤੀ ਜਿਹੜੀ ਆਮਦਨ ਦੀ ਬਰਾਬਰੀ ਦੇ ਸਿਧਾਂਤ 'ਤੇ ਨਿਰਭਰ ਕਰਦੀ ਹੈ, ਉਹ ਭਾਰਤ ਵਿਚ ਨਹੀਂ ਵਿਚਾਰੀ ਗਈ। ਇਸ ਲਈ ਜਿਹੜਾ ਵਿਕਾਸ ਰੁਜ਼ਗਾਰ ਤੋਂ ਬਗ਼ੈਰ ਵਾਲਾ ਵਿਕਾਸ ਹੋਵੇ, ਉਹ ਲਗਾਤਾਰ ਚੱਲਣ ਵਾਲਾ ਵਿਕਾਸ ਨਹੀਂ ਹੋ ਸਕਦਾ। ਇਸ ਲਈ ਇਸ ਰੁਜ਼ਗਾਰ ਰਹਿਤ ਵਿਕਾਸ ਵਿਚ ਹਰ ਇਕ ਦਾ ਹਿੱਸਾ ਨਹੀਂ ਹੋ ਸਕਦਾ।

# ਖੇਤੀਬਾੜੀ ਦੀ ਨਵੇਂ ਸਿਰਿਓਂ ਵਿਉਂਤਬੰਦੀ

ਦੋ ਦਹਾਕਿਆਂ ਦੌਰਾਨ ਸਵਿੱਟਜ਼ਰਲੈਂਡ ਵਿਚ ਬਰੈੱਡ ਦੀ ਕੀਮਤ ਦੁੱਗਣੀ ਹੋ ਗਈ ਪਰ ਕਿਸਾਨਾਂ ਨੂੰ ਦਿੱਤੀ ਜਾਂਦੀ ਕਣਕ ਦਾ ਮੁੱਲ ਅੱਧਾ ਰਹਿ ਗਿਆ ਹੈ। ਇਹ ਇਸ ਤਰ੍ਹਾਂ ਦਾ ਇੰਤਜ਼ਾਮ ਹੈ ਜਿਸ ਨੇ ਕਿਸਾਨਾਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਖੁਸ਼ ਰੱਖਿਆ ਹੋਇਆ ਹੈ।

ਪੰਜਾਬ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਜੈ ਵੀਰ ਜਾਖੜ ਨੇ ਹਾਲ ਹੀ 'ਚ ਟਵੀਟ ਕੀਤਾ ਸੀ: "ਵੀਹ ਸਾਲ ਪਹਿਲਾਂ ਸਵਿੱਟਜ਼ਰਲੈਂਡ ਵਿਚ ਬਰੈੱਡ ਦੀ ਕੀਮਤ 2.5 ਸਵਿੱਸ ਫਰੈਂਕ ਸੀ ਤੇ ਕਣਕ ਦਾ ਭਾਅ ਪ੍ਰਤੀ ਕਿਲੋ 110 ਸਵਿੱਸ ਫਰੈਂਕ ਸੀ। ਅੱਜ ਬਰੈੱਡ ਦੀ

**ਦਵਿੰਦਰ ਸ਼ਰਮਾ**

ਕੀਮਤ 4 ਸਵਿੱਸ ਫਰੈਂਕ ਹੈ ਤੇ ਕਣਕ ਦਾ ਮੁੱਲ ਪ੍ਰਤੀ ਕਿਲੋ 50 ਸਵਿੱਸ ਫਰੈਂਕ ਰਹਿ ਗਿਆ ਹੈ।" ਕੁਝ ਸਮਾਂ ਪਹਿਲਾਂ ਮੈਂ ਕੈਨੇਡਾ ਦੀ ਮਿਸਾਲ ਸਾਂਝੀ ਕੀਤੀ ਸੀ ਜਿੱਥੇ ਪਿਛਲੇ 150 ਸਾਲਾਂ ਦੌਰਾਨ ਕਣਕ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਆਈ ਹੈ ਪਰ ਚਾਰ ਦਹਾਕਿਆਂ ਵਿਚ ਬਰੈੱਡ ਦੀ ਕੀਮਤ ਆਸਮਾਨ ਛੂਹ ਰਹੀ ਹੈ। ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਖੇਤੀ ਜਿਣਸਾਂ ਦੀਆਂ ਕੀਮਤਾਂ ਦਾ ਇਹ ਮੰਦਾ ਹਾਲ ਸਿਰਫ਼ ਸਵਿੱਟਜ਼ਰਲੈਂਡ ਅਤੇ ਕੈਨੇਡਾ ਤੱਕ ਸੀਮਤ ਨਹੀਂ ਸਗੋਂ ਇਹ ਆਲਮੀ ਵਰਤਾਰਾ ਬਣ ਗਿਆ ਹੈ।

ਕਰੀਬ ਇੱਕ ਸਦੀ ਤੋਂ ਵੱਧ ਅਰਸੇ ਤੋਂ ਫ਼ਸਲਾਂ ਦੀਆਂ ਕੀਮਤਾਂ ਵਿਚ ਤਿੱਖੀ ਗਿਰਾਵਟ ਆ ਰਹੀ ਹੈ ਜਿਸ ਨਾਲ ਕਿਸਾਨਾਂ ਨੂੰ ਖ਼ੁਦਕੁਸ਼ੀ ਦੇ ਰਾਹ ਧੱਕਿਆ ਜਾ ਰਿਹਾ, ਉਨ੍ਹਾਂ ਨੂੰ ਖੇਤੀਬਾੜੀ ਛੱਡਣ ਜਾਂ ਚੌਤਰਫ਼ਾ ਔਕੜਾਂ ਨਾਲ ਜੂਝਦੇ ਹੋਏ ਜ਼ਿੰਦਾ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹ ਖ਼ੁਰਾਕ ਨਾ-ਬਰਾਬਰੀ ਹੈ।

ਅਨਾਜ ਜਾਂ ਖ਼ੁਰਾਕ ਪੈਦਾ ਕਰਨ ਵਾਲਿਆਂ ਨੂੰ ਲਗਾਤਾਰ ਗ਼ੁਰਬਤ ਦੇ ਆਲਮ ਵਿਚ ਰਹਿਣਾ ਪੈਂਦਾ ਹੈ। ਖੇਤੀ ਫ਼ਸਲਾਂ ਦੇ ਭਾਅ ਅਕਸਰ ਘੱਟ ਹੁੰਦੇ ਹਨ; ਕਈ ਵਾਰ ਤਾਂ ਲਾਗਤ ਖਰਚੇ ਵੀ ਪੂਰੇ ਨਹੀਂ ਹੁੰਦੇ।

ਦੁਖਾਂਤ ਇਹ ਹੈ ਕਿ ਜਿਹੜੇ ਲੋਕ ਸਾਡੇ ਮੇਜ਼ਾਂ ਤੱਕ ਖਾਣਾ ਪੁੱਜਦਾ ਕਰਦੇ ਹਨ, ਉਹ ਆਪਣਾ ਪੇਟ ਭਰਨ ਤੋਂ ਵੀ ਮੁਥਾਜ ਹਨ। ਸਰਕਾਰਾਂ ਪੈਦਾਵਾਰ ਵਧਾਉਣ 'ਤੇ ਜ਼ੋਰ ਦਿੰਦੀਆਂ ਹਨ ਪਰ ਕਿਸਾਨਾਂ ਦੀ ਭਲਾਈ ਉੱਕਾ ਵਿਸਾਰ ਦਿੱਤੀ ਜਾਂਦੀ ਹੈ। ਕਿਸਾਨਾਂ ਨੂੰ ਅੰਨਦਾਤਾ ਕਹਿ ਕੇ ਪਰਚਾਅ ਲਿਆ ਜਾਂਦਾ ਹੈ ਪਰ ਸਾਰਾ ਮੁਨਾਫ਼ਾ ਚੁੱਪ-ਚਾਪ ਖੇਤੀਬਾੜੀ ਸਪਲਾਈ ਚੇਨਾਂ ਦੇ ਦੂਜੇ ਹਿੱਤ ਧਾਰਕ ਭੋਟ ਲੈਂਦੇ ਹਨ। ਇਸੇ ਚੱਕਰ ਵਿਚ ਕਿਸਾਨ ਦੀਵਾਲੀਆ ਹੋ ਰਿਹਾ ਹੈ।

ਇੱਕ ਪਾਸੇ ਕਿਸਾਨ ਸੰਤਾਪ ਹੰਢਾਅ ਰਹੇ ਹਨ, ਪੇਂਡੂ ਉਜਰਤਾਂ 'ਚ ਖੜੋਤ ਹੈ; ਦੂਜੇ ਪਾਸੇ ਨਾਕਸ ਖ਼ੁਰਾਕ ਪ੍ਰਣਾਲੀ ਖ਼ਪਤਕਾਰਾਂ ਨੂੰ ਖੁਸ਼ ਰੱਖਦੀ ਹੈ। ਖ਼ੁਰਾਕ ਕੀਮਤਾਂ ਜਾਣਬੁੱਝ ਕੇ ਨੀਵੀਆਂ ਰੱਖੀਆਂ ਜਾਂਦੀਆਂ। ਸਾਲ-ਦਰ-ਸਾਲ ਜਿਣਸਾਂ ਦੀਆਂ ਕੀਮਤਾਂ ਹੋਰ ਘਟਾਉਣ ਲਈ ਜ਼ੋਰ ਪਾਇਆ ਜਾਂਦਾ। ਉਸੇ ਸਮੇਂ ਵਿਕਰੇਤਾ ਬੇਤਹਾਸ਼ਾ ਮੁਨਾਫ਼ਾ ਕਮਾਉਂਦੇ ਹਨ ਜਿਸ ਨਾਲ ਖੇਤੀਬਾੜੀ ਕਾਰੋਬਾਰੀ ਕੰਪਨੀਆਂ ਤੋਂ ਲੈ ਕੇ ਬੈਂਕਾਂ ਤੱਕ, ਸਭ ਬਾਗ਼ੋ-ਬਾਗ਼ ਹੋ ਜਾਂਦੇ ਹਨ। ਕਾਰਪੋਰੇਟ ਕੰਪਨੀਆਂ ਹਾਲਾਂਕਿ ਵਧਦੀਆਂ ਕੀਮਤਾਂ ਲਈ ਉਜਰਤਾਂ 'ਚ ਵਾਧੇ ਤੇ ਸਪਲਾਈ ਚੇਨਾਂ ਦੀਆਂ ਰੁਕਾਵਟਾਂ ਨੂੰ ਕਸੂਰਵਾਰ ਠਹਿਰਾਉਂਦੀਆਂ ਹਨ ਪਰ ਅਧਿਐਨ ਦੱਸਦੇ ਹਨ, 2023 ਦੀ ਦੂਜੀ ਤੇ ਤੀਜੀ ਤਿਮਾਹੀ 'ਚ ਮਹਿੰਗਾਈ ਨਾਲ ਕਾਰਪੋਰੇਟਾਂ ਦੇ ਮੁਨਾਫ਼ਿਆਂ ਵਿਚ 53% ਇਜ਼ਾਫ਼ਾ ਹੋਇਆ ਹੈ। ਇਸ ਤੋਂ ਇਲਾਵਾ ਕੋਵਿਡ ਮਹਾਮਾਰੀ ਤੋਂ ਬਾਅਦ 2023 ਦੀ ਆਖ਼ਿਰੀ ਤਿਮਾਹੀ ਵਿਚ ਕਾਰਪੋਰੇਟ ਮੁਨਾਫ਼ੇ ਰਿਕਾਰਡ ਉਚਾਈ ਛੂਹ ਗਏ। ਮਹਾਮਾਰੀ ਤੋਂ ਪਹਿਲਾਂ ਚਾਰ ਦਹਾਕਿਆਂ ਵਿਚ ਕਾਰਪੋਰੇਟ ਮੁਨਾਫਿਆਂ ਵਿਚ ਮਹਿੰਗਾਈ ਦਾ ਯੋਗਦਾਨ ਮਹਿਜ਼ 11% ਰਿਹਾ ਸੀ।

ਕਰੀਬ ਡੇਢ ਸਦੀ ਤੋਂ ਆਰਥਿਕ ਡਿਜ਼ਾਈਨ ਨੇ ਕਿਸਾਨਾਂ ਨੂੰ ਵਾਜਿਬ ਕੀਮਤਾਂ ਤੋਂ ਵਿਰਵੇ ਰੱਖਿਆ ਹੋਇਆ ਹੈ। ਜ਼ਾਹਿਰਾ ਤੌਰ 'ਤੇ ਨੀਤੀਘਾੜਿਆਂ ਨੇ ਕਿਸਾਨਾਂ ਦੀ ਦੁਰਦਸ਼ਾ ਤੋਂ ਅੱਖਾਂ ਮੀਟ ਰੱਖੀਆਂ ਹਨ; ਚੋਣਾਂ ਦੀ ਰੁੱਤ ਵਿਚ ਦਿਹਾਤੀ ਵਸੋਂ ਅੰਦਰ ਰੋਹ ਦੀ ਝਲਕ ਪੈ ਰਹੀ ਹੈ। 'ਭਾਰਤ ਸਰਕਾਰ ਕਿਸਾਨਾਂ ਨੂੰ ਸਬਸਿਡੀ ਦੇਣ ਦੇ ਦਾਅਵੇ ਕਰ ਰਹੀ ਹੈ ਪਰ ਅਸਲ ਵਿਚ ਉਨ੍ਹਾਂ (ਕਿਸਾਨਾਂ) ਦੇ ਹਿੱਤਾਂ 'ਤੇ ਸੱਟ ਮਾਰੀ ਜਾ ਰਹੀ ਹੈ।' (ਦਿ ਇਕੌਨੌਮਿਸਟ, 12 ਜੁਲਾਈ 2018)। ਦੁਨੀਆ ਦੇ ਸਭ ਤੋਂ ਵੱਧ ਅਮੀਰ ਵਪਾਰਕ ਬਲਾਕ ਓ.ਈ.ਸੀ.ਡੀ. (ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ) ਦੇ ਮੁਲਕਾਂ ਵਿਚ ਕਿਸਾਨਾਂ ਨੂੰ 18% ਖੇਤੀ ਆਮਦਨ ਮੁਹੱਈਆ ਕਰਵਾਈ ਜਾਂਦੀ ਹੈ; ਭਾਰਤ ਵਿਚ ਉਲਟੇ ਕਿਸਾਨਾਂ 'ਤੇ ਟੈਕਸਾਂ ਦਾ ਬੋਝ ਪਾਇਆ ਜਾਂਦਾ ਹੈ। ਇਸ ਕਰ ਕੇ ਭਾਰਤ ਵਿਚ ਕਿਸਾਨਾਂ ਦੀ ਔਸਤ ਖੇਤੀ ਆਮਦਨ 6% ਘੱਟ ਮਿਲ ਰਹੀ ਹੈ। ਓ.ਈ.ਸੀ.ਡੀ. ਦੇ ਇੱਕ ਹੋਰ ਅਧਿਐਨ ਤੋਂ ਸਾਫ਼ ਹੁੰਦਾ ਹੈ ਕਿ ਭਾਰਤ ਵਿਚ ਸਾਲ 2000 ਤੋਂ 2016 ਤੱਕ ਫ਼ਸਲਾਂ ਦੀਆਂ ਕੀਮਤਾਂ ਘੱਟ ਨਿਸ਼ਚਤ ਕਰਨ ਕਰ ਕੇ ਕਿਸਾਨਾਂ ਨੂੰ ਔਸਤਨ 15% ਨੁਕਸਾਨ ਹੋਇਆ ਹੈ; ਅਸਲ ਲਾਹਾ ਖ਼ਪਤਕਾਰਾਂ ਨੂੰ ਮਿਲਿਆ ਹੈ ਜਿਨ੍ਹਾਂ ਨੂੰ ਰਿਆਇਤੀ ਕੀਮਤਾਂ ਕਰ ਕੇ 25% ਫਾਇਦਾ ਹੋਇਆ ਹੈ।

ਹੁਣ ਜਦੋਂ ਕੇਂਦਰੀ ਵਿੱਤ ਮੰਤਰੀ 2024-25 ਲਈ ਮੁਕੰਮਲ ਬਜਟ ਪੇਸ਼ ਕਰਨ ਦੀ ਤਿਆਰੀ ਕਰ ਰਹੇ ਹਨ ਤਾਂ ਸੋਚਣ ਦਾ ਸਮਾਂ ਹੈ ਕਿ ਕਿਸ ਤਰ੍ਹਾਂ ਦੀਆਂ ਆਰਥਿਕ ਨੀਤੀਆਂ ਘੜੀਆਂ ਜਾਣ ਜਿਨ੍ਹਾਂ ਨਾਲ ਨਾ ਕੇਵਲ ਕਿਸਾਨਾਂ ਅੰਦਰ ਵਧ ਰਿਹਾ ਰੋਹ ਸ਼ਾਂਤ ਕੀਤਾ ਜਾ ਸਕੇ ਸਗੋਂ ਖੇਤੀਬਾੜੀ ਦੇ ਮੁੜ ਨਿਰਮਾਣ ਦਾ ਖ਼ਾਕਾ ਵੀ ਤਿਆਰ ਕੀਤਾ ਜਾ ਸਕੇ। ਅਰਥ ਸ਼ਾਸਤਰੀ ਜਿਆਂ ਡ੍ਰੀਜ਼ ਨੇ ਟਿੱਪਣੀ ਕੀਤੀ ਸੀ: "ਭਾਰਤ ਵਿਚ ਸਿਆਸੀ ਬਿਰਤਾਂਤ ਵਿਸ਼ੇਸ਼ਾਧਿਕਾਰ ਪ੍ਰਾਪਤ ਅਤੇ ਸ਼ਕਤੀਸ਼ਾਲੀ ਵਰਗਾਂ ਦੁਆਰਾ ਤੈਅਸ਼ੁਦਾ ਹਾਸ਼ੀਏ ਅੰਦਰ ਬੁਣਿਆ ਜਾਂਦਾ ਹੈ। ਜੇ ਤੁਸੀਂ ਇਸ ਹਾਸ਼ੀਏ ਨੂੰ ਉਲੰਘਣ ਦੀ ਕੋਸ਼ਿਸ਼ ਕਰੋਗੇ ਤਾਂ ਖਿਆਲ ਰੱਖਣਾ ਕਿ ਕੋਈ ਨਾ ਕੋਈ ਗੜਬੜ ਜ਼ਰੂਰ ਹੋਵੇਗੀ।" ਖੇਤੀਬਾੜੀ ਨੂੰ ਲੀਕ ਤੋਂ ਹਟ ਕੇ ਨਵੀਂ ਸੋਚ ਦੀ ਲੋੜ ਹੈ ਹਾਲਾਂਕਿ ਇਸ ਦਾ ਲਬੋ-ਲਬਾਬ ਹਾਕਮ ਵਰਗਾਂ ਨੂੰ ਪ੍ਰੇਸ਼ਾਨੀ ਵਿਚ ਪਾ ਸਕਦਾ ਹੈ।

ਪੈਦਾਵਾਰ ਵਿਚ ਵਾਧਾ ਹੋਣ ਕਰ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ। ਜੇ ਹਰੇ ਇਨਕਲਾਬ ਤੋਂ 60 ਸਾਲਾਂ ਬਾਅਦ ਵੀ ਖੇਤੀਬਾੜੀ ਆਮਦਨ ਸਭ ਤੋਂ ਹੇਠਲੇ ਡੰਡੇ 'ਤੇ ਹੈ ਤਾਂ ਹਰੀ ਕ੍ਰਾਂਤੀ 4.0 ਵੱਲ ਤਕਨੀਕੀ ਤਬਦੀਲੀ ਦੇ ਵਾਅਦੇ ਨੂੰ ਖੇਤੀਬਾੜੀ ਖੇਤਰ ਦੀਆਂ ਮਰਜ਼ਾਂ ਦੂਰ ਕਰਨ ਦਾ ਰਾਮਬਾਣ ਨਹੀਂ ਗਿਣਿਆ ਜਾ ਸਕਦਾ। ਹਰ ਵਾਰ ਵਾਂਗ ਨੀਤੀਘਾੜੇ ਖੇਤੀਬਾੜੀ ਸੰਕਟ ਦੇ ਅਸਲ ਕਾਰਨ ਤੋਂ ਅੱਖਾਂ ਬੰਦ ਕਰ ਕੇ ਲੰਘਣਾ ਚਾਹ ਰਹੇ ਹਨ ਅਤੇ ਇਸ ਨੁਕਸਦਾਰ ਸੋਚ ਨਾਲ ਢੱਕਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਤਕਨੀਕੀ ਹੱਲਾਂ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋ ਜਾਵੇਗਾ।

ਹੁਣ ਜਦੋਂ ਦੁਨੀਆ ਭਰ ਵਿਚ ਜਲਵਾਯੂ ਤਪਸ਼ ਉਬਾਲੇ ਮਾਰ ਰਹੀ ਹੈ ਤਾਂ ਖੇਤੀਬਾੜੀ ਨੂੰ ਹੰਢਣਸਾਰ ਬਣਾਉਣ ਦਾ ਰਾਹ ਮੁੜ ਉਪਜਾਊ ਖੇਤੀ ਵਿਧੀਆਂ ਤੋਂ ਹੀ ਮਿਲ ਸਕਦਾ ਹੈ। ਮਸਨੂਈ ਬੌਧਿਕਤਾ ਤੋਂ ਇਲਾਵਾ ਪਹਿਲਾਂ ਉਪਲਬਧ ਕੁਦਰਤੀ ਬੌਧਿਕਤਾ ਨੂੰ ਵਰਤੋਂ ਵਿਚ ਲਿਆਉਣ ਦੀ ਲੋੜ ਹੈ। ਸਭ ਤੋਂ ਪਹਿਲਾਂ ਖੇਤੀਬਾੜੀ ਵਿਚ ਲੱਗੀ ਮਨੁੱਖੀ ਕਿਰਤ ਸ਼ਕਤੀ ਦੀ ਸਮੱਰਥਾ ਅਤੇ ਸੰਭਾਵਨਾ ਦਾ ਨਿਰਮਾਣ ਕਰਨ ਲਈ ਨਿਵੇਸ਼ ਕਰਨ ਦੀ ਲੋੜ ਹੈ। ਭਾਰੂ ਆਰਥਿਕ ਸੋਚ ਲਈ ਇਹ ਗੱਲ ਕਦੀ ਵੀ ਵਾਰਾ ਨਹੀਂ ਖਾਂਦੀ ਪਰ ਹੁਣ ਘੜੇ ਮਿੱਥੇ ਪੈਮਾਨਿਆਂ ਤੋਂ ਪਰ੍ਹੇ ਦੇਖਣ ਦਾ ਸਮਾਂ ਆ ਚੁੱਕਾ ਹੈ।

ਇਹ ਦੱਸਣ ਦੀ ਲੋੜ ਨਹੀਂ ਕਿ ਖੇਤੀਬਾੜੀ ਅੱਜ ਵੀ ਦੇਸ਼ ਅੰਦਰ ਸਭ ਤੋਂ ਵੱਡਾ ਰੁਜ਼ਗਾਰਦਾਤਾ ਹੈ ਜਿਸ ਵਿਚ 45.5% ਕਿਰਤ ਸ਼ਕਤੀ ਲੱਗੀ ਹੋਈ ਹੈ। ਖੇਤੀਬਾੜੀ ਨੂੰ ਲਾਹੇਵੰਦ ਉਦਮ ਬਣਾਉਣਾ ਸਮੇਂ ਦੀ ਲੋੜ ਹੈ। ਹੁਣ ਤੱਕ ਸਿਰਫ਼ ਸਨਅਤ ਨੂੰ ਮਜ਼ਬੂਤ ਕਰਨ ਲਈ ਹਰ ਸਹਾਇਤਾ ਪਹੁੰਚਾਉਣ ਦੀ ਰਵਾਇਤੀ ਸੋਚ ਅਪਣਾਈ ਜਾ ਰਹੀ ਹੈ ਅਤੇ ਇਹ ਉਪਰਲਿਆਂ ਨੂੰ ਰਜਾ ਕੇ ਹੇਠਲੇ ਵਰਗਾਂ ਤਕ ਪਹੁੰਚਾਉਣ (ਟ੍ਰਿਕਲ ਡਾਊਨ) ਦੇ ਸਿਧਾਂਤ ਆਸਰੇ ਖੇਤੀ ਆਮਦਨ ਵਿਚ ਕੋਈ ਵਾਧਾ ਹੋਣ ਦੇ ਆਸਾਰ ਨਹੀਂ ਹਨ।

ਖ਼ੁਰਾਕ ਨਾ-ਬਰਾਬਰੀ ਦੂਰ ਕਰਨ ਲਈ ਨਵੀਂ ਸੋਚ ਅਪਣਾਉਣ ਦੀ ਲੋੜ ਹੈ। ਸਭ ਤੋਂ ਪਹਿਲਾਂ ਐੱਮਐੱਸ ਸਵਾਮੀਨਾਥਨ ਫਾਰਮੂਲੇ ਤਹਿਤ ਫ਼ਸਲਾਂ ਦੇ ਮੁੱਲ ਤੈਅ ਕਰਨ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ; ਦੂਜਾ, ਵਿੱਤ ਮੰਤਰੀ ਪਿੰਡਾਂ ਵਿਚ ਰਹਿੰਦੀ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਲਈ ਘੱਟੋ-ਘੱਟ 50% ਬਜਟ ਰੱਖਿਆ ਜਾਵੇ। ਇੱਥੋਂ ਸ਼ੁਰੂ ਕਰ ਕੇ ਖੇਤੀਬਾੜੀ ਬਜਟ ਵਿਚ ਹਰ ਸਾਲ 10% ਵਾਧਾ ਕੀਤਾ ਜਾਵੇ। ਇਸ ਵੇਲੇ ਖੇਤੀਬਾੜੀ ਬਜਟ 3% ਤੋਂ ਵੀ ਘੱਟ ਹੈ।

# ਸੁਲੱਖਣੀ ਸ਼ਾਲਿਨੀ ਪਾਂਡੇ



ਸ਼ਾਲਿਨੀ ਪਾਂਡੇ ਹਿੰਦੀ ਫਿਲਮਾਂ ਤੋਂ ਇਲਾਵਾ ਤੇਲਗੂ ਅਤੇ ਤਮਿਲ ਫਿਲਮਾਂ ਵਿਚ ਵੀ ਆਪਣੀ ਅਦਾ ਦੇ ਜੌਹਰ ਦਿਖਾ ਚੁੱਕੀ ਹੈ। ਉਸ ਨੇ ਫਿਲਮੀ ਦੁਨੀਆ ਅੰਦਰ ਪੈਰ ਆਪਣੀ ਤੇਲਗੂ ਫਿਲਮ 'ਅਰਜੁਨ ਰੈਡੀ' ਨਾਲ ਧਰਿਆ ਸੀ। ਇਹ ਫਿਲਮ 2017 ਵਿਚ ਆਈ ਸੀ। ਵਪਾਰਕ ਪੱਖੋਂ ਇਹ ਬਹੁਤ ਸਫਲ ਫਿਲਮ ਰਹੀ। 2018 ਵਿਚ ਉਸ ਨੂੰ ਹਿੰਦੀ ਫਿਲਮ 'ਮੇਰੀ ਨਿੰਮੋ' ਵਿਚ ਕੰਮ ਕਰਨ ਦਾ ਮੌਕਾ ਮਿਲ ਗਿਆ। ਹਾਲ ਹੀ ਵਿਚ ਉਸ ਦੀ ਚਰਚਾ ਫਿਲਮ 'ਮਹਾਰਾਜ' ਨਾਲ ਹੋ ਰਹੀ ਹੈ। ਜਬਲਪੁਰ (ਮੱਧ ਪ੍ਰਦੇਸ਼) ਵਿਚ 23 ਸਤੰਬਰ 1993 ਨੂੰ ਜਨਮੀ ਸ਼ਾਲਿਨੀ ਪਾਂਡੇ ਨੇ ਆਪਣੀ ਪਹਿਲੀ ਅਦਾਕਾਰੀ ਥੀਏਟਰ ਆਰਟਿਸਟ ਵਜੋਂ ਕੀਤੀ ਸੀ।

# ਅਦਾਕਾਰਾ ਅਨੁਸ਼ਕਾ ਸ਼ਰਮਾ ਦੀ ਅਦਾ ਤੇ ਕਲਾ

2017 ਵਿਚ ਮਸ਼ਹੂਰ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਨਾਲ ਵਿਆਹ ਤੋਂ ਬਾਅਦ ਅਦਾਕਾਰਾ ਅਨੁਸ਼ਕਾ ਸ਼ਰਮਾ ਦੀਆਂ ਫਿਲਮੀ ਦੁਨੀਆ ਦੀਆਂ ਸਰਗਰਮੀਆਂ ਬਹੁਤ ਘਟ ਗਈਆਂ ਹਨ। 2017 ਅਤੇ 2018 ਵਿਚ ਉਸ ਦੀਆਂ ਕੁੱਲ ਪੰਜ ਫਿਲਮਾਂ ਰਿਲੀਜ਼ ਹੋਈਆਂ: 2017 ਵਿਚ 'ਫਿਲੌਰੀ' ਤੇ 'ਜਬ ਹੈਰੀ ਮੈਟ ਸੇਜਲ'; 2018 ਵਿਚ 'ਪਰੀ', 'ਸੰਜੂ', 'ਸੂਈ ਧਾਗਾ' ਤੇ 'ਜ਼ੀਰੋ'। ਇਸ ਤੋਂ ਬਾਅਦ ਉਸ ਦੀਆਂ ਸਿਰਫ ਦੋ ਫਿਲਮਾਂ ਆਈਆਂ: 'ਬੁਲਬੁਲ' ਤੇ 'ਕਲਾ'। ਇਨ੍ਹਾਂ ਦੋਹਾਂ ਫਿਲਮਾਂ ਵਿਚ ਉਸ ਨੇ ਖੁਦ ਅਦਾਕਾਰੀ ਨਹੀਂ ਕੀਤੀ ਸਗੋਂ ਇਨ੍ਹਾਂ ਫਿਲਮਾਂ ਦੀ ਉਹ ਨਿਰਮਾਤਾ ਸੀ। ਹਾਂ, ਫਿਲਮ 'ਕਲਾ' ਵਿਚ ਉਸ ਦੀ ਸਪੈਸ਼ਲ ਅਪੀਅਰੈਂਸ ਸੀ। ਉਸ ਦੀ ਇਕ ਹੋਰ ਫਿਲਮ 'ਛਕੜਾ ਐਕਸਪ੍ਰੈੱਸ' ਬਿਲਕੁਲ ਤਿਆਰ ਹੈ। ਇਸ ਫਿਲਮ ਵਿਚ ਉਸ ਦਾ ਮੁੱਖ ਰੋਲ ਹੈ। ਇਹ ਫਿਲਮ ਪ੍ਰਸਿੱਧ ਕ੍ਰਿਕਟ ਖਿਡਾਰਨ ਝੂਲਨ ਗੋਸਵਾਮੀ ਦੇ ਜੀਵਨ 'ਤੇ ਆਧਾਰਿਤ ਹੈ। ਇਹ ਫਿਲਮ ਇਸੇ ਸਾਲ ਅਗਸਤ ਵਿਚ ਰਿਲੀਜ਼ ਕੀਤੀ ਜਾ ਰਹੀ ਹੈ।

ਅਨੁਸ਼ਕਾ ਸ਼ਰਮਾ ਅਯੁੱਧਿਆ ਵਿਚ ਜੰਮੀ ਅਤੇ ਬੰਗਲੌਰ ਵਿਚ ਪਲੀ ਤੇ ਪੜ੍ਹੀ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਨਾਲ ਕੀਤੀ ਸੀ। ਇਹ 2007 ਦੀਆਂ ਗੱਲਾਂ ਹਨ। ਬਾਅਦ ਵਿਚ ਉਹ ਮੁੰਬਈ ਚਲੇ ਗਈ। ਉਥੇ ਕੁਝ ਸਮਾਂ ਮਾਡਲਿੰਗ ਕੀਤੀ ਪਰ ਛੇਤੀ ਹੀ ਫਿਲਮੀ ਦੁਨੀਆ ਦੀ ਨਜ਼ਰ ਉਸ ਉਤੇ ਪੈ ਗਈ ਅਤੇ ਉਸ ਨੂੰ ਫਿਲਮ 'ਰੱਬ ਨੇ ਬਨਾ ਦੀ ਜੋੜੀ' ਮਿਲ ਗਈ। ਇਸ ਫਿਲਮ ਦਾ ਹੀਰੋ ਸ਼ਾਹਰੁਖ ਖਾਨ ਸੀ। ਸਾਲ 2008 ਵਿਚ ਰਿਲੀਜ਼ ਹੋਈ ਇਹ ਫਿਲਮ ਜ਼ਬਰਦਸਤ ਹਿੱਟ ਰਹੀ ਅਤੇ ਇਸ ਦੇ ਨਾਲ ਹੀ ਅਨੁਸ਼ਕਾ ਸ਼ਰਮਾ ਲਈ ਫਿਲਮੀ ਦੁਨੀਆ ਦੇ ਦਰਵਾਜ਼ੇ ਖੁੱਲ੍ਹ ਗਏ। 2010 ਵਿਚ ਉਸ ਦੀਆਂ ਦੋ ਫਿਲਮਾਂ 'ਬਦਮਾਸ਼ ਕੰਪਨੀ' ਅਤੇ 'ਬੈਂਡ ਬਾਜਾ ਬਾਰਾਤ' ਆਈਆਂ। ਇਹ ਦੋਵੇਂ ਫਿਲਮਾਂ ਹਿੱਟ ਰਹੀਆਂ। ਫਿਲਮ 'ਬੈਂਡ ਬਾਜਾ ਬਾਰਾਤ' ਦੀ ਤਾਂ ਚਰਚਾ ਵੀ ਬਹੁਤ ਚੱਲੀ, ਖਾਸ ਕਰ ਕੇ ਅਨੁਸ਼ਕਾ ਦੀ ਅਦਾਕਾਰੀ ਨੇ ਸਭ ਨੂੰ ਕੀਲ ਲਿਆ। ਇਉਂ ਪੈਂਦੀ ਸੱਟੇ ਹੀ ਉਹਦੀਆਂ ਪੰਜੇ ਉਂਗਲਾਂ ਘਿਉ ਵਿਚ ਪੈ ਗਈਆਂ ਅਤੇ ਉਸ ਦੀ ਗਿਣਤੀ ਚੋਟੀ ਦੀਆਂ ਅਦਾਕਾਰਾਵਾਂ ਵਿਚ ਹੋਣ ਲੱਗ ਪਈ। **-ਕੁਦਰਤ ਕੌਰ**





*ਅਦਾਕਾਰਾ ਤੇ ਨਿਰਮਾਤਾ ਅਨੁਸ਼ਕਾ ਸ਼ਰਮਾ (ਸੱਜੇ) ਦੀ ਫਿਲਮ 'ਕਲਾ' ਦੀ ਝਲਕ।*

# ਵਿੱਕੀ ਕੌਸ਼ਲ ਦੀ 'ਬੈਡ ਨਿਊਜ਼'

ਅਦਾਕਾਰ ਵਿੱਕੀ ਕੌਸ਼ਲ ਆਪਣੀ ਅਦਾਕਾਰੀ ਦੀ ਨਵੀਂ ਉਡਾਣ ਭਰਨ ਇਕ ਵਾਰ ਫਿਰ ਤਿਆਰ ਹੈ। 2024 ਵਿਚ ਉਸ ਦੀਆਂ ਦੋ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਪਹਿਲਾਂ 'ਬੈਡ ਨਿਊਜ਼' ਅਤੇ ਫਿਰ 'ਛਾਵਾ'। 'ਬੈਡ ਨਿਊਜ਼' ਦੀ ਸ਼ੂਟਿੰਗ ਦਾ ਬਹੁਤ ਕੰਮ ਪਹਿਲਾਂ ਨਿੱਬੜ ਗਿਆ ਸੀ ਪਰ ਕੁਝ ਕਾਰਨਾਂ ਕਰ ਕੇ ਫਿਲਮ ਰਿਲੀਜ਼ ਨਾ ਹੋ ਸਕੀ। ਹੁਣ ਇਹ 19 ਜੁਲਾਈ ਨੂੰ ਰਿਲੀਜ਼ ਹੋ ਗਈ ਹੈ। 'ਛਾਵਾ' ਦੀ ਤਾਂ ਅਜੇ ਸ਼ੂਟਿੰਗ ਹੀ ਚੱਲ ਰਹੀ ਹੈ।

'ਬੈਡ ਨਿਊਜ਼' ਕਾਮੇਡੀ ਫਿਲਮ ਹੈ ਅਤੇ ਇਸ ਦੇ ਨਿਰਦੇਸ਼ਕ ਆਨੰਦ ਤਿਵਾੜੀ ਹਨ। ਇਸ ਫਿਲਮ ਵਿਚ ਤ੍ਰਿਪਤੀ ਡਿਮਰੀ ਤੋਂ ਇਲਾਵਾ ਐਮੀ ਵਿਰਕ, ਨੇਹਾ ਧੂਪੀਆ, ਕਰਨ ਔਜਲਾ, ਅਨੰਨਿਆ ਪਾਂਡੇ ਦੀਆਂ ਅਹਿਮ ਭੂਮਿਕਾਵਾਂ ਹਨ। ਇਹ ਫਿਲਮ ਅਸਲ ਵਿਚ 2019 ਵਿਚ ਆਈ ਫਿਲਮ 'ਗੁੱਡ ਨਿਊਜ਼' ਦਾ ਅਗਲਾ ਭਾਗ ਹੈ। 'ਗੁੱਡ ਨਿਊਜ਼' ਵੀ ਕਾਮੇਡੀ ਫਿਲਮ ਹੀ ਸੀ ਅਤੇ ਇਸ ਵਿਚ ਮੁੱਖ ਰੋਲ ਅਕਸ਼ੈ ਕੁਮਾਰ, ਕਰੀਨਾ ਕਪੂਰ ਖਾਨ, ਦਿਲਜੀਤ ਦੁਸਾਂਝ ਅਤੇ ਕਿਆਰਾ ਅਡਵਾਨੀ ਨੇ ਨਿਭਾਏ ਸਨ। ਇਸ ਫਿਲਮ ਦਾ ਬਜਟ ਤਕਰੀਬਨ 70 ਕਰੋੜ ਰੁਪਏ ਦਾ ਸੀ ਅਤੇ ਇਸ ਨੇ ਬਾਕਸ ਆਫਿਸ 'ਤੇ 318 ਕਰੋੜ ਰੁਪਏ ਤੋਂ ਵੱਧ ਕਮਾਈ ਕੀਤੀ ਸੀ। 'ਬੈਡ ਨਿਊਜ਼' ਦੇ ਬਜਟ ਬਾਰੇ ਫਿਲਹਾਲ ਕੋਈ ਖੁਲਾਸਾ ਨਹੀਂ ਕੀਤਾ ਗਿਆ। ਇਸ ਫਿਲਮ ਦਾ ਨਾਂ ਪਹਿਲਾਂ 'ਮੇਰੇ ਮਹਿਬੂਬ ਮੇਰੇ ਸਨਮ' ਰੱਖਿਆ ਗਿਆ ਸੀ ਪਰ ਬਾਅਦ ਵਿਚ ਇਹ ਨਾਂ ਬਦਲ ਦਿੱਤਾ ਗਿਆ।




ਵਿੱਕੀ ਕੌਸ਼ਲ ਆਪਣੀ ਉਮਦਾ ਅਦਾਕਾਰੀ ਸਦਕਾ ਸਭ ਦਾ ਧਿਆਨ ਖਿੱਚ ਚੁੱਕਾ ਹੈ। ਉਸ ਨੇ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ 2012 ਵਿਚ ਕੀਤੀ ਸੀ। ਉਸ ਸਾਲ ਉਸ ਦੀਆਂ ਦੋ ਫਿਲਮਾਂ 'ਗੈਂਗਸ ਆਫ ਵਾਸੇਪੁਰ', ਅਤੇ 'ਲਵ ਸ਼ਵ ਤੇ ਚਿਕਨ ਖੁਰਾਨਾ' ਆਈਆਂ ਸਨ। ਫਿਲਮ 'ਗੈਂਗਸ ਆਫ ਵਾਸੇਪੁਰ' ਉਹ ਅਸਿਸਟੈਂਟ ਡਾਇਰੈਕਟਰ ਸੀ ਅਤੇ 'ਲਵ ਸ਼ਵ ਤੇ ਚਿਕਨ ਖੁਰਾਨਾ' ਵਿਚ ਉਸ ਨੇ ਖਾਸ ਰੋਲ ਅਦਾ ਕੀਤਾ ਸੀ। ਉਸ ਦੀ ਵਧੇਰੇ ਚਰਚਾ ਸਾਲ 2015 ਵਿਚ ਆਈ ਫਿਲਮ 'ਮਸਾਨ' ਨਾਲ ਹੋਈ। ਇਹ ਫਿਲਮ ਨੀਰਜ ਗੇਵਨ ਨੇ ਬਣਾਈ ਸੀ ਅਤੇ ਇਸ ਵਿਚ ਰਿਚਾ ਚੱਢਾ, ਸ਼ਵੇਤਾ ਤ੍ਰਿਪਾਠੀ ਅਤੇ ਸੰਜੇ ਮਿਸ਼ਰਾ ਦੀਆਂ ਅਹਿਮ ਭੂਮਿਕਾਵਾਂ ਸਨ। ਇਹ ਫਿਲਮ ਵਾਰਾਣਸੀ ਵਿਚ ਰਹਿੰਦੇ ਨੌਜਵਾਨਾਂ ਦੀ ਕਹਾਣੀ ਹੈ। ਫਿਲਮ ਵਿਚ ਵਿੱਕੀ ਕੌਸ਼ਲ ਨੇ ਆਪਣੀ ਅਦਾਕਾਰੀ ਨਾਲ ਸਭ ਨੂੰ ਦੰਗ ਕਰ ਕੇ ਰੱਖ ਦਿੱਤਾ ਸੀ। **-ਗੁਰਜੰਟ ਸਿੰਘ**

# ਬਾਕਸਆਫਿਸ ਦੀ ਪਰਵਾਜ਼ ਅਤੇ ਉਡਦੀਆਂ ਹਵਾਈਆਂ

ਸਭ ਤੋਂ ਵੱਧ ਕਮਾਈ ਕਰਨ ਦੇ ਮਾਮਲੇ ਵਿਚ ਨਵੀਂ ਫਿਲਮ 'ਕਲਕੀ 2898 ਏ.ਡੀ.' ਦੀ ਖੂਬ ਚਰਚਾ ਹੋ ਰਹੀ ਹੈ। ਸੋਮਵਾਰ 15 ਜੁਲਾਈ ਤੱਕ ਇਸ ਫਿਲਮ ਨੇ ਇਕੱਲੇ ਭਾਰਤ ਵਿਚ 584.45 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਯਾਦ ਰਹੇ ਕਿ ਸ਼ਾਹਰੁਖ ਖਾਨ ਦੀ ਫਿਲਮ 'ਜਵਾਨ' ਨੇ ਕੁੱਲ 640.25 ਕਰੋੜ ਰੁਪਏ ਕਮਾਏ ਸਨ। ਇਸ ਤੋਂ ਪਹਿਲਾਂ 2017 ਵਿਚ ਆਈ ਫਿਲਮ 'ਬਾਹੂਬਲੀ-2' 1030.42 ਰੁਪਏ ਕਮਾ ਕੇ ਸਭ ਤੋਂ ਉਪਰ ਹੈ। 'ਕਲਕੀ 2898 ਏ.ਡੀ.' ਫਿਲਮ 'ਐਨੀਮਲ' ਦਾ ਰਿਕਾਰਡ ਪਹਿਲਾਂ ਹੀ ਤੋੜ ਚੁੱਕੀ ਹੈ। 'ਐਨੀਮਲ' ਨੇ ਕੁੱਲ 553.87 ਕਰੋੜ ਰੁਪਏ ਕਮਾਏ ਸਨ।

ਫਿਲਮ 'ਕਲਕੀ 2898 ਏ.ਡੀ.' ਵਿਚ ਅਮਿਤਾਭ ਬੱਚਨ, ਕਮਲ ਹਾਸਨ, ਦੀਪਿਕਾ ਪਾਦੂਕੋਨ, ਦਿਸ਼ਾ ਪਟਾਨੀ ਅਤੇ ਪ੍ਰਭਾਸ ਵਰਗੇ ਵੱਡੇ ਅਦਾਕਾਰਾਂ ਨੇ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦਾ ਨਿਰਦੇਸ਼ਨ ਨਾਗ ਐਸ਼ਵਿਨ ਅਤੇ ਨਿਰਮਾਣ ਵੈਜੰਤੀ ਮੂਵੀਜ਼ ਨੇ ਕੀਤਾ ਹੈ। ਇਸ ਫਿਲਮ ਦਾ ਬਜਟ 600 ਕਰੋੜ ਰੁਪਏ ਦੱਸਿਆ ਜਾ ਰਿਹਾ ਹੈ ਅਤੇ ਇਹ ਭਾਰਤ ਵਿਚ ਬਣੀ ਸਭ ਤੋਂ ਮਹਿੰਗੀ ਫਿਲਮ ਹੈ। ਫਿਲਮ 27 ਜੂਨ ਨੂੰ ਪੰਜ ਵੱਖ-ਵੱਖ ਭਾਸ਼ਾਵਾਂ- ਤੇਲਗੂ, ਤਮਿਲ, ਮਲਿਆਲਮ, ਕੰਨੜ, ਹਿੰਦੀ ਅਤੇ ਅੰਗਰੇਜ਼ੀ ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਦਾ ਪਹਿਲਾ ਨਾਂ 'ਪ੍ਰੋਜੈਕਟ ਕੇ' ਸੀ ਪਰ ਬਾਅਦ ਵਿਚ ਇਸ ਦਾ ਨਾਂ ਬਦਲ ਦਿੱਤਾ ਗਿਆ। ਫਿਲਮ ਵਿਚ ਸਸਵਤਾ ਚੈਟਰਜੀ ਅਤੇ ਸ਼ੋਭਨਾ ਨੇ ਵੀ ਅਹਿਮ ਕਿਰਦਾਰ ਅਦਾ ਕੀਤੇ ਹਨ।




ਦਾਅਵਾ ਕੀਤਾ ਜਾ ਰਿਹਾ ਹੈ ਕਿ ਫਿਲਮ ਦੀ ਕਹਾਣੀ ਦਾ ਆਧਾਰ ਹਿੰਦੂ ਧਰਮ ਗ੍ਰੰਥ ਹਨ। ਫਿਲਮ ਦੀ ਕਹਾਣੀ ਪੰਜ ਸਦੀਆਂ ਅਗਾਂਹ ਦੀ ਬਿਆਨ ਕੀਤੀ ਗਈ ਹੈ। ਸਾਰੀ ਕਹਾਣੀ ਕਲਕੀ ਦੁਆਲੇ ਬੁਣੀ ਗਈ ਜਿਸ ਨੂੰ ਬਚਾਉਣ ਲਈ ਕੋਸ਼ਿਸ਼ਾਂ ਕੀਤੀ ਜਾ ਰਹੀਆਂ ਹਨ। ਇਹ ਫਿਲਮ ਬਣਾਉਣ ਦਾ ਐਲਾਨ ਪਹਿਲਾਂ ਫਰਵਰੀ 2020 ਵਿਚ ਕੀਤਾ ਗਿਆ ਸੀ ਪਰ ਉਸ ਵਕਤ ਕਰੋਨਾ ਮਹਾਮਾਰੀ ਫੈਲਣ ਕਾਰਨ ਫਿਲਮ ਦਾ ਨਿਰਮਾਣ ਰੁਕ ਗਿਆ। ਬਾਅਦ ਵਿਚ ਫਿਲਮ ਦੀ ਸ਼ੁਰੂਆਤ ਜੁਲਾਈ 2021 ਵਿਚ ਹੋਈ। ਪੂਰੇ ਤਿੰਨ ਸਾਲ ਫਿਲਮ 'ਤੇ ਲਾ ਦਿੱਤੇ ਗਏ ਅਤੇ ਮਈ 2024 ਵਿਚ ਇਹ ਬਣ ਕੇ ਤਿਆਰ ਹੋ ਗਈ।

ਇਹ ਫਿਲਮ ਪਹਿਲਾਂ 9 ਮਈ ਨੂੰ ਰਿਲੀਜ਼ ਕੀਤੀ ਜਾਣੀ ਸੀ ਪਰ ਕੁਝ ਕਾਰਨਾਂ ਕਰ ਕੇ ਰਿਲੀਜ਼ ਰੋਕ ਦਿੱਤੀ ਗਈ। ਫਿਰ 27 ਜੂਨ 2024 ਨੂੰ ਇਹ ਸੰਸਾਰ ਭਰ ਵਿਚ ਰਿਲੀਜ਼ ਕੀਤੀ ਗਈ ਅਤੇ ਇਸ ਨੇ ਰਿਲੀਜ਼ ਹੁੰਦੇ ਸਾਰ ਹੀ ਰਿਕਾਰਡ ਤੋੜਨੇ ਆਰੰਭ ਕਰ ਦਿੱਤੇ। **-ਆਮਨਾ ਸਿੰਘ**

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1783 Egret ct Hayward CA 94545
2. 15740 Via Castana Morgan Hill CA 95037
3. 3104 Salisbury court CA 94555
4. 1672 Northgate Manteca CA 95336
5. 819 Saint Rufina Lane Unit 19 Morgan Hill CA 95037
6. 26676 Campeche St Hayward CA 94545
7. 1777 Osage Ave Hayward CA 94545
8. 2249 moody ave Hayward ca 94545
9. 9714 Fall Valley Way Sacramento CA 95829
10. 3597 Skyline dr Hayward CA 94542
11. 1549 -1561 Landess Ave Milpitas CA 95035
12. 11401 Rampart Dr Dublin CA 94568
13. 7790 Squirrel Creek Cir Dublin CA, 94568
14. 2798 Tostalinda Dr Tracy CA 95377
15. 1216 Cliff Swallow Dr Patterson CA 95363-8732
16. 3626 Platt ct S Pleasanton CA 94588

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20